2010

ਬਿ. ੨੦੬੬ # ਸਤਿਜੁਗ ਈ. ੨੦੧੦

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪਰਉਪਕਾਰਾਂ ਦੀ ਅਰਧ ਸ਼ਤਾਬਦੀ

Namdhari Elibrary NamdhariElibrary@gmail.com

Prominent political leaders with Sri Satguru Ji.

ਸ੍ਰੀ ਸਤਿਗੁਰੂ ਜੀ ਬਖ਼ਸ਼ਸ਼ ਹੋਵੇ ਦੇਸ਼ ਦੀ ਸੇਵਾ ਕਰ ਸਕਾਂ-ਮਨਮੋਹਨ ਸਿੰਘ। - Dr. Manmohan Singh seeking blessings.

ਸ੍ਰੀ ਸਤਿਗੁਰੂ ਜੀ ਗੋਪਾਲ ਰਤਨ ਸਨਮਾਨ ਸਵੀਕਾਰ ਕਰੋ। - Accepting 'Gopal Rattan'.

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ। ਤਬੀ ਬਾਰਵਾਂ ਬਪੁ ਕਹਾਊਂ।

ਪਰਉਪਕਾਰਾਂ ਦੀ ਅਰਧ ਸ਼ਤਾਬਦੀ
2010 ਈ. (2066-67 ਬਿ.)

ਤੂੰ ਸਮਰੱਥ, ਅਕੱਥ ਅਗੋਚਰ

ਤੂੰ ਸਮਰੱਥ, ਅਕੱਥ ਅਗੋਚਰ, ਤੂੰ ਨਿਰ-ਅੰਜਨ ਪਿਆਰੇ।
ਸਾਡੇ ਲਈ ਸ-ਗੁਣ ਹੋ ਆਇਓਂ, ਦੇਵਣ ਨੂਰ ਨਜ਼ਾਰੇ।
ਦੁਖ ਸੁਖ ਸਾਡੇ ਵਾਂਗ ਭੁਗਤਦਾ, ਆਪ ਕੰਵਲ ਸਮ ਰਹਿਨੋਂ,
ਸ਼ਾਲਾ ! ਆਪਣੀ ਨਜ਼ਰੀਂ ਰੱਖੀਂ, ਇਹ ਅਨੰਦ ਸੁਖ ਸਾਰੇ।

ਜਿਉਂ ਜਿਉਂ ਤੱਕਾਂ ਮੁਖ ਤੇਰੇ ਵੱਲ, ਤਿਉਂ ਤਿਉਂ ਖੁਸ਼ੀਆਂ ਪਾਵਾਂ।
ਰਮਜ਼ਾਂ ਤੇਰੀਆਂ ਨੂੰ ਜਿਉਂ ਸਮਝਾਂ, ਆਪਣੀ ਸਮਝ ਗੁਆਵਾਂ।
ਜਦ ਆਪਾ ਤੇਰੇ ਵਿਚ ਡੋਬਾਂ, ਪੀੜਾਂ, ਝੋਰੇ ਮੁੱਕਣ,
ਤੇਰੀ ਸਦਾ-ਆਨੰਦ-ਅਵਸਥਾ, ਆਪਣੇ ਵਿਚ ਤਕਾਵਾਂ।

-ਪ੍ਰੀਤਮ ਸਿੰਘ ਕਵੀ

Namdhari Elibrary NamdhariElibrary@gmail.com

ਸਤਿਜੁਗ

ਬਸੰਤ ਅੰਕ

21 ਫੱਗਣ ਤੋਂ 4 ਚੇਤਰ—2066-67
(4 - 17 ਮਾਰਚ) 2010
ਜਨਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ 195
ਜਿਲਦ 18
ਅੰਕ 6, 7

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015
ਫ਼ੋਨ : 25156625, 41425686
E : mail : satjugweekly@gmail.com
satjugweekly@hotmail.com
website : www.namdharidarbar.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਨੇ ਪ੍ਰਬੰਧ ਨਾਲ,
ਰਾਮ ਕ੍ਰਿਸ਼ਨਾ ਪ੍ਰੈਸ, ਨਰਾਇਣਾ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-110015
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93........
Postal Regd. No. DL (W) 01/2055/09-11
Licence No. U(C)-169/2009-11
to post without pre-payment at
New Delhi PSO

ਇਕ ਸਾਲ	ਦੇਸ਼ - 200 ਰੁ.
	ਪ੍ਰਦੇਸ - 30 ਪੌਂਡ
ਪੰਜ ਸਾਲ	ਦੇਸ਼ - 800 ਰੁ.
	ਪ੍ਰਦੇਸ - 120 ਪੌਂਡ

Designed and Typeset at
CADCON INC. New Delhi
cadcon_inc@hotmail.com
Ph. 9871278465

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

ਤਤਕਰਾ

ਸਫ਼ਾ	ਵਿਸ਼ਾ	...	ਲੇਖਕ
6	Sri Satguru Jagjit Singh Ji Preaches for Freedom from Dowry and Foeticide	...	*H. S. Hanspal*
9	ਸਤਿਗੁਰੂ ਜਗਜੀਤ ਸਿੰਘ ਜੀ	...	*ਡਾ. ਦਲੀਪ ਕੌਰ ਟਿਵਾਣਾ*
10	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ	...	*ਸ. ਤਰਲੋਚਨ ਸਿੰਘ*
11	ਸਮਾਜ ਨੂੰ ਸੇਧ ਦੇਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ	...	*ਵਿਜੇ ਕੁਮਾਰ*
12	ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਿਆਈ ਦੀ ਅੱਧੀ ਸਦੀ	...	*ਗੁਰਬਚਨ ਸਿੰਘ ਭੁੱਲਰ*
14	ਹੈ ਕੌਣ ? (ਕਵਿਤਾ)	...	*ਅਜੀਤ ਸਿੰਘ ਲਾਇਲ*
15	ਪੁਰਾਤਨਤਾ ਤੇ ਆਧੁਨਿਕਤਾ ਦਾ ਸੰਗਮ	...	*ਡਾ. ਰਤਨ ਸਿੰਘ ਜੱਗੀ*
17	ਮਾਨਵੀ ਭਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ	...	*ਡਾ. ਜਸਪਾਲ ਸਿੰਘ ਰੰਧਾਵਾ*
19	ਸਾਹਿਤਕ ਸਰਪ੍ਰਸਤੀ-ਨਾਮਧਾਰੀ ਸਤਿਗੁਰੂ ਜੀ ਦੀ	...	*ਡਾ. ਧਰਮ ਸਿੰਘ*
21	ਧੰਨ ਧੰਨ ਸਤਿਗੁਰੂ ਜਗਜੀਤ ਸਿੰਘ (ਕਵਿਤਾ)	...	*ਸਵਰਨ ਸਿੰਘ ਚੀਮਾ*
22	ਦਿਬ ਦ੍ਰਿਸ਼ਟੀ ਦੇ ਸੁਆਮੀ ਸਤਿਗੁਰੂ ਜਗਜੀਤ ਸਿੰਘ ਜੀ	...	*ਡਾ. ਜਸਪਾਲ ਕੌਰ ਕਾਂਗ*
24	ਸਤਿਗੁਰੂ ਜਗਜੀਤ ਸਿੰਘ ਜੀ, ਜਿਵੇਂ ਮੈਂ ਵੇਖਿਆ	...	*ਸਰਦਾਰਾ ਸਿੰਘ ਜੌਹਲ*
27	ਕੌਤਕੀ ਸਤਿਗੁਰੂ	...	*ਮਾਲਵਿੰਦਰਜੀਤ ਸਿੰਘ ਵੜੈਚ*
30	ਸਮਦਰਸੀ ਏਕ ਦ੍ਰਿਸਟੇਤਾ- ਸਤਿਗੁਰੂ ਜਗਜੀਤ ਸਿੰਘ ਜੀ	...	*ਤੀਰਥ ਸਿੰਘ ਢਿੱਲੋਂ*
32	ਗੁਰਗੱਦੀ ਦੀ ਅੱਧੀ ਸਦੀ ਸ਼ੁਭ ਕੰਮਾਂ ਦੀ ਗਿਣਤੀ ਵਧੀ	...	*ਮਾ. ਅਮਰੀਕ ਸਿੰਘ*
34	ਅਨੋਖਾ ਯਾਰ ਮਿਲਿਆ ਏ (ਕਵਿਤਾ)	...	*ਹਰਭਜਨ ਸਿੰਘ ਪਰਵਾਨਾ*
35	ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ	...	*ਡਾ. ਅਮਰਜੀਤ ਕੌਰ*
38	ਰੂਹਾਨੀ ਵੇਗ	...	*ਹਰਜਿੰਦਰ ਸਿੰਘ ਕੰਵਲ*
41	ਜਾਗਤਿ ਜੋਤਿ (ਕਵਿਤਾ)	...	*ਹਰਪਾਲ ਸਿੰਘ ਸੇਵਕ*
41	ਪੰਜਾਹ ਸਾਲ ਗੁਰਗੱਦੀ ਵਰ੍ਹਾ (ਕਵਿਤਾ)	...	*ਸੁਲੱਖਣ ਸਿੰਘ ਭਿੰਡਰ*
42	ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਾਮਧਾਰੀ ਇਤਿਹਾਸ ਦੀ ਸੰਭਾਲ	...	*ਸੁਵਰਨ ਸਿੰਘ ਵਿਰਕ*
49	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਾਮਧਾਰੀ ਸ਼ਹੀਦੀ ਅਸਥਾਨਾਂ ਦੀ ਸਾਂਭ ਅਤੇ ਯਾਦਗਾਰੀ ਮੇਲੇ	...	*ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)*
55	ਤੇਰੇ ਕਵਣੁ ਕਵਣੁ ਗੁਣ ਗਾਵਾਂ	...	*ਸੂਬਾ ਸੁਰਿੰਦਰ ਕੌਰ ਖਰਲ*
58	ਗੀਤ	...	*ਕਰਨੈਲ ਸਿੰਘ ਅਸਪਾਲ*
59	ਸੋ ਸਤਿਗੁਰੂ ਜਿਸੁ ਰਿਦੈ ਹਰਿ ਨਾਉ	...	*ਹਰਪਾਲ ਸਿੰਘ ਸੇਵਕ*

ਤਤਕਰਾ

62	ਜੀ ਕਰਦੈ ਗਾਵਾਂ (ਕਵਿਤਾ)	...	ਬਲਦੇਵ ਸਿੰਘ ਵੜੈਚ
62	ਤੇਰੇ ਦਰਸ ਦੀ ਉਡੀਕ (ਕਵਿਤਾ)	...	ਡਾ. ਸਤਵੰਤ ਕੌਰ ਮਠਾੜੂ
63	ਪ੍ਰਿਤਪਾਲਹਿ ਨਿਤ ਸਾਰ ਸਮਾਲਹਿ	...	ਅਜੀਤ ਸਿੰਘ ਲਾਇਲ
81	ਉਂਗਲੀ ਫੜਾ ਜਿਸ ਤੁਰਨਾ ਸਿਖਾਇਆ	...	ਸੂਬਾ ਬਲਵਿੰਦਰ ਸਿੰਘ ਛੱਲ
84	ਜੈਸਾ ਸਤਿਗੁਰ ਵੇਖਿਆ	...	ਲਖਵਿੰਦਰ ਸਿੰਘ ਬਾਜਵਾ
88	ਗੀਤ	...	ਗੁਰਮੇਲ ਸਿੰਘ ਹੰਸ
88	ਮੁਖੜਾ ਚੜ੍ਹਦੇ ਸੂਰਜ ਵਰਗਾ	...	ਰਜਿੰਦਰ ਸਿੰਘ ਰਾਜਾ
89	ਸਤਿਗੁਰੂ ਜੀ ਦੇ ਪਰਉਪਕਾਰ	...	ਪ੍ਰਿੰ. ਸਤਵੰਤ ਕੌਰ
92	ਸਰਬ ਕਲਾ ਸੰਪੂਰਨ	...	ਗੁਰਮੀਤ ਕੌਰ
93	ਬੇਅੰਤ ਲੀਲ੍ਹਾ (ਕਵਿਤਾ)	...	ਹਰਭਜਨ ਸਿੰਘ ਰਾਜਾ
94	ਰਹਿਮਤਾਂ ਦੇ ਸੋਮੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ	...	ਸੁਲੱਖਣ ਸਿੰਘ ਭਿੰਡਰ
97	ਗੁਰੂ ਜਗਜੀਤ ਸਿੰਘ ਤੇਰੇ ਦਰਸ਼ਨਾਂ ਦੀ ਲੋੜ ਏ (ਕਵਿਤਾ)	...	ਕੁਲਦੀਪ ਸਿੰਘ ਦੀਪ
98	ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਿਤਕਾਰਾਂ ਤੇ ਉਪਕਾਰ	...	ਦੇਵਿੰਦਰ ਸਿੰਘ ਗਿੱਲ (ਜੀਆ ਨੱਗਾ)
104	ਕੌਣ ਜਾਣੇ ਇਹਦੇ ਉਪਕਾਰਾਂ ਨੂੰ	...	ਹਰਭਜਨ ਕੌਰ ਛਾਨਾ
107	ਤੇਰੇ ਦਰ ਸੋਹਣਾ ਤੇਰਾ ਘਰ ਸੋਹਣਾ (ਕਵਿਤਾ)	...	ਬੇਅੰਤ ਸਿੰਘ ਵੜੈਚ
108	ਏਕ ਏਕ ਜਿਹਬਾ ਭਣੇ ਗੁਣ ਜਗਦੀਸ਼ ਕੇ	...	ਸਵਿੰਦਰ ਸਿੰਘ ਨਾਮਧਾਰੀ
111	ਸ਼ਿੰਗਾਰ ਮੇਰੇ ਦਿਲ ਦਾ (ਕਵਿਤਾ)	...	ਪੂਰਨ ਸਿੰਘ ਨਿਰਾਲਾ
112	ਗੋ-ਪਾਲਕ ਸਤਿਗੁਰੂ	...	ਜਸਵਿੰਦਰ ਸਿੰਘ ਹਿਸਟੋਰੀਅਨ
113	ਇਲਾਹੀ ਨਦਰਿ ਦਾ ਕਰਿਸ਼ਮਾ ਸਤਿਗੁਰੂ ਜਗਜੀਤ ਸਿੰਘ ਜੀ	...	ਡਾ. ਅਮਰਜੀਤ ਸਿੰਘ ਕਾਂਗ
114	ਦਰਸ਼ਨ ਏਸ ਦਾ ਜਨਮ ਸਵਾਰਦਾ ਏ (ਕਵਿਤਾ)	...	ਬੇਅੰਤ ਸਿੰਘ ਸੇਖਲ
115	ਜੈ ਜੈ ਕਾਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ	...	ਤਾਰਾ ਸਿੰਘ ਅਨਜਾਣ
121	ਗੁਰਗੱਦੀ (ਕਵਿਤਾ)	...	ਗੁਰਦਿਆਲ ਸਿੰਘ ਪ੍ਰੀਤ
122	ਸਤਿਗੁਰੂ ਜਗਜੀਤ ਸਿੰਘ ਜੀ ਕੀ ਕਰਾਂ ਸਿਫਤ ਤੇਰੀ (ਕਵਿਤਾ)	...	ਭਗਵਾਨ ਸਿੰਘ ਦੀਪਕ
123	ਰਬੀ ਰੂਪ ਨਿਰੰਜਨੀ ਉਹ (ਕਵਿਤਾ)	...	ਲਖਵਿੰਦਰ ਸਿੰਘ ਬਾਜਵਾ
124	गुरु जस लिखा न जाए	...	डा. रेणु द्विवेदी
126	Extant beliefs and practices of Namdhari Sikhs of Punjab	...	*Dr. Joginder Singh*
139	The Omnipotent Satguru	...	*Sant Singh*
142	Satguru Ji's 50th Gurgaddi Divas	...	*Satish Acharya*

SPIRITUALLY ELEVATING EXPERIENCE

I fondly recall my first meeting with Namdhari Satguru Jagjit Singh Ji when I first visited Sri Bhaini Sahib along with my friend Raghu Rai in 1982. What greatly impressed us was that he practised the daily routine which is prescribed for the Namdhari Sikhs. It was summer time and like other visitors to the place we got up early morning when the cool breeze was blowing. The whole atmosphere was so serene and full of spiritual fragrance. Before the start of morning service Namdhari Satguru and all followers had their ritual bath. This was reminiscent of the days of Guru Nanak Dev when Sikhs used to get up early morning known as *Amritwela.* What captivated all of us was the singing of *Shabads* from the *Asa Di Var* with traditional musical instruments with Sangat listening with rapt attention. Before the rise of the sun they started reciting *Chandi Di Var.* Again during the afternoon we participated in the *Nam Simran* like the early days of the Sikh society. We noticed most of the residents in the Sri Bhaini Sahib complex offering their evening prayer, *Rehras* and going to bed after reciting the *Kirtan Sohila.* This was unique daily routine where Satguru and the followers went to sleep with God's Name in their minds only to repeat His Name next morning.

My second brief encounter with Satguru Ji was during a major function in the Conference Hall of FICCI Auditorium in New Delhi. Dr. Shankar Dayal Sharma, then Vice President of India was the Chief Guest on the occasion. I was asked to chair a session where Sikh *Panth's Shiromani Ragi* Bhai Gurcharan Singh made a presentation. This again was a spiritually elevating experience.

I wish the society at large should follow the spiritual routine of our Namdhari brothers and sisters.

Dr. Mohinder Singh
Director
National Institute of Punjab studies, New Delhi

ਗੁਰ-ਉਪਦੇਸ਼-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਾਹਿਤ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ, ਕੌਮ ਦੀ ਕਾਇਆ ਪਲਟ ਦੇਣ ਦੀ ਸਮਰਥਾ ਰਖਦਾ ਹੈ। ਇਸ ਵਿਚ ਉਹ ਵਿਸ਼ਾਲ ਸ਼ਕਤੀ ਹੈ ਜੋ ਮਸੂਮ ਤੇ ਮਜ਼ਲੂਮ ਚਿੜੀਆਂ ਵਿਚ ਬਾਜਾਂ ਦੇ ਹੌਸਲੇ ਭਰਦੀ ਹੋਈ ਗਿੱਦੜਾਂ ਨੂੰ ਸ਼ੇਰਾਂ ਦੇ ਟਾਕਰੇ ਉਤੇ ਖੜ੍ਹਾ ਕਰ ਦਿੰਦੀ ਹੈ ਅਤੇ ਸੰਤ ਨੂੰ ਸਿਪਾਹੀ ਤੇ ਸਿਪਾਹੀ ਨੂੰ ਸੰਤ ਬਣਾ ਦਿੰਦੀ ਹੈ।

❖❖❖

ਅਸੀਂ ਇਸ ਬਾਣੀ ਨੂੰ ਗੁਰੂ ਦੀ ਬਾਣੀ ਮੰਨਦੇ ਹਾਂ। ਕੁਝ ਸਰੀਰ ਇਸ ਬਾਣੀ ਨੂੰ ਗੁਰੂ ਮੰਨਦੇ ਨੇ। ਕਿਸੇ ਵੀ ਤਰ੍ਹਾਂ ਮੰਨੋ। ਸਤਿਗੁਰਾਂ ਦਾ ਹੁਕਮ ਮੰਨਣਾ ਸਾਡਾ ਕੰਮ ਬਣਦੈ। ਕਬੀਰ ਜੀ ਨੇ ਲਿਖਿਐ ਕਿ ਜਿਨ ਉਸ ਗੱਲ ਨੂੰ ਪਾ ਲਿਆ ਹੈ, ਜੇਹੜੀ ਚਾਹੀਦੀ ਹੈ, ਫੇਰ ਭਾਵੇਂ ਉਹ ਕੇਸ ਮੁੰਨ ਦੇਵੇ ਭਾਵੇਂ ਰੱਖੇ, ਉਹਦੇ ਵਾਸਤੇ ਦੋਵੇਂ ਰਾਹ ਖੁੱਲ੍ਹੇ ਨੇ।

❖❖❖

ਰੇਲ 'ਚ ਵੀ ਅਸੀਂ ਇਕੱਠੇ ਹੋ ਜਾਨੇ ਹਾਂ। ਸ਼ਰਾਬ-ਖਾਨਿਆਂ ਵਿਚ, ਜੂਏ-ਖਾਨਿਆਂ ਵਿਚ-ਤੇ ਹੋਰ ਦੁਕਾਨਾਂ ਦੇ ਵਿਹਾਰਾਂ 'ਚ ਸਿੰਘ ਸਭੀਆ, ਅਕਾਲੀ, ਨਾਮਧਾਰੀ, ਹਿੰਦੂ ਤੇ ਮੁਸਲਮਾਨ ਸਭ ਇਕੱਠੇ ਹੋ ਜਾਂਦੇ ਨੇ। ਨਾਮ ਸਿਮਰਨ ਵੇਲੇ, ਧਰਮ ਦੇ ਕੰਮ ਵੇਲੇ, ਅਸੀਂ ਵੰਡ ਪਾ ਕੇ ਲਾਂਭੇ ਬਹਿ ਜਾਨੇਂ ਹਾਂ। ਲੜਾਈ ਕਰਦੇ ਹਾਂ।

❖❖❖

ਸਤਿਗੁਰਾਂ ਨੇ ਸਦਾ ਵਰਤ ਚਾਲੂ ਕੀਤਾ ਜਿਹੜਾ ਦਿਨ ਰਾਤ ਸ੍ਰੀ ਭੈਣੀ ਸਾਹਿਬ ਚੱਲਦਾ ਹੈ। ਸਤਿਗੁਰਾਂ ਨੇ ਇਹ ਹੁਕਮ ਕੀਤਾ ਕਿ ਤੁਹਾਡੇ ਦਰਵਾਜੇ ਉੱਤੇ ਉਹ ਬੰਦਾ, ਜਿਹੜਾ ਹੁਣੇ ਹੀ ਗਾਂ ਮਾਰ ਕੇ ਆਇਆ ਹੋਵੇ ਤੇ ਉਹਦੇ ਪਾਸ ਗਾਂ ਦੇ ਲਹੂ ਨਾਲ ਭਿੱਜੀ ਛੁਰੀ ਹੋਵੇ, ਪਰ ਜੇ ਭੁੱਖਾ ਹੈ, ਰੋਟੀ ਦੇ ਦਿਉ ਉਹਨੂੰ।

❖❖❖

ਚੰਡੀ ਦੀ ਵਾਰ ਦਾ ਮਹਾਤਮ ਬਹੁਤ ਲਿਖਿਐ ਸਤਿਗੁਰਾਂ ਦੇ ਹੁਕਮਨਾਮੇ ਵਿਚ। ਮੈਂ ਤੁਹਾਨੂੰ ਅਰਜ਼ ਕਰਨੀ ਹੈ, ਚੰਡੀ ਦੀ ਵਾਰ ਦਾ ਪਾਠ ਸਾਰੇ ਜ਼ਰੂਰ ਕਰਿਆ ਕਰੋ। ਚੰਡੀ ਦੀ ਵਾਰ ਦੇ ਪਾਠ ਦੇ ਭੋਗ ਦੀ ਅਰਦਾਸ ਸੂਰਜ ਦੀ ਟਿੱਕੀ ਨਿਕਲਣ ਦੇ ਨਾਲ ਹੋ ਜਾਵੇ। ਅੰਮ੍ਰਿਤ ਵੇਲੇ ਦਾ ਉਠਣਾ, ਬਹੁਤ ਘਟ ਗਿਐ ਸਾਡੇ ਵਿਚੋਂ ਇਹ ਦੁਬਾਰਾ ਚਾਲੂ ਕਰੋ।

❖❖❖

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕੁੜੀਆਂ ਮਾਰਨੋਂ ਹਟਾਇਆ, ਮਾਈਆਂ ਨੂੰ ਕਛਹਿਰੇ ਪਵਾਏ—ਅੰਮ੍ਰਿਤ ਛਕਾਇਆ। ਅਨੰਦ ਕਾਰਜ ਦੀ ਰੀਤੀ ਚਲਾਈ। ਜੇ ਸਤਿਗੁਰੂ ਰਾਮ ਸਿੰਘ ਜੀ ਕਿਰਪਾ ਨਾ ਕਰਦੇ ਤਾਂ ਕੁੜੀਆਂ ਦਾ ਜੰਮਦਿਆਂ ਹੀ ਮਰਨਾ ਚਲਦਾ ਰਹਿੰਦਾ। ਉਹਨਾਂ ਪਾਪ ਕਰਨ ਤੋਂ ਹਟਾਇਆ।

❖❖❖

ਸੋ ਇਕ ਇਕ ਘੰਟਾ ਨਾਮ ਸਿਮਰਨ ਸਾਰੇ ਜ਼ਰੂਰ ਕਰਿਆ ਕਰੋ। ਇਕ-ਇਕ ਪਾਠ ਇਕ ਮਹੀਨੇ ਦਾ ਇਕ ਪਰਵਾਰ ਲਈ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਜ਼ਰੂਰ ਕਰਿਆ ਕਰੋ। ਸਤਿਗੁਰਾਂ ਨੇ ਆਪਣੇ ਹੁਕਮਨਾਮੇ ਵਿਚ ਬਾਰ ਬਾਰ ਲਿਖਿਐ ; "ਜਿਹੜੇ ਕਹਿੰਦੇ ਨੇ ਤੁਹਾਡੇ ਲਈ ਸਰਬੰਸ ਲਾਉਣੈ, ਉਹ ਮੇਰੇ ਨਮਿਤ ਪਾਠ ਕਰਨ, ਭਜਨ ਕਰਨ।"

Namdhari Elibrary NamdhariElibrary@gmail.com

ਮਹਿਮਾ ਅਗਾਧਿ ਬੋਧ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਰਾਜਯੋਗ ਗੱਦੀ ਨੂੰ ਸੁਭਾਏਮਾਨ ਕਰਦਿਆਂ ਹੋਇਆਂ ਆਪਣੇ ਪੂਰਵਵਤ ਸਤਿਗੁਰੂ ਸਾਹਿਬਾਨ ਵਾਂਗ ਪਰਉਪਕਾਰਾਂ ਨਾਲ ਮਨੁੱਖ ਮਾਤਰ ਦਾ ਕਲਿਆਣ ਕਰਦੇ ਆ ਰਹੇ ਹਨ। ਸਤਿਗੁਰੂ ਕੀ ਹੈ, ਉਸ ਦੀ ਕੀ ਵਡਿਆਈ ਹੈ, ਉਹ ਕਿਨ੍ਹਾਂ ਸ਼ਕਤੀਆਂ ਦਾ ਮਾਲਕ ਹੈ ਕਿ ਉਸ ਪ੍ਰਤੀ ਸਾਡੀ ਭਾਵਨਾ ਕਿਹੋ ਜਿਹੀ ਹੋਣੀ ਚਾਹੀਦੀ ਹੈ ਇਹ ਸਤਿਗੁਰੂ ਦੇ ਸਿੱਖ ਤੋਂ ਬਿਨਾਂ ਕੋਈ ਨਹੀਂ ਜਾਣ ਸਕਦਾ। ਸਤਿਗੁਰੂ ਕਿਵੇਂ ਸਿੱਖ ਤੇ ਪਰਉਪਕਾਰ ਕਰਦਾ ਹੈ, ਕਿਵੇਂ ਉਸ ਦੀਆਂ ਝੋਲੀਆਂ ਭਰਦਾ ਹੈ, ਕਿਵੇਂ ਉਸ ਨੂੰ ਨਾਮ ਦਾਨ ਦਿੰਦਾ ਹੈ ਅਤੇ ਕਿਵੇਂ ਉਸ ਨੂੰ ਸੰਸਾਰਕ ਸੁਖ ਦੇ ਕੇ ਵੀ ਉਹਨਾਂ ਵਿਚ ਫਸਣ ਨਹੀਂ ਦਿੰਦਾ ਤੇ ਜੇ ਕੋਈ ਦੁੱਖ ਆਵੇ ਤੇ ਉਸ ਦੁੱਖ ਨੂੰ ਵੀ ਮਾਲਕ ਦੀ ਰਜ਼ਾ ਕਰਕੇ ਮੰਨਣ ਵਿੱਚ ਆਪਣਾ ਭਲਾ ਸਮਝਦਾ ਹੈ। ਇਹ ਸਤਿਗੁਰੂ ਦਾ ਸਿੱਖ ਹੀ ਜਾਣਦਾ ਹੈ। ਜੇ ਸਤਿਗੁਰੂ ਦੇ ਸਿੱਖ ਨੂੰ ਕਿਹਾ ਜਾਏ ਕਿ ਸਤਿਗੁਰੂ ਦੇ ਉਪਕਾਰਾਂ ਦਾ ਵਰਨਣ ਕਰੋ ਤਾਂ ਉਹ ਮਿੰਟਾਂ ਸਕਿੰਟਾਂ ਵਿਚ ਹੀ ਕਿਸੇ ਹੋਰ ਰੰਗ ਵਿਚ ਆ ਜਾਂਦਾ ਹੈ। ਉਸ ਦਾ ਅੰਦਰ ਖੀਵਾ-ਖੀਵਾ, ਮਸਤ-ਮਸਤ, ਖਿੜਿਆ-ਖਿੜਿਆ, ਭਰਿਆ-ਭਰਿਆ ਲਗਦਾ ਹੈ। ਚਿਹਰੇ ਤੋਂ ਇੱਕ ਵੱਖਰੀ ਝਲਕ ਨਜ਼ਰ ਆਉਂਦੀ ਹੈ ਜਿਵੇਂ ਸਤਿਗੁਰੂ ਦਾ ਨਾਂ ਸੁਣ ਕੇ ਹੀ ਸਤਿਗੁਰੂ ਉਸ ਦੇ ਅੰਦਰ ਵਸ ਗਿਆ ਹੋਵੇ। ਪਰ ਉਸ ਨੂੰ ਪ੍ਰਗਟ ਕਿਵੇਂ ਕਰੇ, ਉਸ ਬਾਰੇ ਆਪਣੀ ਜ਼ੁਬਾਨ ਨਾਲ ਕੁਝ ਕਹੇ ਕਿਵੇਂ, ਆਪਣੀ ਕਲਮ ਨਾਲ ਕੁਝ ਲਿਖੇ ਕਿਵੇਂ, ਉਸ ਨੂੰ ਸਮਝ ਨਹੀਂ ਆਉਂਦੀ। ਉਸ ਦਾ ਦਿਮਾਗ, ਉਸ ਦੇ ਹਿਰਦੇ, ਉਸ ਦੀ ਸੋਚ, ਸਤਿਗੁਰੂ ਪ੍ਰਤੀ ਉਸ ਦੀ ਸਾਂਝ ਨੂੰ ਪਕੜ ਕੇ ਵਰਨਣ ਕਰਨ ਵਿੱਚ ਨਿਆਂ ਕਰਨ ਜੋਗਾ ਨਹੀਂ ਰਹਿ ਜਾਂਦੀ। ਬਸ ਵਿਸਮਾਦੀ ਅਵਸਥਾ ਹੈ, ਗੂੰਗੇ ਦੇ ਗੁੜ ਖਾਣ ਵਾਲੀ। ਕਈ ਵਾਰ ਸਤਿਗੁਰੂ ਦੇ ਮੋਹ ਵਿਚ ਭਿਜੇ ਹੋਏ ਸਿਖ ਦਾ ਅੰਦਰ ਉਸ ਦੀਆਂ ਅੱਖਾਂ ਰਾਹੀਂ ਉਛਲ ਪੈਂਦਾ ਹੈ।

ਪਰ, ਅੱਜ ਦੀ ਸਰੀਰਕ ਅਵਸਥਾ ਨੂੰ ਵੇਖ ਕੇ ਜਦੋਂ ਉਹ ਸਤਿਗੁਰਾਂ ਦੇ ਬਚਨਾਂ ਨੂੰ ਤਰਸਦਾ ਹੈ, ਉਹਨਾਂ ਦੇ ਦਰਸ਼ਨ ਕਰਕੇ ਤਾਂ ਸਕੂਨ ਮਹਿਸੂਸ ਕਰਦਾ ਹੈ, ਕਦੀ ਉਸਨੂੰ ਲਗਦਾ ਹੈ ਮਹਾਤਮਾ ਬੁੱਧ ਹੱਥ ਉਤੇ ਆਪਣਾ ਸਿਰ ਰੱਖ ਕੇ ਪਾਸੇ ਪਰਨੇ ਲੇਟਿਆ ਹੋਵੇ। ਕਦੀ ਲਗਦਾ ਹੈ ਗੁਰੂ ਨਾਨਕ ਕਿਤੇ ਕਿਸੇ ਵੱਟ ਦੇ ਕੰਢੇ ਲੇਟਿਆ ਹੋਇਆ ਹੋਵੇ। ਸੱਪ ਨੂੰ ਇਹ ਸਮਾਂ ਦੇਣ ਵਾਸਤੇ ਉਸ ਦੇ ਸੀਸ ਉਤੇ ਛਾਂ ਕਰ ਲਵੇ। ਕਦੀ ਉਸ ਦੇ ਮਨ ਵਿਚ ਆਉਂਦਾ ਹੈ ਕਿ ਇਸ ਨੇ ਤਾਂ ਮੈਨੂੰ ਭੁਲੇ ਭਟਕੇ ਨੂੰ ਹਾਕ ਮਾਰ ਕੇ ਸਿੱਖ ਬਣਾਇਆ ਸੀ, ਆਪਣੇ ਨੇੜੇ ਕੀਤਾ ਸੀ। ਕਦੀ ਉਦੋਂ ਉਸ ਦੇ ਅੰਦਰ ਦੀ ਖੁਸ਼ੀ ਸੰਭਾਲੀ ਨਹੀਂ ਜਾਂਦੀ ਜਦੋਂ ਉਹ ਕਹਿੰਦਾ ਹੈ ਕਿ ਮੈਂ ਦਰਸ਼ਨ ਕਰਕੇ, ਨਮਸਕਾਰ ਕਰਕੇ ਮੁੜਨ ਲੱਗਾ ਤਾਂ ਸਤਿਗੁਰਾਂ ਬਚਨ ਕੀਤਾ, "ਫਿਰ ਕਦੋਂ ਆਓਗੇ?"

ਕਿੰਨਾ ਔਖਾ ਹੈ ਆਪਣੇ ਮਨੋਭਾਵਾਂ ਨੂੰ ਸੰਭਾਲਣਾ। ਫਿਰ ਗੁਰੂ ਤੇ ਸਿੱਖ ਦੀ ਸਾਂਝ ਤਾਂ ਧੁਰ ਅੰਦਰ ਦੀ ਸਾਂਝ ਹੁੰਦੀ ਹੈ। ਇਹ ਸਾਂਝ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਵਾਨ ਸਿੱਖਾਂ ਨੇ ਪਿਛਲੇ ਪੰਜਾਹ ਸਾਲ ਤੋਂ ਜਾਂ ਜਦੋਂ ਤੋਂ ਉਹਨਾਂ ਹੋਸ਼ ਸੰਭਾਲੀ ਹੈ, ਮਾਣ ਰਹੇ ਹਨ।

ਜਦੋਂ ਸਤਿਜੁਗ ਦੇ ਪਰਉਪਕਾਰਾਂ ਦੀ ਅਰਧ ਸ਼ਤਾਬਦੀ ਅੰਕ ਲਈ ਲਿਖਣ ਵਾਸਤੇ ਵਿਦਵਾਨ ਕਲਮਕਾਰਾਂ ਨੂੰ ਕਿਹਾ ਗਿਆ ਤਾਂ ਉਹਨਾਂ ਪੂਰੀ ਵਾਹ ਲਾਈ ਕਿ ਉਹ ਆਪਣੇ ਦਿਲ ਦੀ ਗੱਲ ਕਾਨੀ ਰਾਹੀਂ ਸਤਿਗੁਰੂ ਦੀ ਅਗਾਧ ਬੋਧ ਮਹਿਮਾ ਨੂੰ ਅੱਖਰਾਂ ਦੀ ਜ਼ੁਬਾਨੀ ਕਹਿ ਸਕਣ।

ਉਹਨਾਂ ਦੀ ਕਹੀ ਗੱਲ ਨੂੰ ਇਹ ਅੰਕ ਕਿੰਨਾ ਕੁ ਸੰਭਾਲ ਸਕਿਆ ਹੈ ਇਹ ਪਾਠਕ ਹੀ ਜਾਣਦੇ ਹਨ। ਸਾਨੂੰ ਪਤਾ ਹੈ ਕਿ ਇਸ ਅੰਕ ਨੂੰ ਸੁੰਦਰ ਦਿਖ ਦੇਣ ਲਈ ਲੇਖਕਾਂ, ਸਤਿਜੁਗ ਦੇ ਸਟਾਫ, ਟਾਈਪਸੈਟਰ, ਛਾਪਕ, ਜਿਲਦਸਾਜ਼ ਨੇ ਪੂਰੀ ਵਾਹ ਲਾਈ ਹੈ, ਜਿਸ ਕਰਕੇ ਅਸੀਂ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ।

-ਤਾਰਾ ਸਿੰਘ ਅਨਜਾਣ

Namdhari Elibrary NamdhariElibrary@gmail.com

SRI SATGURU JAGJIT SINGH JI PREACHES FOR FREEDOM FROM DOWRY AND FOETICIDE

✍ H. S. HANSPAL

Satguru Jagjit Singh Ji preaches, modern man must strive for, practice and attain freedom. Freedom from war, freedom from crime, freedom from cruelty, freedom from drugs, freedom from drunken-ness, freedom from gender bias, freedom from sexual abuse, freedom from social violence, freedom from hunger, freedom from disease, freedom from racial prejudice. And above all these freedoms, freedom from social curses like dowry and foeticide prevailing in the society.

The spiritual qualities and powers, Satguru Jagjit Singh has inherited and continuous conduct of a life of dedication and devotion and religious practices he performs, have turned him into a Spiritual Light house of energy and bliss for mankind. Hundreds of people conscious, concerned and attracted by spiritual, social and humanitarian and political leaders flock to him for bliss and guidance. They are overwhelmed and benefitted by his grace, wisdom and blessings.

Satguru Jagjit Singh Ji preaches, modern man must strive for, practice and attain freedom. Freedom from war, freedom from crime, freedom from cruelty, freedom from drugs, freedom from drunken-ness, freedom from gender bias, freedom from sexual abuse, freedom from social violence, freedom from hunger, freedom from disease, freedom from racial prejudice. And above all these freedoms, freedom from social curses like dowry and foeticide prevailing in the society.

The hymn in which Guru Nanak Dev Ji condemns the denigration of women is often quoted. It says: "We are born out of women and nurtured by them and they bear us sons and daughters. How can one belittle women who give birth to kings?"

Satguru Ram Singh realized that the women have been the subject of deprivation, discrimination, intimidation and unjust treatment in society throughout history. He in his Hukamnamas (letters from exile) specifically mentioned, "Do not allow the persons to enter in the Sangat, who kill or sell their daughter or exchanges their daughters. Do not have any dealings with such persons. Killing, selling or exchanging of daughters is the biggest sin. Daughters have innumerous virtues; they give continuous comforts to the family. Killing girls is the bigger sin than killing cows."

Satguru Ji knew that in the society, women are considered inferior, given secondary status, subjugated to male, subjected to various ordeals and deprived of the basic rights of existence, women are considered to act on the advice of males, serve them, please and take care of them, first father, then husband, then son.

Assault on a woman's life and atrocities against her dignity and self respect have been

Namdhari Elibrary NamdhariElibrary@gmail.com

witnessed in the entire passage of history. Girl infants were buried alive. They were killed by rubbing poison on the mother's breast. The modern heinous assault on women is not to allow them to come to existence. It is none other than female foeticide. It is the elimination of the female foetus in womb. People when find foetus to be a female one, it is aborted.

The point to ponder is why these types of heinous acts occur, what forces people to commit such types of acts and why society remains a silent observer? It is mindset of people that the son is viewed as a 'profitable proposition' and the daughter as 'lifetime liability.' Society needs to change the mindset.

The curse of dowry is the major reason and the depravity and social evil has spread throughout the country. According to Ajinder Walia, who conducted a survey in Punjab. "A vast majority of 79.79 percent of female respondents consider dowry as the main cause of female foeticide.

S. Khushwant Singh in an article says "Extortionate dowry that parents of girls have to provide upon marriage is the reason of doing away with newborn or unborn girls. The preferred method today is foeticide, but centuries ago the practice was to bury them."

Satguru Partap Singh Ji got a survey conducted, as to why Sikhs are increasingly going under debt. After survey, it was concluded, they go under debt only at the time of marriage of their daughters. He took a very bold social decision and implemented it with utmost firmness and sent a message in the Namdhari Sangat that henceforth, all marriages by the Namdhari Sikhs would be performed in the congregation in Melas. Expenses on marriage to be borne by both sides would be Rs. 1.25 only.

Prof. Tara Singh Anjan in his book 'Sahib Guni Gahera' on page 127 says, "Satguru Partap Singh had already proclaimed that all the marriages of Namdhari couples will be performed during Namdhari Melas. To strictly adhere to this amendment, Satguru Partap Singh Ji asked Sant Inder Singh Chakarvarti to make the announcement in a Mela at Sri Bhaini Sahib before Hola Mahalla of 1937 that the Anand Karaj of all the Namdhari couples shall be performed only with the permission of Satguru Partap Singh Ji in the Melas. It was also necessary to get permission from Sri Satguru Ji about the suitability of the couple before marriage."

The doctor who performed the abortion filmed it out of curiosity and saw the film once again and was so terrified that he immediately left the clinic and never returned.

The film 'Silent Scream' was shown to Mr. Ronald Regan, President of America. He was so moved to see it that he suggested that, "The film be shown to all the members of Parliament of America."

He further announced ,"Veil (*Ghund*) is to be completely abolished in the Namdhari Sangat. It was the advice to all females that father- in- law is like their father, the younger and elder brothers of the husband are like their brothers, then why cover their faces from them ? Virtues of the girls are simple nature, humble attitude and high intellect. In- laws should also not press their daughters- in- law for veil (*Ghund*)."

Satguru Jagjit Singh Ji going a step further proclaimed that there should be only one ceremony of Anand Karaj in Melas, that is of taking four rounds (LAVAN) around Havan and girl should proceed from there itself to the boy's house and shall return to her parent's house not before fifteen days. No *Roka*, no *Thaka*, no *Kurhmai*, no *Muklawa*, no parties before and after Anand Karaj by any side. Giving or taking dowry is strictly prohibited.

The reigning Sri Satguru Ji, whenever and wherever travels, he takes with him an aura of simplicity, good voice of India and high level of spirituality . His mission is always to spread Guru Nanak Dev's message of intellectual

Namdhari Elibrary NamdhariElibrary@gmail.com

values to the wide world. Chant Guru's Name. Share your bread and prosperity with others. Earn clean and honest livelihood. Be a vegetarian. He has sought to create awakening and organize all those who are conscious and show concern for the preservation of these noble values.

Namdhari Sikhs or for that matter anybody, who has adhered to their simple ways of life benefitted unlimitedly in the worldly gains and have gained spiritualy immensely as well. Hundreds of thousands gained his pleasure and are flourishing.

Satguru Jagjit Singh Ji strictly saw to it that the social evil of foeticide does not enter Namdhari world. It is not only a stigma on Indian society; it is a curse and biggest sin in one's lifetime. So he preaches time and again about the bad effects of female foeticide and retells extensively during his preachings. His Holiness very often quotes the incident, murder of an unborn girl, published in the newspapers of America. The story goes like this:

"In 1984 in the National Rightist Convention in Cannes, Miss Sandy Rasel gave description of an ultrasound film of an abortion conducted by Dr. Bernard Natheson.

The female foetus was ten weeks old in the womb. She was very active. We could see her playing, changing sides and sucking thumb in the mother's womb. We could see her heart beat. It was 120 beats / second at that time. Every thing was normal. As soon as the first instrument, suction pump touched the womb, the girl in womb squeezed. Her heartbeat increased. Nothing touched the girl, but she could realize some one is trying to disturb her peaceful abode.

We were seeing it with horror, that how the instruments were cutting innocent doll like girl to pieces. It cut her body in two pieces, then the legs were cut as if she was not a living being but cutting carrot or radish. The girl writhing in great pain was trying to escape from the instruments in the womb. She was so terrified that her heartbeat went upto 200 beats / second. Dr. Natheson said he could see with his own eyes that she was silently screaming.

In the end, I saw the ruthless and heinous scene when plier was hitting her head to break it, because it was not possible to suck out this portion without breaking it, since sucking pipe was narrow. It took 15 minutes to complete this dastardly act.

The doctor who performed the abortion filmed it out of curiosity and saw the film once again and was so terrified that he immediately left the clinic and never returned.

The film 'Silent Scream' was shown to Mr. Ronald Regan, President of America. He was so moved to see it that he suggested that, "The film be shown to all the members of Parliament of America."

Sri Satguru Ji made us to publish this story in SATJUG time and again for the benefit of everyone and for learning a lesson from it.

Aditi Tandon writes," There are just 927 girls for 1000 boys in the country. And in some states like Punjab (798) and Haryana (820), the sex ratio has sunk to frighteningly low levels."

Prof. Joginder Singh, Head Namdhari Guru Ram Singh Chair, Guru Nanak Dev University, Amritsar conducted a survey to determine the sex ratio of Namdhari Community. He has concluded, "According to my projections, average sex ratio of Namdhari Community is 94.31% in the 9 districts of Punjab i.e. there are 943 females against 1000 males. This positive attributes of the social life of Namdhari Community can be explained in terms of upholding the Sikh tradition of honorable status of the women on the one hand and simple Anand marriage without dowry on the other."

Seeing the figures of the prevailing sex ratio in Punjab, except Namdhari Sikhs, a gloomy picture emerges. His Holiness Satguru Jagjit Singh Ji's preachings in this regard are not only meant for Namdhari world, but the whole Punjabi fraternity. If the present trend of aborting the girl child continues, Punjab is certainly heading towards polyandry. It is high time to think for banishing this menace; otherwise our coming generations will badly suffer and will never forgive us. ■

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ

ਦਲੀਪ ਕੌਰ ਟਿਵਾਣਾ

ਪੰਜਾਬੀ ਯੂਨੀਵਰਸਿਟੀ ਪਟਿਆਲਾ

ਮੈਂ ਵੀ ਲੱਖਾਂ ਲੋਕਾਂ ਵਾਂਗ ਨਾਮਧਾਰੀ ਸਿੱਖਾਂ ਦੀ ਇਸੇ ਲਈ ਹਮੇਸ਼ਾ ਤੋਂ ਪ੍ਰਸੰਸਕ ਹਾਂ ਕਿ ਉਨ੍ਹਾਂ ਨੇ ਆਜ਼ਾਦੀ ਦੀ ਅਵਾਜ਼ ਬੁਲੰਦ ਰੱਖੀ ਤੇ ਤੋਪਾਂ ਨਾਲ ਉਡਾਏ ਜਾਣਾ ਵੀ ਪ੍ਰਵਾਨ ਕਰ ਲਿਆ। ਮਲੇਰਕੋਟਲੇ ਇਸ ਤਰ੍ਹਾਂ ਤੋਪਾਂ ਨਾਲ ਉਡਾਏ ਜਾਣ ਵਾਲੇ ਲੋਕਾਂ ਵਿੱਚ 5 ਜਣੇ ਮੇਰੇ ਪਿੰਡ ਉੱਚੀ ਰੱਬੋਂ ਦੇ ਸਨ।

ਨਿੱਕੇ ਹੁੰਦਿਆਂ ਤੋਂ ਹੀ ਇਹ ਗੱਲ ਸੁਣਦਿਆਂ ਤੁਹਾਡਾ ਮਨ ਇਸ ਸੰਸਥਾ ਦੇ ਲੋਕਾਂ ਲਈ ਆਦਰ ਨਾਲ ਭਰ ਜਾਂਦਾ ਹੈ। ਇਸ ਲੋਕ ਪੱਖੀ ਉੱਚੇ ਅਤੇ ਸੁੱਚੇ ਅਸੂਲਾਂ ਦੀ ਧਾਰਨੀ, ਨਾਮ ਸਿਮਰਨ ਦੀ ਪ੍ਰੇਰਨਾ ਦੇਣ ਵਾਲੀ ਤੇ ਇਸ ਜੀਵਨ ਨੂੰ ਕਿਸੇ ਲੇਖੇ ਲਾ ਕੇ ਜਿਉਣ ਜੋਗੀ ਬਣਾਉਣ ਲਈ ਤੁਰੀ ਨਾਮਧਾਰੀ ਲਹਿਰ ਦੇ ਸਰਪ੍ਰਸਤ ਅਧਿਆਤਮਕ, ਨਿਰਛਲ, ਨਿਰਵਿਵਾਦ, ਲੋਕ ਕਲਿਆਣ ਚਾਹੁੰਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੇਵਾ ਸੰਭਾਲ ਦੇ 50ਵੇਂ ਵਰ੍ਹੇ ਦਾ ਉਤਸਵ ਸਾਡੇ ਸਾਹਮਣੇ ਹੈ। ਇਨ੍ਹਾਂ ਦਾ ਨਾਮ ਸਿਮਰਨ, ਗੁਰਬਾਣੀ ਨਾਲ ਪਿਆਰ, ਦੂਰ ਦੁਰਾਡੇ ਪਹੁੰਚ ਲੋਕਾਂ ਨੂੰ ਗੁਰਬਾਣੀ ਵੱਲ ਪ੍ਰੇਰਨਾ, ਸੁੱਚੀਆਂ ਕਦਰਾਂ ਕੀਮਤਾਂ ਦਾ ਪੈਰੋਕਾਰ ਬਣਨਾ, ਅਨੇਕਾਂ ਸਮਾਗਮਾਂ ਰਾਹੀਂ ਲੱਖਾਂ ਲੋਕਾਂ ਨੂੰ ਉਚੇਰੀ ਜੀਵਨ ਜਾਚ ਦਾ ਸੁਨੇਹਾ ਦੇਣਾ, ਮਨ, ਬਚਨ, ਕਰਮ ਦੇ ਪੱਖੋਂ ਆਪਣੇ ਆਪ ਦੇ ਪਹਿਰੇਦਾਰ ਬਣਨ ਦੀ ਗੱਲ ਸਮਝਾਉਣੀ, ਆਪ ਦੇ ਇਹ ਸਭ ਕੰਮ ਪਿਛਲੇ 50 ਸਾਲਾਂ ਤੋਂ ਜੱਗ ਜ਼ਾਹਿਰ ਹਨ। ਮੈਨੂੰ ਇਹਨਾਂ ਪੱਖਾਂ ਬਾਰੇ ਕੁਝ ਵੀ ਦੱਸਣ ਦੀ ਲੋੜ ਨਹੀਂ। ਅਸੀਂ ਖੁਸ਼ਕਿਸਮਤ ਹਾਂ ਜਿਹੜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਜੀਉਂ ਰਹੇ ਹਾਂ। ਉਨ੍ਹਾਂ ਨੂੰ ਸਾਮਰਤੱਖ ਦੇਖ ਸਕਦੇ ਹਾਂ ਤੇ ਉਹਨਾਂ ਦੀ ਚਰਨ ਧੂੜ ਨਾਲ ਆਪਣੇ ਮਨ ਮਸਤਕ ਨੂੰ ਉੱਚੇ ਅਧਿਆਤਮਿਕ ਮੰਡਲਾਂ ਤੱਕ ਲਿਜਾ ਸਕਦੇ ਹਾਂ।

ਇਕ ਵਾਰੀ ਮੈਂ ਪੜ੍ਹਿਆ ਸੀ ਕਿ ਮਹਾਤਮਾ ਬੁੱਧ ਨੂੰ ਇਕ ਕਿਸਾਨ ਨੇ ਭੋਜਨ ਲਈ ਸੱਦਿਆ। ਮਹਾਤਮਾ ਬੁੱਧ ਦੇ ਅੱਗੇ ਥਾਲੀ ਪਰੋਸ ਕੇ ਕਿਸਾਨ ਨੇ ਆਖਿਆ, "ਮਹਾਤਮਾ ਜੀ ! ਮੈਂ ਆਪ ਤੋਂ ਇਕ ਪ੍ਰਸ਼ਨ ਪੁਛਣਾ ਚਾਹੁੰਦਾ ਹਾਂ।" ਮਹਾਤਮਾ ਬੁੱਧ ਨੇ ਆਖਿਆ, "ਪੁੱਛੋ।" ਕਿਸਾਨ ਬੋਲਿਆ, "ਮੈਂ ਆਪਣੇ ਖੇਤ ਵਿਚ ਹਲ ਵਾਹਿਆ, ਕਣਕ ਬੀਜੀ, ਗੋਡੀ ਕੀਤੀ, ਫੇਰ ਕਣਕ ਕੱਢੀ, ਗਾਹੀ, ਛੰਡੀ ਤੇ ਘਰ ਲਿਆਂਦੀ। ਓਸੇ ਦਾ ਆਟਾ ਪੀਹ ਕੇ ਰੋਟੀ ਬਣਾਈ। ਮੈਂ ਇਸ ਲਈ ਇਹ ਰੋਟੀ ਖਾਣ ਦਾ ਅਧਿਕਾਰੀ ਹਾਂ। ਪਰ ਮਹਾਤਮਾ ਜੀ ਤੁਸੀਂ ਤੇ ਕੋਈ ਕਿਰਤ ਨਹੀਂ ਕਰਦੇ , ਤੁਸੀਂ ਇਸ ਭੋਜਨ ਦੇ ਕਿਵੇਂ ਅਧਿਕਾਰੀ ਹੋ?"

ਮਹਾਤਮਾ ਬੁੱਧ ਨੇ ਕਿਸਾਨ ਵੱਲ ਮੁਸਕਰਾ ਕੇ ਤੱਕਿਆ ਤੇ ਬੋਲੇ, "ਮੈਂ ਵੀ ਇਕ ਖੇਤੀ ਕਰਦਾ ਹਾਂ, ਉਹ ਹੈ ਵਿਚਾਰਾਂ ਦੀ ਖੇਤੀ। ਆਪਣੀ ਉਚ ਕਿਰਤ ਕਮਾਈ ਵਿਚੋਂ ਮੈਂ ਲੋਕਾਂ ਨੂੰ ਗਿਆਨ ਦਿੰਦਾ ਹਾਂ। ਇਸੇ ਲਈ ਮੈਂ ਭੋਜਨ ਦਾ ਅਧਿਕਾਰੀ ਹਾਂ।"

ਇਸ ਕਥਾ ਨੂੰ ਪੜ੍ਹਦਿਆਂ ਰਾਜ ਭਾਗ ਤਿਆਗ ਕੇ ਜੰਗਲਾਂ ਵਿਚ ਭਟਕਦੇ ਜ਼ਿੰਦਗੀ ਅਤੇ ਮੌਤ ਦੇ ਅਰਥ ਤਲਾਸ਼ਦੇ ਮਹਾਤਮਾ ਬੁੱਧ ਦੀ ਜਦੋਂ ਮੈਂ ਸ਼ਕਲ ਕਿਆਸਦੀ ਹਾਂ ਤਾਂ ਪ੍ਰਾਪਤ ਕਿਸੇ ਵੀ ਮੂਰਤ ਜਾਂ ਮੂਰਤੀ ਚੋਂ ਮੈਨੂੰ ਮਹਾਤਮਾ ਬੁੱਧ ਨਹੀਂ ਦਿਸਦੇ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵੱਲ ਤੱਕਦਿਆਂ ਮੈਨੂੰ ਲੱਗਿਆ ਮਹਾਤਮਾ ਬੁੱਧ ਹੂ-ਬ-ਹੂ ਇਹੋ ਜਿਹੇ ਹੀ ਹੋਣਗੇ। ਓਹੀ ਨੂਰਾਨੀ ਚਿਹਰਾ, ਓਹੀ ਨਿੱਕੀਆਂ ਨਿੱਕੀਆਂ ਗੱਲਾਂ ਰਾਹੀਂ ਵੱਡੇ ਵੱਡੇ ਅਰਥ ਸਮਝਾਉਣ ਵਾਲਾ ਬੁੱਧ ਇਹੋ ਜਿਹਾ ਹੀ ਤਾਂ ਹੋਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੇਖ ਕੇ ਮੈਨੂੰ ਲੱਗਿਆ ਕਿ ਮਹਾਂਬਲੀ, ਪੀਰ ਫਕੀਰ, ਸੰਤ, ਗੁਰੂ, ਰਿਸ਼ੀ ਮੁਨੀ ਇਹੋ ਜਿਹੇ ਹੀ ਤਾਂ ਹੁੰਦੇ ਹੋਣਗੇ। ਇਹ ਸੋਚਦਿਆਂ ਤੁਹਾਡਾ ਮਨ ਆਪਣੇ ਆਪ ਸਤਿਕਾਰ ਵਿਚ ਝੁਕ ਜਾਂਦਾ ਹੈ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੀ ਪ੍ਰਭਾਵਸ਼ਾਲੀ ਸ਼ਖਸੀਅਤ

✍ ਸ. ਤਰਲੋਚਨ ਸਿੰਘ, ਮੈਂਬਰ ਰਾਜ ਸਭਾ

ਮੈਨੂੰ ਅੱਜ ਵਾਂਗੂੰ ਯਾਦ ਹੈ ਕਿ ਜਦ ਪਹਿਲੀ ਵਾਰ ਮੈਂ ਸ੍ਰੀ ਭੈਣੀ ਸਾਹਿਬ ਗਿਆ-ਗਿਆਨੀ ਜ਼ੈਲ ਸਿੰਘ ਮੁਖ ਮੰਤਰੀ ਪੰਜਾਬ ਸਨ- ਮੈਂ ਉਹਨਾਂ ਨਾਲ ਲੁਧਿਆਣੇ ਜਾ ਰਿਹਾ ਸੀ ਉਹਨਾਂ ਰਸਤੇ ਵਿਚ ਹੀ ਸ੍ਰੀ ਭੈਣੀ ਸਾਹਿਬ ਜਾਣ ਬਾਰੇ ਕਹਿ ਦਿੱਤਾ-ਸੜਕ ਤੋਂ ਹਟ ਕੇ ਇੱਕ ਪਿੰਡ ਵਿਚ ਦਾਖਲ ਹੋਏ ਅਤੇ ਅੰਦਰ ਜਾ ਕੇ ਇੱਕ ਥਾਂ ਗਿਆਨੀ ਜੀ ਨੇ ਪਹਿਲਾਂ ਨਾਮਧਾਰੀ ਸੰਗਤ ਨਾਲ ਲੰਗਰ ਛਕਿਆ ਫਿਰ ਇਕ ਸਥਾਨ ਤੇ ਉਹਨਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ, ਮੈਂ ਨਾਲ ਹੀ ਸੀ ਤੇ ਮੈਂ ਪਹਿਲੀ ਵਾਰ ਇਸ ਧਾਰਮਿਕ ਪ੍ਰਭਾਵਸ਼ਾਲੀ ਹਸਮੁੱਖ ਸ਼ਖਸੀਅਤ ਨੂੰ ਨੇੜਿਓਂ ਦਰਸ਼ਨ ਕਰਨ ਦੀ ਖੁਸ਼ੀ ਲੈ ਰਿਹਾ ਸੀ।

ਮੈਂ ਕਈ ਵਾਰ ਪੜ੍ਹ ਚੁੱਕਾ ਸੀ ਕਿ ਨਾਮਧਾਰੀ ਕੌਣ ਹਨ, ਕੀ ਸੇਵਾ ਹੈ, ਕਿਤਨੀ ਕੁਰਬਾਨੀ ਹੈ ਪਰ ਪਹਿਲਾਂ ਕਦੇ ਉਥੇ ਜਾਣ ਦਾ ਅਵਸਰ ਨਾ ਮਿਲਿਆ। ਉਸ ਦਿਨ ਤੋਂ ਮੇਰੀ ਨਾਮਧਾਰੀ ਸੰਗਤ ਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਨੇੜਤਾ ਵਧਦੀ ਰਹੀ। ਗਿਆਨੀ ਜੀ ਸਾਰਾ ਜੀਵਨ ਉਹਨਾਂ ਨਾਲ ਸੰਬੰਧਿਤ ਹੀ ਨਹੀਂ ਸਗੋਂ ਸ਼ਰਧਾਵਾਨ ਰਹੇ। ਮੇਰੀ ਯੋਗੀ ਹਰਭਜਨ ਸਿੰਘ ਨਾਲ ਕਾਲਜ ਸਮੇਂ ਤੋਂ ਨੇੜਤਾ ਸੀ। ਮੈਂ ਜਦੋਂ ਉਹ ਭਾਰਤ ਆਉਂਦੇ ਉਹਨਾਂ ਨਾਲ ਸ੍ਰੀ ਭੈਣੀ ਸਾਹਿਬ ਜਾਂਦਾ ਸੀ। ਉਹ ਹਮੇਸ਼ਾ ਕਹਿੰਦੇ ਕੀਰਤਨ ਦਾ ਜੋ ਮਾਣ ਸਤਿਕਾਰ ਉਥੇ ਮਿਲਦਾ ਹੈ ਉਹ ਹਰ ਇੱਕ ਨੂੰ ਉਥੇ ਬੈਠਕੇ ਸਿਮਰਨ ਵਿਚ ਲਗਾ ਦਿੰਦਾ ਹੈ। ਉਹ ਆਪਣੇ ਅਮਰੀਕਨ ਜਥੇ ਨੂੰ ਉਥੇ ਰਖਦੇ ਤੇ ਕਲਾਸੀਕਲ ਕੀਰਤਨ ਦੀ ਵਿਦਿਆ ਦੁਆਉਂਦੇ। ਮੈਨੂੰ ਖੁਸ਼ੀ ਹੈ ਇਹ ਲਿਖ ਕੇ ਕਿ ਯੋਗੀ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀਂ ਨੂੰ ਅਮਰੀਕਾ ਵਿਚ ਆਪਣੇ ਸਥਾਨ ਐਸਪਨੋਲਾ ਵਿਚ ਨਿਮੰਤਰਣ ਕੀਤਾ ਤੇ ਉਥੇ ਨਾਮਧਾਰੀ ਕੀਰਤਨੀ ਜਥੇ ਨੇ ਵਾਹ ਵਾਹ ਖੱਟੀ। ਯੋਗੀ ਜੀ ਵਲੋਂ ਫਰਾਂਸ ਵਿਚ ਜੋ ਯੋਗਾ ਕੈਂਪ ਲਗਾਇਆ ਗਿਆ ਉਸ ਵਿਚ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਭਾਸ਼ਣ ਹੋਇਆ। ਮੈਂ ਉਸ ਦਾ ਅੰਗਰੇਜ਼ੀ ਵਿਚ ਤਰਜ਼ਮਾ ਕੀਤਾ। ਇਕ ਵਾਰ ਯੋਗੀ ਜੀ ਨਾਮਧਾਰੀ ਪ੍ਰੋਗਰਾਮਾਂ ਵਿਚ ਲੰਡਨ ਵੀ ਗਏ।

ਮੈਨੂੰ ਮਾਣ ਹੈ ਕਿ ਮੇਰੇ ਸੁਝਾਅ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1999 ਵਿਚ ਨਾਮਧਾਰੀ ਸੰਗਤਾਂ ਦਾ ਨਗਰ ਕੀਰਤਨ ਖਾਲਸਾ ਪੰਥ ਦੇ 300 ਸਾਲਾ ਜਨਮ ਨੂੰ ਮਨਾਉਣ ਲਈ ਅਨੰਦਪੁਰ ਸਾਹਿਬ ਆਪ ਅੱਗੇ ਲੱਗ ਕੇ ਹਾਜ਼ਰੀ ਭਰੀ। ਸਾਰਾ ਸ਼ਹਿਰ ਸਫੈਦ ਰੰਗ ਵਿਚ ਰੰਗਿਆ ਗਿਆ। ਸ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਵੀ ਨਾਲ ਸ਼ਾਮਲ ਸਨ। ਇਹ ਮਿਲਾਪ ਦੀ ਵੱਡੀ ਮਿਸਾਲ ਬਣਿਆ।

ਮੈਂ ਬੜੀ ਵਾਰੀ ਭੈਣੀ ਸਾਹਿਬ ਗਿਆ ਹਾਂ - ਮੈਂ ਸ੍ਰੀ ਅਟਲ ਬਿਹਾਰੀ ਵਾਜਪਾਈ ਨੂੰ 1998 ਵਿਚ ਮਲੇਰਕੋਟਲਾ ਗਿਆ - ਇਕ ਵਾਰ ਪ੍ਰਧਾਨ ਮੰਤਰੀ ਬਣਨ ਪਿਛੋਂ ਉਹ ਦਿੱਲੀ ਨਾਮਧਾਰੀ ਸਥਾਨ ਤੇ ਸਤਿਗੁਰੂ ਜੀ ਨੂੰ ਮਿਲਣ ਗਏ। ਚੌਧਰੀ ਓਮ ਪ੍ਰਕਾਸ਼ ਚੋਟਾਲਾ ਦੇ ਨਾਲ ਵੀ ਮੈਂ ਸਤਿਗੁਰਾਂ ਕੋਲ ਕਈ ਵਾਰੀ ਗਿਆ ਹਾਂ - ਹੁਣ ਤਕ ਆਪ ਬੈਡਮਿੰਟਨ ਦੀ ਖੇਡ ਖੇਡਦੇ ਸਨ। - ਹਰ ਵਾਰ ਕੀਰਤਨ ਸਰਵਣ ਕਰਨ ਦਾ ਪਿਰਤ ਜੋ ਇਹਨਾਂ ਨੇ ਪਾਈ ਹੈ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈ ਹੋਵੇ। ਮੈਨੂੰ ਖੁਸ਼ੀ ਹੈ ਕਿ ਉਹਨਾਂ ਦੀ ਪ੍ਰੇਰਨਾ ਨਾਲ ਮੈਂ ਕੂਕਾ ਲਹਿਰ ਨੂੰ ਅਜ਼ਾਦੀ ਦੀ ਲਹਿਰ ਦੀ ਮਾਨਤਾ ਦਿਵਾ ਸਕਿਆ ਹਾਂ। ਪਾਰਲੀਮੈਂਟ ਵਿੱਚ ਤੇ ਪੰਜਾਬ ਅਸੈਂਬਲੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਫੋਟੋ ਵੀ ਲੱਗ ਚੁੱਕੀ ਹੈ।

ਸਤਿਗੁਰਾਂ ਦੇ ਗੁਰਗੱਦੀ ਦੇ 50 ਸਾਲ ਪੂਰੇ ਹੋਣ ਤੇ ਹਰ ਪਾਸੇ ਖੁਸ਼ੀ ਹੈ ਤੇ ਉਹਨਾਂ ਦੀ ਅੱਛੀ ਸਿਹਤ ਲਈ ਪ੍ਰਮਾਤਮਾਂ ਅਗੇ ਅਰਦਾਸ ਹੈ। ਨਾਮਧਾਰੀ ਸਿੱਖਾਂ ਵਲੋਂ ਹਾਕੀ ਟੀਮ ਤਿਆਰ ਕਰਕੇ ਦੇਸ਼ ਦੀ ਸੇਵਾ ਹੋਈ ਹੈ। ਸ੍ਰੀ ਭੈਣੀ ਸਾਹਿਬ ਵਿਚ ਹਾਕੀ ਦੀ ਅਕੈਡਮੀ ਤੇ ਐਸਟਰੋਟਰਫ ਲਗਾ ਕੇ ਇਕ ਨਵੀਂ ਮਿਸਾਲ ਕਾਇਮ ਹੋਈ ਹੈ। ਸਮਾਜ ਦੇ ਹਰ ਵਿਸ਼ੇ ਤੇ ਸੁਧਾਰ ਦੀ ਲਹਿਰ ਇਥੋਂ ਚਲਦੀ ਹੈ। ਸਾਹਿਤਕਾਰਾਂ ਦਾ ਤੇ ਕਲਾਕਾਰਾਂ ਦਾ ਸਨਮਾਨ ਹਮੇਸ਼ਾ ਹੁੰਦਾ ਹੈ। ■

Namdhari Elibrary NamdhariElibrary@gmail.com

ਸਮਾਜ ਨੂੰ ਸੇਧ ਦੇਣ ਵਾਲੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍ ਵਿਜੇ ਕੁਮਾਰ

ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਾਡਾ ਚਿਰਾਂ ਤੋਂ ਪਿਆਰ ਸਤਿਕਾਰ ਹੈ। ਮੈਨੂੰ ਹਮੇਸ਼ਾ ਉਹਨਾਂ ਦੀ ਸਾਦਗੀ ਨੇ ਪ੍ਰਭਾਵਿਤ ਕੀਤਾ ਹੈ। ਸਭ ਨਾਲੋਂ ਵੱਡੀ ਗੱਲ ਇਹ ਹੈ ਕਿ ਉਨ੍ਹਾਂ ਨੇ ਨਾਮ ਸਿਮਰਨ ਦੇ ਨਾਲ ਨਾਲ ਲੋਕਾਂ ਨੂੰ ਸਮਾਜਿਕ ਕਾਰਜਾਂ ਵਿਚ ਜੁੜਨ ਲਈ ਪ੍ਰੇਰਿਆ ਹੈ। ਧਰਮ ਦੀ ਮਹਾਨਤਾ ਇਸੇ ਕਰਕੇ ਹੀ ਹੈ ਕਿ ਇਹ ਸਾਨੂੰ ਸਮੁੱਚੀ ਜਿੰਦਗੀ ਜਿਊਣ ਦਾ ਸੁਨੇਹਾ ਦਿੰਦਾ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਅਧਿਆਤਮਕ ਬਿਰਤੀ ਨੂੰ ਸਮਾਜਿਕ ਕਾਰਜਾਂ ਵੱਲ ਲਗਾਇਆ ਹੈ।

ਸਾਡੇ ਸਮਾਜ ਵਿੱਚ ਅਨੇਕ ਰਸਮਾਂ ਰਿਵਾਜ ਅਜੇਹੇ ਹਨ, ਜਿਨ੍ਹਾਂ ਨਾਲ ਫਜ਼ੂਲ ਖਰਚੀ ਹੁੰਦੀ ਹੈ। ਸਧਾਰਨ ਪਰਿਵਾਰ ਆਰਥਿਕ ਪੱਖੋਂ ਮਜ਼ਬੂਤ ਲੋਕਾਂ ਵੱਲ ਵੇਖ ਕੇ ਅਜਿਹੀਆਂ ਰਸਮਾਂ ਕਰਦੇ ਹਨ ਪਰ ਸਤਿਗੁਰੂ ਜੀ ਨੇ ਨਾਮਧਾਰੀ ਸਮਾਜ ਨੂੰ ਵਿਆਹ ਮੌਕੇ ਕੀਤੇ ਜਾਂਦੇ ਅਡੰਬਰਾਂ ਤੋਂ ਰੋਕਿਆ ਅਤੇ ਸਮੂਹਿਕ ਵਿਆਹ ਦੀ ਪ੍ਰਥਾ ਚਲਾਈ ਹੋਈ ਹੈ। ਅਜਿਹੇ ਸਮੂਹਿਕ ਵਿਆਹ ਦੇਖਣ ਦਾ ਮੌਕਾ ਮੈਨੂੰ ਮਿਲਿਆ ਹੈ। ਸਮੂਹਿਕ ਵਿਆਹ ਦੀ ਇਹ ਰਸਮ ਚਲਾਉਣ ਦਾ ਉਨ੍ਹਾਂ ਦਾ ਮਕਸਦ ਸਿਰਫ ਇਹ ਹੀ ਸੀ ਕਿ ਲੋਕ ਬਿਨਾਂ ਕਿਸੇ ਦਾਜ ਦਹੇਜ ਤੋਂ, ਬਿਨਾਂ ਕਿਸੇ ਅਡੰਬਰ ਤੋਂ ਇਸ ਰਸਮ ਨੂੰ ਪੂਰਿਆਂ ਕਰਨ।

ਸਤਿਗੁਰਾਂ ਦੀ ਇਕ ਹੋਰ ਪ੍ਰਥਾ ਮੈਨੂੰ ਬੜੀ ਚੰਗੀ ਲੱਗੀ ਹੈ, ਉਹ ਹੈ ਉਹਨਾਂ ਵਲੋਂ ਗਊਆਂ ਦੀ ਪਾਲਣਾ। ਨਾਮਧਾਰੀ ਇਤਿਹਾਸ ਵਿੱਚ ਇਹ ਜ਼ਿਕਰ ਸ਼ਾਮਿਲ ਹੈ ਕਿ ਅੰਮ੍ਰਿਤਸਰ ਵਿਖੇ ਇਕ ਬੁੱਚੜਖਾਨੇ ਵਿੱਚੋਂ ਬਹੁਤ ਸਾਰੀਆਂ ਗਊਆਂ ਨੂੰ ਆਜ਼ਾਦ ਕਰਵਾਇਆ ਗਿਆ ਸੀ। ਇਸ ਲਈ ਨਾਮਧਾਰੀ ਸਿੰਘਾਂ ਨੂੰ ਕੁਰਬਾਨੀਆਂ ਵੀ ਦੇਣੀਆਂ ਪਈਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗਊ ਪਾਲਕ ਹਨ ਅਤੇ ਸ੍ਰੀ ਭੈਣੀ ਸਾਹਿਬ ਵਿਖੇ ਇੱਕ ਵਿਸ਼ਾਲ ਗਊਸ਼ਾਲਾ ਵੀ ਉਨ੍ਹਾਂ ਦੀ ਦੇਖ ਰੇਖ ਹੇਠ ਚੱਲ ਰਹੀ ਹੈ। ਸੰਗੀਤ, ਵਿਦਿਆ ਅਤੇ ਖੇਡਾਂ ਦੇ ਖੇਤਰ ਵਿੱਚ ਉਹਨਾਂ ਦੀ ਬਹੁਤ ਦਿਲਚਸਪੀ ਹੈ।

ਸੰਗੀਤ ਨਾਲ ਲਗਾਓ ਰੱਖਣ ਵਾਲੇ ਸਤਿਗੁਰ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਦੇ ਸਾਜਾਂ ਵਾਲਾ ਇੱਕ ਵੱਖਰਾ ਸਥਾਨ ਬਣਾਇਆ ਹੋਇਆ ਹੈ। ਸ੍ਰੀ ਭੈਣੀ ਸਾਹਿਬ ਵਿਖੇ ਹੁੰਦੇ ਸਮਾਗਮਾਂ ਵਿੱਚ ਉਨ੍ਹਾਂ ਦੇ ਰਾਗੀ ਤੰਤੀ ਸਾਜਾਂ ਨਾਲ ਹੀ ਕੀਰਤਨ ਕਰਦੇ ਹਨ। ਸੰਗੀਤ ਦੇ ਨਾਲ ਜੁੜੀਆਂ ਅਹਿਮ ਸ਼ਖਸੀਅਤਾਂ ਨਾਲ ਉਹ ਮੋਹ ਕਰਦੇ ਹਨ ਅਤੇ ਉਹਨਾਂ ਨੂੰ ਬਣਦਾ ਸਤਿਕਾਰ ਦਿੰਦੇ ਹਨ। ਬਹੁਤ ਸਾਰੀਆਂ ਸੰਗੀਤ ਦੀਆਂ ਯਾਦਗਾਰੀ ਮਹਿਫਲਾਂ ਦੀ ਉਹ ਰਹਿਨੁਮਾਈ ਕਰਦੇ ਹਨ।

ਜਦੋਂ ਸਾਡਾ ਖਾਣ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਵਧ ਚਿੰਤਾ ਸਤਿਗੁਰਾਂ ਨੂੰ ਇਸ ਗੱਲ ਦੀ ਹੀ ਹੋਈ ਕਿ ਜ਼ਮੀਨਾਂ ਬਣਾਉਟੀ ਖਾਦਾਂ ਕਰਕੇ ਵਧੇਰੇ ਜ਼ਹਿਰੀਲੀਆਂ ਹੋ ਰਹੀਆਂ ਹਨ। ਉਹਨਾਂ ਨੇ ਨਾਮਧਾਰੀ ਸੀਡਜ਼ ਫਾਰਮ ਦੀ ਸਥਾਪਨਾ ਕੀਤੀ ਅਤੇ ਇਥੇ ਬੀਜ ਗੈਰ ਮਸਨੂਈ ਖਾਦਾਂ ਦੁਆਰਾ ਤਿਆਰ ਕੀਤੇ ਜਾਂਦੇ ਹਨ।

ਸਾਦਗੀ ਅਤੇ ਨਿਮਰਤਾ ਦੀ ਇਸ ਮੂਰਤ ਨੇ ਹਮੇਸ਼ਾ ਪ੍ਰਭਾਵਿਤ ਕੀਤਾ ਹੈ। ਉਹ ਇੰਨੀ ਬਿਰਧ ਅਵਸਥਾ ਵਿੱਚ ਦੇਸ਼ ਵਿਦੇਸ਼ ਵਿੱਚ ਜਾਂਦੇ ਰਹੇ ਹਨ ਅਤੇ ਆਪਣੇ ਪੈਰੋਕਾਰਾਂ ਲਈ ਪ੍ਰੇਰਣਾ ਦਾ ਸਰੋਤ ਬਣੇ ਹੋਏ ਹਨ। ਇਸ ਗੱਲ ਦੀ ਬੜੀ ਪ੍ਰਸੰਨਤਾ ਹੈ ਕਿ ਗੁਰਗੱਦੀ ਤੇ ਸੁਭਾਇਮਾਨ ਹੋਣ ਦੇ ਉਨ੍ਹਾਂ ਦੇ 50 ਸਾਲ ਪੂਰੇ ਹੋ ਗਏ ਹਨ। ਮੈਂ ਨਾਮਧਾਰੀ ਦਰਬਾਰ ਦੇ ਸਾਰੇ ਮੈਂਬਰਾਂ ਨੂੰ ਇਸ ਮੌਕੇ ਵਧਾਈ ਦਿੰਦਾ ਹਾਂ ਅਤੇ ਸਤਿਗੁਰਾਂ ਦੀ ਲੰਮੀ ਉਮਰ ਦੀ ਕਾਮਨਾ ਕਰਦਾ ਹਾਂ। ■

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦੀ ਗੁਰਿਆਈ ਦੀ ਅੱਧੀ ਸਦੀ

✍ ਗੁਰਬਚਨ ਸਿੰਘ ਭੁੱਲਰ

ਵਿਰੋਧੀ ਹਾਲਾਤ ਵਿਚ ਨਾਮਧਾਰੀ ਬਿਰਛ ਦੀ ਜੜ੍ਹ ਨੂੰ ਸਾਂਭ ਰੱਖਣਾ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਿੱਸੇ ਆਇਆ ਸੀ, ਤਾਂ ਹੁਣ ਇਸ ਜੜ੍ਹ ਨੂੰ ਪ੍ਰਫੁਲਤ ਕਰਕੇ ਦੁਬਾਰਾ ਬਿਰਛ ਦੇ ਰੂਪ ਵਿੱਚ ਵਿਕਸਿਤ ਕਰਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਇਆ।

ਪੰਜਾਹ ਸਾਲ ਦਾ ਸਮਾਂ, ਜੋ ਮਨੁੱਖੀ ਜੀਵਨ ਵਿੱਚ ਬਹੁਤ ਲੰਮਾ ਸਮਝਿਆ ਜਾ ਸਕਦਾ ਹੈ, ਸਮਾਜਿਕ ਇਤਿਹਾਸ ਵਿੱਚ ਇੱਕ ਛਿਣ ਵਾਂਗ ਹੁੰਦਾ ਹੈ। ਪਰ ਜੇ ਕਿਸੇ ਸਮਾਜ, ਪੰਥ ਜਾਂ ਭਾਈਚਾਰੇ ਦੀ ਅਗਵਾਈ ਸਮੱਰਥ ਹੱਥਾਂ ਵਿਚ ਹੋਵੇ, ਏਨਾ ਸਮਾਂ ਵੀ ਵੱਡੀਆਂ ਪ੍ਰਾਪਤੀਆਂ ਦਾ ਮਾਣ ਕਰ ਸਕਦਾ ਹੈ। ਪਿਛਲੀ ਅੱਧੀ ਸਦੀ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਥ ਪ੍ਰਦਰਸ਼ਨ ਅਧੀਨ ਨਾਮਧਾਰੀ ਪੰਥ ਦਾ ਇਤਿਹਾਸ ਇਸ ਦੀ ਇੱਕ ਮਿਸਾਲ ਹੈ।

1959 ਦੇ ਦਸ ਸਤੰਬਰ ਨੂੰ ਜਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਿਆਈ ਦੀ ਦਸਤਾਰ ਸਜੀ ਸੀ, ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਅਜੇ ਕਕਰਾਂ, ਕੰਡਿਆਂ ਅਤੇ ਟੋਇਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਸੀ ਹੋਈ। ਦੇਸ਼ ਨੂੰ ਆਜ਼ਾਦ ਹੋਇਆਂ ਅਜੇ ਕੁੱਲ ਬਾਰਾਂ ਸਾਲ ਹੋਏ ਸਨ। ਸਤਿਗੁਰੂ ਰਾਮ ਸਿੰਘ ਜੀ ਵਲੋਂ ਅਜ਼ਾਦੀ ਲਈ ਲਾਈ ਗਈ ਲਲਕਾਰ ਅਤੇ ਦਿੱਤੀ ਗਈ ਵੰਗਾਰ ਦੇ ਮਹੱਤਵ ਨੂੰ ਅੰਗਰੇਜ਼ ਚੰਗੀ ਤਰ੍ਹਾਂ ਸਮਝਦੇ ਸਨ। ਆਪਣੇ ਵਿਸ਼ਵਾਸ ਲਈ ਜਾਨਾਂ ਵਾਰਨ ਦੀ ਅਤੇ ਸਤਿਗੁਰੂ ਜੀ ਦੇ ਹਰ ਹੁਕਮ ਉੱਤੇ ਫੁੱਲ ਚੜ੍ਹਨ ਦੀ ਨਾਮਧਾਰੀਆਂ ਦੀ ਪ੍ਰੰਪਰਾ ਤੋਂ ਵੀ ਅੰਗਰੇਜ਼ ਭਲੀ ਪ੍ਰਕਾਰ ਜਾਣੂੰ ਸਨ। ਇਸੇ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਨਾਮਧਾਰੀਆਂ ਨੂੰ ਉਹਨਾਂ ਦੀ ਅਗਵਾਈ ਤੋਂ ਵਿਰਵਾ ਕਰਨ ਦੇ ਯਤਨ ਦੇ ਬਾਵਜੂਦ ਅੰਗਰੇਜ਼ ਨੂੰ ਪੰਜਾਬ ਵਿਚ ਸੌਖਾ ਸਾਹ ਨਹੀਂ ਸੀ ਆ ਰਿਹਾ।

ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਅਜ਼ਾਦੀ ਦੀ ਜੋਤ ਨੂੰ ਬੁਝਾਉਣ ਲਈ ਅੰਗਰੇਜ਼ ਨੂੰ ਇਕੋ ਢੰਗ ਸੁਝਿਆ, ਨਾਮਧਾਰੀਆਂ ਉੱਤੇ ਤਿੱਖੀ ਨਜ਼ਰ ਰੱਖਣੀ ਤੇ ਬਹੁਭਾਂਤੀ ਪਾਬੰਦੀਆਂ ਲਾਉਣਾ ਅਤੇ ਸ੍ਰੀ ਭੈਣੀ ਸਾਹਿਬ ਦੀਆਂ ਸਰਗਰਮੀਆਂ ਨੂੰ ਪੁਲਸੀ ਸੰਗਲਾਂ ਵਿਚ ਜਕੜਨਾ। ਇਤਿਹਾਸ ਇਸ ਗੱਲ ਦਾ ਸਿਹਰਾ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਿਰ ਬੰਨ੍ਹੇਗਾ ਕਿ ਉਹਨਾਂ ਨੇ ਇਸ ਸਭ ਕੁਝ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੀ ਜਗਾਈ ਅਜ਼ਾਦੀ ਦੀ ਜੋਤ ਨੂੰ ਦ੍ਰਿੜ੍ਹ ਵਿਸ਼ਵਾਸ, ਅਡੋਲ ਉਦੇਸ਼ ਅਤੇ ਬੇਮਿਸਾਲ ਸਿਰੜ ਦੇ ਤੇਲ ਦੀ ਬੂੰਦ ਬੂੰਦ ਪਾ ਕੇ ਜਗਦੀ ਰੱਖਿਆ।

ਉੱਨੀ ਸੌ ਸੰਤਾਲੀ ਵਿਚ ਦੇਸ਼ ਅਜ਼ਾਦ ਹੋਇਆ ਤਾਂ ਸ੍ਰੀ ਭੈਣੀ ਸਾਹਿਬ ਲਈ ਪੈਦਾ ਕੀਤੇ ਉਪਰੋਕਤ ਗਲ ਘੋਟੂ ਮਾਹੌਲ ਵਿੱਚ ਵੀ ਸੱਜਰੀ ਪੌਣ ਰੁਮਕਣ ਲੱਗੀ। ਸੁਭਾਵਕ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਹਮਣੇ ਪ੍ਰਮੁੱਖ, ਸਗੋਂ ਇਕੋ ਇਕ ਨਾਮਧਾਰੀ ਪੰਥ ਦਾ ਬਿਖਰਾਉ ਖਤਮ ਕਰਕੇ

Namdhari Elibrary NamdhariElibrary@gmail.com

ਉਸਨੂੰ ਨਵੇਂ ਸਿਰਿਉਂ ਸੰਗਠਿਤ ਕਰਨਾ ਅਤੇ ਭਵਿੱਖ ਨਾਮਧਾਰੀ ਵਿਕਾਸ ਦੇ ਮਾਰਗ ਦੇ ਕੰਕਰ ਤੇ ਕੰਡੇ ਚੁਗ ਕੇ ਉਸਨੂੰ ਸਵਾਹਰਾ ਬਣਾਉਣਾ ਸੀ। ਇਸ ਸਦਭਾਵਨਾ ਦੇ ਪ੍ਰਾਪਤ ਹੁੰਦਿਆਂ ਹੀ ਉਹਨਾਂ ਨੇ ਇਕ ਪਲ ਵੀ ਗੁਆਏ ਬਿਨਾਂ ਆਪਣੀ ਸਾਰੀ ਸ਼ਕਤੀ ਇਸੇ ਨਿਸ਼ਾਨੇ ਉਤੇ ਕੇਂਦਰਿਤ ਕਰ ਦਿੱਤੀ। ਪਰ ਅੰਗਰੇਜ਼ ਦੇ ਨਾਮਧਾਰੀ ਦਮਨ ਦੇ ਮਿਟੇ ਏਨੇ ਸਤਹੀ ਨਹੀਂ ਸਨ ਕਿ ਕੁਝ ਹੀ ਸਮੇਂ ਵਿੱਚ ਖਤਮ ਕੀਤੇ ਜਾ ਸਕਦੇ। ਇਸ ਉਪਰੰਤ ਆਜ਼ਾਦੀ ਦੀ ਖੁਸ਼ੀ ਦੇ ਨਾਲ ਹੀ ਦੇਸ਼ ਲਈ ਜੋ ਮੁਸੀਬਤਾਂ ਅਤੇ ਸਮੱਸਿਆਵਾਂ ਬਣੀਆਂ, ਉਹਨਾਂ ਨੇ ਵੀ ਇਹ ਕਾਰਜ ਏਨਾਂ ਸੌਖਾ ਨਾ ਰਹਿਣ ਦਿੱਤਾ। ਵੱਡੀ ਮੁਸੀਬਤ ਉਸ ਸਮੇਂ ਬਣੀ ਜਦੋਂ ਨਾਮਧਾਰੀ ਪੰਥ ਆਪਣੇ ਪੁਨਰ ਗਠਨ ਅਤੇ ਪ੍ਰਫੁਲਣ ਦੇ ਰਾਹ ਨੂੰ ਸ਼ਾਹਰਾਹ ਬਣਿਆ ਦੇਖਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਗਵਾਈ ਤੋਂ ਵੰਚਿਤ ਹੋ ਗਿਆ।

ਇਹ ਸਨ ਉਹ ਹਾਲਾਤ ਜਿਨ੍ਹਾਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰਿਆਈ ਸੰਭਾਲੀ। ਉਹਨਾਂ ਨੇ ਪਿਤਾ ਗੁਰੂ ਤੋਂ ਸੰਭਾਲੀ ਮਸ਼ਾਲ ਨੂੰ ਜਿਵੇਂ ਹੋਰ ਵਧੇਰੇ ਲਟ ਲਟ ਬਾਲਿਆ। ਨਾਮਧਾਰੀ ਪੰਥ ਦੇ ਪੈਰਾਂ ਹੇਠਲੀ ਪਗਡੰਡੀ ਨੂੰ ਸ਼ਾਹਰਾਹ ਵਿਚ ਬਦਲਿਆ ਅਤੇ ਅਨੇਕ ਸੰਸਾਰਕ ਤੇ ਅਧਿਆਤਮਕ ਪੱਖਾਂ ਤੋਂ ਸਫਲਤਾਵਾਂ ਦੇ ਭਾਗੀ ਬਣਾਇਆ। ਇਹ ਸਾਡੀਆਂ ਅੱਖਾਂ ਸਾਹਮਣੇ ਵਰਤਿਆ ਕਰਿਸ਼ਮਾ ਹੈ। ਵਿਰੋਧੀ ਹਾਲਾਤ ਵਿਚ ਨਾਮਧਾਰੀ ਬਿਰਛ ਦੀ ਜੜ੍ਹ ਨੂੰ ਸਾਂਭ ਰੱਖਣਾ ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਹਿੱਸੇ ਆਇਆ ਸੀ, ਤਾਂ ਹੁਣ ਇਸ ਜੜ੍ਹ ਨੂੰ ਪ੍ਰਫੁਲਤ ਕਰਕੇ ਦੁਬਾਰਾ ਬਿਰਛ ਦੇ ਰੂਪ ਵਿੱਚ ਵਿਕਸਿਤ ਕਰਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਿੱਸੇ ਆਇਆ।

ਇਸ ਅੱਧੀ ਸਦੀ ਦੌਰਾਨ ਨਾਮਧਾਰੀ ਪੰਥ ਨਾ ਕੇਵਲ ਪਹਿਲੇ ਹਰ ਸਮੇਂ ਨਾਲੋਂ ਵਧੀਕ ਸੰਗਠਿਤ ਹੋਇਆ ਹੈ, ਮਗੋਂ ਪੰਜਾਬ ਤੋਂ ਬਾਹਰ ਭਾਰਤ ਦੇ ਅਨੇਕ ਪ੍ਰਾਂਤਾਂ ਵਿਚ ਅਤੇ ਭਾਰਤ ਤੋਂ ਬਾਹਰ ਦੁਨੀਆਂ ਦੇ ਮਹਾਂਦੀਪਾਂ ਵਿੱਚ ਨਾਮਧਾਰੀ ਸਿੱਖਾਂ ਨੇ ਕਾਰੋਬਾਰ ਵਿੱਚ ਭਾਰੀ ਨਾਮਣਾ ਖੱਟਿਆ ਹੈ। ਚਾਰੇ ਪਾਸੀਂ ਫੈਲੇ ਹੋਏ ਧਾਰਮਿਕ ਬੇਮੁਖਤਾ ਅਤੇ ਪਤਿਤਪੁਣੇ ਦੇ ਮਾਹੌਲ ਵਿੱਚ ਨਾਮਧਾਰੀ ਸਿੱਖਾਂ ਨੂੰ ਰਹਿਤ ਮਰਯਾਦਾ ਦੇ ਪਰਪੱਕ ਬਣਾਈ ਰਖਣਾ ਕੋਈ ਸਧਾਰਨ ਗੱਲ ਨਹੀਂ।

ਪਰ ਨਾਮਧਾਰੀ ਪੰਥ ਦਾ ਵਿਕਾਸ ਅਤੇ ਪਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਖਸੀਅਤ ਦਾ ਇਕ ਪ੍ਰਮੁੱਖ ਪੱਖ ਤਾਂ ਹੈ, ਇਕੋ ਇਕ ਪੱਖ ਨਹੀਂ। ਕਈ ਪੱਖ ਹੋਰ ਅਜੇਹੇ ਹਨ ਜਿਨ੍ਹਾਂ ਦੀ ਆਪਣੀ ਥਾਂ ਵੱਡੀ ਮਹੱਤਤਾ ਹੈ।

ਅਧਿਆਤਮ ਦੇ ਨਾਲ ਨਾਲ ਸਕੂਲੀ, ਕਾਲਜੀ ਵਿਦਿਆ ਅਤੇ ਖੇਡਾਂ ਉਤੇ ਉਹਨਾਂ ਦਾ ਜ਼ੋਰ ਬੜਾ ਮੁੱਲਵਾਨ ਹੈ। ਹਾਕੀ ਦੇ ਖੇਤਰ ਵਿਚ ਸਰਬੋਤਮ ਪੱਧਰ ਦੇ ਖਿਡਾਰੀ ਨਾਮਧਾਰੀ ਪੰਥ ਦਾ ਝੰਡਾ ਪ੍ਰਸਿੱਧ ਮੁਕਾਬਲਿਆਂ ਵਿਚ ਉੱਚਾ ਝੁਲਾਉਂਦੇ ਹਨ।

ਸੰਗੀਤ ਦੇ ਨਾਲ ਸ੍ਰੀ ਸਤਿਗੁਰੂ ਜੀ ਦਾ ਲਗਾਉ ਤਾਂ ਬੇਮਿਸਾਲ ਹੈ। ਉਹ ਆਪ ਰਾਗ ਵਿਦਿਆ ਅਤੇ ਸਾਜ ਸੰਗੀਤ ਦੇ ਮੰਨੇ ਹੋਏ ਗਿਆਤਾ ਹਨ। ਸੰਗੀਤ ਦੀ ਰੁਚੀ ਅਤੇ ਸਿਖਿਆਰਥੀਆਂ ਨੂੰ ਚੰਗੀ ਤੋਂ ਚੰਗੀ ਸਿਖਲਾਈ ਨਾਲ ਨਾਮੀ ਸੰਗੀਤਕਾਰ ਬਣਾਉਣਾ, ਉਹਨਾਂ ਦੀ ਰਜ਼ਾ ਰਹਿੰਦੀ ਹੈ। ਭਾਰਤ ਦੇ ਸਰੇਸ਼ਟ ਸ਼ਾਸਤਰੀ ਗਾਇਕ ਅਤੇ ਸੰਗੀਤਕਾਰ ਜਿਨ੍ਹਾਂ ਦੇ ਦੋ ਬੋਲ ਸੁਣਨ ਨੂੰ ਸਰੋਤੇ ਤਰਸਦੇ ਹਨ, ਅਕਸਰ ਹੀ ਸ੍ਰੀ ਭੈਣੀ ਸਾਹਿਬ ਪਧਾਰਦੇ ਹਨ ਅਤੇ ਸ੍ਰੀ ਸਤਿਗੁਰੂ ਜੀ ਦੀ ਸੰਗੀਤਕ ਸੰਗਤ ਵਿਚ ਬੈਠ ਕੇ ਆਪਣੀ ਕਲਾ ਦੇ ਪ੍ਰਦਰਸ਼ਨ ਦਾ ਆਨੰਦ ਮਾਣਦੇ ਹਨ।

ਗਊਆਂ ਦੀ ਰਾਖੀ ਨਾਮਧਾਰੀ ਇਤਿਹਾਸ ਦਾ ਇਕ ਅਟੁੱਟ ਅੰਗ ਹੈ। ਪੰਜਾਬ ਉੱਤੇ ਕਬਜ਼ੇ ਤੋਂ ਮਗਰੋਂ ਸ਼ਹਿਰਾਂ ਵਿੱਚ ਗਊਆਂ ਦੇ ਬੁਚੜਖਾਨਿਆਂ ਦੀ ਸ਼ਰਾਰਤੀ ਆਗਿਆ ਅੰਗਰੇਜ਼ਾਂ ਨਾਲ ਨਾਮਧਾਰੀ ਸਿੱਖਾਂ ਦੇ ਮੁਢਲੇ ਵੱਡੇ ਟਕਰਾਵਾਂ ਦਾ ਕਾਰਨ ਬਣੀ। ਗਊ ਰੱਖਿਆ ਦੀ ਇਸ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਆਧੁਨਿਕ ਗਊਪਾਲਕ ਵਜੋਂ ਜਾਣੇ ਜਾਂਦੇ ਹਨ।

ਅਜਿਹਾ ਹੀ ਇਕ ਹੋਰ ਪੁੰਨ ਕਾਰਜ ਉਹਨਾਂ ਦਾ ਬਿਰਧਾਂ ਵੱਲ ਸਨੇਹੀ ਰਵੱਈਆ ਹੈ। ਸ੍ਰੀ ਭੈਣੀ ਸਾਹਿਬ ਦੇ ਬਿਰਧ ਆਸ਼ਰਮ ਦਾ ਮਿਆਰ ਇਸ ਤੱਥ ਦੀ ਸ਼ਾਹਦੀ ਭਰਦਾ ਹੈ।

ਵੱਖ ਵੱਖ ਥਾਵਾਂ ਉੱਤੇ ਕਈ ਨਾਮਧਾਰੀ ਫਾਰਮ, ਆਧੁਨਿਕ ਵਿਗਿਆਨਕ ਅਤੇ ਕੁਦਰਤੀ ਖੇਤੀ ਦੀ ਇਕ ਰੀਸਯੋਗ ਉਦਾਹਰਨ ਹਨ। ਕੁਝ ਸਾਲ ਪਹਿਲਾਂ ਮੈਨੂੰ ਬੰਗਲੌਰ ਨੇੜਲਾ ਵਿਸ਼ਾਲ ਨਾਮਧਾਰੀ ਫਾਰਮ ਵੇਖਣ ਦਾ ਅਵਸਰ ਪ੍ਰਾਪਤ ਹੋਇਆ ਸੀ। ਸ੍ਰੀ ਉਦੈ ਸਿੰਘ ਜੀ ਦੀ ਦੇਖ ਰੇਖ ਹੇਠ ਇਹ ਕਾਰਗੁਜ਼ਾਰੀ ਦੰਗ ਕਰ ਦੇਣ ਵਾਲੀ ਸੀ। ਨਿਪੁੰਨ ਵਿਗਿਆਨੀਆਂ ਅਧੀਨ ਚੱਲ ਰਹੀ ਪ੍ਰਯੋਗਸ਼ਾਲਾ, ਉੱਤਮ ਕਿਸਮ ਦੇ ਅੰਬ ਤੇ ਨਾਰੀਅਲ,

Namdhari Elibrary NamdhariElibrary@gmail.com

ਗਊਆਂ ਦੀ ਰਾਖੀ ਨਾਮਧਾਰੀ ਇਤਿਹਾਸ ਦਾ ਇਕ ਅਟੁੱਟ ਅੰਗ ਹੈ। ਪੰਜਾਬ ਉੱਤੇ ਕਬਜ਼ੇ ਤੋਂ ਮਗਰੋਂ ਸ਼ਹਿਰਾਂ ਵਿੱਚ ਗਊਆਂ ਦੇ ਬੁੱਚੜਖਾਨਿਆਂ ਦੀ ਸ਼ਰਾਰਤੀ ਆਗਿਆ ਅੰਗਰੇਜ਼ਾਂ ਨਾਲ ਨਾਮਧਾਰੀ ਸਿੱਖਾਂ ਦੇ ਮੁਢਲੇ ਵੱਡੇ ਟਕਰਾਵਾਂ ਦਾ ਕਾਰਨ ਬਣੀ। ਗਊ ਰੱਖਿਆ ਦੀ ਇਸ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਕ ਆਧੁਨਿਕ ਗਊਪਾਲਕ ਵਜੋਂ ਜਾਣੇ ਜਾਂਦੇ ਹਨ।

ਅਨੇਕਾਂ ਦੇਸ਼ਾਂ ਨੂੰ ਬਰਾਮਦ ਲਈ ਤਿਆਰ ਕੀਤੇ ਜਾਂਦੇ ਫੁੱਲਾਂ ਤੇ ਸਬਜ਼ੀਆਂ ਦੇ ਬੀਜ। ਇਸ ਸਭ ਕੁਝ ਤੋਂ ਵੱਧ ਧਿਆਨ ਖਿੱਚਣ ਵਾਲਾ ਸੀ ਪ੍ਰਬੰਧਕਾਂ ਦਾ ਕਾਮਿਆਂ ਵੱਲ, ਖਾਸ ਕਰਕੇ ਇਸਤਰੀ ਕਾਮਿਆਂ ਵੱਲ ਸਤਿਕਾਰ ਭਰਿਆ ਰਵੱਈਆ। ਇਤਿਹਾਸਕ ਤੌਰ ਉੱਤੇ ਜਗੀਰਦਾਰੀ ਪ੍ਰਬੰਧ ਅਧੀਨ ਹਰ ਪ੍ਰਕਾਰ ਦੇ ਸ਼ੋਸ਼ਣ ਦੇ ਪਾਤਰ ਰਹੇ ਇਹ ਕਾਮੇ ਹੀ ਨਾਮਧਾਰੀ ਫਾਰਮ ਦੇ ਧੰਨਵਾਦੀ ਨਹੀਂ, ਸਗੋਂ ਆਲੇ ਦੁਆਲੇ ਦੀਆਂ ਪੇਂਡੂ ਬਸਤੀਆਂ ਵਿੱਚ ਇਸ ਕਾਰਨ ਨਾਮਧਾਰੀ ਸਿੱਖਾਂ ਦਾ ਭਾਰੀ ਆਦਰ ਕੀਤਾ ਜਾਂਦਾ ਹੈ। ਹੁਣ ਤਾਂ ਸਾਡੇ ਦਿੱਲੀ ਵਿਚ ਕਈ ਨਾਮਧਾਰੀ ਫਾਰਮ ਦੀਆਂ ਦੁਕਾਨਾਂ ਖੁੱਲ੍ਹ ਗਈਆਂ ਹਨ, ਜਿਹਨਾਂ ਵਿੱਚ ਵਸਤਾਂ ਆਪਣੀ ਸ਼ੁੱਧਤਾ ਕਾਰਨ ਹਰਮਨ ਪਿਆਰੀਆਂ ਹਨ। ਆਮ ਦੁਕਾਨਾਂ ਉਤੇ ਵਿਕਦੇ ਇਕ ਵਿਸ਼ੇਸ਼ ਕਿਸਮ ਦੇ ਖਰਬੂਜਿਆਂ ਨੂੰ ਤਾਂ ਕਿਹਾ ਹੀ ਨਾਮਧਾਰੀ ਖਰਬੂਜੇ ਜਾਂਦਾ ਹੈ।

ਅੰਤਲੀ ਗੱਲ, ਇਕ ਸਾਹਿਤਕਾਰ ਹੋਣ ਦੇ ਨਾਤੇ ਸਾਹਿਤ ਪ੍ਰਤੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਵੱਈਏ ਦੀ। ਸ੍ਰੀ ਭੈਣੀ ਸਾਹਿਬ ਪਹੁੰਚੇ ਹਰ ਸਾਹਿਤਕਾਰ ਦਾ ਆਦਰ ਮਾਣ ਕਰਨਾ ਤਾਂ ਇਕ ਪ੍ਰੰਪਰਾ ਬਣ ਹੀ ਚੁੱਕੀ ਹੈ, ਸਾਹਿਤ ਸਮਾਗਮਾਂ ਸਮੇਂ ਇਹ ਸਰਪਰਸਤੀ ਹੋਰ ਵਧੇਰੇ ਉਜਾਗਰ ਹੁੰਦੀ ਹੈ। ਮੈਨੂੰ ਨਿਜੀ ਜਾਣਕਾਰੀ ਹੈ ਕਿ ਜਦੋਂ ਕਦੇ ਵੀ ਕਿਸੇ ਸਾਹਿਤਕ ਕਾਨਫਰੰਸ ਦੇ ਪ੍ਰਬੰਧਕਾਂ ਨੇ ਮਾਇਕ ਸਹਾਇਤਾ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਪਹੁੰਚ ਕੀਤੀ ਹੈ, ਉਹਨਾਂ ਦੀ ਪ੍ਰਾਪਤੀ ਉਹਨਾਂ ਦੀ ਆਸ ਨਾਲੋਂ ਵਡੇਰੀ ਰਹੀ ਹੈ। ਕਾਨਫਰੰਸ ਸਮੇਂ ਨਾਮਧਾਰੀ ਲੰਗਰ ਇਸ ਮਾਇਕ ਸਹਾਇਤਾ ਤੋਂ ਵਧੀਕ ਹੁੰਦਾ ਹੈ। ਸ਼ੁੱਧ ਦੇਸੀ ਘਿਉ ਵਿੱਚ ਤਿਆਰ ਹੋਇਆ ਭੋਜਨ ਦੁੱਧ ਚਿੱਟੀਆਂ ਚਾਦਰਾਂ ਉਤੇ ਬੈਠੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਵਰਤਾ ਰਹੇ ਉੱਜਲ ਸਫੈਦ ਬਸਤਰਾਂ ਵਾਲੇ ਨਾਮਧਾਰੀ ਵੀਰ ਇਕ ਅਲੌਕਿਕ ਦ੍ਰਿਸ਼ ਪੇਸ਼ ਕਰਦੇ ਹਨ। ਅਜਿਹੇ ਮੌਕੇ ਮੈਂ ਤਾਂ ਹੱਸ ਕੇ ਨਾਮਧਾਰੀ ਪ੍ਰਬੰਧਕਾਂ ਨੂੰ ਅਕਸਰ ਆਖਦਾਂ ਹਾਂ ਕਿ ਕਾਨਫਰੰਸ ਦੇ ਬਾਕੀ ਸਾਰੇ ਸੈਸ਼ਨਾਂ ਨਾਲੋਂ ਇਹ ਲੰਗਰ-ਸੈਸ਼ਨ ਵਧੀਕ ਸਫਲ ਅਤੇ ਸੰਤੁਸ਼ਟੀਦਾਇਕ ਹੈ।

ਅਜਿਹੀ ਹੈ ਅਨੇਕ ਲੌਕਿਕ, ਅਲੌਕਿਕ, ਸਾਹਿਤਕ ਅਤੇ ਕਲਾਤਮਕ ਆਦਿ ਖੇਤਰਾਂ ਨੂੰ ਆਪਣੇ ਕਲਾਵੇ ਵਿਚ ਲੈਣ ਵਾਲੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ। ਆਸ ਅਤੇ ਅਰਦਾਸ ਹੈ, ਇਹ ਅਗਵਾਈ ਹੋਰ ਲੰਮੇ ਸਮੇਂ ਤਕ ਪ੍ਰਾਪਤ ਰਹੇ। ■

ਹੈ ਕੌਣ

✍ ਅਜੀਤ ਸਿੰਘ ਲਾਇਲ

ਹੈ ਕੌਣ ਜਿਹਦੀ ਦੀਦ ਸੀਨੇ ਠੰਢ ਪਾਂਵਦੀ।
ਦੁਨੀਆਂ ਦਿਵਾਨੀ ਹੋਈ ਜਿਹਦੇ ਨਾਮ ਦੀ ?
ਹੈ ਕੌਣ ਜੋ ਈਮਾਨ ਵਾਲੇ ਰਾਹ ਦੱਸਦੈ
ਸਭਨਾਂ ਘਟਾਂ ਤੇ ਲੂੰ-ਲੂੰ ਵਿੱਚ ਵਸਦੈ ?
ਹੈ ਕੌਣ ਜਿਹਦੀ ਛੂਹ 'ਚੋਂ ਸਰੂਰ ਆਂਵਦਾ
ਨਿਗਾਹਾਂ ਜਾਂ ਮਿਲਾਵੇ ਤਾਂ ਗਰੂਰ ਆਂਵਦਾ ?
ਹੈ ਕੌਣ ਜਿਹਦੇ ਬੋਲ ਸੱਚੋ ਸੱਚ ਬੋਲਦੇ
ਦਿਲਾਂ ਦੀਆਂ ਘੁੰਡੀਆਂ ਨੂੰ ਜਾਣ ਖੋਹਲਦੇ ?
ਹੈ ਕੌਣ ਜਿਹਦਾ ਸਾਨੀ ਜਗ ਦਿੱਸੇ ਕੋਈ ਨਾ
ਬਣਦੈ ਸਹਾਰਾ ਜਿਹਨੂੰ ਢੋਈ ਕੋਈ ਨਾ ?
ਹੈ ਕੌਣ ਜਿਹੜਾ ਕਦੇ ਨਾ ਭੁਲਾਵੇ ਕੌਲ ਨੂੰ
ਸਦਾ ਹੀ ਵਧਾ ਕੇ ਦੇਵੇ ਤੁੱਲੇ ਤੋਲ ਨੂੰ ?
ਹੈ ਕੌਣ ਜਿਹੜਾ ਪ੍ਰੀਤਾਂ ਵਾਲੇ ਰਾਹੀਂ ਤੋਰਦੈ
ਵੈਰ, ਨਿੰਦਾ, ਈਰਖਾ ਤੋਂ ਸਦਾ ਹੋੜਦੈ ?
ਹੈ ਕੌਣ ਜਿਹੜਾ ਆਪੂੰ ਔਖੇ ਰਾਹੀਂ ਤੁਰਦੈ
ਕਾਫਲੇ ਗਵਾਹ ਨੇ ਉਹ ਨਹੀਂ ਪਿਛਾਂਹ ਮੁੜਦੈ ?
ਹੈ ਕੌਣ ਜਿਹਦੇ ਕਦਮਾਂ 'ਚ ਕਰਾਮਾਤ ਏ
ਕਰਦੀ ਆਦਾਬ ਜਿਹਨੂੰ ਪ੍ਰਭਾਤ ਏ ?
ਗੱਲੀਂ ਬਾਂਤੀ ਮੈਂ ਤਾਂ ਇਕ ਬਾਤ ਪਾਈ ਏ
ਬੁੱਝੂ ਜਿਹੜਾ ਉਹਦੀ ਆਪਣੀ ਭਲਾਈ ਏ।

Namdhari Elibrary NamdhariElibrary@gmail.com

ਪੁਰਾਤਨਤਾ ਤੇ ਆਧੁਨਿਕਤਾ ਦਾ ਸੰਗਮ

✍ ਡਾ. ਰਤਨ ਸਿੰਘ ਜੱਗੀ

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਰੂਪ ਅਤੇ ਕਰਮਾਚਾਰ ਤੋਂ ਇਸ ਗੱਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਉਹ ਹੈ ਆਪ ਜੀ ਦੇ ਵਿਅਕਤਿਤਵ ਵਿਚ ਪੁਰਾਤਨਤਾ ਅਤੇ ਆਧੁਨਿਕਤਾ ਦਾ ਸੰਗਮ। ਆਪ ਜੀ ਪੁਰਾਤਨਤਾ ਨਾਲ ਜੁੜ ਕੇ ਚਲੇ ਹਨ ਅਤੇ ਆਪ ਦੇ ਪੂਰਵ ਵਰਤੀ ਸਤਿਗੁਰੂ ਸਾਹਿਬਾਨ ਦੀ ਤੋਰੀ ਹੋਈ ਨਾਮਧਾਰੀ ਸੰਪਰਾਦਾਇ ਦੀ ਸਿਧਾਂਤਕ ਅਤੇ ਵਿਵਹਾਰਕ ਮਰਯਾਦਾ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਹੈ ਸਗੋਂ ਉਸ ਨੂੰ ਆਪਣੇ ਤੇਜੱਸਵੀ ਚਰਿਤਰ ਰਾਹੀਂ ਹੋਰ ਦ੍ਰਿੜ ਕੀਤਾ ਹੈ। ਪ੍ਰੰਪਰਾਗਤ ਲਕੀਰ ਨੂੰ ਅਪਨਾ ਕੇ ਵੀ ਆਪ ਜੀ ਉਸ ਤਕ ਸੀਮਿਤ ਨਹੀਂ ਰਹੇ ਸਗੋਂ ਯੁਗਬੋਧ ਅਤੇ ਸਮੇਂ ਦੀ ਲੋੜ ਅਨੁਸਾਰ ਆਪ ਜੀ ਨੇ ਨਵੇਂ ਉਦਮ ਕਰਕੇ ਲਕੀਰ ਨੂੰ ਹੋਰ ਲੰਮਾ ਕੀਤਾ ਹੈ। ਇਸ ਤਰ੍ਹਾਂ ਆਪ ਪੁਰਾਤਨਤਾ ਨੂੰ ਆਧੁਨਿਕਤਾ ਨਾਲ ਜੋੜ ਕੇ ਚਲੇ ਹਨ ਅਤੇ ਸੰਪਰਦਾਇ ਨੂੰ ਸਮੇਂ ਦਾ ਹਾਣੀ ਬਣਾਉਣ ਦਾ ਸ਼ਲਾਘਾਯੋਗ ਉਦਮ ਕੀਤਾ ਹੈ। ਆਪ ਜੀ ਦੁਆਰਾ ਸੰਪਰਦਾਇ ਵਿਚ ਲਿਆਂਦੇ ਕੁਝ ਨਵੀਨ ਤੱਤਾਂ ਬਾਰੇ ਵਿਚਾਰ ਕਰਨਾ ਉਚਿਤ ਹੋਵੇਗਾ।

ਆਪ ਜੀ ਦੇ ਮਨ ਵਿਚ ਸ੍ਰੀ ਭੈਣੀ ਸਾਹਿਬ ਨੂੰ ਇਕ ਨਵੀਂ ਦਿਖ ਦੇਣ ਦੀ ਪ੍ਰਬੱਲ ਇਛਾ ਸੀ। ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਚਲੇ ਕੱਖਾਂ ਦੇ ਛੱਪਰਾਂ ਨੂੰ ਪੱਕੀਆਂ ਇਮਰਾਤਾਂ ਵਿਚ ਬਦਲ ਦਿੱਤਾ, ਪੁਰਾਣੀਆਂ ਇਮਾਰਤਾਂ ਦਾ ਕੇਵਲ ਸਰੂਪ ਹੀ ਨਹੀਂ ਬਦਲਿਆ ਸਗੋਂ ਨਵੇਂ ਭਵਨਾਂ, ਮੰਦਰਾਂ, ਧਰਮ ਧਾਮਾਂ ਦਾ ਨਿਰਮਾਣ ਵੀ ਕਰਵਾਇਆ ਹੈ। ਰਾਮ ਮੰਦਰ, ਰਾਮ ਸਰੋਵਰ, ਸਦਾ ਵਰਤ ਲੰਗਰ ਆਦਿ ਆਲੀਸ਼ਾਨ ਇਮਾਰਤਾਂ ਸ੍ਰੀ ਭੈਣੀ ਸਾਹਿਬ ਦੇ ਪਰਿਸਰ ਵਿਚ ਦਿਲਕਸ਼ ਨਜ਼ਾਰਾ ਪੇਸ਼ ਕਰਦੀਆਂ ਹਨ। ਇਹਨਾਂ ਤੋਂ ਇਲਾਵਾ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਚ ਬਿਰਧਾਂ ਦੀ ਸਾਂਭ ਸੰਭਾਲ ਅਤੇ ਨਿਵਾਸ ਲਈ ਬਹੁਤ ਸੁੰਦਰ ਬਿਰਧਸ਼ਾਲਾਵਾਂ ਦਾ ਨਿਮਰਾਣ ਕਰਵਾਇਆ ਹੈ। ਜਿਨਾਂ ਵਿਚ ਨਿਆਸਰੇ ਲੋਕਾਂ ਨੂੰ ਟਿਕਾਣਾ ਦਿਤਾ ਜਾਂਦਾ ਹੈ। ਉਹਨਾਂ ਦੀ ਖਾਧ ਖੁਰਾਕ ਅਤੇ ਦਵਾਈਆਂ ਦਾ ਉਚੇਚਾ ਧਿਆਨ ਰਖਿਆ ਜਾਂਦਾ ਹੈ। ਆਪ ਜੀ ਬਿਰਧਾਂ ਪਾਸ ਨਿਤ ਜਾ ਕੇ ਉਹਨਾਂ ਦੀ ਬੇਬਸੀ ਵਿਚ ਸ਼ਿਰਕਤ ਕਰਦੇ ਹਨ।

ਆਪ ਜੀ ਨੇ ਨਵੀਂ ਸਿਖਿਆ ਪ੍ਰਣਾਲੀ ਨੂੰ ਅਪਨਾਉਣ ਲਈ ਆਪਣੇ ਅਨੁਯਾਈਆਂ ਅਤੇ ਸੇਵਕਾਂ ਨੂੰ ਪ੍ਰੇਰਿਆ ਹੈ ਅਤੇ ਸਕੂਲ ਤੇ ਕਾਲਜ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਹੈ। ਸ੍ਰੀ ਭੈਣੀ ਸਾਹਿਬ ਦੇ ਪਰਿਸਰ ਵਿਚ ਵੀ ਇਕ "ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ" ਖੋਲ੍ਹ ਕੇ ਸਿਖਿਆ ਦੇ ਹੋਰ ਵਿਸ਼ਿਆਂ ਤੋਂ ਇਲਾਵਾ ਰਾਗ ਵਿਦਿਆ, ਖੇਡਾਂ, ਕੰਪਿਊਟਰ ਸਿਖਲਾਈ, ਗੁਰਬਾਣੀ ਨੂੰ ਸ਼ੁੱਧ ਰੂਪ ਵਿਚ ਪੜ੍ਹਨ, ਸੁਣਨ ਅਤੇ ਸਮਝਣ ਦੀ ਸਿਖਿਆ ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਗੁਰਮੁਖੀ ਬਾਣੇ ਵਿਚ ਰਹਿ ਕੇ ਉਹ ਵਿਦਿਆਰਥੀ ਗੁਰਮਤ ਦੇ ਅਸੂਲਾਂ ਨੂੰ ਸਮਝਣ ਦਾ ਉਦਮ ਕਰਦੇ ਹਨ। ਨਾਮਧਾਰੀ ਸੰਪਰਦਾਇ ਦੇ ਇਤਿਹਾਸ ਅਤੇ ਧਾਰਮਕ ਦੇਣ ਬਾਰੇ ਖੋਜ ਕਰਵਾਉਣ ਲਈ ਬਨਾਰਸ ਵਿਚ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਂ ਉਤੇ ਚੇਅਰਾਂ ਸਥਾਪਿਤ

Namdhari Elibrary NamdhariElibrary@gmail.com

ਕਰਵਾਈਆਂ ਹਨ। ਜਿਨਾਂ ਵਿਚ ਵਿਦਵਾਨ ਗੰਭੀਰ ਖੋਜ ਕਰਨ ਵਲ ਰੁਚਿਤ ਹਨ। ਇਹਨਾਂ ਚੇਅਰਾਂ ਨਾਲ ਸੰਬੰਧਿਤ, ਹੋਰ ਯੂਨੀਵਰਸਿਟੀਆਂ, ਕਾਲਜਾਂ ਜਾਂ ਸ੍ਰੀ ਭੈਣੀ ਸਾਹਿਬ ਵਿਚ ਅਕਸਰ ਸੈਮੀਨਾਰ, ਗੋਸ਼ਟੀਆਂ ਕਰਵਾ ਕੇ ਨਾਮਧਾਰੀ ਸੰਪਰਦਾਇ ਦੇ ਰਾਸ਼ਟਰੀ ਸੰਦਰਭ ਨੂੰ ਪ੍ਰਗਟ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਆਪ ਜੀ ਨੇ ਸਾਹਿਤ ਦੇ ਵਿਕਾਸ ਵੱਲ ਵੀ ਧਿਆਨ ਦਿੱਤਾ ਹੈ।

ਜਿਥੇ ਆਪ ਜੀ ਸਾਹਿਤ ਸਿਰਜਨਾ ਲਈ ਲੇਖਕਾਂ ਨੂੰ ਉਤਸ਼ਾਹਿਤ ਕੀਤਾ ਹੈ ਉਥੇ ਨਾਲ ਹੀ ਉਦਾਰਤਾ ਪੂਰਵਕ ਮਾਲੀ ਸਹਾਇਤਾ ਵੀ ਦਿੱਤੀ ਹੈ। ਅਜਿਹੀ ਸੁਪਰਸਤੀ ਕਾਰਨ ਕਈ ਪ੍ਰਕਾਰ ਦੀਆਂ ਮਹੱਤਵਪੂਰਨ ਰਚਨਾਵਾਂ ਪ੍ਰਕਾਸ਼ ਵਿਚ ਆਈਆਂ ਹਨ। ਲੋੜਵੰਦ ਸਾਹਿਤਕਾਰਾਂ ਨੂੰ ਜਿਥੇ ਆਰਥਿਕ ਪੱਖੋਂ ਪੁਸ਼ਟ ਕੀਤਾ ਹੈ ਉਥੇ ਉਹਨਾਂ ਨੂੰ ਹੋਰ ਸਹੂਲਤਾਂ ਵੀ ਦਿੱਤੀਆਂ ਹਨ। ਕਈਆਂ ਨੂੰ ਸਨਮਾਨਿਤ ਵੀ ਕੀਤਾ ਹੈ। ਸਾਹਿਤਕਾਰਾਂ ਪ੍ਰਤੀ ਆਪ ਵਿਸ਼ੇਸ਼ ਰੁਚੀ ਹੀ ਨਹੀਂ ਰਖਦੇ ਬਣਦਾ ਸਤਿਕਾਰ ਵੀ ਦਿੰਦੇ ਹਨ। ਬਾਣੀ ਪ੍ਰਤੀ ਆਪ ਜੀ ਦੇ ਮਨ ਵਿਚ ਅਥਾਹ ਸਤਿਕਾਰ ਹੈ। ਜਦੋਂ ਮੈਂ ਦਸਮ ਗ੍ਰੰਥ ਦਾ ਟੀਕਾ ਆਪ ਜੀ ਨੂੰ ਭੇਟ ਕਰਨ ਗਿਆ ਤਾਂ ਆਪ ਜੀ ਨੇ ਆਪਣੇ ਆਸਣ ਦੇ ਸਮਾਨ ਮੇਰਾ ਆਸਨ ਕਰਵਾਇਆ ਅਤੇ ਬੜੀ ਭਾਵਪੂਰਤ ਵਿਚਾਰ ਚਰਚਾ ਹੋਈ। ਆਪ ਜੀ ਨੇ ਬੜੀ ਵਿਸਮਾਦੀ ਭਾਵਨਾ ਨਾਲ ਟੀਕਾ ਗ੍ਰਹਿਣ ਕੀਤਾ ਅਤੇ ਅਸੀਸ ਨਾਲ ਨਿਵਾਜਿਆ।

ਖੇਤੀਬਾੜੀ ਦੇ ਵਿਕਾਸ ਵਲ ਵੀ ਆਪ ਜੀ ਨੇ ਉਚੇਚਾ ਧਿਆਨ ਦਿਤਾ ਹੈ। ਸੰਨ 1985 ਈ. ਵਿਚ ਸ੍ਰੀ ਉਦੈ ਸਿੰਘ ਜੀ ਦੀ ਦੇਖ ਰੇਖ ਵਿਚ ਬੰਗਲੌਰ ਵਿਖੇ ਉਤਮ ਬੀਜ ਤਿਆਰ ਕਰਨ ਲਈ ਨਾਮਧਾਰੀ ਸੀਡਜ਼ ਫਾਰਮ ਦੀ ਸਥਾਪਨਾ ਕੀਤੀ। ਜਿਸ ਨੇ ਵਿਸ਼ਵ ਭਰ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਇਸ ਫਾਰਮ ਵਿਚ ਤਿਆਰ ਕੀਤੇ ਬੀਜ਼ ਅਨੇਕ ਦੇਸ਼ਾਂ ਵਿਚ ਵਿਸ਼ਵਾਸ ਸਾਹਿਤ ਵਰਤੇ ਜਾਂਦੇ ਹਨ। ਦਿਨਬਦਿਨ ਇਸ ਫਾਰਮ ਦੀ ਪਛਾਣ ਵਿਸ਼ਵ ਮੰਡੀ ਵਿਚ ਵਧਦੀ ਜਾਂਦੀ ਹੈ।

ਇਤਿਹਾਸ ਪ੍ਰਸਿਧ ਹੈ ਕਿ ਨਾਮਧਾਰੀ ਸੰਪਰਦਾਇ ਨੇ ਗਊ ਧਨ ਦੀ ਰਖਿਆ ਲਈ ਬੇਮਿਸਾਲ ਕੁਰਬਾਨੀਆਂ ਦਿਤੀਆਂ ਹਨ ਜਿਤਨਾਂ ਸਤਿਕਾਰ ਗਊਧਨ ਦਾ ਇਸ ਸੰਪਦਰਾਇ ਨੇ ਕੀਤਾ ਹੈ ਉਤਨਾਂ ਸ਼ਾਇਦ ਕਿਸੇ ਹੋਰ ਭਾਰਤੀ ਧਾਰਮਿਕ ਸੰਪਰਦਾਇ ਵਿਚ ਹੋਇਆ ਹੋਵੇ। ਆਪ ਜੀ ਨੇ ਗਊਧਨ ਵਰਧਨ ਲਈ ਬਹੁਤ ਉਤਮ ਗਊਸ਼ਾਲਾ ਤਿਆਰ ਕਰਵਾਈ ਹੈ। ਇਸ ਗਊਸ਼ਾਲਾ ਵਿਚ ਕਈ ਕਿਸਮਾਂ ਅਤੇ ਨਸਲਾਂ ਦੀਆਂ ਸ਼੍ਰੇਸ਼ਠ ਗਊਆਂ ਰਖੀਆਂ ਹੋਈਆਂ ਹਨ ਜਿਹਨਾਂ ਦੀ ਪਛਾਣ ਰਾਸ਼ਟਰੀ ਪੱਧਰ ਦੀ ਹੈ। ਗਊਧਨ ਲਈ ਆਪ ਜੀ ਦੇ ਅਸੀਮ ਮੋਹ ਨੂੰ ਵੇਖਦਿਆਂ ਹੋਇਆਂ ਗਊਵਰਧਨ ਸਮਿਤੀ ਨੇ ਸੰਨ 1965 ਵਿਚ ਗੋਪਾਲ ਰਤਨ ਦੀ ਉਪਾਧੀ ਨਾਲ ਆਪ ਜੀ ਨੂੰ ਅਲੰਕ੍ਰਿਤ ਕੀਤਾ ਹੈ।

ਆਪ ਜੀ ਨੇ ਰੋਗੀ ਲੋਕਾਂ ਨੂੰ ਬਿਮਾਰੀਆਂ ਤੋਂ ਨਿਜਾਤ ਦਿਵਾਉਣ ਲਈ ਅਪੋਲੋ ਗਰੁਪ ਦੇ ਸਹਿਯੋਗ ਨਾਲ ਲੁਧਿਆਣਾ ਵਿਚ "ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ" ਦੀ ਸਥਾਪਨਾ ਕਰਵਾਈ ਹੈ। ਜਿਸ ਵਿਚ ਮਰੀਜਾਂ ਦੇ ਇਲਾਜ ਲਈ ਉਚ ਪਾਏ ਦੀਆਂ ਸਹੂਲਤਾਂ ਉਪਲਬਧ ਹਨ ਅਤੇ ਵਿਸ਼ਵ ਪ੍ਰਸਿੱਧ ਡਾਕਟਰ ਨਿਯੁਕਤ ਹਨ। ਅਜਿਹੀ ਸੋਭਾਸ਼ਾਲੀ ਕਾਰਜ ਕਰਕੇ ਆਪ ਨੇ ਮਨੁਖਤਾ ਦੇ ਭਲੇ ਲਈ ਬਿਗੁਲ ਵਜਾਇਆ ਹੈ। ਸਚਮੁਚ ਇਹ ਹਸਪਤਾਲ ਨਾਮਧਾਰੀ ਸੰਪਰਦਾਇ ਦੀ ਮਾਨਵ ਹਿਤੈਸ਼ੀ ਰੁਚੀ ਦਾ ਪ੍ਰਬਲ ਲਖਾਇਕ ਹੈ।

ਆਪ ਜੀ ਨੇ ਖੇਡਾਂ ਦੇ ਵਿਕਾਸ ਵਿਚ ਵੀ ਉਚੇਚੀ ਰੁਚੀ ਲਈ ਹੈ। ਸੰਨ 1997 ਵਿਚ. ਨਾਮਧਾਰੀ ਹਾਕੀ ਟੀਮ ਦੀ ਸਥਾਪਨਾ ਕਰਕੇ ਕੁਝ ਸਾਲਾਂ ਵਿਚ ਹੀ ਉਸਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪਛਾਣ ਕਰਵਾਈ ਹੈ। ਸ਼ੁੱਧ ਸਿਖੀ ਸਰੂਪ ਵਾਲੀ ਇਸ ਟੀਮ ਨੂੰ ਉਚੇਚੀ ਸਿਖਲਾਈ ਦੇਣ ਲਈ ਆਪ ਜੀ ਦੀ ਦੇਖ ਰੇਖ ਵਿਚ ਸ੍ਰੀ ਭੈਣੀ ਸਾਹਿਬ ਅੰਦਰ ਹੀ ਵਿਵਸਥਾ ਕੀਤੀ ਗਈ ਹੈ ਜਿਥੇ ਜੂਨੀਅਰ ਅਤੇ ਸੀਨੀਅਰ ਵਰਗ ਦੇ ਲਗਭਗ 70 ਖਿਡਾਰੀ ਸਿਖਲਾਈ ਲੈਂਦੇ ਰਹਿੰਦੇ ਹਨ। ਇਸ ਯਤਨ ਨਾਲ ਹਾਕੀ ਦੀ ਖੇਡ ਵਿਚ ਪਛੜ ਰਹੀ ਸਿਖ ਖਿਡਾਰੀਆਂ ਦੀ ਟੀਮ ਦਾ ਇਕ ਪ੍ਰਕਾਰ ਨਾਲ ਪੁਨਰ ਜਨਮ ਹੋਇਆ ਪ੍ਰਤੀਤ ਹੁੰਦਾ ਹੈ।

ਸ੍ਰੀ ਭੈਣੀ ਸਾਹਿਬ ਵਿਖ ਅਕਾਲ ਪੁਰਖ ਦੇ ਨਿਰੰਤਰ ਸਿਮਰਨ ਵਜੋਂ ਜਪ ਪ੍ਰਯੋਗ, ਵਰਨੀ ਅਤੇ ਚੰਡੀ ਦੀ ਵਾਰ ਦਾ ਪਾਠ ਇਕ ਖਾਸ ਕਿਸਮ ਦਾ ਅਧਿਆਤਮਕ ਵਾਤਾਵਰਨ ਸਿਰਜਦੇ ਹਨ ਅਤੇ ਗੁਰਬਾਣੀ ਦਾ ਤੰਤੀ ਸਾਜਾਂ ਰਾਹੀਂ ਕੀਤਾ ਕੀਰਤਨ ਅਲੌਕਿਕ ਝੂਮ ਬ਼ਰਪਾ ਕਰ ਦਿੰਦਾ ਹੈ। ਚਿੱਟੇ ਬਾਣਿਆਂ ਵਿਚ ਸਜੇ ਸਿਖਾਂ ਸੇਵਕਾਂ ਦੀਆਂ ਸੰਗਤਾਂ ਹੰਸਾਂ ਦੀਆਂ ਡਾਰਾਂ ਵਾਂਗ ਨਾਮ ਰੂਪ ਸੁਚੇ ਮੋਤੀ ਚੁਗਣ ਲਈ ਲਲਾਇਤ ਦਿਸਦੀਆਂ ਹਨ।

ਸਚਮੁਚ ਆਪ ਜੀ ਨੇ ਪੁਰਾਤਨਤਾ ਨਾਲ ਆਧੁਨਿਕਤਾ ਦਾ ਸੁਮੇਲ ਕਰਕੇ ਨਾਮਧਾਰੀ ਸੰਪਰਦਾਇ ਨੂੰ ਵਕਤ ਦਾ ਹਾਣੀ ਬਣਾਇਆ ਹੈ। ■

Namdhari Elibrary NamdhariElibrary@gmail.com

ਮਾਨਵੀ ਭਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ

✍ ਡਾ. ਜਸਪਾਲ ਸਿੰਘ ਰੰਧਾਵਾ

ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਜਲੰਧਰ

ਸਾਰਾ ਮਾਹੌਲ ਅਲੌਕਿਕ ਬਣ ਗਿਆ। ਸੱਚੇ ਪਾਤਸ਼ਾਹ ਵੈਰਾਗ ਭਰੇ ਲਹਿਜੇ ਵਿੱਚ ਸ਼ਬਦ ਦਾ ਉਚਾਰਨ ਕਰ ਰਹੇ ਸਨ। ਜਥਾ ਅਤੇ ਸੰਗਤ ਮੰਤਰ ਮੁਗਧ ਅਵਸਥਾ ਵਿੱਚ ਸਾਥ ਦੇ ਰਹੀ ਸੀ। ਸਤਿਗੁਰਾਂ ਨੇ ਦਿਵਾਨ ਦੀ ਸਮਾਪਤੀ ਤੱਕ ਸ਼ਬਦ ਉਚਾਰੇ। ਸਭ ਅਚੰਭੇ ਵਿੱਚ ਸਨ। ਮਹਿਸੂਸ ਹੋਣ ਲੱਗਾ ਕਿ ਅੱਜ ਨਿਤਨੇਮ ਉਪਰੰਤ ਮਾਨਵੀ ਅਤੇ ਰੂਹਾਨੀ ਅਭਿਵਿਅਕਤੀ ਹੋ ਰਹੀ ਹੈ। ਕਿਉਂ ਨਾ ਹੋਵੇ, ਸੱਚੇ ਪਾਤਸ਼ਾਹ ਮਾਨਵੀ ਗੁਣਾਂ ਨਾਲ ਭਰਪੂਰ ਸ਼ਖਸੀਅਤ ਦੇ ਧਾਰਨੀ ਵੀ ਹਨ।

ਮੈਨੂੰ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਉਦੋਂ ਤੋਂ ਪ੍ਰਾਪਤ ਹੈ, ਜਦੋਂ ਤੋਂ ਸੁਰਤ ਸੰਭਾਲੀ ਹੈ। ਆਪ ਸਾਡੇ ਘਰ ਪਿੰਡ ਕਾਲੂਵਹਿਰ ਅਕਸਰ ਚਰਨ ਪਾਉਣ ਦੀ ਕਿਰਪਾ ਕਰਦੇ ਸਨ।

ਉਨ੍ਹਾਂ ਨੂੰ ਅਸੀਂ ਰਿਸ਼ਤੇ ਵਜੋਂ "ਫੁੱਫੜ ਜੀ" ਨਹੀਂ ਸੀ ਕਹਿ ਸਕਦੇ, ਬਜ਼ੁਰਗਾਂ ਦੀ ਖਾਸ ਹਦਾਇਤ ਸੀ। ਸਤਿਗੁਰੂ ਰਿਸ਼ਤੇਦਾਰੀਆਂ ਤੋਂ ਉੱਤੇ ਹੁੰਦਾ ਹੈ। ਉਸ ਲਈ ਸਾਰੀ ਸਗਤ ਹੁੰਦੀ ਹੈ। ਸਾਡੇ ਬਾਬਾ ਜੀ ਆਪਣੇ ਪ੍ਰਾਹੁਣੇ ਨੂੰ ਸੱਚੇ ਪਾਤਸ਼ਾਹ ਦੇ ਸ਼ਬਦਾਂ ਨਾਲ ਹੀ ਅਰਜ਼ ਕਰਦੇ ਸਨ। ਪਰ ਸਤਿਗੁਰਾਂ ਦੀ ਵਡੱਤਣ ਰਹੀ, ਉਨ੍ਹਾਂ ਨੇ ਸਾਡੇ ਪਰਵਾਰ ਨੂੰ ਸਦਾ ਬਣਦਾ ਸਥਾਨ ਦਿੱਤਾ। ਜਿਥੋਂ ਤੱਕ ਮੇਰਾ ਅੰਦਾਜ਼ਾ ਹੈ ਸੱਚੇ ਪਾਤਸ਼ਾਹ ਜੀ ਲਗਭਗ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਚਰਨ ਪਾਉਂਦੇ ਸਨ।

ਭੋਗਪੁਰ ਤੋਂ ਪਿੰਡ ਨੂੰ ਕੱਚੀ ਸੜਕ ਸੀ, ਬਰਸਾਤ ਦੇ ਦਿਨਾਂ ਵਿੱਚ ਪਿਡ ਪਹੁੰਚਣ ਵਿੱਚ ਕਾਫੀ ਮੁਸ਼ਕਲ ਆਉਂਦੀ ਸੀ। ਕਈ ਵਾਰ ਪਹਿਲਾਂ ਸੰਦੇਸ਼ ਆ ਜਾਂਦਾ। ਇੱਕ ਦੋ ਸਿੰਘ ਵੀ ਆ ਜਾਂਦੇ, ਜਿਨ੍ਹਾਂ ਵਿੱਚ ਇਕ ਅਕਸਰ ਸੰਤ ਗੁਲਜ਼ਾਰ ਸਿੰਘ ਹੋਇਆ ਕਰਦੇ ਸਨ। ਸਰਦੀਆਂ ਦੇ ਦਿਨਾਂ ਵਿੱਚ ਜਦੋਂ ਚਰਨ ਪਾਉਣ ਦੀ ਕਿਰਪਾ ਕਰਨੀ ਤਾਂ ਲਾਂਗਰੀ ਨੇ ਸਰੋਂ ਦਾ ਸਾਗ ਜ਼ਰੂਰ ਤਿਆਰ ਕਰਨਾ। ਸੱਚੇ ਪਾਤਸ਼ਾਹ ਨੇ ਫਰਮਾਉਣਾ ਜਿਸ ਤਰ੍ਹਾਂ ਦਾ ਸਾਗ ਕਾਲੂਵਹਿਰ ਦੀ ਜ਼ਮੀਨ ਦਾ ਸੁਆਦ ਹੈ ਉਸ ਤਰ੍ਹਾਂ ਦਾ ਹੋਰ ਕਿਧਰੇ ਦਾ ਨਹੀਂ। ਅਕਸਰ ਸ਼ਾਮ ਨੂੰ ਪਹੁੰਚਣਾ ਰਾਤ ਦੇਰ ਤੱਕ ਬਚਨ ਬਿਲਾਸ ਹੁੰਦੇ ਰਹਿਣੇ। ਬਾਬਾ ਜੀ ਅਤੇ ਅਸੀਂ ਸਾਰਿਆਂ ਜ਼ਮੀਨ ਉਪਰ ਚਰਨਾਂ 'ਚ ਬੈਠਣਾ ਪਰ ਸਤਿਗੁਰਾਂ ਕਹਿਣਾ ਸਰਦਾਰ ਜੀ ਤੁਸੀਂ ਮੇਰੇ ਕੋਲ ਆਸਣ ਉਪਰ ਆਓ। ਉਦੋਂ ਤਾਂ ਸਮਝ ਨਹੀਂ ਆਉਂਦੀ ਛੋਟੇ ਸਾਂ ਪਰ ਅੱਜ ਸਮਝ ਆ ਰਹੀ ਹੈ। ਸੱਚੇ ਪਾਤਸ਼ਾਹ ਅੰਦਰ ਰਿਸ਼ਤੇ ਪੱਖੋਂ ਵੱਡਿਆਂ ਦਾ ਸਤਿਕਾਰ ਸੀ। ਕਈ ਵਾਰ ਕਿਸੇ ਸਿੱਖ ਨੇ ਆਉਣਾ "ਸਰਦਾਰ ਜੀ ਸੱਚੇ ਪਾਤਸ਼ਾਹ ਜੀ ਨੇ ਭੈਣੀ ਸਾਹਿਬ ਆਉਣ ਲਈ ਹੁਕਮ ਭੇਜਿਆ ਹੈ।" ਉਤਸੁਕਤਾ ਪੈਦਾ ਹੋਣੀ, ਕਿਉਂ ਬੁਲਾਵਾ ਆਇਆ ਹੈ। ਤੀਸਰੇ ਦਿਨ ਬਾਬਾ ਜੀ ਨੂੰ ਵਾਪਿਸ ਆਉਂਦੇ ਹੀ ਪੁੱਛਣਾ ਕੀ ਗੱਲ ਸੀ? ਅਕਸਰ ਜਵਾਬ ਮਿਲਣਾ "ਸੱਚੇ ਪਾਤਸ਼ਾਹ ਜੀ ਨੇ ਬਸ ਏਨਾ ਹੀ ਕਿਹਾ ਸਰਦਾਰ ਜੀ ਰਾਤੀਂ ਠੰਢ ਬੜੀ ਸੀ" ਕਿਹੜੀ ਖਿੱਚ, ਕਿਹੜਾ ਮਾਨਵੀ ਜਜ਼ਬਾ, ਕਿਹੜੇ ਚੋਜ ਸਮਝ ਨਹੀਂ ਸੀ ਆਉਂਦੀ।

ਇੱਕ ਦਿਨ ਦੁਪਹਿਰੇ ਸੱਚੇ ਪਾਤਸ਼ਾਹ ਜੀ ਦਾ ਹੁਕਮ ਆਇਆ "ਅੱਜ ਰਾਤ ਦਾ ਦਿਵਾਨ ਅਤੇ ਕੱਲ੍ਹ ਸਵੇਰ

Namdhari Elibrary NamdhariElibrary@gmail.com

ਵਾਰਾ ਘਰ ਲਗੇਗਾ।" ਪੰਜ ਛੇ ਸਿੰਘ ਪਹੁੰਚ ਗਏ। ਸ਼ਾਮ ਨੂੰ ਸੰਤ ਪ੍ਰੀਤਮ ਸਿੰਘ ਫਗਵਾੜੇ ਵਾਲੇ ਜਥੇ ਨਾਲ ਆ ਗਏ। ਅਹੀਆਪੁਰ ਤੋਂ ਮਹੰਤ ਆਤਮਾ ਸਿੰਘ ਆ ਗਏ। ਘਰ ਵਿੱਚ ਰੌਣਕਾਂ ਲੱਗ ਗਈਆਂ। ਅਦਭੁਤ ਰੂਹਾਨੀਅਤ ਭਰਿਆ ਮਾਹੌਲ ਬਣ ਗਿਆ। ਸਿਆਲ ਦੇ ਦਿਨ ਸਨ। ਸੂਰਜ ਦੀ ਟਿੱਕੀ ਅਜੇ ਨਜ਼ਰ ਆ ਰਹੀ ਸੀ। ਸੱਚੇ ਪਾਤਸ਼ਾਹ ਜਪਾਨੀ ਕਾਰ ਵਿੱਚ ਜਿਸਨੂੰ ਸੰਤ ਲਛਮਣ ਸਿੰਘ ਫਗਵਾੜੇ ਵਾਲੇ ਚਲਾ ਰਹੇ ਸਨ, ਨੇ ਆ ਦਰਸ਼ਨ ਦਿੱਤੇ। ਕਿਹੜੀ ਭਾਗਾਂ ਵਾਲੀ ਘੜੀ ਸੀ। ਉਹਨਾਂ ਦਿਨਾਂ ਵਿਚ ਬਿਜਲੀ ਨਹੀਂ ਸੀ ਹੁੰਦੀ ਪਰ ਘਰ ਵਿੱਚ ਇੱਕ ਅਜਿਹੀ ਰੋਸ਼ਨੀ ਹੋ ਗਈ, ਜਿਸਨੂੰ ਬਿਆਨ ਨਹੀਂ ਸੀ ਕੀਤਾ ਜਾ ਸਕਦਾ। ਲੰਗਰ ਪਾਣੀ ਛਕਿਆ ਗਿਆ।

ਸ਼ਾਮ ਦੇ ਨਿਤਨੇਮ ਉਪਰੰਤ ਰਾਤ ਦਾ ਦਿਵਾਨ ਸਜਿਆ। ਸੰਤ ਪ੍ਰੀਤਮ ਸਿੰਘ ਹੋਰਾਂ ਸ਼ਬਦ ਪੜ੍ਹਿਆ। ਸਤਿਗੁਰਾਂ ਨੇ ਸਾਜ਼ ਫੜਿਆ। ਸ਼ਬਦ ਉਚਾਰਿਆ

ਯਾਰੜੇ ਦਾ ਸਾਨੂ ਸੱਥਰੁ ਚੰਗਾ
ਭਠ ਖੇੜਿਆਂ ਦਾ ਰਹਿਣਾ।।

ਸਾਰਾ ਮਾਹੌਲ ਅਲੌਕਿਕ ਬਣ ਗਿਆ। ਸੱਚੇ ਪਾਤਸ਼ਾਹ ਵੈਰਾਗ ਭਰੇ ਲਹਿਜੇ ਵਿੱਚ ਸ਼ਬਦ ਦਾ ਉਚਾਰਨ ਕਰ ਰਹੇ ਸਨ। ਜਥਾ ਅਤੇ ਸੰਗਤ ਮੰਤਰ ਮੁਗਧ ਅਵਸਥਾ ਵਿੱਚ ਸਾਥ ਦੇ ਰਹੀ ਸੀ। ਸਤਿਗੁਰਾਂ ਨੇ ਦਿਵਾਨ ਦੀ ਸਮਾਪਤੀ ਤੱਕ ਸ਼ਬਦ ਉਚਾਰੇ। ਸਭ ਅਚੰਭੇ ਵਿੱਚ ਸਨ। ਮਹਿਸੂਸ ਹੋਣ ਲੱਗਾ ਕਿ ਅੱਜ ਨਿਤਨੇਮ ਉਪਰੰਤ ਮਾਨਵੀ ਅਤੇ ਰੂਹਾਨੀ ਅਭਿਵਿਅਕਤੀ ਹੋ ਰਹੀ ਹੈ। ਕਿਉਂ ਨਾ ਹੋਵੇ ਸੱਚੇ ਪਾਤਸ਼ਾਹ ਮਾਨਵੀ ਗੁਣਾਂ ਨਾਲ ਭਰਪੂਰ ਸ਼ਖਸੀਅਤ ਦੇ ਧਾਰਨੀ ਵੀ ਹਨ। ਅੱਜ ਉਹ ਆਪਣੀ ਅਰਧਾਂਗਣੀ ਦੀ ਜੰਮਣ ਭੋਇੰ ਉਪਰ ਮਾਨਵੀ ਭਾਵਾਂ ਅੰਦਰ ਵਹਿ ਤੁਰੇ। ਸਾਡੇ ਭੂਆ ਜੀ, ਰਾਜ (ਰਜਿੰਦਰ ਕੌਰ) ਦਾ ਘਰ ਸੀ ਜੋ ਜੀਵਨ ਪੰਧ ਦਾ ਥੋੜ੍ਹਾ ਸਮਾਂ ਬਤੀਤ ਕਰਕੇ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਗੁਰਪੁਰੀ ਨੂੰ ਤੁਰ ਗਏ ਸਨ।

ਸਾਡੇ ਪਰਵਾਰ ਉਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਨਾਲ ਜਦੋਂ ਸੱਚੇ ਪਾਤਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹੁਰਾ ਪਰਿਵਾਰ ਬਣਨ ਦਾ ਅਵਸਰ ਪ੍ਰਾਪਤ ਹੋਇਆ, ਸਾਡੇ ਬਾਬਾ ਜੀ ਸ. ਊਧਮ ਸਿੰਘ ਡੇਰਾ ਗਾਜ਼ੀ ਖਾਂ ਵਿੱਚ ਸਨ। ਸ਼ਾਦੀ ਦੀ ਰਸਮ ਗੁਰੂ ਘਰ ਦੀ ਮਰਯਾਦਾ ਅਨੁਸਾਰ ਪਿੰਡ ਮੁਠੱਡੇ ਵਿਖੇ ਹੋਈ। ਸਾਡੇ ਭੂਆ ਜੀ ਰਾਜ (ਰਜਿੰਦਰ ਕੌਰ) ਸਭ ਭੈਣ ਭਰਾਵਾਂ ਵਿੱਚੋਂ ਵੱਡੇ ਸਨ। ਮਹਾਰਾਜ ਅਤੇ ਭੂਆ ਜੀ ਆਮ ਤੌਰ ਤੇ ਭੈਣੀ ਸਾਹਿਬ ਹੀ ਰਹਿੰਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਭੂਆ ਜੀ ਨੂੰ ਮੰਡੀ (ਹਿਮਾਚਲ) ਭੇਜ ਦਿੱਤਾ ਗਿਆ। ਮਹਾਰਾਜ ਜਗਜੀਤ ਸਿੰਘ ਜੀ ਭੈਣੀ ਸਾਹਿਬ ਹੀ ਸਨ। ਕੁਝ ਦਿਨਾਂ ਬਾਅਦ ਭੂਆ ਜੀ ਅਚਾਨਕ ਸਵਰਗਵਾਸ ਹੋ ਗਏ। ਜਦੋਂ ਮਹਾਰਾਜ ਜੀ ਨੂੰ ਪਤਾ ਲੱਗਾ ਤੁਰੰਤ ਮੰਡੀ ਪਹੁੰਚ ਗਏ। ਸਾਡੇ ਵਲੋਂ ਸਾਡੇ ਬਾਬਾ ਜੀ ਦੇ ਵੱਡੇ ਭਰਾ ਸ. ਜੀਵਨ ਸਿੰਘ ਪਹੁੰਚ ਗਏ ਕਿਉਂਕਿ ਬਾਕੀ ਸਭ ਛੋਟੇ ਸਨ, ਬਾਬਾ ਜੀ ਜੇਲ੍ਹ ਵਿਚ ਸਨ। ਦੁਖਦਾਈ ਘਟਨਾ ਸੀ। ਮਹਾਰਾਜ ਜੀ ਨੇ ਬਹੁਤ ਦੁੱਖ ਮਨਾਇਆ। ਪਰ ਕਾਲੂਵਹਿਰ ਵਾਲੇ ਘਰ ਨਾਲ ਮਹਾਰਾਜ ਜੀ ਨੇ ਆਪਣਾ ਮੋਹ ਵਾਲਾ ਨਾਤਾ ਸਦਾ ਕਾਇਮ ਰੱਖਿਆ। ਵਿਸ਼ੇਸ਼ ਕਿਰਪਾ ਦ੍ਰਿਸ਼ਟੀ ਰੱਖੀ।

ਸੱਚੇ ਪਾਤਸ਼ਾਹ ਨੇ ਫਰਮਾਉਣਾ ਜਿਸ ਤਰ੍ਹਾਂ ਦਾ ਸਾਗ ਕਾਲੂਵਹਿਰ ਦੀ ਜ਼ਮੀਨ ਦਾ ਸੁਆਦ ਹੈ ਉਸ ਤਰ੍ਹਾਂ ਦਾ ਹੋਰ ਕਿਧਰੇ ਦਾ ਨਹੀਂ। ਅਕਸਰ ਸ਼ਾਮ ਨੂੰ ਪਹੁੰਚਣਾ ਰਾਤ ਦੇਰ ਤੱਕ ਬਚਨ ਬਿਲਾਸ ਹੁੰਦੇ ਰਹਿਣੇ। ਬਾਬਾ ਜੀ ਅਤੇ ਅਸੀਂ ਸਾਰਿਆਂ ਜ਼ਮੀਨ ਉਪਰ ਚਰਨਾਂ 'ਚ ਬੈਠਣਾ ਪਰ ਸਤਿਗੁਰਾਂ ਕਹਿਣਾ ਸਰਦਾਰ ਜੀ ਤੁਸੀਂ ਮੇਰੇ ਕੋਲ ਆਸਣ ਉਪਰ ਆਓ। ਉਦੋਂ ਤਾਂ ਸਮਝ ਨਹੀਂ ਆਉਂਦੀ ਛੋਟੇ ਸਾਂ ਪਰ ਅੱਜ ਸਮਝ ਆ ਰਹੀ ਹੈ। ਸੱਚੇ ਪਾਤਸ਼ਾਹ ਅੰਦਰ ਰਿਸ਼ਤੇ ਪੱਖੋਂ ਵੱਡਿਆਂ ਦਾ ਸਤਿਕਾਰ ਸੀ।

ਇਕ ਵਾਰ ਸ੍ਰੀ ਸਤਿਗੁਰੂ ਜੀ ਰਾਤ ਨੂੰ ਦੇਰ ਨਾਲ ਆਏ। ਪਤਾ ਨਹੀਂ ਮਨ ਵਿਚ ਕੀ ਆਇਆ ਬਾਹਰ ਟਹਿਲਣ ਨਿਕਲ ਪਏ। ਸਾਰੇ ਸੌਂ ਰਹੇ ਸਨ, ਬਾਹਰੋਂ ਕੁੱਤੇ ਦੇ ਭੌਂਕਣ ਦੀ ਆਵਾਜ਼ ਆਈ, ਜੋ ਕਾਫੀ ਜ਼ੋਰ ਨਾਲ ਕਿਸੇ ਨੂੰ ਪੈ ਰਿਹਾ ਸੀ। ਉੱਠ ਕੇ ਸਾਰੇ ਦੌੜੇ ਤਾਂ ਵੇਖਿਆ ਸਤਿਗੁਰੂ ਜੀ ਇੱਕ ਡੰਡੇ ਨਾਲ ਕੁੱਤੇ ਦਾ ਮੁਕਾਬਲਾ ਕਰ ਰਹੇ ਹਨ। ਸਾਰੇ ਹੈਰਾਨ ਹੋ ਗਏ। ਕੁੱਤੇ ਨੂੰ ਬੰਨ੍ਹਿਆ ਗਿਆ। ਸੱਚੇ ਪਾਤਸ਼ਾਹ ਨੇ ਕਿਹਾ ਕਿ ਮੈਨੂੰ ਆਪਣਾ ਨਹੀਂ ਸਮਝਦਾ। ਸਭ ਦਾ ਮਨ ਭਰ ਆਇਆ। ਸਤਿਗੁਰੂ ਜੀ ਤੁਸੀਂ ਤਾਂ ਸਾਡੇ ਰੋਮ ਰੋਮ ਵਿਚ ਵਸੇ ਹੋ।

ਰੂਹਾਨੀਅਤ ਭਰਪੂਰ ਪਾਤਸ਼ਾਹ ਇਕ ਪੂਰਨ ਮਾਨਵੀ ਭਾਵਨਾਵਾਂ ਨੂੰ ਸਮਝਣ ਵਾਲੀ ਸ਼ਖਸੀਅਤ ਹਨ। ਪਰਮਾਤਮਾ ਉਮਰ ਦਰਾਜ਼ ਕਰੇ। ■

Namdhari Elibrary NamdhariElibrary@gmail.com

ਸਾਹਿਤਕ ਸਰਪ੍ਰਸਤੀ –ਨਾਮਧਾਰੀ ਸਤਿਗੁਰੂ ਜੀ ਦੀ

✍ ਡਾ. ਧਰਮ ਸਿੰਘ

ਪ੍ਰੋਫੈਸਰ ਅਤੇ ਮੁਖੀ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸਤਿਗੁਰ ਬਿਲਾਸ ਉਨੀਵੀਂ ਸਦੀ ਵਿਚ ਰਚਿਆ ਗਿਆ ਸੀ ਪਰ ਇਸ ਦਾ ਪ੍ਰਕਾਸ਼ਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਨਾਲ ਹੀ ਹੋ ਸਕਿਆ। ਇਹੋ ਗੱਲ ਹੁਕਮਨਾਮਿਆਂ ਬਾਰੇ ਵੀ ਸੱਚ ਹੈ। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਗ੍ਰੰਥਾਂ ਦੀ ਪ੍ਰਕਾਸ਼ਨਾ ਆਪ ਜੀ ਦੀ ਦੂਰ ਦ੍ਰਿਸ਼ਟੀ ਕਰਕੇ ਹੀ ਸੰਭਵ ਹੋ ਸਕੀ।

ਨਾਮਧਾਰੀ ਸੰਪਰਦਾਇ ਪੰਜਾਬ ਦੀਆਂ ਧਾਰਮਿਕ ਤੇ ਸੁਧਾਰਕ ਸੰਪਰਦਾਵਾਂ ਵਿੱਚ ਇੱਕ ਅਤਿ ਮਹੱਤਵਪੂਰਨ ਸੰਪਰਦਾਇ ਹੈ। ਇਸ ਦੇ ਦੂਰ ਅੰਦੇਸ਼ ਆਗੂਆਂ ਨੇ ਜਿੱਥੇ ਸਮੇਂ ਦੇ ਅਨੁਕੂਲ ਆਪਣੀਆਂ ਨੀਤੀਆਂ ਘੜੀਆਂ, ਉਥੇ ਸਾਹਿਤ (ਲਿਖਤ) ਦੀ ਸ਼ਕਤੀ ਨੂੰ ਆਰੰਭ ਵਿਚ ਹੀ ਪਛਾਣ ਲਿਆ ਸੀ। ਇਸ ਸੰਪਰਦਾਇ ਦੇ ਬਾਨੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਲਿਖੀਆਂ ਹੋਈਆਂ ਚਿੱਠੀਆਂ (ਹੁਕਮਨਾਮੇ) ਪਹਿਲੀ ਸਾਹਿਤਕ ਰਚਨਾਵਾਂ ਮੰਨੀਆਂ ਜਾ ਸਕਦੀਆਂ ਹਨ ਕਿਉਂਕਿ ਉਹਨਾਂ ਵਿਚ ਇਸ ਯੁੱਗ ਦੀ ਵਾਰਤਕ ਦੀਆਂ ਖੂਬੀਆਂ ਵੀ ਮਿਲਦੀਆਂ ਹਨ। ਸਾਹਿਤ ਅਤੇ ਸਾਹਿਤਕਾਰਾਂ ਦੀ ਕਦਰਦਾਨੀ ਦੀ ਇਹ ਪ੍ਰੰਪਰਾ ਉਹਨਾਂ ਤੋਂ ਚਲਦੀ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਪਹੁੰਚਦੀ ਹੈ। ਉਹਨਾਂ ਦੇ ਨਾਂ ਉਪਰ ਭਾਵੇਂ ਉਨ੍ਹਾਂ ਦੀ ਕੋਈ ਸਾਹਿਤਕ ਰਚਨਾ ਨਹੀਂ ਮਿਲਦੀ, ਪਰ ਸਾਹਿਤਕਾਰਾਂ ਦੀ ਸਰਪ੍ਰਸਤੀ ਤੇ ਕਦਰਦਾਨੀ ਉਨ੍ਹਾਂ ਨੂੰ ਜ਼ਰੂਰ ਵਿਰਸੇ ਵਿੱਚ ਮਿਲੀ ਹੈ। ਏਸੇ ਲਈ ਉਨ੍ਹਾਂ ਅੱਜ ਤੋਂ ਪੰਜਾਹ ਸਾਲ ਪਹਿਲਾਂ ਇਕ ਸਾਹਿਤ ਸਭਾ ਵਿਚ ਦਿੱਤੇ ਭਾਸ਼ਣ ਵਿਚ ਕਿਹਾ ਸੀ :

"ਵਿਦਵਾਨਾਂ ਤੇ ਸਾਹਿਤਕਾਰਾਂ ਦੀ ਦੁਨੀਆਂ ਨਿਆਰੀ ਹੁੰਦੀ ਹੈ। ਉਹਨਾਂ ਨੂੰ ਮਿਲ ਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਚਾਨਣ ਮਿਲਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਅੱਜ ਦੇ ਸੰਸਾਰ ਵਿਚ ਸਾਹਿਤਕਾਰਾਂ ਤੇ ਵਿਦਵਾਨਾਂ ਦੀ ਕਦਰ ਕਰਨ ਦੀ ਡਾਢੀ ਲੋੜ ਹੈ। ਉਨ੍ਹਾਂ ਦੇ ਯਤਨਾਂ ਰਾਹੀਂ ਹੀ ਦੁਨੀਆਂ ਵਿਚ ਅਮਨ ਸਥਾਪਿਤ ਹੋ ਸਕਦਾ ਹੈ, ਖੁਸ਼ਹਾਲੀ ਆ ਸਕਦੀ ਹੈ ਅਤੇ ਮਨੁੱਖਤਾ ਦਾ ਵਿਕਾਸ ਹੋ ਸਕਦਾ ਹੈ।

"ਸਾਹਿਤਕਾਰਾਂ ਦੇ ਜ਼ਿੰਮੇ ਇਕ ਬੜਾ ਭਾਰਾ ਫਰਜ਼ ਹੈ। ਉਹ ਜਨਤਾ ਨੂੰ ਵਿਦਿਆ ਦੇਣ, ਗਿਆਨ ਦੇਣ ਅਤੇ ਉੱਚਾ ਉਠਣ ਦੀ ਪ੍ਰੇਰਣਾ ਦੇਣ। ਉਹ ਅਜਿਹਾ ਸਾਹਿਤ ਪੈਦਾ ਕਰਨ ਜਿਸ ਰਾਹੀਂ ਜਨ ਸਧਾਰਨ ਦਾ ਆਚਰਨ ਉੱਚਾ ਉਠ ਸਕੇ। ਢੱਠੇ, ਨਿਤਾਣੇ ਅਤੇ ਕਮਜ਼ੋਰਾਂ ਵਿੱਚ ਹੌਸਲੇ ਦਾ ਸੰਚਾਰ ਹੋ ਸਕੇ ਤਾਂ ਕਿ ਸਾਡੇ ਦੇਸ਼ ਦਾ ਕਲਿਆਣ ਹੋਵੇ, ਇਸ ਦਾ ਦੂਜੇ ਦੇਸ਼ਾਂ ਵਿੱਚ ਸਤਿਕਾਰ ਵੱਧੇ ਫੁਲੇ।" **–ਪ੍ਰਥਮ ਲੋਕ ਭਾਸ਼ਣ (1959 ਈ.)**

ਸਾਹਿਤ ਤੇ ਸਾਹਿਤਕਾਰਾਂ ਦੀ ਕਦਰਦਾਨੀ ਦੇ ਮਹੱਤਵ ਨੂੰ ਭਲੀਭਾਂਤ ਸਵੀਕਾਰਦੇ ਹੋਏ ਆਪ ਜੀ ਨੇ ਆਪਣੀ ਨਾਮਧਾਰੀ ਸੰਪਰਦਾਇ ਦੇ ਸਾਹਿਤਕਾਰਾਂ ਦੀ ਹੌਸਲਾ ਅਫਜ਼ਾਈ ਦੇ ਨਾਲ ਨਾਲ ਦੂਜੇ ਕਈ ਸਾਹਿਤਕਾਰਾਂ ਨੂੰ ਆਪਣੇ ਨਾਲ ਜੋੜਿਆ। ਅਜੇਹੇ ਸਾਹਿਤ ਨੂੰ, ਜੋ ਉਨ੍ਹਾਂ ਦੀ ਸਰਪ੍ਰਸਤੀ ਅਧੀਨ ਰਚਿਆ ਅਤੇ ਪ੍ਰਕਾਸ਼ਿਤ ਕੀਤਾ ਗਿਆ, ਉਸਨੂੰ ਮੋਟੇ ਤੌਰ ਤੇ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

Namdhari Elibrary NamdhariElibrary@gmail.com

(ੳ) ਨਾਮਧਾਰੀ ਸੰਪਰਦਾਇ ਦੇ ਸਾਹਿਤਕਾਰਾਂ ਦਾ ਸਾਹਿਤ

(ਅ) ਨਾਮਧਾਰੀ ਦਰਬਾਰ ਨਾਲ ਜੁੜੇ ਦੂਜੇ ਸਾਹਿਤਕਾਰ

(ੲ) ਸਤਿਜੁਗ, ਵਰਿਆਮ ਅਤੇ ਵਰਤਮਾਨ ਹਿੰਦੁਸਤਾਨ ਦਾ ਨਿਰੰਤਰ ਪ੍ਰਕਾਸ਼ਨ

ਨਾਮਧਾਰੀ ਸੰਪਰਦਾਇ ਦੇ ਸਾਹਿਤਕਾਰਾਂ ਦੇ ਨਾਵਾਂ ਅਤੇ ਰਚਨਾਵਾਂ ਉਪਰ ਸਰਸਰੀ ਨਜ਼ਰ ਮਾਰੀਏ ਤਾਂ ਸਾਨੂੰ ਕਈ ਅਜਿਹੇ ਵਿਅਕਤੀ ਮਿਲ ਜਾਣਗੇ, ਜਿਨ੍ਹਾਂ ਪੰਜਾਬੀ ਸਾਹਿਤ ਵਿੱਚ ਵੀ ਭਰਪੂਰ ਯੋਗਦਾਨ ਪਾਇਆ ਹੈ। ਕੁਝ ਨਾਂ ਜਿਵੇਂ : ਨਿਧਾਨ ਸਿੰਘ ਆਲਿਮ, ਸਵਰਨ ਸਿੰਘ ਸਨੇਹੀ, ਮੰਗਲ ਸਿੰਘ ਲਾਇਲਪੁਰੀ, ਸੁਵਰਨ ਸਿੰਘ ਵਿਰਕ, ਤਾਰਾ ਸਿੰਘ ਅਨਜਾਣ, ਚੰਦਾ ਸਿੰਘ, ਧਿਆਨ ਸਿੰਘ ਕਾਦਰਾਬਾਦੀ, ਪ੍ਰੀਤਮ ਸਿੰਘ ਕਵੀ, ਨਾਹਰ ਸਿੰਘ, ਤਰਨ ਸਿੰਘ ਵਹਿਮੀ, ਇੰਦਰ ਸਿੰਘ ਚੱਕਰਵਰਤੀ, ਆਤਮਾ ਸਿੰਘ ਸਨਖੱਤ੍ਰਾ, ਕਰਮ ਸਿੰਘ ਪਟਵਾਰੀ, ਮਾ. ਨਿਹਾਲ ਸਿੰਘ, ਅਮਰ ਭਾਰਤੀ, ਸੂਬਾ ਸੁਰਿੰਦਰ ਕੌਰ ਖਹਲ, ਜਸਵਿੰਦਰ ਸਿੰਘ ਹਿਸਟੋਰੀਅਨ, ਮਹਿੰਦਰ ਸਿੰਘ ਪਨਿਹਾਰੀ ਅਤੇ ਦਲੀਪ ਸਿੰਘ ਨਾਮਧਾਰੀ ਆਦਿ ਲਏ ਜਾ ਸਕਦੇ ਹਨ। ਇਹਨਾਂ ਲੇਖਕਾਂ ਦੀਆਂ ਲਿਖਤਾਂ ਸਿਰਜਨਾਤਮਕ ਵੀ ਹਨ ਅਤੇ ਖੋਜਾਤਮਕ ਵੀ। ਬੀਤੇ ਦੀਆਂ ਪੈੜਾਂ, ਗੁਰੂ ਪਦ ਪ੍ਰਕਾਸ਼, ਜੱਸ ਜੀਵਨ (ਛੇ ਭਾਗ), ਬਾਬਾਣੀਆਂ ਕਹਾਣੀਆਂ, ਪੁਰਖੁ ਗੁਰੂ, ਸ਼ੌਕ ਤਰਾਨੇ, ਸਿਖ ਧਰਮ ਤੇ ਮਾਸ, ਸ੍ਰੀ ਨਾਨਕ ਰਾਜ, ਸਿਖ ਗੁਰੂ ਪਰੰਪਰਾ, ਨਾਮਧਾਰੀ ਇਤਿਹਾਸ, ਸੰਤ ਖ਼ਾਲਸਾ, ਸਭਹਨ ਕੇ ਸਿਰਮੌਰ ਅਤੇ ਸਤਿਗੁਰ ਬਿਲਾਸ ਆਦਿ। ਗ੍ਰੰਥਾਂ ਦੀ ਖੋਜ, ਇਤਿਹਾਸ, ਵਿਆਖਿਆ, ਅਭਿਨੰਦਨ ਆਦਿ ਸਭ ਕੁਝ ਰਲਿਆ ਮਿਲਿਆ ਹੈ। ਏਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਇਨ੍ਹਾਂ ਗ੍ਰੰਥਾਂ ਵਿਚੋਂ ਕੁਝ ਖਾਸ ਕਰਕੇ ਸਤਿਗੁਰੂ ਬਿਲਾਸ ਉਨੀਵੀਂ ਸਦੀ ਵਿਚ ਰਚਿਆ ਗਿਆ ਸੀ ਪਰ ਇਸ ਦਾ ਪ੍ਰਕਾਸ਼ਨ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਹੱਲਾਸ਼ੇਰੀ ਨਾਲ ਹੀ ਹੋ ਸਕਿਆ। ਇਹੋ ਗੱਲ ਹੁਕਮਨਾਮਿਆਂ ਬਾਰੇ ਵੀ ਸੱਚ ਹੈ। ਕਹਿਣ ਦੀ ਲੋੜ ਨਹੀਂ ਕਿ ਇਨ੍ਹਾਂ ਗ੍ਰੰਥਾਂ ਦੀ ਪ੍ਰਕਾਸ਼ਨਾ ਆਪ ਜੀ ਦੀ ਦੂਰ ਦ੍ਰਿਸ਼ਟੀ ਕਰਕੇ ਹੀ ਸੰਭਵ ਹੋ ਸਕੀ।

ਨਾਮਧਾਰੀ ਦਰਬਾਰ ਨਾਲ ਜੁੜੇ ਦੂਜੇ ਵਰਗ ਦੇ ਉਹ ਸਾਹਿਤਕਾਰ ਹਨ ਜੋ ਰਹਿਣੀ ਬਹਿਣੀ ਅਤੇ ਧਾਰਮਿਕ ਮਾਨਤਾਵਾਂ ਕਰਕੇ ਭਾਵੇਂ ਨਾਮਧਾਰੀ ਨਹੀਂ ਹਨ ਪਰ

ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਤਿਜੁਗ ਦੇ ਨਿਕਲੇ ਵਿਸ਼ੇਸ਼ ਅੰਕ ਉਲੇਖਯੋਗ ਹਨ। ਬਸੰਤ ਅੰਕ ਤੋਂ ਬਿਨਾਂ ਗੁਰਪੁਰਬਾਂ ਅਤੇ ਹੋਰ ਖਾਸ ਮੌਕਿਆਂ ਉਪਰ ਛਾਪੇ ਗਏ ਵਿਸ਼ੇਸ਼ ਅੰਕਾਂ ਵਿਚੋਂ ਬਹੁਤਿਆਂ ਵਿੱਚ ਬਾਬਾ ਜੀ ਦੇ ਅਸ਼ੀਰਵਾਦੀ ਸ਼ਬਦ ਵੀ ਹਨ।

ਨਾਮਧਾਰੀ ਲੇਖਕਾਂ ਵਲੋਂ ਲਿਖੇ ਸਾਹਿਤ ਵਿਚ ਗਾਹੇ ਬਗਾਹੇ ਦਿਲਚਸਪੀ ਲੈਂਦੇ ਰਹਿੰਦੇ ਹਨ। ਇਹਨਾਂ ਵਿਚ ਡਾ. ਹਰਿਭਜਨ ਸਿੰਘ, ਡਾ. ਸਤਿੰਦਰ ਸਿੰਘ ਨੂਰ, ਡਾ. ਹਰਮਿੰਦਰ ਸਿੰਘ ਬੇਦੀ, ਡਾ. ਗੁਰਦੇਵ ਸਿੰਘ ਸਿੱਧੂ, ਡਾ. ਰਾਏ ਜਸਬੀਰ ਸਿੰਘ, ਡਾ. ਕੁਲਦੀਪ ਸਿੰਘ ਧੀਰ, ਪ੍ਰੋ. ਕਿਰਪਾਲ ਸਿੰਘ ਕਸੇਲ, ਦੇਵਿੰਦਰ ਸਿੰਘ ਗਿੱਲ ਜੀਆ ਨੱਥਾ, ਡਾ. ਸਤਿੰਦਰ ਸਿੰਘ ਅਤੇ ਪ੍ਰਸਤੁਤ ਲੇਖਕ ਸ਼ਾਮਲ ਹਨ। ਡਾ. ਹਰਿਭਜਨ ਸਿੰਘ ਨੇ ਹੁਕਮਨਾਮਿਆਂ ਦੀ ਭੂਮਿਕਾ ਲਿਖੀ ਹੈ। ਉਪਰੋਕਤ ਵਿਦਵਾਨਾਂ ਵਿੱਚੋਂ ਬਹੁਤੇ ਉਹ ਹਨ ਜੋ ਨਾਮਧਾਰੀ ਲਹਿਰ ਦੇ ਸਾਹਿਤ ਅਤੇ ਯੋਗਦਾਨ ਬਾਰੇ ਕੀਤੇ ਜਾਂਦੇ ਸੈਮੀਨਾਰਾਂ ਵਿਚ ਖੋਜ ਪੱਤਰ ਪੇਸ਼ ਕਰਦੇ ਰਹਿੰਦੇ ਹਨ। ਜਿਥੋਂ ਤੱਕ ਮੇਰੀ ਜਾਣਕਾਰੀ ਕੰਮ ਕਰਦੀ ਹੈ, ਬੀਤੇ ਸਮਿਆਂ ਵਿੱਚ ਅਜੇਹੇ ਸੈਮੀਨਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਅਤੇ ਭਾਸ਼ਾ ਵਿਭਾਗ ਪਟਿਆਲਾ ਆਦਿ ਅਦਾਰਿਆਂ ਵਲੋਂ ਕਰਵਾਏ ਗਏ, ਜਿਨ੍ਹਾਂ ਵਿੱਚੋਂ ਇੱਕ ਦੋ ਸੈਮੀਨਾਰਾਂ ਦੀ ਕਾਰਵਾਈ ਪੁਸਤਕ ਰੂਪ ਵਿੱਚ ਹੀ ਛਪ ਚੁੱਕੀ ਹੈ। ਭਾਸ਼ਾ ਵਿਭਾਗ ਵਲੋਂ ਨਿਕਲਦੇ ਦੋ ਰਸਾਲਿਆਂ "ਜਨ ਸਾਹਿਤ" ਅਤੇ "ਪੰਜਾਬ ਸੌਰਭ" ਦੇ ਇਸ ਲਹਿਰ ਬਾਰੇ ਦੋ ਵਿਸ਼ੇਸ਼ ਅੰਕ ਵੀ ਮਈ-ਜੂਨ-ਜੁਲਾਈ 200੪ ਵਿਚ ਛਪ ਚੁੱਕੇ ਹਨ। ਜ਼ਾਹਿਰ ਹੈ ਕਿ ਇਨ੍ਹਾਂ ਸੈਮੀਨਾਰਾਂ, ਪੁਸਤਕਾਂ ਅਤੇ ਹੋਰ ਅਕਾਦਮਿਕ ਗਤੀਵਿਧੀਆਂ ਦੀ ਪ੍ਰੇਰਨਾ, ਉਤਸ਼ਾਹ ਅਤੇ ਅਸ਼ੀਰਵਾਦ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਰਾਂ ਦਾ ਹੀ ਹਮੇਸ਼ਾ ਰਿਹਾ ਹੈ।

ਸਤਿਜੁਗ, ਵਰਿਆਮ ਅਤੇ ਵਰਤਮਾਨ ਹਿੰਦੁਸਤਾਨ

Namdhari Elibrary NamdhariElibrary@gmail.com

ਆਦਿ ਅਜੇਹੇ ਰਸਾਲੇ ਹਨ ਜਿਨ੍ਹਾਂ ਦਾ ਜ਼ਿਕਰ ਕੀਤੇ ਬਿਨਾਂ ਆਪ ਜੀ ਦੀ ਸਾਹਿਤਕ ਸਰਪ੍ਰਸਤੀ ਦੀ ਗੱਲ ਅਧੂਰੀ ਰਹੇਗੀ। ਸਤਿਜੁਗ ਭਾਵੇਂ 1920 ਤੋਂ ਛਪਦਾ ਆ ਰਿਹਾ ਹੈ ਪਰ ਇਸ ਦਾ ਮਹੱਤਵ ਪਿਛਲੇ 30-35 ਸਾਲਾਂ ਤੋਂ ਹੀ ਵਧੇਰੇ ਬਣਿਆ ਹੈ। ਇਸ ਦੇ ਜੋ ਪਹਿਲਾਂ ਤੋਂ ਨੀਤੀਗਤ ਫੈਸਲੇ, ਕੌਮ ਦੇ ਮਸਲੇ ਸਰਕਾਰ ਸਾਹਮਣੇ ਰੱਖਣ, ਲੋਕਾਂ ਨੂੰ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਕਰਨਾ, ਵਿਦਿਆ ਪ੍ਰਚਾਰ (ਖਾਸ ਕਰਕੇ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਪ੍ਰਚਾਰ) ਅਤੇ ਸ਼ਾਸਕਾਂ ਅਤੇ ਆਮ ਲੋਕਾਂ ਵਿਚਕਾਰ ਪੁਲ ਬਣਨਾ ਆਦਿ ਕਰਕੇ ਰੱਖੇ ਸਨ, ਇਹਨਾਂ ਨੂੰ ਵਧੇਰੇ ਸ਼ਿੱਦਤ ਨਾਲ ਲਾਗੂ ਕਰਨ ਦਾ ਕੰਮ ਪਿਛਲੇ ਸਮੇਂ ਤੋਂ ਹੀ ਹੋਇਆ ਹੈ। ਸਤਿਜੁਗ ਦੀ ਦੇਣ ਪੰਜਾਬੀ ਕਵਿਤਾ ਅਤੇ ਵਾਰਤਕ ਦੋਹਾਂ ਨੂੰ ਹੀ ਹੈ। ਮੇਰਾ ਤੇ ਸਗੋਂ ਇਹ ਵੀ ਵਿਸ਼ਵਾਸ ਹੈ ਕਿ ਪੰਜਾਬ ਅਤੇ ਆਜ਼ਾਦੀ ਸੰਗਰਾਮ ਦਾ ਇਤਿਹਾਸ ਓਨੀ ਦੇਰ ਤਕ ਨਹੀਂ ਲਿਖਿਆ ਜਾ ਸਕਦਾ, ਜਿੰਨੀ ਦੇਰ ਤੱਕ ਸਤਿਜੁਗ ਵਿਚ ਛਪੀ ਸਮਗਰੀ ਦਾ ਸਰਵੇਖਣ ਨਹੀਂ ਕਰ ਲਿਆ ਜਾਂਦਾ। ਆਪ ਦੀ ਸਰਪ੍ਰਸਤੀ ਹੇਠ ਸਤਿਜੁਗ ਦੇ ਨਿਕਲੇ ਵਿਸ਼ੇਸ਼ ਅੰਕ ਉਲੇਖਯੋਗ ਹਨ। ਬਸੰਤ ਅੰਕ ਤੋਂ ਬਿਨਾਂ ਗੁਰਪੁਰਬਾਂ ਅਤੇ ਹੋਰ ਖਾਸ ਮੌਕਿਆਂ ਉਪਰ ਛਾਪੇ ਗਏ ਵਿਸ਼ੇਸ਼ ਅੰਕਾਂ ਵਿਚੋਂ ਬਹੁਤਿਆਂ ਵਿੱਚ ਬਾਬਾ ਜੀ ਦੇ ਅਸ਼ੀਰਵਾਦੀ ਸ਼ਬਦ ਵੀ ਹਨ।

ਨਾਮਧਾਰੀ ਸਮਾਜ ਦੇ ਆਪਣੇ ਲੇਖਕਾਂ ਤੋਂ ਬਿਨਾਂ ਇਸ ਵਿਚ ਦੂਜੇ ਲੇਖ ਵੀ ਵੱਡੀ ਗਿਣਤੀ ਵਿਚ ਛਪਦੇ ਰਹੇ ਹਨ। ਪੰਜਾਬੀ ਵਾਰਤਕ ਅਤੇ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਲਿਖਣ ਲਈ ਸਤਿਜੁਗ ਮੁੱਲਵਾਨ ਸਮਗਰੀ ਮੁਹੱਈਆ ਕਰਵਾਉਂਦਾ ਹੈ। ਵਰਤਮਾਨ ਹਿੰਦੁਸਤਾਨ ਦਾ ਮੁੱਖ ਪ੍ਰਯੋਜਨ ਨਾਮਧਾਰੀ ਦਰਬਾਰ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਰਿਪੋਰਟਾਂ ਦੇ ਰੂਪ ਵਿਚ ਸੰਗਤ ਅੱਗੇ ਰੱਖਣਾ ਹੈ, ਭਾਵੇਂ ਕਿ ਕਦੀ ਕਦੀ ਖੋਜਾਤਮਕ ਅਤੇ ਹੋਰ ਗਿਆਨ-ਵਰਧਕ ਲੇਖ ਵੀ ਇਸ ਵਿਚ ਛਪਦੇ ਰਹਿੰਦੇ ਹਨ।

ਇਹ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਉਤਸ਼ਾਹ ਅਤੇ ਨਾਮਧਾਰੀ ਸੰਪਰਦਾਇ ਦੇ ਲੇਖਕਾਂ ਅਤੇ ਵਿਉਂਤਕਾਰਾਂ ਦੇ ਯਤਨਾਂ ਸਦਕਾ ਹੈ ਕਿ ਇਸ ਲਹਿਰ ਦਾ ਸਾਹਿਤ ਅਤੇ ਇਤਿਹਾਸ ਵਿੱਚ ਦਿਤਾ ਯੋਗਦਾਨ ਵਿਦਵਾਨਾਂ ਦਾ ਧਿਆਨ ਆਪਣੇ ਵੱਲ ਖਿਚਣ ਵਿਚ ਸਫਲ ਰਿਹਾ ਹੈ। ਹੁਣ ਨਾਮਧਾਰੀ ਲਹਿਰ ਦੇ ਇਤਿਹਾਸ, ਕਵਿਤਾ, ਵਾਰਤਕ ਨੂੰ ਖੋਜਕਾਰਾਂ ਨੇ ਆਪਣੇ ਅਧਿਐਨ ਦੀ ਸਮਗਰੀ ਵਜੋਂ ਪ੍ਰਵਾਨ ਕਰ ਲਿਆ ਹੈ। ਮੇਰੀ ਆਪਣੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਲੋਂ ਨਾਮਧਾਰੀ ਲਹਿਰ ਦੇ ਇਤਿਹਾਸ ਬਾਰੇ ਅਤੇ ਪੰਜਾਬੀ ਵਿਭਾਗ (ਰੀਜਨਲ ਕੈਂਪਸ, ਜਲੰਧਰ) ਦੁਆਰਾ ਇਸ ਲਹਿਰ ਦੀ ਪੰਜਾਬੀ ਕਵਿਤਾ ਬਾਰੇ ਲਿਖਿਆ ਗਿਆ, ਇਕ ਪੀ. ਐਚ. ਡੀ. ਖੋਜ ਪ੍ਰਬੰਧ ਸਵੀਕਾਰ ਕੀਤਾ ਹੈ। ਇਸੇ ਤਰ੍ਹਾਂ ਇਸ ਲਹਿਰ ਦੀ ਪੰਜਾਬੀ ਵਾਰਤਕ ਬਾਰੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਵੀ ਇਕ ਖੋਜ ਪ੍ਰਬੰਧ ਮਨਜ਼ੂਰ ਕੀਤਾ ਗਿਆ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਬਾਬਾ ਜੀ ਦਾ ਅਸ਼ੀਰਵਾਦ ਇਸ ਸੰਪਰਦਾਇ ਉੱਤੇ ਹਮੇਸ਼ਾ ਬਣਿਆ ਰਹੇ। ■

ਧੰਨ ਧੰਨ ਸਤਿਗੁਰੂ ਜਗਜੀਤ ਸਿੰਘ ਜੀ

✍ ਸਵਰਨ ਸਿੰਘ ਚੀਮਾਂ

ਉੱਚਾ ਸੁੱਚਾ ਮੈਂ ਡਿੱਠਾ ਦਰਬਾਰ ਤੇਰਾ।
ਵੇਖੇ ਪਿਆਰ ਜਹਾਨ ਦੇ ਸਭ ਝੂਠੇ,
ਐਧਰ ਸਭ ਤੋਂ ਉੱਚਾ ਪਿਆਰ ਤੇਰਾ।
ਮਾਲਕ ਤੈਨੂੰ ਤ੍ਰਿਲੋਕੀ ਦਾ ਆਖਦੇ ਨੇ,
ਜਸ ਹੋਂਵਦਾ ਵਿੱਚ ਸੰਸਾਰ ਤੇਰਾ।
ਸਿਫਤਾਂ ਤੇਰੀਆਂ ਕੀ ਕੀ ਕਰੇ 'ਚੀਮਾਂ',
ਤਾਰੇ ਕੁਲ ਨੂੰ ਇਕੋ ਦਿਦਾਰ ਤੇਰਾ।

ਪੂਜਨੀਕ ਸਤਿਗੁਰੂ ਜਗਜੀਤ ਸਿੰਘ ਜੀ,
ਦੱਸਾਂ ਕੀ ਮੈਂ ਕੀਤੇ ਉਪਕਾਰ ਤੇਰੇ।
ਮਹਿਮਾ ਦੇਸ਼ਾਂ ਵਿਦੇਸ਼ਾਂ ਵਿੱਚ ਹੋ ਰਹੀ ਐ,
ਉੱਚੇ ਸੁੱਚੇ ਨੇ ਬੜੇ ਵੀਚਾਰ ਤੇਰੇ।
ਅਰਸ਼ੋਂ ਦੇਵਤੇ ਫੁੱਲਾਂ ਦੀ ਕਰਨ ਵਰਖਾ,
ਉਹ ਵੀ ਲੋਚਦੇ ਸਦਾ ਦੀਦਾਰ ਤੇਰੇ।
ਤਾਹੀਓਂ ਕਰਨ ਲਈ ਦਾਤਾ ਦੀਦਾਰ ਤੇਰਾ,
'ਚੀਮਾਂ' ਆ ਗਿਆ ਚੱਲ ਦੁਆਰ ਤੇਰੇ।

ਚੋਜੀ ਪ੍ਰੀਤਮਾਂ ਨਿਆਰੇ ਨੇ ਚੋਜ ਤੇਰੇ,
ਮਹਿਮਾ ਬੜੀ ਹੈ ਅਪਰ ਅਪਾਰ ਤੇਰੀ।
ਰੱਖੀਂ ਮਿਹਰਾਂ ਭਰਿਆ ਸਦਾ ਹੱਥ ਸਿਰ ਤੇ,
ਖਿੜੀ ਰਹੇ ਇਹ ਸਿੱਖੀ ਗੁਲਜ਼ਾਰ ਤੇਰੀ।
ਸਿਜਦੇ ਸਾਰਾ ਸੰਸਾਰ ਹੀ ਕਰੇ ਤੈਨੂੰ,
ਹਰ ਤਰਫ ਹੋਵੇ ਜੈ ਜੈਕਾਰ ਤੇਰੀ।
ਪਾਲਣਹਾਰ ਹੈ ਆਜਿਜ਼ ਨਿਮਾਣਿਆਂ ਨੂੰ,
'ਚੀਮਾਂ' ਕਰੇ ਕੀ ਸਿਫਤ ਦਾਤਾਰ ਤੇਰੀ।

Namdhari Elibrary NamdhariElibrary@gmail.com

ਦਿਬ ਦ੍ਰਿਸ਼ਟੀ ਦੇ ਸੁਆਮੀ ਸਤਿਗੁਰੂ ਜਗਜੀਤ ਸਿੰਘ ਜੀ

✍ ਡਾ. ਜਸਪਾਲ ਕੌਰ ਕਾਂਗ

ਚੇਅਰਪਰਸਨ, ਗੁਰੂ ਨਾਨਕ ਸਿੱਖ ਸਟਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਸਤਿਗੁਰੂ ਜੀ ਪਾਰਗਾਮੀ ਸ਼ਖਸੀਅਤ ਦਾ ਬਿੰਬ ਅਨੇਕ ਪਰਤੀ ਹੈ। ਉਹ ਧਰਤੀ ਉਪਰ ਧਰਮ ਦੇ ਪ੍ਰਤੀਕ ਹਨ। ਉਹਨਾਂ ਨੂੰ ਜਿਨਾਂ ਨੇ ਸੁਣਿਆ ਦੇਖਿਆ ਹੈ ਉਹ ਇਸ ਤੱਥ ਦੇ ਸਾਥੀ ਹਨ ਕਿ ਉਹਨਾਂ ਦਾ ਹਰ ਪ੍ਰਵਚਨ ਧਰਤੀ ਨੂੰ ਧਰਮਸਾਲ ਬਣਾਉਣ ਵਾਲਾ ਹੈ। ਉਹਨਾਂ ਦੀ ਧਰਮ ਭਾਵਨਾ ਵਿਚ ਜਿਥੇ ਜ਼ਿੰਦਗੀ ਨੂੰ ਪਵਿਤਰ ਕਰਨ ਦਾ ਸੰਦੇਸ਼ ਹੈ ।

ਧਰਮ, ਗਿਆਨ, ਸੰਗੀਤ ਅਤੇ ਮਾਨਵਤਾ ਦੇ ਰੌਸ਼ਨ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੀ ਅਗੰਮੀ ਸ਼ਖਸੀਅਤ ਬਾਰੇ ਲਿਖਣਾ ਸਚਮੁਚ ਬੜਾ ਅਸੰਭਵ ਲਗ ਰਿਹਾ ਹੈ। ਸਮੁੰਦਰ ਦੀ ਬੇਅੰਤਨਤਾ ਅਗੰਮਤਾ ਬਾਰੇ ਕੋਈ ਲਿਖ ਵੀ ਕਿਵੇਂ ਸਕਦਾ ਹੈ? ਅਜੇਹੇ ਸਮੇਂ ਤਾਂ ਸ਼ਬਦ ਵੀ ਨਤਮਸਤਕ ਹੋ ਜਾਂਦੇ ਹਨ ਕਿ ਅਜੇਹੀ ਸ਼ਖਸੀਅਤ ਦੀ ਥਾਹ ਪਾਉਣੀ ਸਹਿਜ ਨਹੀਂ। ਦਿਬ ਦ੍ਰਿਸ਼ਟੀਆਂ ਦੇ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਅੰਦਰੋਂ ਇਹ ਧੁਨੀ ਆਉਂਦੀ ਹੈ ਕਿ ਉਹਨਾਂ ਬਾਰੇ ਜੇ ਕੁਝ ਲਿਖਣਾ ਹੈ ਤਾਂ ਉਹ ਸ਼ਕਤੀ ਵੀ ਉਹ ਆਪ ਹੀ ਬਖਸ਼ਦੇ ਹਨ। ਮੈਂ ਉਹਨਾਂ ਦੀ ਬਖਸ਼ਿਸ਼ ਨਾਲ ਹੀ ਇਹ ਸ਼ਬਦ ਲਿਖਣ ਦੇ ਸਮਰਥ ਹੋਈ ਹਾਂ।

ਸਤਿਗੁਰੂ ਜੀ ਪਾਰਗਾਮੀ ਸ਼ਖਸੀਅਤ ਦਾ ਬਿੰਬ ਅਨੇਕ ਪਰਤੀ ਹੈ। ਉਹ ਧਰਤੀ ਉਪਰ ਧਰਮ ਦੇ ਪ੍ਰਤੀਕ ਹਨ। ਉਹਨਾਂ ਨੂੰ ਜਿਨਾਂ ਨੇ ਸੁਣਿਆ ਦੇਖਿਆ ਹੈ ਉਹ ਇਸ ਤੱਥ ਦੇ ਸਾਥੀ ਹਨ ਕਿ ਉਹਨਾਂ ਦਾ ਹਰ ਪ੍ਰਵਚਨ ਧਰਤੀ ਨੂੰ ਧਰਮਸਾਲ ਬਣਾਉਣ ਵਾਲਾ ਹੈ। ਉਹਨਾਂ ਦੀ ਧਰਮ ਭਾਵਨਾ ਵਿਚ ਜਿਥੇ ਜ਼ਿੰਦਗੀ ਨੂੰ ਪਵਿਤਰ ਕਰਨ ਦਾ ਸੰਦੇਸ਼ ਹੈ ਉਥੇ ਤਪਦੀ ਲੋਕਾਈ ਨੂੰ ਸੀਤਲ ਕਰਨ ਦਾ ਵੀ ਸੁਨੇਹਾ ਹੈ। ਉਹਨਾਂ ਲਈ ਧਰਮ ਇਕ ਆਤਮ ਵਿਕਾਸ ਦੀ ਧਰਾਤਲ ਹੈ ਅਸੀਂ ਜਿਹਨਾਂ ਸਮਿਆਂ ਵਿਚ ਗੁਜ਼ਰ ਰਹੇ ਹਾਂ ਉਹ ਕਲਜੁਗੀ ਸ਼ਕਤੀਆਂ ਨਾਲ ਭਰਿਆ ਪਿਆ ਹੈ। ਧਰਮ ਦੀ ਪਰਿਭਾਸ਼ਾ ਅਧਰਮ ਬਣ ਗਈ ਹੈ। ਸੰਪਰਦਾਇਕਤਾ ਸਿਖਰ ਉਪਰ ਹੈ ਅਤੇ ਸਾਡੀ ਸ੍ਰਿਸ਼ਟੀ ਇਕ ਦੂਜੇ ਦੇ ਵਿਰੋਧ ਵਿਚ ਨਜ਼ਰ ਆ ਰਹੀ ਹੈ। ਅਜਿਹੇ ਧਰਮੀ ਸਮਿਆਂ ਵਿਚ ਸਤਿਗੁਰੂ ਜੀ ਦੀ ਟੇਕ ਰੱਬੀ ਆਸਰਾ ਹੈ। ਉਹਨਾਂ ਨੇ ਆਪਣੇ ਮਿੱਠੇ ਦਰਵੇਸ਼ੀ ਬੋਲਾਂ ਨਾਲ ਘਰ ਘਰ ਧਰਮ ਅਤੇ ਧਰਮਸਾਲ ਦੀ ਜੁਗਤ ਸਮਝਾਈ ਹੈ। ਭਗਤੀ ਭਾਵਨਾ ਅਤੇ ਪ੍ਰੇਮ ਦੀ ਫੁਹਾਰ ਉਹਨਾਂ ਦੇ ਰੂਹਾਨੀ ਬੋਲਾਂ ਦੀ ਸ਼ਕਤੀ ਹੈ। ਅਜੇਹੇ ਸਚੇ ਬੋਲ ਉਹੀ ਉਚਾਰ ਸਕਦਾ ਹੈ ਜੋ ਬ੍ਰਹਮ ਨਾਲ ਅਭੇਦ ਹੁੰਦਾ ਹੈ।। ਸਤਿਗੁਰੂ ਜੀ ਦੇ ਨੂਰਾਨੀ ਰੂਪ ਅਤੇ ਬ੍ਰਹਮੀ ਪ੍ਰਵਚਨ ਇਸ ਰਸ ਦਾ ਪ੍ਰਗਾਟਾਵਾ ਹਨ ਕਿ ਉਹ ਕਲਜੁਗ ਵਿਚ ਰੱਬੀ ਅਵਤਾਰ ਹਨ। ਪਾਰਬ੍ਰਹਮ ਦੀ ਕਿਰਪਾ ਨਾਲ ਵਰੋਸਾਏ ਹੋਏ ਹਨ। ਉਹਨਾਂ ਦਾ ਦਿਦਾਰ ਹੀ ਮਨੁੱਖ ਲਈ ਮੁਕਤੀ ਬਣ ਜਾਂਦਾ ਹੈ। ਸਰਾਪੀਆਂ ਰੂਹਾਂ ਅੰਦਰ ਚਾਨਣ ਆ ਜਾਣਾ ਹੀ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਦੀ ਸ਼ਕਤੀ ਦਾ ਰਸ ਹੈ। ਉਹਨਾਂ ਨੇ ਸਿਰਫ ਇਕ ਸਮੂਹ ਲਈ ਜ਼ਿੰਦਗੀ ਲੇਖੇ ਨਹੀਂ ਲਾਈ ਬਲਕਿ ਜੋ ਵੀ ਉਹਨਾਂ ਦੀ ਨਿੱਘੀ ਗੋਦ ਅਤੇ ਦੈਵੀ ਸੰਪਰਕ ਵਿਚ ਆਇਆ ਹੈ ਉਹ ਭਵ ਸਾਗਰ ਤੋਂ ਪਾਰ ਹੋ ਗਿਆ ਹੈ। ਨਾਮ ਸਿਮਰਨ ਦੀ ਆਭਾ ਉਹਨਾਂ ਦੇ ਨੈਣ ਨਕਸ਼ਾਂ ਨੂੰ ਨੂਰਾਨੀ ਬਣਾਉਂਦੀ ਹੈ। ਇਹ ਆਭਾ ਉਹਨਾਂ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਦੀ ਵਡੀ ਵਡਿਆਈ ਇਹ ਹੈ ਕਿ ਉਹ ਆਪਣੀ ਧਰਮੀ ਧੀਆਂ, ਬੱਚੀਆਂ ਦੇ ਉਧਾਰ ਲਈ ਬੜੇ ਯਤਨਸ਼ੀਲ ਰਹੇ ਹਨ। ਉਹਨਾਂ ਦੀ ਇਹ ਪਵਿੱਤਰ ਧਾਰਨਾ ਹੈ ਕਿ ਅਗਰ ਸਮਾਜ ਦਾ ਸਾਮੱਗਰ ਵਿਕਾਸ ਕਰਨਾ ਹੈ ਤਾਂ ਇਹਨਾਂ ਬੱਚੀਆਂ ਨੂੰ ਸਿਖਰਲੀ ਵਿਦਿਆ ਅਤੇ ਗਿਆਨ ਨਾਲ ਜੋੜਨਾ ਜ਼ਰੂਰ ਹੈ। ਉਹਨਾਂ ਨੇ ਆਪਣੇ ਇਸ ਸੰਕਲਪ ਨੂੰ ਆਪਣੀਆਂ ਕਾਰਜਸ਼ੈਲੀਆਂ ਨਾਲ ਸਾਕਾਰ ਕਰ ਵਿਖਾਇਆ ਹੈ।

ਦੀ ਸੰਗਤ ਵਿਚ ਬੈਠਾ ਜਗਿਆਸੂ ਆਪਣੇ ਅੰਦਰ ਵਸਾ ਲੈਂਦਾ ਹੈ। ਉਹ ਕੇਵਲ ਨਾਮਧਾਰੀ ਪੰਥ ਦੇ ਸਤਿਗੁਰੂ ਹੀ ਨਹੀਂ ਬਲਕਿ ਹਰ ਵਿਅਕਤੀ ਉਹਨਾਂ ਦਾ ਧਰਮੀ ਸਿਖ ਹੈ ਜੋ ਸਚ ਸੁਚ ਦੀ ਲੋਅ ਪ੍ਰਾਪਤ ਕਰਨਾ ਚਾਹੁੰਦਾ ਹੈ।

ਉਹਨਾਂ ਦਾ ਜਿਸ ਨੇ ਵੀ ਇਕ ਵਾਰ ਦਿਦਾਰ ਕਰ ਲਿਆ ਉਹ ਉਮਰ ਭਰ ਉਹਨਾਂ ਦਾ ਜਗਿਆਸੂ ਬਣ ਗਿਆ ਹੈ। ਇਹੀ ਸ਼ਕਤੀ ਉਹਨਾਂ ਦੀ ਸ਼ਖਸੀਅਤ ਦਾ ਜਲੌ ਹੈ।

ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਦਾ ਨੂਰਾਨੀ ਪੱਖ ਇਹ ਵੀ ਹੈ ਕਿ ਉਹਨਾਂ ਅੰਦਰ ਬ੍ਰਹਮੰਡੀ ਸੰਗੀਤ ਮਿਠੀਆਂ ਧੁਨਾਂ ਬਣ ਕੇ ਮਾਨਵੀ ਹਿਰਦਿਆਂ ਨੂੰ ਕੀਲ ਲੈਂਦਾ ਹੈ। ਉਹ ਗੁਰਬਾਣੀ ਅਤੇ ਸ਼ਾਸਤਰੀ ਸੰਗੀਤ ਦੇ ਮੁਜੱਸਮਾਂ ਹਨ। ਉਹਨਾਂ ਦੇ ਨਾਮ ਲੇਵਾ ਜਦੋਂ ਸੰਗੀਤ ਦੀ ਸਿਖਰਾਂ ਛੂੰਹਦੇ ਹਨ ਤਾਂ ਉਦੋਂ ਸਤਿਗੁਰੂ ਜੀ ਦੀ ਮਹਿਮਾ ਦੇ ਦਰਸ਼ਨ ਹੁੰਦੇ ਹਨ। ਸੰਗੀਤ ਸਤਿਗੁਰੂ ਜੀ ਲਈ ਪ੍ਰਾਣ ਤੱਤ ਹੈ। ਉਹ ਆਪਣੇ ਸੇਵਕਾਂ ਨੂੰ ਇਹੀ ਉਪਦੇਸ਼ ਦਿੰਦੇ ਹਨ ਕਿ ਸੰਗੀਤ ਸਾਰੇ ਬ੍ਰਹਮੰਡ ਨੂੰ ਬੰਨ੍ਹਣ ਵਾਲਾ ਸੂਤਰ ਹੈ। ਉਹ ਸ਼ਕਤੀ ਬ੍ਰਹਮੰਡ ਦੀ ਇਕਾਗਰਤਾ ਦਾ ਸੂਤਰ ਹੈ। ਉਹ ਮਨੁਖੀ ਸਰੀਰ ਨੂੰ ਵੀ ਇਕਾਗਰ ਕਰਦੀ ਹੈ। ਸੰਗੀਤ ਦੀਆਂ ਸੂਖਮ ਲਹਿਰਾਂ ਸਤਿਗੁਰੂ ਜੀ ਦੀ ਸ਼ਖਸੀਅਤ ਵਿਚੋਂ ਪਲ ਪਲ ਫੈਲਦੀਆਂ ਹਨ। ਉਹਨਾਂ ਦੀ ਸ਼ਕਤੀ ਦਾ ਇਕ ਵੱਡਾ ਪਹਿਲੂ ਸੰਗੀਤ ਹੈ। ਸੰਗੀਤਕ ਸੂਹਜ ਉਹਨਾਂ ਦੇ ਦੀਦਾਰਾਂ ਅਤੇ ਬੋਲਾਂ ਨੂੰ ਪਾਰਗਾਮੀ ਬਣਾ ਦਿੰਦਾ ਹੈ।

ਸ੍ਰੀ ਸਤਿਗੁਰੂ ਜੀ ਆਪਣੇ ਮਹਾਨ ਪੁਰਖਿਆਂ ਕੋਲੋਂ ਇਹ ਵਰ ਲਿਆ ਹੋਇਆ ਹੈ ਕਿ ਜਿਥੇ ਵੀ ਜਾਣਗੇ ਉਹ ਧਰਤ ਸੁਹਾਵੀ ਹੋ ਜਾਵੇਗੀ। ਉਹਨਾਂ ਦੀ ਇਸ ਦੈਵੀ ਸ਼ਕਤੀ ਨੇ ਸ੍ਰੀ ਭੈਣੀ ਸਾਹਿਬ ਨੂੰ ਹੀ ਦਰਗਾਹੀ ਧਰਤੀ ਨਹੀਂ ਬਣਾਇਆ ਬਲਕਿ ਪੂਰੇ ਵਿਸ਼ਵ ਵਿਚ ਉਹ ਜਿਥੇ ਵੀ ਗਏ ਉਥੋਂ ਦੀ ਧਰਤੀ ਅੰਦਰਲੀਆਂ ਸੰਗੀਤਕ ਰਮਜ਼ਾਂ ਜਾਗ ਪੈਣਗੀਆਂ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸ੍ਰੀ ਸਤਿਗੁਰੂ ਜੀ ਨੇ ਇਕ ਲੰਮੇ ਅਰਸੇ ਵਿਚ ਧਰਤੀ ਦਾ ਹਰ ਕੋਨਾ ਰੁਸ਼ਨਾ ਦਿੱਤਾ ਹੈ। ਇਹੀ ਦਰਵੇਸ਼ੀ ਰੂਹ ਦੀ ਪਛਾਣ ਬਣਦਾ ਹੈ।

ਸ੍ਰੀ ਸਤਿਗੁਰੂ ਜੀ ਦੀ ਵਡੀ ਵਡਿਆਈ ਇਹ ਹੈ ਕਿ ਉਹ ਆਪਣੀ ਧਰਮੀ ਧੀਆਂ, ਬੱਚੀਆਂ ਦੇ ਉਧਾਰ ਲਈ ਬੜੇ ਯਤਨਸ਼ੀਲ ਰਹੇ ਹਨ। ਉਹਨਾਂ ਦੀ ਇਹ ਪਵਿੱਤਰ **ਧਾਰਨਾ ਹੈ ਕਿ ਅਗਰ ਸਮਾਜ** ਦਾ ਸਾਮੱਗਰ ਵਿਕਾਸ **ਕਰਨਾ ਹੈ ਤਾਂ ਇਹਨਾਂ ਬੱਚੀਆਂ ਨੂੰ** ਸਿਖਰਲੀ ਵਿਦਿਆ **ਅਤੇ ਗਿਆਨ ਨਾਲ ਜੋੜਨਾ ਜ਼ਰੂਰ ਹੈ।** ਉਹਨਾਂ ਨੇ ਆਪਣੇ **ਇਸ ਸੰਕਲਪ ਨੂੰ ਆਪਣੀਆਂ** ਕਾਰਜਸ਼ੈਲੀਆਂ ਨਾਲ **ਸਾਕਾਰ ਕਰ ਵਿਖਾਇਆ ਹੈ।**

ਵਿਦਿਆ ਮੰਦਰਾਂ ਵਿਚ ਉਹਨਾਂ ਨੇ ਉਚੇਰੇ ਪ੍ਰਬੰਧ **ਕਰਵਾ ਕੇ ਲੜਕੀਆਂ ਨੂੰ ਗਿਆਨ ਦੀ ਸਿਰ ਉਪਰ ਪਹੁੰਚਾਇਆ ਹੈ। ਇਹ ਕਾਰਜ ਧਰਤੀ ਨੂੰ ਅਰਥ ਦੇਣ ਵਾਲਾ ਹੈ।**

ਸ੍ਰੀ ਸਤਿਗੁਰੂ ਜੀ ਦੀ ਸ਼ਖਸੀਅਤ ਦਾ ਅਲੌਕਿਕ ਪੱਖ ਇਹ ਵੀ ਹੈ ਕਿ ਹਲੀਮੀ, ਨਿਰਮਾਣਤਾ ਅਤੇ ਦਇਆ ਦੇ ਪੁੰਜ ਹਨ। ਉਹ ਨਿਆਸਰਿਆਂ ਦੇ ਆਸਰਾ ਹਨ, ਨਿਓਟਿਆਂ ਦੀ ਓਟ ਟੇਕ ਬਣ ਕੇ ਦੁਖ ਦਰਦ ਨਿਵਾਰਦੇ ਹਨ। **ਉਹਨਾਂ ਕੋਲ ਜੋ ਵੀ ਅਰਦਾਸ** ਬੇਨਤੀ ਕਰਨ **ਆਉਂਦਾ ਹੈ ਉਹ ਭਰਿਆ ਭਰਪੂਰ** ਹੋ ਕੇ ਜਾਂਦਾ ਹੈ। ਮੈਨੂੰ **ਇਸ ਦਾ ਅਹਿਸਾਸ ਉਦੋਂ ਹੋਇਆ ਜਦੋਂ ਅਸੀਂ ਸਾਰੇ ਸਹਿਯੋਗੀ ਪੰਜਾਬ ਯੂਨੀਵਰਸਿਟੀ ਵਿਚ ਕਰਵਾਈ ਜਾ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਲਈ ਅਸ਼ੀਰਵਾਦ ਲੈਣ ਗਏ ਸਾਂ। ਮਨ ਵਿਚ ਇਹੀ ਸੀ ਕਿ ਅਜਿਹੀ ਸ਼ਖਸੀਅਤ ਦਾ ਆਸਰਾ ਵਡੀ ਟੇਕ ਹੋਵੇਗਾ। ਸਾਡਾ ਇਹ ਵਿਸ਼ਵਾਸ ਸੱਚ ਸਾਕਾਰ ਹੋ ਗਿਆ ਜਦ ਸਤਿਗੁਰੂ ਜੀ ਨੇ ਆਪਣੀਆਂ ਬਖਸ਼ਿਸ਼ਾਂ ਨਾਲ ਇੰਜ ਨਿਵਾਜਿਆ ਕਿ ਉਹ** ਕਾਨਫਰੰਸ **ਯਾਦਗਾਰੀ ਬਣ ਗਈ।** ਇਹ ਸ੍ਰੀ ਸਤਿਗੁਰੂ ਜੀ ਦੀ **ਦੈਵੀ ਸ਼ਕਤੀ ਦੀ ਕਰਾਮਾਤ** ਹੀ ਸੀ। ਅਜਿਹੀ ਸ਼ਖਸੀਅਤ ਅਗੇ ਜੋ ਵੀ ਨਤਮਸਤਕ ਹੋਵੇਗਾ ਉਹ ਅੰਦਰੋਂ ਬਾਹਰੋਂ ਭਰਪੂਰ ਅਤੇ ਪਵਿੱਤਰ ਹੋ ਜਾਵੇਗਾ। ਇਹ ਮੇਰਾ ਹੀ ਨਹੀਂ ਬਲਕਿ ਹਰ ਜਗਿਆਸੂ ਦਾ ਵਿਸ਼ਵਾਸ ਹੈ।■

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਜਿਵੇਂ ਮੈਂ ਵੇਖਿਆ

✍ ਸਰਦਾਰਾ ਸਿੰਘ ਜੌਹਲ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮੇਰਾ ਸੰਪਰਕ ਅੱਜ ਤੋਂ ਕੋਈ ਪੰਦਰਾਂ ਸਾਲ ਪਹਿਲੋਂ ਹੋਇਆ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਹੋਣ ਦੇ ਨਾਤੇ ਕੁਝ ਨਾਮਧਾਰੀ ਲੇਖਕਾਂ ਰਾਹੀਂ ਸਤਿਗੁਰਾਂ ਦੇ ਦਰਸ਼ਨ ਦਾ ਮੌਕਾ ਮਿਲਿਆ। ਬਹੁਤ ਪਿਆਰ ਦਿੱਤਾ ਉਹਨਾਂ ਮੈਨੂੰ। ਉਹਨਾਂ ਦੀ ਸਾਦੀ, ਸਿੱਧੀ, ਮਿੱਠੀ ਅਤੇ ਹਲੀਮੀ ਸ਼ਖਸੀਅਤ ਨੇ ਮੈਨੂੰ ਮੋਹ ਲਿਆ।

ਮੈਂ ਕੱਟੜ ਧਾਰਮਿਕ ਖਿਆਲਾਂ ਦਾ ਹਾਮੀ ਨਹੀਂ। ਇਸ ਦੇ ਕਈ ਪਿਛੋਕੜ ਤੇ ਕਾਰਨ ਹਨ। ਇਕ ਤਾਂ ਮੇਰੇ ਪਿਤਾ ਜੀ ਆਮ ਕਿਸਾਨ ਟੱਬਰ 'ਚੋਂ ਸਨ। ਇਕ ਵਾਰ ਸਵੇਰੇ ਉਠਦਿਆਂ, ਬਾਬਾ ਨਾਨਕ ਤੇਰੀ ਓਟ ਅਤੇ ਇਕ ਵਾਰ ਦਿਨ ਦੀ ਸਖਤ ਮਿਹਨਤ ਪਿਛੋਂ ਸੌਣ ਲਗਿਆਂ ਬਾਬਾ ਨਾਨਕ ਸੁਖ ਵਰਤਾਵੀਂ ਤੇ ਸੰਤੋਖ ਬਖਸ਼ੀਂ ਉਹਨਾਂ ਦੀ ਸਾਰੀ ਪਾਠ ਪੂਜਾ ਸੀ। ਮਜ਼ਬੀ ਕੱਟੜਤਾ ਨੇ ਮੇਰੇ ਅੰਦਰ ਇਸ ਕਰਕੇ ਵੀ ਘਰ ਨਹੀਂ ਕੀਤਾ ਕਿਉਂਕਿ ਭਾਵੇਂ ਮੈਂ ਇਕ ਇਕ ਸਾਲ ਖਾਲਸਾ ਸਕੂਲ ਅਤੇ ਆਰੀਆ ਸਕੂਲ ਵਿਚ ਪੜ੍ਹਿਆਂ ਹਾਂ ਪਰ ਬਹੁਤ ਅਰਸਾ ਮੈਂ ਗੌਰਮਿੰਟ ਸਕੂਲਾਂ ਵਿਚ ਹੀ ਪੜ੍ਹਿਆਂ ਹਾਂ। ਪਾਠ ਕਰਨਾ ਤਾਂ ਮੈਂ ਸਕੂਲ ਵੇਲੇ ਖਾਲਸਾ ਹੋਸਟਲ ਵਿੱਚ ਹੀ ਸਿੱਖਿਆ। ਜਾਪ ਸਾਹਿਬ ਦਾ ਪਾਠ ਅਚਾਨਕ ਗੁਰੂ ਕਿਰਪਾ ਨਾਲ ਸੰਤ ਵਿਰਸਾ ਸਿੰਘ ਨੇ ਪ੍ਰਭੂ ਦਾ ਸ਼ੁਕਰਾਨਾ ਕਰਨ ਲਈ ਪ੍ਰੇਰਨਾ ਦਿੱਤੀ ਜੋ ਮੈਨੂੰ ਜ਼ੁਬਾਨੀ ਯਾਦ ਹੈ ਅਤੇ ਮੇਰਾ ਨਿਤਨੇਮ ਹੈ। ਗੁਰਦੁਆਰੇ ਵੀ ਜਦੋਂ ਮੌਕਾ ਮਿਲਦਾ ਹੈ, ਮੈਂ ਸ਼ਰਧਾ ਨਾਲ ਦਰਬਾਰ ਸਾਹਿਬ ਹੀ ਜਾਂਦਾ ਹਾਂ। ਮੈਂ ਸਪਸ਼ਟ ਕਰਨਾ ਚਾਹੁੰਦਾਂ ਹਾਂ ਕਿ ਬਾਬਿਆਂ ਅਤੇ ਡੇਰਿਆਂ ਨਾਲ ਮੈਨੂੰ ਕੋਈ ਲਗਾਓ ਨਹੀਂ। ਤਾਂ ਜਿਹੜਾ ਵੀ ਬਾਬਾ ਜਾਂ ਡੇਰਾ ਆਪਣੇ ਸ਼ਰਧਾਲੂਆਂ ਨੂੰ ਨਸ਼ਿਆਂ ਦੀ ਵਰਜਤ ਕਰਦਾ ਹੈ, ਸਦਭਾਵਨਾ ਵੰਡਦਾ ਹੈ ਅਤੇ ਦੁਖੀਆਂ, ਗਰੀਬਾਂ ਦੀ ਸੇਵਾ ਵਿਚ ਜੋੜਦਾ ਜਾਂ ਵਿਦਿਆ ਵੰਡਦਾ ਹੈ, ਉਹ ਮੈਨੂੰ ਚੰਗਾ ਲੱਗਦਾ ਹੈ।

ਨਾਮਧਾਰੀ ਸਮਾਜ ਬਾਰੇ ਮੈਂ ਉਹਨਾਂ ਦੀ ਤਵਾਰੀਖੀ ਮਹੱਤਤਾ ਅਤੇ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਅਤੇ ਅੰਗਰੇਜ਼ਾਂ ਨਾਲ ਨਾ ਮਿਲਵਰਤਨ ਬਾਰੇ ਪੜ੍ਹਿਆ ਸੁਣਿਆਂ ਤਾਂ ਕਾਫੀ ਸੀ ਪਰ ਨਾਮਧਾਰੀਆਂ ਨੂੰ ਨੇੜਿਓਂ ਹੋ ਕੇ ਨਹੀਂ ਸੀ ਵੇਖਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮੇਰਾ ਸੰਪਰਕ ਅੱਜ ਤੋਂ ਕੋਈ ਪੰਦਰਾਂ ਸਾਲ ਪਹਿਲੋਂ ਹੋਇਆ। ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਹੋਣ ਦੇ ਨਾਤੇ ਕੁਝ ਨਾਮਧਾਰੀ ਲੇਖਕਾਂ ਰਾਹੀਂ ਸਤਿਗੁਰਾਂ ਦੇ ਦਰਸ਼ਨ ਦਾ ਮੌਕਾ ਮਿਲਿਆ। ਬਹੁਤ ਪਿਆਰ ਦਿੱਤਾ ਉਹਨਾਂ ਮੈਨੂੰ। ਉਹਨਾਂ ਦੀ ਸਾਦੀ, ਸਿੱਧੀ, ਮਿੱਠੀ ਅਤੇ ਹਲੀਮੀ ਸ਼ਖਸੀਅਤ ਨੇ ਮੈਨੂੰ ਮੋਹ ਲਿਆ। ਨਾਮਧਾਰੀ ਰਾਗੀ ਸਿੰਘਾਂ ਦੇ ਕੀਰਤਨ ਵਿੱਚ ਸ਼ਰਧਾ ਅਤੇ ਜੋਸ਼ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਮੈਨੂੰ ਨਾਮਧਾਰੀ ਵਿਹਾਰ ਅਤੇ ਪ੍ਰੰਪਰਾਵਾਂ ਬਾਰੇ ਕੁਝ ਨਹੀਂ ਸੀ ਪਤਾ ਤੇ ਸ਼ਾਇਦ ਹਾਲਾਂ ਵੀ ਬਹੁਤ ਕਰਕੇ ਅਨਜਾਣ ਹੀ ਹਾਂ। ਪਹਿਲੀ ਵਾਰੀ ਨਾਮਧਾਰੀ

Namdhari Elibrary NamdhariElibrary@gmail.com

ਦਰਬਾਰ ਵਿੱਚ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ ਸੰਗਤਾਂ ਨੂੰ ਮੈਂ ਜਦ ਸੰਬੋਧਨ ਕੀਤਾ ਤਾਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਈ ਤਾਂ ਕਿਸੇ ਨੇ ਵੀ ਅੱਗੋਂ ਜਵਾਬ ਨਾ ਦਿੱਤਾ, ਮੈਂ ਹੈਰਾਨ ਹੋ ਗਿਆ। ਬਾਅਦ ਵਿਚ ਪਤਾ ਲੱਗਾ ਕਿ ਨਾਮਧਾਰੀ ਤਾਂ ਸਿਰਫ ਸਤਿ ਸ੍ਰੀ ਅਕਾਲ ਨਾਲ ਹੀ ਇਕ ਦੂਜੇ ਨੂੰ ਜਾਂ ਸੰਗਤਾਂ ਨੂੰ ਸੰਬੋਧਨ ਕਰਦੇ ਹਨ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਮਸਤਕ ਉਸੇ ਤਰ੍ਹਾਂ ਹੀ ਖਿੜਿਆ ਹੋਇਆ ਸੀ ਤੇ ਮੈਨੂੰ ਮਹਿਸੂਸ ਵੀ ਨਹੀਂ ਸੀ ਹੋਣ ਦਿੱਤਾ ਕਿ ਇਹ ਉਨ੍ਹਾਂ ਦੀ ਪ੍ਰੰਪਰਾ ਨਹੀਂ। ਹੋਰ ਹੈਰਾਨੀ ਇਹ ਹੋਈ ਕਿ ਨਾਮਧਾਰੀ ਤਾਂ ਵਾਹਿਗੁਰੂ ਵੀ ਉੱਚਾ ਨਹੀਂ ਉਚਾਰਦੇ। ਸ਼ਾਇਦ ਉਹਨਾਂ ਨੂੰ ਇਹ ਨਾਮ ਦਿੱਤਾ ਹੋਇਆ ਹੈ ਜੋ ਇੱਕ ਨਿਜੀ ਸਿਮਰਨ ਹੈ ਅਤੇ ਦੱਸਿਆ ਜਾਂ ਉਚੀ ਬੋਲਿਆ ਵੀ ਨਹੀਂ ਜਾਂਦਾ।

ਇੱਕ ਵਾਰੀ ਮੈਂ ਇੰਗਲੈਂਡ (ਬਰਮਿੰਘਮ) ਵਿੱਚ ਸਾਂ ਤਾਂ ਤੜਕਸਾਰ ਕੋਈ 5 ਵਜੇ ਟੈਲੀਫੋਨ ਖੜਕਿਆ ਕਿ ਸਤਿਗੁਰਾਂ ਤੁਹਾਨੂੰ ਯਾਦ ਕੀਤਾ ਹੈ। ਅੱਗੋਂ ਜਵਾਬ ਆਇਆ ਕਿ ਉਹ ਵੀ ਇੰਗਲੈਂਡ ਵਿੱਚ ਹੀ ਫਲਾਣੀ ਥਾਂ ਤੁਹਾਨੂੰ ਯਾਦ ਕਰ ਰਹੇ ਹਨ। ਮੈਂ ਫਟਾਫਟ ਨਹਾ ਧੋ ਕੇ ਉਥੇ ਪਹੁੰਚਿਆ ਤਾਂ ਪੁੱਛਿਆ ਕਿ ਮਹਾਰਾਜ ਤੁਹਾਨੂੰ ਕਿਵੇਂ ਪਤਾ ਲੱਗਾ ਕਿ ਮੈਂ ਇਥੇ ਹਾਂ ਤਾਂ ਕਹਿਣ ਲੱਗੇ ਮੈਂ ਤੁਹਾਡਾ ਪਿਛਾ ਜੂ ਕਰਦਾ ਹਾਂ। ਗੱਲਾਂ ਕਰਦਿਆਂ ਕਹਿਣ ਲੱਗੇ ਕਿ ਤੁਸੀਂ ਕਿਸ ਤਰ੍ਹਾਂ ਇਹ ਦੇਸ਼ ਵਿਦੇਸ਼ ਵਿੱਚ ਨੀਤੀਆਂ ਘੜਨ ਵਿੱਚ ਸਲਾਹਾਂ ਦਿੰਦੇ ਹੋ? ਮੈਂ ਅਰਜ਼ ਕੀਤੀ, ਮਹਾਰਾਜ ਮੈਂ ਨਿਮਾਣਾ ਕੀ ਹਾਂ ਤੇ ਕੀ ਕਹਿ ਸਕਦਾ ਹਾਂ, ਉਸ ਸਤਿਗੁਰੂ ਨਾਨਕ ਅਤੇ ਕਲਗੀਆਂ ਵਾਲੇ ਦਸਮ ਪਾਤਸ਼ਾਹ ਦੀ ਮਿਹਰ ਹੈ। ਬਹੁਤ ਖੁਸ਼ ਹੋਏ ਅਤੇ ਥਾਪੜਾ ਦਿਤਾ।

ਇੱਕ ਵਾਰੀ ਦੀ ਗੱਲ ਨਹੀਂ ਭੁਲਦੀ। ਸਤਿਗੁਰੂ ਜੀ ਆਪਣੇ ਦੰਦਾਂ ਦੇ ਇਲਾਜ ਲਈ ਲੁਧਿਆਣੇ ਡਾਕਟਰ ਵੋਹਰਾ ਦੇ ਕਲੀਨਕ ਵਿੱਚ ਆਏ। ਸੇਵਾਦਾਰ ਨਾਲ ਸਨ। ਉਹਨਾਂ ਪਾਣੀ ਦਾ ਇਸਤੇਮਾਲ ਸਿਰਫ ਨਾਲ ਲਿਆਂਦੀ ਗਾਗਰ ਵਿੱਚੋਂ ਹੀ ਕੀਤਾ ਅਤੇ ਬਗੈਰ ਕਿਸੇ ਟੀਕੇ ਦੇ ਦੰਦਾਂ ਵਿੱਚ ਮਸ਼ੀਨੀ ਸੂਈਆਂ ਨਾਲ ਰੂਟ ਕੈਨਾਲਿੰਗ ਕਰਵਾਈ। ਮੈਂ ਮਗਰੋਂ ਪੁੱਛਿਆ, ਮਹਾਰਾਜ ਤੁਹਾਨੂੰ ਦੁਖ ਨਹੀਂ ਲੱਗਦਾ? ਕਹਿਣ ਲੱਗੇ, ਲੱਗਦਾ ਹੈ। ਜੇ ਮੈਂ ਹਾਏ ਹਾਏ ਕਹਾਂਗਾ ਤਾਂ ਦੁੱਖ ਲਗਣੋਂ ਹੱਟ ਜਾਏਗਾ? ਕਿੰਨੀ ਵੱਡੀ ਗੱਲ ਕਹਿ ਗਏ। ਝੱਟ ਮੇਰੀ ਸਮਝ ਵਿੱਚ ਆਇਆ ਕਿ ਸਤਿਗੁਰੂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਵੇਂ ਰੂਹਾਨੀ ਪਰਪੱਕਤਾ ਨਾਲ ਬਗੈਰ ਮੂੰਹੋਂ ਸੀ ਕੀਤਿਆਂ ਤੱਤੀ ਤਵੀ ਤੇ ਬੈਠ ਕੇ ਜਿਸਮ ਤੇ ਤੱਤੀ ਰੇਤ ਪੈਂਦੀ ਨੂੰ ਝੱਲਿਆ ਹੋਵੇਗਾ। ਜੇ ਹਾਏ ਹਾਏ ਕਰਦੇ, ਰੌਲਾ ਪਾਉਂਦੇ ਤਾਂ ਜ਼ਾਲਮਾਂ ਦਾ ਤਾਂ ਸਗੋਂ ਹਿਰਦਾ ਹੋਰ ਠੰਢਾ ਹੋਣਾ ਸੀ ਤੇ ਉਨ੍ਹਾਂ ਨੇ ਤਸੀਹਿਆਂ ਤੋਂ ਤਾਂ ਬਾਜ਼ ਨਹੀਂ ਸੀ ਆਉਣਾ, ਸ਼ਾਇਦ ਹੋਰ ਵੱਧ ਤਸੀਹੇ ਦਿੰਦੇ।

ਹਲੀਮੀ ਦੀ ਮਿਸਾਲ ਦਿੰਦਾ ਹਾਂ। ਇਕ ਵਾਰ ਕਿਸੇ ਗੱਲਬਾਤ ਵਿੱਚ ਕਹਿਣ ਲੱਗੇ, ਅਸੀਂ ਤਾਂ ਪੜ੍ਹੇ ਲਿਖੇ ਨਹੀਂ, ਤੁਸਾਂ ਤਾਂ ਬਹੁਤ ਉੱਚੀਆਂ ਡਿਗਰੀਆਂ ਲਈਆਂ ਹੋਈਆਂ ਹਨ। ਮੈਂ ਕਿਹਾ ਮਹਾਰਾਜ ਇਹ ਗੱਲ ਨਹੀਂ। ਇਕ ਵਾਰ ਮੇਰੇ ਪਿਤਾ ਜੀ ਤੋਂ ਕਿਸੇ ਨੇ ਪੁਛਿਆ ਕਿ ਤੁਸੀਂ ਕਿੰਨੇ ਕੁ ਪੜ੍ਹੇ ਲਿਖੇ ਹੋ ਤਾਂ ਮੇਰੇ ਪਿਤਾ ਜੀ ਨੇ ਜਵਾਬ ਦਿੱਤਾ ਸੀ, ਮੈਂ ਪੜ੍ਹਿਆਂ ਲਿਖਿਆਂ ਦਾ ਪਿਓ ਹਾਂ। ਸੋ, ਮਹਾਰਾਜ ਤੁਸੀਂ ਪੜ੍ਹਿਆਂ ਲਿਖਿਆਂ ਦੇ ਬਾਪ ਹੋ ਅਤੇ ਹਜ਼ਾਰਾਂ ਉਚ ਕੋਟੀ ਦੇ ਪੜ੍ਹੇ ਲਿਖੇ ਤੁਹਾਡੇ ਸਿੱਖ ਤੁਹਾਡੇ ਹੀ ਤਾਂ ਬੱਚੇ ਨੇ। ਬਹੁਤ ਖੁਸ਼ ਹੋਏ, ਭਰੇ ਦਰਬਾਰ ਵਿੱਚ ਉਹਨਾਂ ਇਹ ਗੱਲ ਸੰਗਤ ਨੂੰ ਸੁਣਾਈ।

ਇੱਕ ਵਾਰ ਮੈਂ ਦਰਸ਼ਨ ਕਰਨ ਲਈ ਨਾਮਧਾਰੀ ਦਰਬਾਰ ਵਿੱਚ ਗਿਆ ਤਾਂ ਕਹਿਣ ਲੱਗੇ, ਹੁਣ ਤਾਂ ਮੁਦਤਾਂ ਹੋ ਗਈਆਂ ਤੁਸੀਂ ਤਾਂ ਮਿਲੇ ਹੀ ਨਹੀਂ। ਮੈਂ ਕਿਹਾ, ਮੇਰੀਆਂ ਦੋ ਅਰਜ਼ਾਂ ਹਨ। ਇਕ ਤਾਂ ਇਹ ਕਿ ਤੁਸੀਂ ਤਾਂ ਹਮੇਸ਼ਾ ਮੇਰੇ ਨਾਲ ਹੁੰਦੇ ਹੋ। ਤੁਸੀਂ ਤਾਂ ਇੰਗਲੈਂਡ ਵਿੱਚ ਵੀ ਮੇਰੇ ਪਿਛੇ ਸੀ। ਮਿਲਣ ਤਾਂ ਉਸ ਨੂੰ ਜਾਈਦਾ ਜੋ ਆਪਣੇ ਤੋਂ ਦੂਰ ਹੋਵੇ। ਦੂਜੀ ਇਹ ਕਿ ਮੇਰੇ ਵਿਚਾਰ ਵਿੱਚ ਆਪਣੇ ਆਪ ਤਾਂ ਮੈਂ ਕੁਝ ਵੀ ਨਹੀਂ ਕਰਦਾ। ਮੇਰਾ ਤਾਂ ਇਥੋਂ ਤੱਕ ਯਕੀਨ ਹੈ ਕਿ ਆਪਣੇ ਆਪ ਤਾਂ ਕੋਈ ਨਾਮ ਵੀ ਨਹੀਂ ਜਪ ਸਕਦਾ, ਗੁਰਬਾਣੀ ਕਹਿੰਦੀ ਹੈ, ਤੁਧ ਭਾਵੇ ਤਾ ਨਾਮ ਜਪਾਵੈ॥ ਮੈਂ ਕੌਣ ਹੁੰਦਾ ਹਾਂ ਤੁਹਾਡੇ ਕੋਲ ਆਉਣ ਵਾਲਾ। ਉਹਨਾਂ ਦੇ ਚਿਹਰੇ ਤੋਂ ਅਸ਼ੀਰਵਾਦ ਝਲਕ ਰਿਹਾ ਸੀ ਤੇ ਸਨੇਹ ਦਾ ਹੜ੍ਹ ਵਗ ਰਿਹਾ ਸੀ, ਜਿਸ ਨੇ ਮਨ ਪ੍ਰਸੰਨ ਕਰ ਦਿਤਾ।

ਬੜੇ ਸੁਆਦ ਨਾਲ ਨਿਕਾ ਜਿਹਾ ਜੁਆਬ ਦੇ ਕੇ ਆਦਮੀ ਦੀ ਤਸੱਲੀ ਕਰਵਾ ਦਿੰਦੇ ਹਨ ਸਤਿਗੁਰੂ ਜਗਜੀਤ ਸਿੰਘ ਜੀ। ਇਕ ਵਾਰ ਮੈਂ ਭ੍ਰਿਸ਼ਟਾਚਾਰ ਬਾਰੇ ਗੱਲ ਕਰ ਰਿਹਾ ਸੀ ਕਿ ਸੜਕਾਂ ਵਿੱਚ ਮੁਰੰਮਤਾਂ ਤੋਂ ਬਾਅਦ ਤਿੰਨ ਚਾਰ ਮਹੀਨਿਆਂ ਵਿੱਚ ਹੀ ਮੁੜ ਟੋਏ ਪੈ

Namdhari Elibrary NamdhariElibrary@gmail.com

ਸਤਿਗੁਰੂ ਜੀ ਆਪਣੇ ਦੰਦਾਂ ਦੇ ਇਲਾਜ ਲਈ ਲੁਧਿਆਣੇ ਡਾਕਟਰ ਵੋਹਰਾ ਦੇ ਕਲੀਨਕ ਵਿੱਚ ਆਏ। ਸੇਵਾਦਾਰ ਨਾਲ ਸਨ। ਉਹਨਾਂ ਪਾਣੀ ਦਾ ਇਸਤੇਮਾਲ ਸਿਰਫ ਨਾਲ ਲਿਆਂਦੀ ਗਾਗਰ ਵਿੱਚੋਂ ਹੀ ਕੀਤਾ ਅਤੇ ਬਗੈਰ ਕਿਸੇ ਟੀਕੇ ਦੇ ਦੰਦਾਂ ਵਿੱਚ ਮਸ਼ੀਨੀ ਸੂਈਆਂ ਨਾਲ ਰੂਟ ਕੈਨਾਲਿੰਗ ਕਰਵਾਈ। ਮੈਂ ਮਗਰੋਂ ਪੁੱਛਿਆ, ਮਹਾਰਾਜ ਤੁਹਾਨੂੰ ਦੁਖ ਨਹੀਂ ਲੱਗਦਾ? ਕਹਿਣ ਲੱਗੇ, ਲੱਗਦਾ ਹੈ। ਜੇ ਮੈਂ ਹਾਏ ਹਾਏ ਕਹਾਂਗਾ ਤਾਂ ਦੁੱਖ ਲਗਣੋਂ ਹੱਟ ਜਾਏ ਗਾ? ਕਿੰਨੀ ਵੱਡੀ ਗੱਲ ਕਹਿ ਗਏ।

ਜਾਂਦੇ ਹਨ। ਕਹਿਣ ਲੱਗੇ ਜ਼ੁੰਮੇਵਾਰ ਲੋਕਾਂ ਦੇ ਢਿੱਡਾਂ ਦੇ ਟੋਏ ਬਹੁਤ ਡੂੰਘੇ ਹਨ। ਉਹ ਪਹਿਲੋਂ ਭਰਨ ਤਾਂ ਹੀ ਸੜਕਾਂ ਦੇ ਟੋਏ ਭਰਨਗੇ। ਇਨ੍ਹਾਂ ਦੇ ਢਿੱਡਾਂ ਦੇ ਟੋਏ ਤਾਂ ਹੋਰ ਡੂੰਘੇ ਹੁੰਦੇ ਜਾਂਦੇ ਨੇ।

ਇਹ ਤਾਂ ਕੁਝ ਜ਼ਾਤੀ ਤਜਬਰੇ ਹਨ। ਪਰ ਅਸਲੀ ਦੇਣ ਤਾਂ ਉਹਨਾਂ ਦੀ ਨਾਮਧਾਰੀ ਸਮਾਜ ਨੂੰ ਅੱਧੀ ਸਦੀ ਦੀ ਸੇਧ ਹੈ। ਇਸ ਅਰਸੇ ਦੌਰਾਨ ਨਾਮਧਾਰੀ ਸਮਾਜ ਨੇ ਆਪਣੀ ਹੋਂਦ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਕਾਇਮ ਕੀਤਾ ਹੈ। ਲੱਖਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀ ਦੇ ਪਾਠ ਕਰਾਏ ਹਨ। ਜਿਸ ਨਾਲ ਲੱਖਾਂ ਹਿਰਦੇ ਠੰਢੇ ਹੋਏ ਹਨ ਤੇ ਲੋਕਾਈ ਦਾ ਮਾਰਗ ਦਰਸ਼ਨ ਹੋਇਆ ਹੈ। ਕਹਿੰਦੇ ਹਨ ਜੇ ਇਕ ਪੱਥਰ ਨੂੰ ਵੀ ਠੰਢੇ ਪਾਣੀ ਵਿੱਚ ਰੱਖ ਦੇਈਏ ਤਾਂ ਪਾਣੀ ਉਸ ਦੇ ਅੰਦਰ ਤਾਂ ਭਾਵੇਂ ਨਹੀਂ ਜਾਏਗਾ, ਪਰ ਜਿੰਨੀ ਦੇਰ ਇਹ ਪੱਥਰ ਪਾਣੀ ਵਿੱਚ ਰਹੇਗਾ, ਠੰਢਾ ਤਾਂ ਰਹੇਗਾ ਹੀ। ਇਹੋ ਹਾਲਤ ਸੰਗਤ ਵਿੱਚ ਬੈਠੇ, ਬਾਣੀ ਪੜ੍ਹਦੇ, ਸੁਣਦੇ ਅਤੇ ਕੀਰਤਨ ਸਰਵਣ ਕਰਦੇ ਵਿਅਕਤੀ ਦੀ ਹੁੰਦੀ ਹੈ। ਕਿਨਾ ਵੀ ਪੱਥਰ ਦਿਲ ਇਨਸਾਨ ਹੋਵੇ, ਸੰਗਤ ਵਿੱਚ ਬੈਠਿਆਂ ਉਸਦਾ ਹਿਰਦਾ ਤਾਂ ਠੰਢਾ ਰਹਿੰਦਾ ਹੀ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਲੱਖਾਂ ਇਨਸਾਨਾਂ ਨੂੰ ਦਰਸ਼ਨ ਦੇ ਕੇ, ਉਹਨਾਂ ਦੇ ਸਿਰ ਹੱਥ ਰੱਖਕੇ ਉਹਨਾਂ ਦੇ ਦੁੱਖਾਂ ਨੂੰ ਨਵਿਰਤ ਕੀਤਾ ਹੈ ਅਤੇ ਹਿਰਦੇ ਠੰਢੇ ਕੀਤੇ ਹਨ। ਰਾਗ ਵਿਦਿਆ ਵਿੱਚ ਨਿਪੁੰਨ, ਉਨ੍ਹਾਂ ਨੇ ਬਹੁਤ ਉਚ ਕੋਟੀ ਦੇ ਰਾਗ ਸ਼ਾਸਤਰੀਆਂ ਨੂੰ ਵੀ ਸੇਧਾਂ ਦਿੱਤੀਆਂ ਹਨ। ਨਾਮਧਾਰੀ ਕੀਰਤਨੀ ਜਥੇ ਕੀਰਤਨ ਸਹੀ ਰਾਗਾਂ ਵਿੱਚ ਪਰਪੱਕਤਾ ਨਾਲ ਕਰਦੇ ਹਨ। ਇਹ ਸਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿੱਖਿਆ ਅਤੇ ਸੇਧ ਦਾ ਸਦਕਾ ਹੈ। ਨਿਪੁੰਨ ਰਾਗ ਸ਼ਾਸਤਰੀਆਂ ਨੂੰ ਬੁਲਾਕੇ ਉਹਨਾਂ ਤੋਂ ਰਾਗ ਵਿਦਿਆ ਦੀ ਸਿਖਿਆ ਦੁਆਈ ਅਤੇ ਉਨ੍ਹਾਂ ਨੂੰ ਬਹੁਤ ਹੀ ਪਿਆਰ ਨਾਲ ਸਨਮਾਨਿਤ ਵੀ ਕੀਤਾ। ਵੱਡੇ ਸੰਗੀਤ ਘਰਾਣਿਆਂ ਦੇ ਮਹਾਂਰਥੀ ਜੇ ਕੁਝ ਰਾਗ ਵਿਦਿਆ ਸਿਖਾ ਕੇ ਗਏ ਹਨ ਤੇ ਬਹੁਤ ਕੁਝ ਸਤਿਗੁਰਾਂ ਤੋਂ ਸਿੱਖ ਕੇ ਵੀ ਗਏ ਹਨ।

ਖੇਡਾਂ ਦੇ ਖੇਤਰ ਵਿੱਚ ਨਾਮਧਾਰੀ ਪਹਿਰਾਵੇ ਵਿੱਚ ਹਾਕੀ ਦੀ ਟੀਮ ਨੇ ਰਾਸ਼ਟਰੀ ਪੱਧਰ ਤੇ ਆਪਣਾ ਸਿੱਕਾ ਜਮਾਇਆ ਹੈ। ਵੱਡੇ ਪੈਮਾਨੇ ਤੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਦੇਣਾ ਅਤੇ ਉਨ੍ਹਾਂ ਨੂੰ ਬਰਾਬਰ ਦੇ ਹੱਕ ਪ੍ਰਦਾਨ ਕਰਨ ਇਹਨਾਂ ਦੀ ਦੇਣ ਹੈ। ਇਸ ਤਰ੍ਹਾਂ ਸਮਾਜ ਦੇ ਅੱਧੇ ਅਣਗੌਲੇ ਹਿਸੇ ਨੂੰ ਸਮਾਜ ਦੀ ਉੱਨਤੀ ਵਿੱਚ ਬਰਾਬਰ ਦਾ ਭਾਈਵਾਲ ਬਣਾਉਣਾ ਇੱਕ ਬਹੁਤ ਵੱਡੀ ਕ੍ਰਾਂਤੀ ਹੈ। ਸਮੂਹਿਕ ਵਿਆਹਾਂ ਦੀ ਪ੍ਰੰਪਰਾ ਨੂੰ ਬਿਨਾਂ ਅਵੱਲਾ ਖਰਚ ਕਰਨ ਤੋਂ ਪਰਪੱਕ ਕਰਨਾ ਇੱਕ ਵਡਮੁੱਲੀ ਕ੍ਰਾਂਤੀ ਹੈ। ਜਿਥੇ ਖੇਡ-ਕੁਦ ਜਿਸਮਾਨੀ ਤਾਕਤ ਬਖਸ਼ਦੀਆਂ ਹਨ। ਵਿਦਿਆ, ਧਾਰਮਿਕ ਜਾਗ੍ਰਿਤੀ, ਪਾਠ ਪੂਜਾ ਰੂਹਾਨੀ ਤੰਦਰੁਸਤੀ ਦਿੰਦੀਆਂ ਹਨ। ਆਰਥਿਕ ਖੁਸ਼ਹਾਲੀ ਅਤੇ ਸਮਾਜਿਕ ਮਿਲਵਰਤਨ ਅਤੇ ਇੱਕਮੁਠਤਾ ਸਵੈ-ਵਿਸ਼ਵਾਸ ਪੈਦਾ ਕਰਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਮਾਜ ਨੂੰ ਪੰਜਾਹ ਸਾਲ ਦੇ ਲੰਮੇ ਅਰਸੇ ਲਈ ਇਨ੍ਹਾਂ ਸਾਰਿਆਂ ਪੱਖਾਂ ਤੋਂ ਅਗਵਾਈ ਕੀਤੀ ਹੈ ਅਤੇ ਵੱਡਮੁਲੀਆਂ ਸੇਧਾਂ ਦਿੱਤੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੋਚਣੀ ਨੂੰ ਸਾਂਭ ਕੇ ਅੱਗੇ ਪ੍ਰਫੁਲਤ ਕੀਤਾ ਹੈ ਅਤੇ ਨਾਮਧਾਰੀ ਪ੍ਰੰਪਰਾ ਨੂੰ ਪਰਪੱਕਤਾ ਬਖਸ਼ੀ ਹੈ। ਮੈਂ ਨਾਮਧਾਰੀ ਸਮਾਜ ਅਤੇ ਸਤਿਗੁਰਾਂ ਦੇ ਸ਼ਰਧਾਲੂ ਪੈਰੋਕਾਰਾਂ ਨੂੰ ਸਤਿਗੁਰਾਂ ਦੀ ਗੱਦੀ ਗ੍ਰਹਿਣ ਕਰਨ ਦੀ ਡਾਇਮੰਡ ਜੁਬਲੀ ਤੇ ਵਧਾਈ ਦਿੰਦਾ ਹਾਂ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਸਤਿਗੁਰਾਂ ਨੂੰ ਲੰਮੇ ਸਮੇਂ ਲਈ ਸਿਹਤ ਬਖਸ਼ੇ ਤਾਂ ਜੋ ਨਾਮਧਾਰੀ ਸਮਾਜ ਅਤੇ ਉਹਨਾਂ ਦੇ ਸ਼ਰਧਾਲੂ ਉਹਨਾਂ ਦੇ ਦਰਸ਼ਨ ਨਾਲ ਭਰਪੂਰ ਫੈਜ਼ਯਾਬ ਹੁੰਦੇ ਰਹਿਣ। ■

Namdhari Elibrary NamdhariElibrary@gmail.com

ਕੌਤਕੀ ਸਤਿਗੁਰੂ

✍ ਮਾਲਵਿੰਦਰਜੀਤ ਸਿੰਘ ਵੜੈਚ

ਮੁਸਕਰਾਹਟਾਂ ਬਿਖੇਰਦਾ ਮੁਖੜਾ ਮੈਨੂੰ ਅਜੇ ਤੀਕ ਨਹੀਂ ਭੁਲਿਆ। ਮੈਨੂੰ ਬਾਬਾ ਸੋਹਨ ਸਿੰਘ ਭਕਨਾ ਨਾਲ ਹੋਈ ਸਤਿਗੁਰਾਂ ਦੀ ਵਾਰਤਾਲਾਪ ਦੀ ਟੇਪ ਬਾਰੇ ਜਾਨਣ ਦੀ ਉਤਸੁਕਤਾ ਸੀ ਤੇ ਪੁਛਿਆ ਕਿ ਕੀ ਉਹ ਟੇਪ ਸੰਭਾਲ ਕੇ ਰੱਖੀ ਗਈ ਹੈ, ਤਾਂ ਮੁਸਕਰਾਂਦੇ ਹੋਏ ਸਤਿਗੁਰੂ ਜੀ ਨੇ ਫਰਮਾਇਆ, "ਕੀ ਉਹ ਗਵਾਉਣ ਵਾਲੀ ਚੀਜ਼ ਹੈ।"

ਨਾਮਧਾਰੀ ਲਹਿਰ ਤੇ ਨਾਮਧਾਰੀ ਪ੍ਰੰਪਰਾ ਬਾਰੇ ਸਭ ਤੋਂ ਪਹਿਲਾਂ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਪਾਸੋਂ ਕਾਫੀ ਵਿਸਥਾਰ ਵਿਚ ਜਾਨਣ ਦਾ ਮੌਕਾ ਮਿਲਿਆ, ਜਿਹਨਾਂ ਦੇ ਪਹਿਲੀ ਵਾਰ 6 ਜੂਨ 1966 ਨੂੰ ਭਕਨੇ ਦਰਸ਼ਨ ਕੀਤੇ ਸੀ, ਤੇ ਉਹਨਾਂ ਦੇ 20 ਦਸੰਬਰ 1968 ਨੂੰ ਸਦੀਵੀਂ ਵਿਛੋੜਾ ਦੇਣ ਤੱਕ ਲਗਾਤਾਰ ਮੇਲ ਮਿਲਾਪ ਹੁੰਦਾ ਰਿਹਾ ਸੀ। ਫੇਰ ਜਦ 1967 ਵਿਚ ਉਹਨਾਂ ਆਪਣੀ ਆਤਮ ਕਥਾ "ਜੀਵਨ ਸੰਗਰਾਮ" ਉਰਦੂ ਅੱਖਰਾਂ ਵਿੱਚ ਲਿਖੀ ਸੀ ਤੇ ਜਿਸਦਾ ਪੰਜਾਬੀ ਰੂਪਾਂਤਰ ਮੈਨੂੰ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ, ਇਸ ਪੁਸਤਕ ਵਿਚ ਉਹਨਾਂ ਨੇ ਆਪਣੇ ਨਾਮਧਾਰੀ ਪਿਛੋਕੜ ਬਾਰੇ ਖੁਲ੍ਹ ਕੇ ਲਿਖਿਆ ਹੋਇਆ ਸੀ।

ਬਾਬਾ ਜੀ ਦੀ 17-18 ਨਵੰਬਰ 1968 ਵਾਲੀ ਲੁਧਿਆਣੇ ਸਾਡੇ ਪਾਸ ਆਖਰੀ ਫੇਰੀ ਦੌਰਾਨ ਉਹਨਾਂ ਜ਼ਿਕਰ ਕੀਤਾ ਕਿ ਦਿਵਾਲੀ ਤੋਂ ਕੁਝ ਕੁ ਪਹਿਲਾਂ ਸਤਿਗੁਰਾਂ ਨੇ ਭਕਨੇ ਦਰਸ਼ਨ ਦਿਤੇ ਸੀ ਤੇ ਬਾਬਾ ਸੋਹਨ ਸਿੰਘ ਭਕਨਾ ਨੇ ਨਾਮਧਾਰੀ ਲਹਿਰ ਬਾਰੇ ਆਪਣੇ ਅਨੁਭਵ ਪ੍ਰਗਟਾਏ ਸੀ, ਜੋ ਟੇਪ ਰਿਕਾਰਡ ਵੀ ਕੀਤੇ ਗਏ ਸਨ। ਨਾਲੇ ਬਾਬਾ ਜੀ ਨੇ ਇਹ ਵੀ ਉਚੇਚੇ ਤੌਰ ਤੇ ਦੱਸਿਆ ਸੀ ਕਿ ਸਤਿਗੁਰੂ ਜੀ ਨਾਲ ਸ਼ੁੱਧ ਗੌਕਾ ਘਿਉ ਵੀ ਲੈ ਕੇ ਆਏ ਸਨ। ਕੁਝ ਹੀ ਦਿਨ ਪਿਛੋਂ ਖਬਰ ਆਈ ਕਿ ਬਾਬਾ ਜੀ ਕਾਫੀ ਢਿੱਲੇ ਹਨ ਤੇ ਨਵੰਬਰ ਦੇ ਅਖੀਰ ਵਿਚ ਮੈਂ ਭਕਨੇ ਪਹੁੰਚ ਕੇ ਦੋ ਕੁ ਹਫਤੇ ਬਾਬਾ ਜੀ ਦੀ ਹਾਜ਼ਰੀ ਭਰੀ। ਸਾਰਿਆਂ ਦੇ ਜ਼ੋਰ ਦੇਣ ਤੇ ਬਾਬਾ ਜੀ 9 ਦਸੰਬਰ 1968 ਨੂੰ ਅੰਮ੍ਰਿਤਸਰ ਸਿਵਲ ਹਸਪਤਾਲ ਦਾਖਲ ਕਰਵਾਏ ਗਏ ਜਿਥੇ ਕਿ ਪਹਿਲੀ ਵਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ ਸੀ।

ਮੌਕਾ ਮੇਲ ਇਸ ਤਰ੍ਹਾਂ ਦਾ ਬਣਿਆ ਕਿ ਬਾਬਾ ਜੀ ਨੇ ਕਿਸੇ ਕੀਮਤ ਤੇ ਸਪੈਸ਼ਲ ਵਾਰਡ ਵਿਚ ਰਹਿਣਾ ਨਹੀਂ ਸੀ ਮੰਨਿਆ ਕਿ ਮੈਂ ਸਾਰੀ ਉਮਰ ਲੋਕਾਂ ਵਿਚ ਬਿਤਾਈ ਹੈ, ਤੇ ਮੈਂ ਸਧਾਰਨ ਜਨਰਲ ਵਾਰਡ ਵਿਚ ਹੀ ਰਹਾਂਗਾ। ਮੱਧ ਦਸੰਬਰ 1968 ਦੇ ਓਹਨੀਂ ਦਿਨੀਂ ਸਤਿਗੁਰੂ ਜੀ ਕਿਤੇ ਦੂਰ ਦੁਰੇਡੇ ਗਏ ਹੋਏ ਸਨ, ਵਾਪਸੀ ਤੇ ਜਦ ਬਾਬਾ ਜੀ ਦੀ ਖਬਰ ਸਾਰ ਲੈਣ ਹਸਪਤਾਲ ਪਹੁੰਚੇ, ਤਾਂ ਉਸ ਵਕਤ ਤੇ ਬਾਹਰੋਂ ਆਉਣ ਵਾਲਿਆਂ ਦੇ ਅੰਦਰ ਆਉਣ ਦੀ ਮਨਾਹੀ ਸੀ। ਹਸਪਤਾਲ ਦੇ ਕਰਮਚਾਰੀ ਉਜ਼ਰ ਕਰ ਰਹੇ ਸਨ ਤੇ ਜਦ ਮੈਨੂੰ ਪਤਾ ਲੱਗਾ, ਤਾਂ ਫੌਰਨ ਉਥੇ ਜਾ ਕੇ ਡਿਉਟੀ ਵਾਲੇ ਦੇ ਕੰਨ ਵਿਚ ਦੱਸਿਆ ਕਿ ਇਹ ਸਤਿਗੁਰੂ ਜੀ ਹਨ ਤਾਂ ਉਹਨੇ ਸਤਿਕਾਰ ਸਹਿਤ ਅੰਦਰ ਜਾਣ ਦਿੱਤਾ। ਪਰ ਸਤਿਗੁਰੂ ਜੀ ਦੇ ਸ਼ਾਂਤ ਚਿੱਤ ਮੁਖੜੇ ਦਾ ਪ੍ਰਭਾਵ ਮੇਰੇ ਮਨ ਮਸਤਕ ਵਿਚ ਉਵੇਂ ਦਾ ਉਵੇਂ ਕਾਇਮ ਹੈ।

ਸ੍ਰੀ ਸਤਿਗੁਰੂ ਜੀ ਵਾਰਡ ਵਿਚ ਪਹੁੰਚ ਕੇ ਬਾਬਾ ਜੀ

Namdhari Elibrary NamdhariElibrary@gmail.com

ਨਾਲ ਬਚਨ ਬਿਲਾਸ ਕੀਤੇ ਤੇ ਜਦੋਂ ਹਸਪਤਾਲ ਦੇ ਬਾਹਰ ਆਏ ਤਾਂ ਮੈਨੂੰ ਮੇਰੇ ਬਾਰੇ ਪੁਛਣ ਤੇ ਮੈਂ ਦੱਸਿਆ ਕਿ ਮੈਂ ਲੁਧਿਆਣੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਪੜ੍ਹਾਉਂਦਾ ਹਾਂ ਤਾਂ ਸਤਿਗੁਰਾਂ ਦੇ ਇਹ ਬਚਨ ਕਿ "ਅਸੀਂ ਜਦੋਂ ਲੁਧਿਆਣੇ ਆਵਾਂਗੇ ਤਾਂ ਦਰਸ਼ਨ ਕਰਾਂਗੇ।" ਸੁਣਕੇ ਮੈਂ ਕਿਸੇ ਦੂਸਰੀ ਦੁਨੀਆਂ ਵਿਚ ਪਹੁੰਚੇ ਹੋਏ ਮਹਿਸੂਸ ਕੀਤਾ। ਮੇਰੇ ਪੁਛਣ ਤੇ ਸ੍ਰੀ ਸਤਿਗੁਰੂ ਜੀ ਨੇ ਦੱਸਿਆ ਕਿ ਲੁਧਿਆਣੇ ਨਾਮਧਾਰੀ ਧਰਮਸ਼ਾਲਾ ਹੈ ਜਿਥੇ ਜਸਵੰਤ ਸਿੰਘ ਸੇਵਾਦਾਰ ਹਨ। ਤੁਰਨ ਲੱਗੇ ਤਾਂ ਕੁਝ ਭਾਵੁਕ ਹੋ ਕੇ ਕਹਿੰਦੇ ਨੇ "ਅਵਲ ਤਾਂ ਸਾਡੀ ਅਰਦਾਸ ਹੈ ਕਿ ਬਾਬਾ ਜੀ ਠੀਕ ਠਾਕ ਰਹਿਣ ਪਰ ਜੇ ਜਾਣਾ ਹੀ ਤਾਂ ਆਪਣੇ ਭਕਨਾ ਵਿਖੇ ਅਰਾਮ ਤੋਂ ਜਾਣ".... ਮੈਨੂੰ ਲੱਗਿਆ ਕਿ ਠੀਕ ਇਹੋ ਬਾਬਾ ਜੀ ਦੀ ਦਿਲੀ ਕਾਮਨਾ ਸੀ, ਕਿਉਂ ਜੋ ਹਸਪਤਾਲ ਉਹਨਾਂ ਨੂੰ ਸੁਖਾ ਨਹੀਂ ਸੀ ਰਿਹਾ।

23 ਮਾਰਚ 1969 ਮੁਠੱਡਾ, ਫਿਲੌਰ, ਜਲੰਧਰ ਵਿਖੇ ਸਜੇ ਦਿਵਾਨਾਂ ਵਿੱਚ ਸਤਿਗੁਰਾਂ ਕੋਲ ਹਾਜ਼ਰ ਹੋਇਆ ਤਾਂ ਉਹਨਾਂ ਦਾਸ ਨੂੰ ਪਛਾਣਨ ਵਿਚ ਪਲ ਛਿਣ ਵੀ ਨਹੀਂ ਲਾਇਆ ਤੇ ਮੁਸਕਰਾਹਟਾਂ ਬਿਖੇਰਦਾ ਮੁਖੜਾ ਮੈਨੂੰ ਅਜੇ ਤੀਕ ਨਹੀਂ ਭੁਲਿਆ। ਮੈਨੂੰ ਬਾਬਾ ਜੀ ਨਾਲ ਹੋਈ ਸਤਿਗੁਰਾਂ ਦੀ ਵਾਰਤਾਲਾਪ ਦੀ ਟੇਪ ਬਾਰੇ ਜਾਨਣ ਦੀ ਉਤਸੁਕਤਾ ਸੀ ਤੇ ਪੁਛਿਆ ਕਿ ਕੀ ਉਹ ਟੇਪ ਸੰਭਾਲ ਕੇ ਰੱਖੀ ਗਈ ਹੈ, ਤਾਂ ਮੁਸਕਰਾਂਦੇ ਹੋਏ ਸਤਿਗੁਰੂ ਜੀ ਨੇ ਫਰਮਾਇਆ, "ਕੀ ਉਹ ਗਵਾਉਣ ਵਾਲੀ ਚੀਜ਼ ਹੈ।"

ਉਸ ਤੋਂ ਪਿਛੋਂ ਤਰੀਕਵਾਰ ਤੇ ਯਾਦ ਨਹੀਂ ਰਿਹਾ ਪਰ ਗਾਹੇ ਬਗਾਹੇ ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੀ ਹਾਜ਼ਰੀ ਭਰਦਾ ਰਿਹਾ ਸਾਂ। ਮੇਰੇ ਆਪਣੇ ਪਾਸ ਬਾਬਾ ਭਕਨਾ ਜੀ ਤੇ ਹੋਰ ਦੇਸ਼ ਭਗਤਾਂ ਦੀਆਂ ਕੁਝ ਟੇਪਾਂ ਪਈਆਂ ਸਨ, ਉਹ ਪੁਰਾਣੇ ਢੰਗ ਦੀਆਂ ਸਪੂਲੀਆ ਟੇਪਾਂ ਸਨ। ਇਸ ਸੰਬੰਧ ਵਿਚ ਕੁਝ ਕੁ ਵਾਰ ਸ੍ਰੀ ਭੈਣੀ ਸਾਹਿਬ ਸੰਤ ਗੁਰਮੁਖ ਸਿੰਘ ਵੀਡੀਓ ਵਾਲਿਆਂ ਦੇ ਉਦਮ ਨਾਲ ਨਵੀਆਂ ਕੈਸਟਾਂ ਤੇ ਦਰਜ ਕਰਾਉਣ ਲਈ ਜਾਂਦਾ ਰਿਹਾ ਸਾਂ, ਤੇ ਜਦੋਂ ਵੀ ਸਤਿਗੁਰੂ ਜੀ ਨਾਲ ਇਸਦਾ ਜ਼ਿਕਰ ਕਰਦਾ ਸਾਂ, ਤਾਂ ਉਹਨਾਂ ਨੂੰ ਬਹੁਤ ਪ੍ਰਸੰਨਤਾ ਹੁੰਦੀ ਤੇ ਸੰਤ ਗੁਰਮੁਖ ਸਿੰਘ ਨੂੰ ਕਹਿੰਦੇ, "ਇਹਨਾਂ ਦਾ ਕੰਮ ਵਧੀਆ ਕਰਨਾ ਹੈ।"

31 ਦਸੰਬਰ 1997 ਨੂੰ ਮੈਂ ਪਰਿਵਾਰ ਸਮੇਤ ਸਤਿਗੁਰੂ ਜੀ ਦੇ ਦੁਪਹਿਰ ਵੇਲੇ ਦੀ ਖਿੜੀ ਹੋਈ ਧੁਪ ਵਿੱਚ ਦਰਸ਼ਨ ਕੀਤੇ ਤੇ ਫੇਰ ਟੇਪਾਂ ਦਾ ਜ਼ਿਕਰ ਹੋਇਆ - ਸਤਿਗੁਰੂ ਜੀ ਦੇ ਮਨ ਮਿਹਰ ਪਈ ਤੇ ਉਹਨਾਂ ਗੁਰਮੁਖ ਸਿੰਘ ਹੋਰਾਂ ਨੂੰ

ਸਤਿਗੁਰੂ ਜੇਹੀ ਮਹਾਨ ਆਤਮਾ ਨਾਲ ਚਾਲੀ ਸਾਲ ਤੋਂ ਵੀ ਵੱਧ ਅਰਸਾ ਮੈਂ ਉਹਨਾਂ ਦੇ ਅਸ਼ੀਰਵਾਦ ਦਾ ਪਾਤਰ ਬਣ ਸਕਿਆ ਹਾਂ - ਕਿਥੇ ਮੈਂ ਬਚਪਨ ਵਿਚ ਆਪਣੇ ਨਾਨਕਿਆਂ, ਜੋ ਸਿਆਲਕੋਟ ਜ਼ਿਲੇ ਦੀ ਨਾਰੋਵਾਲ ਤਹਿਸੀਲ ਵਿੱਚ ਸਨ, ਵਲੋਂ ਸ੍ਰੀ ਭੈਣੀ ਸਾਹਿਬ ਤੇ ਭੈਣੀ ਸਾਹਿਬ ਵਾਲਿਆਂ ਬਾਰੇ ਸੁਣਿਆਂ ਕਰਦਾ, ਤਾਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਕਿਆਸ ਕਰ ਸਕਿਆ ਕਿ ਜ਼ਿੰਦਗੀ ਵਿੱਚ ਉਹੋ ਸ੍ਰੀ ਭੈਣੀ ਸਾਹਿਬ ਨਾਲ ਐਨੀ ਨੇੜਲੀ ਸਾਂਝ ਭਿਆਲੀ ਦਾ ਸੁਭਾਗ ਪ੍ਰਾਪਤ ਹੋਵੇਗਾ, ਜਿਵੇਂ ਆਪਣੇ ਨਾਨਕੇ ਹੀ ਹੋਵਣ।

ਕਿਹਾ ਕਿ "ਆਪਣੇ ਵਾਲੀਆਂ ਬਾਬਾ ਜੀ ਦੀਆਂ ਟੇਪਾਂ ਦੀ ਨਕਲ ਵੀ ਇਹਨਾਂ ਨੂੰ ਦੇ ਦੇਣੀ, ਇਹਨਾਂ ਦੇ ਕੰਮ ਆ ਜਾਣਗੀਆਂ।"

ਦਾਸ ਦੀ ਤਾਂ ਸਮਝੋ ਲਾਟਰੀ ਲੱਗ ਗਈ। ਮੈਂ ਕਦੀ ਵੀ ਮੂੰਹੋਂ ਨਹੀਂ ਸੀ ਕਹਿ ਸਕਣਾ ਕਿ ਇਹਨਾਂ ਦੀ ਮੈਨੂੰ ਲੋੜ ਹੈ, ਪਰ ਮੈਨੂੰ ਉਹਨਾਂ ਦਾ ਹੁਕਮ ਸੁਣਕੇ ਇੰਜ ਲੱਗਾ ਕਿ ਸ੍ਰੀ ਸਤਿਗੁਰੂ ਜੀ ਨੇ ਬਿਨ ਬੋਲਿਆਂ ਹੀ ਸਭ ਕੁਝ ਬੁੱਝ ਲਿਆ ਹੈ ਕਿ "ਇਸਨੂੰ" ਕੀ ਚਾਹੀਦਾ ਹੈ।

ਨਵੰਬਰ 1989 ਵਿਚ ਮੈਂ ਨੌਕਰੀਓਂ ਮੁਕਤ ਹੋ ਕੇ ਚੰਡੀਗੜ੍ਹ ਆ ਗਿਆ, ਸੰਜੋਗ ਨਾਲ ਪ੍ਰਸਿੱਧ ਇਤਿਹਾਸਕਾਰ ਭਾਈ ਨਾਹਰ ਸਿੰਘ ਐਮ. ਏ. ਵੀ ਲਗਭਗ ਓਹਨੀਂ ਦਿਨੀਂ ਦਿੱਲੀਓਂ ਚੰਡੀਗੜ੍ਹ ਆ ਗਏ ਹੋਏ ਸਨ ਤੇ ਮੇਰਾ 1988 ਦੌਰਾਨ ਹੀ ਉਹਨਾਂ ਨਾਲ ਡਾਕ ਰਾਹੀਂ ਸੰਪਰਕ ਬਣ ਚੁੱਕਿਆ ਸੀ। ਉਹਨਾਂ ਦੀ ਸੰਗਤ ਕਰਦਿਆਂ ਨਾਮਧਾਰੀ ਲਹਿਰ ਬਾਰੇ ਵੀ ਕਾਫੀ ਜਾਣਕਾਰੀ ਹਾਸਿਲ ਹੋਈ ਤੇ ਦੋ ਕੁ ਵਾਰੀ ਉਹਨਾਂ ਦੇ ਨਾਲ ਸਤਿਗੁਰਾਂ ਦੇ ਦਰਸ਼ਨ ਵੀ ਕੀਤੇ।

19 ਮਾਰਚ 1998 ਨੂੰ ਭਾਈ ਸਾਹਿਬ ਦੇ ਚਲਾਣੇ ਤੋਂ ਕੁਝ ਹੀ ਦਿਨਾਂ ਪਿਛੋਂ ਆਪ ਜੀ ਨੂੰ ਸੰਤ ਤਰਨ ਸਿੰਘ ਵਹਿਮੀ ਅਵਾਰਡ ਨਾਲ ਨਿਵਾਜਿਆ ਗਿਆ ਸੀ। ਜਿਥੇ ਉਹਨਾਂ ਦੇ ਪੁੱਤਰ ਬ੍ਰਿਗੇਡੀਅਰ ਇਕਬਾਲ ਸਿੰਘ ਨੇ ਅਵਾਰਡ ਪ੍ਰਾਪਤ ਕੀਤਾ, ਓਥੇ ਉਹਨਾਂ ਨਾਲ ਮੈਂ ਵੀ ਉਸ ਸਮਾਗਮ ਵਿਚ ਸ਼ਾਮਲ ਹੋਇਆ ਸੀ।

ਪਿਛੇ ਜਾ ਕੇ ਜੂਨ 1998 ਵਿਚ ਦਾਸ ਨੂੰ 1999 ਦੇ ਆਨੰਦਪੁਰ ਸਾਹਿਬ ਵਾਲੇ ਤ੍ਰੈਸ਼ਤਾਬਦੀ ਸਮਾਰੋਹ ਵੇਲੇ ਸਿੱਖ ਇਤਿਹਾਸ ਦੇ ਪ੍ਰਸੰਗ ਵਿਚ ਕੂਕਾ ਲਹਿਰ ਬਾਰੇ ਕੁਝ ਲਿਖਣ ਵਾਸਤੇ ਕਿਹਾ ਗਿਆ, ਜੋ ਮੈਂ ਲਿਖ ਦਿੱਤਾ।

Namdhari Elibrary NamdhariElibrary@gmail.com

ਸੰਪਾਦਕ ਨੇ ਮੇਰੇ ਬੈਠੇ ਹੀ ਪੜ੍ਹ ਲਿਆ, ਪਸੰਦ ਵੀ ਕੀਤਾ ਤੇ ਕਿਹਾ 1872 ਵਾਲੇ 66 ਸ਼ਹੀਦਾਂ ਦੀ ਸੂਚੀ ਵੀ ਲਾ ਦਈਏ। ਮੈਂ ਸਹਿਜ ਭਾ ਹਾਂ ਕਰ ਦਿਤੀ ਕਿ ਇਹ ਕਿਹੜਾ ਔਖਾ ਕੰਮ ਹੈ। ਪਰ ਜਦੋਂ ਫੋਲ-ਟੋਲ ਕੀਤੀ ਤਾਂ ਪਤਾ ਲੱਗਾ ਕਿ 18 ਜਨਵਰੀ 1872 ਵਾਲੇ 16 ਸ਼ਹੀਦਾਂ ਦੀ ਪ੍ਰਮਾਣੀਕ ਸੂਚੀ ਤਾਂ ਹੈ ਪਰ 17 ਤਾਰੀਕ ਵਾਲੀਆਂ ਕਈ ਸੂਚੀਆਂ ਹਨ ਤੇ ਕੋਈ ਇੱਕ ਵੀ ਦੂਜੀ ਨਾਲ ਮੇਲ ਨਹੀਂ ਖਾਂਦੀ।

ਉਪਰੰਤ 21 ਫਰਵਰੀ 1999 ਨੂੰ ਅਗਲੇਰੇ ਸੰਤ ਤਰਨ ਸਿੰਘ ਵਹਿਮੀ ਅਵਾਰਡ ਸਮਾਗਮ ਤੇ ਸ੍ਰੀ ਭੈਣੀ ਸਾਹਿਬ ਪਹੁੰਚਦਿਆਂ ਹੀ ਪੁਛ ਪੜਤਾਲ ਕੀਤੀ ਕਿ ਕੀ ਇਹ ਸੂਚੀ ਕਿਤੇ ਉਪਲਬਧ ਹੈ - ਜਵਾਬ : ਕੋਈ ਨਹੀਂ ! ਜਦ ਦਾਸ ਨੂੰ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਸੰਗਤ ਨੂੰ ਸੰਬੋਧਨ ਕਰਨ ਦਾ ਹੁਕਮ ਹੋਇਆ, ਤਾਂ ਮੈਂ ਬਾਬਾ ਸੋਹਨ ਸਿੰਘ ਭਕਨਾ ਦੇ ਜੀਵਨ ਸੰਗਰਾਮ ਦੇ ਅਖੀਰਲੇ ਵਾਕ "ਇਹ ਠੀਕ ਹੈ ਕਿ ਮੈਂ ਰੱਬ ਦੇ ਨਾਂ ਦੀ ਮਾਲਾ ਤਾਂ ਨਹੀਂ ਫੇਰਦਾ ਪਰ ਉਹਨਾਂ ਦੁਨੀਆਂ ਭਰ ਦੇ ਸ਼ਹੀਦਾਂ ਦੇ ਨਾਂ ਦੀ ਮਾਲਾ ਜ਼ਰੂਰ ਫੇਰਦਾ ਹਾਂ। ਇਹੀ ਮੇਰਾ ਅਕੀਦਾ ਹੈ, ਤੇ ਇਹੀ ਮੇਰਾ ਧਰਮ ਹੈ।" ਦੁਹਾਰਾਉ ਯਾਚਨਾ ਕੀਤੀ ਕਿ ਮੈਨੂੰ ਆਪਣੀ ਮਾਲਾ ਖਾਤਰ ਉਹਨਾਂ 66 ਮਣਕਿਆਂ ਦੀ ਤਲਾਸ਼ ਹੈ - ਕੀ ਕਰਾਂ?

ਸਤਿਗੁਰੂ ਜੀ ਉਸੇ ਵੇਲੇ ਪਿਆਰੀ ਮੁਸਕਰਾਹਟ ਬਖੇਰਦਿਆਂ ਫਰਮਾਇਆ "ਇਹ ਤੁਸਾਂ ਹੀ ਲੱਭਣੀ ਹੈ।"

"ਜਿਹੜਾ ਬੋਲੇ ਉਹੋ ਕੁੰਡਾ ਖੋਲੇ" ਵਾਲੀ ਗੱਲ ਹੋਈ।

ਤੇ ਫਿਰ ਅੱਕੀਂ ਪਲਾਹੀਂ ਹੱਥ ਮਾਰਦਿਆਂ ਇਕ ਸੂਚੀ ਤਿਆਰ ਕਰਕੇ "ਵਰਿਆਮ" ਵਿਚ ਛਪਵਾਈ ਪਰ ਸੂਬਾ ਸੁਰਿੰਦਰ ਕੌਰ ਖਰਲ ਵਰਗੇ ਖੋਜੀਆਂ ਨੇ ਬਿਲਕੁਲ ਜਾਇਜ਼ ਸਵਾਲ ਉਠਾਏ ਜਿਨ੍ਹਾਂ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਸੀ। ਬਾਰ ਬਾਰ ਭਾਈ ਨਾਹਰ ਸਿੰਘ ਦਾ ਕਥਨ ਕਿ "ਮੈਂ ਪਟਿਆਲੇ ਵਾਲਾ ਰਿਆਸਤੀ ਰਿਕਾਰਡ ਨਹੀਂ ਵੇਖ-ਘੋਖ ਸਕਿਆ, ਉਥੇ ਬਹੁਤ ਕੁਝ ਅਣਗੌਲਿਆ ਹੀ ਪਿਆ ਹੈ।" ਯਾਦ ਆਏ ਤੇ ਅਖੀਰ 11 ਦਸੰਬਰ 2003 ਨੂੰ ਪਟਿਆਲੇ ਵਾਲੇ ਮਿਸਲਖਾਨੇ ਵਿੱਚ ਸ੍ਰੀ ਮਹੀਓਦੀਨ ਦੇ ਸਹਿਯੋਗ ਨਾਲ ਕੁਝ ਸੰਕੇਤ ਪ੍ਰਾਪਤ ਕੀਤੇ, ਜਿਥੋਂ ਕੁਝ ਆਸ ਬੱਝੀ ਕਿ ਸ਼ਾਇਦ ਇਥੇ ਕੰਮ ਬਣ ਜਾਏ। ਰਿਕਾਰਡ ਦੀ ਅਦਲਾ ਬਦਲੀ ਹੋ ਜਾਣ ਕਰਕੇ ਮੇਰੀ ਅਗਲੀ ਫੇਰੀ 27 ਅਪਰੈਲ 2005 ਨੂੰ ਹੀ ਸੰਭਵ ਹੋ ਸਕੀ, ਜੋ ਮੇਰੇ ਅਜ਼ੀਜ਼ ਸ਼ਗਿਰਦ ਵਰਿੰਦਰ ਕੁਮਾਰ ਤੇ ਸ੍ਰੀ ਮਹੀਓਦੀਨ ਦੇ ਸਹਿਯੋਗ ਦੁਆਰਾ ਲਾਹੇਵੰਦ ਸਾਬਤ ਹੋਈ ਤੇ ਮੇਰੀ ਮਨੋਕਾਮਨਾ ਪੂਰੀ ਹੋਈ।

ਇਹ ਲਿਸਟ ਟੁੱਟੀ ਫੁੱਟੀ ਉਰਦੂ ਲਿਪੀ ਵਿੱਚ ਹੋਣ ਕਰਕੇ ਠੀਕ ਪੜ੍ਹੀ ਵੀ ਨਹੀਂ ਸੀ ਜਾ ਸਕਦੀ ਤੇ ਅਖੀਰ 20 ਮਈ 2005 ਨੂੰ ਜਦ ਇਸਦਾ ਕੁਝ ਮੂੰਹ ਸਿਰ ਬਣਿਆ ਤਾਂ ਮੈਂ ਸ. ਬਖਸ਼ੀਸ਼ ਸਿੰਘ ਹੋਰਾਂ ਨੂੰ 17 ਸੈਕਟਰ ਉਹਨਾਂ ਦੀ ਦੁਕਾਨ ਤੇ ਦੱਸਿਆ, ਜਿਨ੍ਹਾਂ ਦੀ ਖੁਸ਼ੀ ਦਾ ਕੋਈ ਹਿਸਾਬ ਨਾ ਸੀ। ਮੈਨੂੰ ਉਹਨਾਂ ਸ਼ਾਮੀ ਫੋਨ ਤੇ ਦੱਸਿਆ ਕਿ ਉਹਨਾਂ ਨੇ ਫੋਨ ਤੇ ਸਤਿਗੁਰੂ ਜੀ ਨੂੰ ਸੂਚਿਤ ਕੀਤਾ ਹੈ, ਜੋ ਉਸ ਵੇਲੇ ਥਾਈਲੈਂਡ ਦੀ ਫੇਰੀ ਤੇ ਸਨ ਤੇ ਬਹੁਤ ਪ੍ਰਸੰਨ ਹੋਏ ਨੇ।

25-5-2005 ਵਾਲੇ ਦਿਨ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਨੂੰ ਲਿਸਟ ਭੇਟ ਕੀਤੀ, ਤਾਂ ਉਹਨਾਂ ਦਾ ਦਿੱਤਾ ਥਾਪੜਾ ਮੇਰੇ ਲਈ ਵੱਡੇ ਤੋਂ ਵੱਡੇ ਸਨਮਾਨ ਨੂੰ ਵੀ ਮਾਤ ਪਾਉਣ ਤੁਲ ਸੀ। ਪਿਛੋਂ ਉਸੇ ਲਿਸਟ ਦੀਆਂ ਰਹਿੰਦੀਆਂ ਤਰੁਟੀਆਂ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਦੇ ਬਹੁਮੁੱਲੇ ਸਹਿਯੋਗ ਨਾਲ ਦੂਰ ਕਰਕੇ ਇਹ ਲਿਸਟ ਨਜ਼ਰ ਕਰ ਦਿੱਤੀ ਗਈ।

ਏਸੇ ਦੌਰਾਨ 2003 ਦੇ ਦਸੰਬਰ ਮਹੀਨੇ ਵਿੱਚ ਦਾਸ ਨੇ ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਵਿਚ ਕੂਕਾ ਲਹਿਰ ਨੂੰ ਅਜ਼ਾਦੀ ਲਹਿਰਾਂ ਦੀ ਸੂਚੀ ਵਿਚ ਸ਼ਾਮਲ ਕਰਾਉਣ ਖ਼ਾਤਰ ਪੀ. ਆਈ. ਐਲ. (ਜਨ ਹਿਤ ਪਟੀਸ਼ਨ) ਦਾਇਰ ਕੀਤੀ ਤੇ ਜਦੋਂ ਸਰਕਾਰ ਨੇ ਪੈਂਦੀ ਸੱਟੇ ਕਿਹਾ ਕਿ ਇਹ ਤਾਂ ਨਿਰੋਲ ਧਾਰਮਿਕ ਲਹਿਰ ਹੀ ਸੀ, ਤਾਂ ਹਰ ਪਾਸੇ ਹਾਹਾਕਾਰ ਮਚ ਗਈ। ਪਿਛੋਂ ਜਾ ਕੇ ਸਰਕਾਰ ਕੁਝ ਕੁ ਸਰਕੀ ਪਰ ਪੂਰਨ ਰੂਪ ਵਿਚ ਇਹ ਮਾਮਲੇ ਬਹੁਤ ਪਛੜ ਕੇ ਅਥਵਾ ਦਸੰਬਰ 2008 ਵਿਚ ਜਾ ਕੇ ਹੱਲ ਹੋਏ। ਏਸ ਪਰਥਾਏ ਜਦੋਂ ਵੀ ਸਤਿਗੁਰੂ ਜੀ ਦੇ ਦਰਸ਼ਨ ਹੋਏ ਉਹਨਾਂ ਨੇ ਇਸ ਮਾਮਲੇ ਵਿਚ ਗਹਿਰੀ ਦਿਲਚਸਪੀ ਲੈਂਦਿਆਂ ਦਾਸ ਦੀ ਹੌਸਲਾ ਅਫਜ਼ਾਈ ਕੀਤੀ।

ਚੰਗੇ ਭਾਗੀਂ, ਕੁਲ ਮਿਲਾ ਕੇ ਸਤਿਗੁਰੂ ਜੇਹੀ ਮਹਾਨ ਆਤਮਾ ਨਾਲ ਚਾਲੀ ਸਾਲ ਤੋਂ ਵੀ ਵਧ ਅਰਸਾ ਮੈਂ ਉਹਨਾਂ ਦੇ ਅਸ਼ੀਰਵਾਦ ਦਾ ਪਾਤਰ ਬਣ ਸਕਿਆ ਹਾਂ - ਕਿਥੇ ਮੈਂ ਬਚਪਨ ਵਿਚ ਆਪਣੇ ਨਾਨਕਿਆਂ, ਜੋ ਸਿਆਲਕੋਟ ਜ਼ਿਲੇ ਦੀ ਨਾਰੋਵਾਲ ਤਹਿਸੀਲ ਵਿੱਚ ਸਨ, ਵਲੋਂ ਸ੍ਰੀ ਭੈਣੀ ਸਾਹਿਬ ਤੇ ਭੈਣੀ ਸਾਹਿਬ ਵਾਲਿਆਂ ਬਾਰੇ ਸੁਣਿਆਂ ਕਰਦਾ, ਤਾਂ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਕਿਆਸ ਕਰ ਸਕਿਆ ਕਿ ਜ਼ਿੰਦਗੀ ਵਿੱਚ ਉਹੋ ਸ੍ਰੀ ਭੈਣੀ ਸਾਹਿਬ ਨਾਲ ਐਨੀ ਨੇੜਲੀ ਸਾਂਝ ਭਿਆਲੀ ਦਾ ਸੁਭਾਗ ਪ੍ਰਾਪਤ ਹੋਵੇਗਾ, ਜਿਵੇਂ ਆਪਣੇ ਨਾਨਕੇ ਹੀ ਹੋਵਣ। ■

Namdhari Elibrary NamdhariElibrary@gmail.com

ਸਮਦਰਸ਼ੀ ਏਕ ਦ੍ਰਿਸ਼ਟੇਣਾ – ਸਤਿਗੁਰੂ ਜਗਜੀਤ ਸਿੰਘ ਜੀ

✍ **ਤੀਰਥ ਸਿੰਘ ਢਿਲੋਂ**

ਚੀਫ਼ ਨਿਊਜ਼ ਰੀਡਰ, ਦੂਰਦਰਸ਼ਨ ਕੇਂਦਰ ਜਲੰਧਰ

ਰਹਿਮਤਾਂ ਦੀ ਬਾਰਿਸ਼ ਸ਼ੁਰੂ ਹੋ ਗਈ। ਕੰਡ ਉੱਤੇ ਥਾਪੜਾ ਦਿੱਤਾ, ਸ਼ੇਅਰਾਂ ਦੀ ਅਤੇ ਤਕਰੀਰ ਦੇ ਲਹਿਜੇ ਤੇ ਸ਼ਬਦਾਵਲੀ ਦੀ ਸ਼ਾਬਾਸ਼ ਦੇ ਕੇ, ਇਕ "ਅੱਲੜ੍ਹ ਜੱਟੀ ਨੂੰ" "ਹੀਰ" ਬਣਾ ਦਿੱਤਾ। ਫ਼ਰਮਾਇਆ, "ਪੰਡਿਤ ਜੀ, ਇਹ ਚਾਰੇ ਸ਼ੇਅਰ, ਢਿੱਲੋਂ ਨੂੰ ਕਹੋ, ਲਿਖਕੇ ਤੁਹਾਡੇ ਸਪੁਰਦ ਕਰੇ।" ਹੁਕਮ ਦੀ ਤਾਮੀਲ ਕੀਤੀ। ਫੇਰ ਫ਼ਰਮਾਇਆ, "ਜੁੜੇ ਰਹੋ। ਜੁੜਨ ਵਿਚ ਹੀ ਪਰਮ ਆਨੰਦ ਹੈ, ਵਿਸਮਾਦ ਹੈ, ਖੇੜਾ ਹੈ, ਰੰਗ ਤੇ ਰਸ ਹੈ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ, ਅੱਖੀਆਂ ਦੀਆਂ ਪੁਤਲੀਆਂ ਨਾਲ, ਅਨੰਦ ਮਈ ਦਰਸ਼ਨ ਦਿਦਾਰੇ ਕਰਨ ਤੋਂ ਪਹਿਲਾਂ, ਅਤੇ ਮਗਰੋਂ ਦੀ, ਮੇਰੀ ਮਨੋਅਵਸਥਾ ਨੂੰ ਮੈਂ ਰੂਹਾਨੀ ਅਤੇ ਮਾਰਫਤ ਦੇ ਰੰਗ ਵਿਚ ਰੰਗੇ ਇਸ ਉਰਦੂ ਸ਼ੇਅਰ ਅਤੇ ਇਸਦੇ ਪੰਜਾਬੀ ਤਰਜ਼ਮੇ ਨਾਲ ਬਿਆਨ ਕਰਦਾ ਹਾਂ–

ਜਿਸਕੋ ਖ਼ਬਰ ਨਹੀਂ, ਉਸੇ ਜ਼ੋਸ਼ੋ ਖ਼ਰੋਸ਼ ਹੈ,
ਜੋ ਪਾ ਗਇਆ ਹੈ ਰਾਜ਼, (ਵੋਹ)
ਗੁੰਮ ਹੈ, ਖ਼ਾਮੋਸ਼ ਹੈ।

ਯਾਨੀ

ਜਿਹੜੇ ਮਹਿਰਮ ਰਾਜ ਹਕੀਕਤ ਦੇ,
ਉਹ ਰਾਜ ਹਕੀਕਤ ਖੋਲ੍ਹਦੇ ਨਹੀਂ,
ਜਿਹਨਾਂ ਵੇਖਿਆ ਨਹੀਂ ਉਹ ਬੋਲ ਪਏ,
ਜਿਹਨਾਂ ਵੇਖ ਲਿਆ ਉਹ ਬੋਲਦੇ ਨਹੀਂ।

ਸਬੱਬ ਇਉਂ ਬਣਿਆ ਕਿ ਪੂਰਬਲੇ ਕਰਮਾਂ ਦਾ ਅੰਕੁਰ ਪ੍ਰਗਟਿਆ ਅਤੇ ਪਹੁੰਚ ਗਿਆ, ਕੌਮੀ ਪਰਵਾਨਿਆਂ, ਮਹਾਨ ਸੂਰਬੀਰਾਂ, ਸ਼ਹੀਦਾਂ, ਰਤਨ ਸਿੰਘ (ਦੋਵੇਂ ਇਕੋ ਨਾਂ) ਦੇ ਸ਼ਹੀਦੀ ਜੋੜ ਮੇਲੇ ਤੇ ਲੁਧਿਆਣੇ, ਵਿਸ਼ਾਲ ਅਤੇ ਰੂਹਾਨੀ ਦਰਬਾਰ ਦਾ ਨਜ਼ਾਰਾ ਇਸ ਤਰ੍ਹਾਂ ਸੀ ਜਿਵੇਂ ਪਰਮਹੰਸ ਗੁਰਸਿੱਖਾਂ ਦੀ ਸੰਤ ਸਭਾ ਹੋਵੇ। ਮੈਨੂੰ, ਕਾਇਨਾਤ ਦੇ ਇਕ ਕਤਰੇ ਨੂੰ, ਮਾਨੋ ਸਰਵਰ ਮਿਲ ਗਿਆ। ਸਟੇਜ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਸੁੰਦਰ ਮੁਖੜਾ, ਸ਼ਾਂਤ ਚਿੱਤ, ਮੁਹੱਬਤ ਦੀ ਸਾਕਾਰ ਮੂਰਤ, ਨਾਮ ਦੀ ਖੁਮਾਰੀ ਡੁੱਲ੍ਹ ਡੁੱਲ੍ਹ ਪੈਂਦੀ। ਕਲੇਜੇ ਦੀ ਕਰਕ ਦਰਸ਼ਨ ਕਰਦਿਆਂ ਹੀ ਭੇਟਤ ਨਿਹਾਲ ਹੋ ਗਈ। ਕਿਉਂ? ਕਿਉਂਕਿ "ਅੰਤਰ ਲੋਚਾ ਮਿਲਣ ਕੀ" ਸੰਪੂਰਨ ਹੋ ਗਈ। ਸੁਪਨਾ ਸਾਕਾਰ ਹੋ ਗਿਆ। ਸਟੇਜ ਉਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ, ਪੰਜਾਬ ਦੇ ਤਤਕਾਲੀ ਮੁੱਖ ਮੰਤਰੀ, ਸ. ਬੇਅੰਤ ਸਿੰਘ, ਨਾਮਧਾਰੀ ਦਰਬਾਰ ਦੇ ਸੁਯੋਗ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ ਅਤੇ ਹੋਰ ਨਾਮਵਰ ਸ਼ਖਸੀਅਤਾਂ ਸੁਭਾਇਮਾਨ ਸਨ। ਦਾਸ ਵੀ ਹੰਸਾਂ ਦੀ ਸੰਗਤ ਵਿਚ ਜਾ ਰਲਿਆ।

ਸਤਿਕਾਰਯੋਗ ਸੰਤ ਜਗਦੀਸ਼ ਸਿੰਘ ਵਰਿਆਮ, ਨਾਮਧਾਰੀ ਪੰਥ ਦੇ ਵਰਿਆਮ ਸੂਰਮੇ ਅਤੇ "ਵਰਿਆਮ" ਦੇ ਸੰਪਾਦਕ ਸਟੇਜ ਦਾ ਸੁਚੱਜਾ ਸੰਚਾਲਨ ਕਰ ਰਹੇ ਸਨ। ਦਾਸ ਅੰਤਰ ਧਿਆਨ ਹੋ ਕੇ ਸਭ ਮਹਾਂਪੁਰਸ਼ਾਂ ਦੇ ਅਮੋਲਕ

Namdhari Elibrary NamdhariElibrary@gmail.com

ਬਚਨ ਸਰਵਣ ਕਰਦਾ ਹੋਇਆ ਵਿਸਮਾਦੀ ਰੰਗ ਵਿੱਚ ਬੈਠਾ ਸੀ ਕਿ ਵਰਿਆਮ ਜੀ ਨੇ ਮੇਰਾ ਨਾਂ ਅਗਲੇ ਬੁਲਾਰੇ ਵਜੋਂ ਅਨਾਊਂਸ ਕਰਕੇ ਮੋਹ ਭਿੱਜੀ ਸਦ ਦਿੱਤੀ। ਨਮਸਕਾਰ ਕਰਕੇ ਝਕਦਾ ਝਕਦਾ ਉਠਿਆ। ਮਾਈਕ ਤੇ ਗਿਆ, ਫਤਹਿ ਬੁਲਾਕੇ, ਆਗਿਆ ਲੈਣ ਉਪਰੰਤ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੂਰਾਨੀ ਚਿਹਰੇ ਵਲ ਤੱਕਦਿਆਂ, ਪੂਰਨ ਸ਼ਰਧਾ, ਆਪਾ ਸਮਰਪਣ, ਅਕੀਦਤ ਤੇ ਪ੍ਰੇਮ ਭਾਵ ਨਾਲ ਉਪਰੋਕਤ ਸ਼ੇਅਰ ਨਾਲ, ਸ਼ੁਰੂਆਤ ਕੀਤੀ। ਸ੍ਰੀ ਸਤਿਗੁਰੂ ਜੀ ਮੇਰੇ ਵਲ ਵੇਖ ਕੇ ਮੁਸਕਰਾਏ। ਮਾਨੋ ਦੋਨਾਂ ਜਹਾਨਾਂ ਦੀਆਂ ਰਹਿਮਤਾਂ ਦੇ ਦਰ, ਖੁੱਲ੍ਹ ਗਏ ਹੋਣ। ਉਤੋਂ ਸੰਗਤਾਂ ਦੇ ਜੈਕਾਰਿਆਂ ਨੇ, ਅਸੀਸ ਅਤੇ ਬਲ ਬਖਸ਼ਿਆ। ਕੁਝ ਆਸ਼ਾਰ, ਸ਼ਹੀਦ ਦੀ ਪਰਿਭਾਸ਼ਾ ਬਾਰੇ ਅਰਜ਼ ਕੀਤੇ ਅਤੇ ਤਕਰੀਬਨ 10 ਮਿੰਟ "ਬੋਲਾਇਆ ਬੋਲੀ ਤੇਰਾ" ਦੇ ਗੁਰਵਾਕ ਅਨੁਸਾਰ, ਵਿਚਾਰਾਂ ਦੇ ਪ੍ਰਗਟਾਵੇ ਉਪਰੰਤ ਕੋਟਾਨ ਕੋਟਿ ਧੰਨਵਾਦ ਕਰਕੇ, ਮੁੜ ਸੰਗਤ ਵਿਚ ਆ ਬੈਠਾ।

ਕੁਝ ਸਮੇਂ ਬਾਅਦ ਕ੍ਰਿਸ਼ਮਾ ਵਾਪਰਿਆ। ਸ੍ਰੀ ਸਤਿਗੁਰੂ ਜੀ, ਸੇਵਾਦਾਰਾਂ ਸਣੇ, ਜਲ ਵਰਤਣ ਲਈ ਉਠੇ। ਨਾਲ ਸੰਤ ਹਰਪਾਲ ਸਿੰਘ, ਸੰਤ ਰਸ਼ਪਾਲ ਸਿੰਘ ਅਤੇ ਮਹਾਨ ਵਿਦਵਾਨ, ਸੰਤ (ਪੰਡਿਤ) ਗੋਪਾਲ ਸਿੰਘ (ਸੱਚਖੰਡ ਵਾਸੀ) ਟਹਿਲੀਏ ਹਾਜ਼ਰ ਸਨ। ਹੁਕਮ ਕੀਤੋ ਨੇ- "ਢਿੱਲੋਂ ਨੂੰ ਬੁਲਾਓ।" ਪਰ ਇਹ ਕੀ? ਰਹਿਮਤਾਂ ਦੀ ਬਾਰਿਸ਼ ਸ਼ੁਰੂ ਹੋ ਗਈ। ਕੰਡ ਉੱਤੇ ਥਾਪੜਾ ਦਿੱਤਾ, ਸ਼ੇਅਰਾਂ ਦੀ ਅਤੇ ਤਕਰੀਰ ਦੇ ਲਹਿਜੇ ਤੇ ਸ਼ਬਦਾਵਲੀ ਦੀ ਸ਼ਾਬਾਸ਼ ਦੇ ਕੇ, ਇਕ "ਅੱਲੜ੍ਹ ਜੱਟੀ ਨੂੰ" "ਹੀਰ" ਬਣਾ ਦਿੱਤਾ। ਫਰਮਾਇਆ, "ਪੰਡਿਤ ਜੀ, ਇਹ ਚਾਰੇ ਸ਼ੇਅਰ, ਢਿੱਲੋਂ ਨੂੰ ਕਹੋ, ਲਿਖਕੇ ਤੁਹਾਡੇ ਸਪੁਰਦ ਕਰੇ।" ਹੁਕਮ ਦੀ ਤਾਮੀਲ ਕੀਤੀ। ਫੇਰ ਫ਼ਰਮਾਇਆ, "ਜੁੜੇ ਰਹੋ। ਜੁੜਨ ਵਿਚ ਹੀ ਪਰਮ ਆਨੰਦ ਹੈ, ਵਿਸਮਾਦ ਹੈ, ਖੇੜਾ ਹੈ, ਰੰਗ ਤੇ ਰਸ ਹੈ।"

ਪਰ ਅਸੀਂ ਕਲਜੁਗੀ ਜੀਵ ਅਲਪੱਗ ਹਾਂ। ਗਾਫ਼ਿਲ ਹਾਂ। ਬੜਾ ਸਮਾਂ ਬੀਤ ਗਿਆ, ਬੜਾ ਸਮਾਂ ਅਜਾਈਂ ਚਲਾ ਗਿਆ। ਇਕ ਸਬੱਬ ਫੇਰ ਬਣਿਆ। ਆਜ਼ਾਦੀ ਸੰਗਰਾਮ ਨੂੰ ਨਾਮਧਾਰੀ ਪੰਥ ਦੀ ਦੇਣ ਅਤੇ ਸੰਤ ਖਾਲਸਾ ਦੀ ਸਾਜਨਾ ਦੀ ਡੇਢ ਸੌਵੀਂ ਸਾਲਗਿਰਾਹ ਦੇ ਸ਼ੁਭ ਮੌਕੇ ਤੇ, ਸ੍ਰੀ ਭੈਣੀ ਸਾਹਿਬ ਦੀ ਪਵਿੱਤਰ ਭੂਮੀ ਉਤੇ ਅਲੌਕਿਕ ਜੋੜ ਮੇਲਾ ਸੀ। ਦੇਸ਼ ਵਿਦੇਸ਼ ਤੋਂ ਲੱਖਾਂ ਸੰਗਤਾਂ ਸ੍ਰੀ ਭੈਣੀ ਸਾਹਿਬ ਪੁੱਜੀਆਂ ਹੋਈਆਂ ਸਨ। ਦੂਰਦਰਸ਼ਨ ਵਲੋਂ ਅੱਖੀਂ ਡਿੱਠਾ ਹਾਲ ਸੁਣਾਉਣ ਦੀ ਜ਼ੁੰਮੇਵਾਰੀ ਦਾ ਸੁਭਾਗ ਦਾਸ ਨੂੰ ਪ੍ਰਾਪਤ ਹੋਇਆ। ਉਹੋ ਰੱਬੀ ਨਜ਼ਾਰਾ ਫੇਰ ਮਾਣਿਆ। ਧੁਰ ਅੰਦਰ ਤਕ ਤ੍ਰਿਪਤੀ ਮਿਲੀ।

ਵਡਭਾਗਾ ਹਾਂ ਸ੍ਰੀ ਸਤਿਗੁਰੂ ਜੀ ਦੀ ਤਾਜ਼ਪੋਸ਼ੀ ਦੀ 50ਵੀਂ ਸਾਲਗਿਰਹ ਦੇ ਸੁਭਾਗੇ ਮੌਕੇ ਤੇ, ਮੈਨੂੰ ਉਹਨਾਂ ਦੀ ਸ਼ਖਸੀਅਤ ਬਾਰੇ ਕੁਝ ਲਿਖਣ ਦਾ ਹੁਕਮ ਸ. ਹਰਵਿੰਦਰ ਸਿੰਘ ਹੰਸਪਾਲ (ਮੈਂਬਰ ਕੌਮੀ ਘੱਟ ਗਿਣਤੀ ਕਮਿਸ਼ਨ-ਭਾਰਤ ਸਰਕਾਰ), ਨੇ ਕੀਤਾ ਹੈ।

"ਕਿਆ ਕਹੂੰ ? ਔਰ ਕਿਆ ਲਿਖੂੰ?
ਮੈਂ ਇਸ ਕੇ ਤੋ ਕਾਬਿਲ ਨਹੀਂ"

(ਪਰ)

ਗ਼ਰ ਤੂੰ ਤਾਕਤ ਦੇ ਕਲਮ ਕੋ,
ਤਬ ਹੀ ਕੁਛ ਲਿਖ ਪਾਊਂਗਾ,
ਗ਼ਰ ਤੂੰ ਤਾਕਤ ਦੇ ਜ਼ੁਬਾਂ ਕੋ,
ਤਬ ਹੀ ਕਹਿ ਸੁਨਾਊਂਗਾ।

ਮੁਤਾਬਕ, ਉਹਨਾਂ ਆਪ ਹੀ ਮਿਹਰੰਮਤ ਕਰਕੇ, ਚੰਦ ਲਫਜ਼ ਲਿਖਵਾਏ ਨੇ।

ਹਜ਼ੂਰ ਦੀ ਘਾਲਣਾ, ਸੇਵਾ, ਦੇਣ ਅਕਥ ਅਤੇ ਅਲੱਖ ਹੈ। ਗੁਰਬਾਣੀ ਕੀਰਤਨ ਦੀ ਪੁਰਾਤਨ ਸ਼ੈਲੀ ਦੀ ਸੰਭਾਲ, ਪ੍ਰਚਾਰ ਅਤੇ ਪ੍ਰਸਾਰ ਹਿਤ (ਕੀਰਤਨ ਦਾ ਆਸ਼ਿਕ ਹੋਣ ਦੇ ਨਾਤੇ) ਮੈਂ ਉਹਨਾਂ ਵਲੋਂ ਕੀਤੇ ਜਾ ਰਹੇ ਯਤਨਾਂ, ਸਮਾਜਿਕ ਬੁਰਾਈਆਂ ਵਿਰੁੱਧ ਲੜੀ ਜਾ ਰਹੀ ਜੰਗ ਅਤੇ ਖੇਡਾਂ, ਖ਼ਾਸ ਕਰ ਕੌਮੀ ਖੇਡ ਹਾਕੀ ਨੂੰ ਹੱਲਾਸ਼ੇਰੀ ਦੇਣ ਬਦਲੇ ਕੀਤੇ ਜਾ ਰਹੇ ਮਹਾਨ ਕਾਰਜਾਂ ਨੂੰ, ਸੀਸ ਝੁਕਾਉਂਦਾ ਹਾਂ ਅਤੇ ਕਾਮਨਾ ਕਰਦਾ ਹਾਂ ਕਿ ਸਿੱਖ ਪੰਥ ਦਾ ਹਰਿਆਵਲ ਦਸਤਾ / ਨਾਮਧਾਰੀ ਪੰਥ ਉਹਨਾਂ ਦੀ ਸੁਯੋਗ ਅਗਵਾਈ ਹੇਠ ਇਸੇ ਤਰ੍ਹਾਂ, ਅਧਿਆਤਮਕ ਮਾਰਗ ਦੇ ਪੈਂਡੇ ਤਹਿ ਕਰਦਾ ਹੋਇਆ, ਮੇਰੇ ਵਰਗੇ ਨਿਮਾਣਿਆਂ ਨੂੰ ਵੀ, ਨਾਲ ਜੋੜੀ ਰੱਖੇ। ਇਕ ਲੇਖ ਵਿਚ ਉਹਨਾਂ ਦੀ ਬਹੁਪੱਖੀ-ਸ਼ਖਸੀਅਤ ਨੂੰ ਕਾਨੀਬੰਦ ਕਰਨਾ ਮੇਰੇ ਵਰਗੇ ਦੇ ਵੱਸ ਦੀ ਗੱਲ ਨਹੀਂ। ਬੱਸ ਅਰਜੋਈ ਹੈ-

ਦਰਦੇ ਦਿਲ ਐ ਮਰਦੇ-ਕਾਮਿਲ।
ਕਰ ਮੇਰਾ ਸਜਦਾ ਕਬੂਲ।
ਕਰ ਕਬੂਲ ਜੋ ਨਜ਼ਰ ਤੇਰੇ,
ਕੀਏ ਮੈਂ ਅਕੀਦਤ ਕੇ ਫੂਲ।

■

Namdhari Elibrary NamdhariElibrary@gmail.com

ਗੁਰਗੱਦੀ ਦੀ ਅੱਧੀ ਸਦੀ
ਸ਼ੁਭ ਕੰਮਾਂ ਦੀ ਗਿਣਤੀ ਵਧੀ

✍ ਮਾਸਟਰ ਅਮਰੀਕ ਸਿੰਘ

ਇਹ ਕ੍ਰਿਸ਼ਮੇ ਸਾਰੇ ਬੀਤ ਚੁੱਕੀ ਅੱਧੀ ਸਦੀ ਵਿਚ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰ ਵਿਖਾਏ ਹਨ। ਅੱਜ ਅਸੀਂ ਧੌਣ ਉੱਚੀ ਕਰਕੇ ਕਹਿ ਸਕਦੇ ਹਾਂ ਕਿ ਸਾਡੇ ਸਿਰਾਂ ਦੇ ਸਾਈਂ ਸ੍ਰੀ ਬੇਅੰਤ ਜੀ ਨੇ ਸਾਰੀ ਦੁਨੀਆਂ ਵਿੱਚ ਸਾਡਾ ਸਿਰ ਉਚਾ ਕਰ ਦਿੱਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਇਆਂ ਅੱਧੀ ਸਦੀ ਪੂਰੀ ਹੋ ਗਈ ਹੈ। ਸਤਿਜੁਗ ਪ੍ਰਬੰਧਕਾਂ ਵਲੋਂ ਛਪਿਆ ਦੇਸੀ ਮਹੀਨੇ ਵਾਲਾ 2066 ਬਿ. ਦਾ ਕੈਲੰਡਰ ਸਾਨੂੰ ਉਸ ਦ੍ਰਿਸ਼ ਦੀ ਯਾਦ ਕਰਵਾਉਂਦਾ ਹੈ ਜਿਸ ਵਿਚ ਸਤਿਗੁਰੂ ਜੀ ਨੇ ਗੁਰਗੱਦੀ ਸੁਭਾਏਮਾਨ ਕਰਨ ਤੋਂ ਬਾਅਦ ਸਾਰੀ ਸੰਗਤ ਨੂੰ ਖੜ੍ਹੇ ਹੋ ਕੇ ਦਰਸ਼ਨ ਦਿੱਤੇ ਸਨ, ਇੰਜ ਲਗਦਾ ਸੀ ਜਿਵੇਂ ਇਕ ਮਹਾਨ ਤੇਜੱਸਵੀ ਸੂਰਜ ਅਸਤ ਹੋ ਕੇ ਨਵੇਂ ਸੂਰਜ ਦੇ ਰੂਪ ਵਿਚ ਉਦੇ ਹੋ ਕੇ ਜਗਤ ਨੂੰ ਮੁਨੱਵਰ ਕਰਨ ਦੀ ਤਿਆਰੀ ਵਿੱਚ ਸੀ।

ਗੱਦੀ ਤੇ ਸੁਸ਼ੋਭਿਤ ਹੁੰਦਿਆਂ ਹੀ ਸ੍ਰੀ ਸਤਿਗੁਰੂ ਜੀ ਨੇ ਉਸ ਨਕਸ਼ੇ ਵਿੱਚ ਖੁਸ਼ਨੁਮਾ ਰੰਗ ਭਰਨੇ ਆਰੰਭ ਕਰ ਦਿਤੇ ਜਿਹੜਾ ਨਕਸ਼ਾ ਅਟੱਲ ਪ੍ਰਤਾਪੀ ਜੀ ਉਲੀਕ ਗਏ ਸਨ। ਸਭ ਤੋਂ ਪਹਿਲਾਂ ਇਹਨਾਂ ਰੁਸੇ ਲੋਕਾਂ ਨੂੰ ਪੰਥ ਦੀ ਮੁਖ ਧਾਰਾ ਵਿੱਚ ਲਿਆਉਣ ਦਾ ਯਤਨ ਆਰੰਭਿਆ, ਜਿਸ ਵਿੱਚ ਸਫਲਤਾ ਵੀ ਮਿਲ ਗਈ।

ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿਚ ਪਹਿਲਾ ਅਤਿ ਸਫਲ ਹੋਲਾ ਚੱਕ 2056 R C ਰਾਜਸਥਾਨ ਵਿਚ ਹੋਇਆ। ਇਸ ਹੋਲੇ ਦੀ ਸਮਾਪਤੀ ਵੇਲੇ ਆਪ ਜੀ ਨੇ ਮੇਰੇ ਖਿਆਲ ਵਿਚ ਦਿੱਤੇ ਪਹਿਲੇ ਭਾਸ਼ਣ ਵਿਚ ਦੱਸਿਆ ਕਿ ਅਟੱਲ ਪ੍ਰਤਾਪੀ ਜੀ ਬਹੁਤ ਵੱਡੀਆਂ ਜ਼ੁੰਮੇਵਾਰੀਆਂ ਮੈਨੂੰ ਸੌਂਪ ਗਏ ਹਨ। ਸਾਰੇ ਅਰਦਾਸ ਕਰੋ ਮੈਂ ਇਹਨਾਂ ਜ਼ੁੰਮੇਵਾਰੀਆਂ ਨੂੰ ਉਹਨਾਂ ਦੇ ਹੁਕਮ ਅਨੁਸਾਰ ਨਿਭਾ ਸਕਾਂ।

ਬਸ ਫਿਰ ਕੀਹ ਸੀ, ਇਹਨਾਂ ਨੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ਸ੍ਰੀ ਜੀਵਨ ਨਗਰ ਇਲਾਕੇ ਵਿੱਚ ਪੱਕੀਆਂ ਸੜਕਾਂ ਆਪ ਨੇ ਸੰਗਤਾਂ ਨੂੰ ਨਾਲ ਲੈ ਕੇ ਬਗੈਰ ਸਰਕਾਰੀ ਸਹਾਇਤਾ ਤੋਂ ਬਣਵਾਈਆਂ। ਲੋਕਾਂ ਨੂੰ ਪ੍ਰੇਰ ਕੇ ਸਾਰਾ ਇਲਾਕਾ ਬਾਗਾਂ ਵਿੱਚ ਤਬਦੀਲ ਕਰ ਦਿੱਤਾ। ਵਿਦਿਅਕ ਪੱਖੋਂ ਪਿਛੜੇ ਇਲਾਕੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਰੰਭ ਕੀਤੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲੇ ਨਾਲ ਕਾਲਜ ਬਣਾਇਆ, ਜੋ ਕਿ ਅੱਜ ਵੀ ਹਰਿਆਣੇ ਵਿਚ ਪੇਂਡੂ ਏਰੀਏ ਦਾ ਸਭ ਤੋਂ ਵਧੀਆ ਕਾਲਜ ਮੰਨਿਆ ਜਾਂਦਾ ਹੈ।

ਏਸੇ ਕਾਲਜ ਦੇ ਹਾਕੀ ਖਿਡਾਰੀ ਵਿਸ਼ਵ ਭਰ ਵਿੱਚ ਜਿੱਤਾਂ ਪ੍ਰਾਪਤ ਕਰ ਰਹੇ ਹਨ। ਅੱਜ ਹਾਕੀ ਦੀ ਉਲੰਪਿਕ ਟੀਮ ਵਿੱਚ ਇਕ ਪਿੰਡ ਸੰਤ ਨਗਰ ਦੇ ਚਾਰ ਖਿਡਾਰੀ ਸ਼ਾਮਲ ਹਨ। ਜਿਵੇਂ ਪੰਜਾਬ ਦੇ ਸੰਸਾਰਪੁਰ ਦੇ ਹਾਕੀ ਪਲੇਅਰ ਟੀਮ ਵਿੱਚ ਦੋ ਅਗਰਨੀ ਹੁੰਦੇ ਸਨ ਤਿਵੇਂ ਹੀ ਅਜ ਸੰਤ ਨਗਰ ਵੀ ਮਸ਼ਹੂਰ ਹੋ ਗਿਆ ਹੈ। ਵਿਸ਼ਵ ਨਾਮਧਾਰੀ ਵਿਦਿਅਕ ਜਥਾ ਸਥਾਪਤ ਕਰਕੇ, ਨੌਜਵਾਨਾਂ ਨਾਲ ਸਿੱਧਾ ਸੰਪਰਕ ਕਾਇਮ ਕਰਕੇ, ਉਹਨਾਂ ਨੂੰ ਆਪਣੇ ਧਰਮ ਵਿੱਚ ਪਰਪੱਕ ਰਹਿਣ ਲਈ ਪਿਆਰ ਭਰੀ ਸੇਧ ਦਿੱਤੀ।

Namdhari Elibrary NamdhariElibrary@gmail.com

ਫੇਹ ਆਮ ਲੋਕਾਂ ਦੇ ਬੱਚਿਆਂ ਨੂੰ ਭਾਰਤ ਦੇ ਵੱਡੇ ਵੱਡੇ ਗਾਇਕ ਤੇ ਸਾਜ਼ੀ ਉਸਤਾਦਾਂ ਕੋਲ ਭੇਜ ਕੇ ਸਰੋਦ, ਸਿਤਾਰ, ਤਾਰ ਸ਼ਹਿਨਾਈ, ਸਾਰੰਗੀ ਤੇ ਹੋਰ ਕਈ ਸਾਜਾਂ ਵਿੱਚ ਨਾਮਧਾਰੀ ਬੱਚਿਆਂ ਨੂੰ ਨਿਪੁੰਨ ਕਰਵਾਕੇ ਨਾਮਧਾਰੀ ਪੰਥ ਨੂੰ ਸੰਗੀਤ ਦਾ ਕੇਂਦਰ ਬਣਾ ਦਿੱਤਾ।

ਗੁਰਮਤਿ ਸੰਗੀਤ ਦਾ ਸਤਿਗੁਰੂ ਜੀ ਕੋਲ ਅਮੁਕ ਖਜ਼ਾਨਾ ਹੈ ਜਿਸਦੇ ਬੂਹੇ ਉਹਨਾਂ ਆਪਣੇ ਸਿੱਖਾਂ ਤੇ ਖੋਲ੍ਹ ਦਿੱਤੇ। ਉਸਤਾਦ ਹਰਭਜਨ ਸਿੰਘ, ਬਲਜੀਤ ਸਿੰਘ, ਹਰਬੰਸ ਸਿੰਘ ਘੁੱਲਾ ਤੇ ਬਲਵੰਤ ਸਿੰਘ ਆਦਿ ਨੂੰ ਗੁਰਮਤਿ ਸੰਗੀਤ ਵਿੱਚ ਇਤਨਾ ਨਿਪੁੰਨ ਕੀਤਾ ਕਿ ਇਹਨਾਂ ਦਾ ਕੋਈ ਮੁਕਾਬਲਾ ਨਹੀਂ, ਹਾਰਮੋਨੀਅਮ ਦੀ ਥਾਂ ਤੰਤੀ ਸਾਜਾਂ ਨਾਲ ਕੀਰਤਨ ਕਰਨ ਦੀ ਪ੍ਰੰਪਰਾ ਚਲਾਈ, ਜੋ ਅੱਜ ਵੀ ਪੂਰੀ ਤਰ੍ਹਾਂ ਚੱਲ ਰਹੀ ਹੈ।

ਸ੍ਰੀ ਭੈਣੀ ਸਾਹਿਬ ਦੀ ਨਵ-ਉਸਾਰੀ ਵੱਲ ਧਿਆਨ ਗਿਆ ਤਾਂ ਉਹਨੂੰ ਧਰਤੀ ਤੇ ਹੀ ਸਵਰਗ ਬਣਾ ਦਿੱਤਾ ਤੇ ਮੇਰੇ ਜਿਹਾਂ ਨੂੰ ਲਿਖਣਾ ਪਿਆ :

ਜੇ ਧਰਤੀ ਤੇ ਹੀ ਸਵਰਗ ਮਾਨਣ ਦੀ ਚਾਹ ਏ
ਚਲੋ ਭੈਣੀ ਸਾਹਿਬ ਸਵਰਗ ਜਿਹਾ ਏ।

(ਸਚੀ ਤੇਰੀ ਸਿਫਤ ਵਿਚੋਂ)

ਕਿਸੇ ਫਾਰਸੀ ਦੇ ਸ਼ਾਇਰ ਦਾ ਕਸ਼ਮੀਰ ਬਾਰੇ ਲਿਖਿਆ ਇਹ ਸ਼ੇਅਰ ਬਿਲਕੁਲ ਢੁਕਦਾ ਏ :

ਅਗਰ ਫ਼ਿਰਦੌਸ ਬਰ ਰੂਏ ਜ਼ਮੀ ਆਸਤ
ਹਮੀਂ ਅਸਤੋ ਹਮੀਂ ਅਸਤੋ ਹਮੀਂ ਅਸਤੋ।

ਭਾਵ ਜੇ ਬਹਿਸ਼ਤ ਕਿਤੇ ਜ਼ਮੀਨ ਤੇ ਹੈ ਤਾਂ ਏਥੇ ਹੀ ਹੈ, ਏਥੇ ਹੀ ਹੈ।

ਰਾਮ ਮੰਦਰ ਨੂੰ ਵੇਖੀਏ, ਪ੍ਰਤਾਪ ਮੰਦਰ ਨੂੰ ਵੇਖੀਏ, ਹਰੀ ਮੰਦਰ ਦਾ ਦਰਸ਼ਨ ਕਰੀਏ, ਅਕਾਲ ਬੁੰਗੇ ਜਾਈਏ, ਲੰਗਰ ਅਸਥਾਨ ਤੇ ਝਾਤੀ ਮਾਰੀਏ, ਸੇਵਕਾਂ ਦੀਆਂ ਰਾਜ ਮਹਿਲਾਂ ਵਰਗੀਆਂ ਕੋਠੀਆਂ ਨੂੰ ਨਿਹਾਰੀਏ ਬਸ ਹਰ ਪਾਸੇ ਧੰਨ ਧੰਨ ਹੋਈ ਪਈ ਏ।

ਜ਼ਰਾ ਮਲੇਰਕੋਟਲੇ ਵੀ ਚੱਲ ਕੇ ਵੇਖੋ। ਉਹ ਥਾਂ ਜਿਥੇ ਰਤੇ ਤੇ ਹੀ ਦਿਵਾਨ ਲਗਦੇ ਤੇ ਸਾਰੇ ਮੀਂਹ ਵਿਚ ਭਿਜਦੇ ਵੇਖੇ ਨੇ। ਅੱਜ ਪੰਜਾਬ ਕੀ ਭਾਰਤ ਦਾ ਵੇਖਣਯੋਗ ਸ਼ਹੀਦੀ ਅਸਥਾਨ ਗਿਣਿਆ ਜਾਂਦਾ ਹੈ। ਜੋ ਭਾਵੇਂ ਅੱਜ ਹੋਰ ਉਸਾਰੀ ਦੀ ਮੰਗ ਕਰ ਰਿਹਾ ਹੈ ਪਰ ਬਣਿਆ ਵੀ ਬਹੁਤ ਕੁਝ ਏ, ਯਕੀਨਨ ਉਹ ਬਣ ਕੇ ਰਹੇਗਾ।

ਲੁਧਿਆਣੇ ਰੇਲਵੇ ਲਾਈਨ ਕੋਲ ਇਕ ਨਾਮਧਾਰੀ ਧਰਮਸ਼ਾਲਾ ਹੁੰਦੀ ਸੀ। ਸਟੀਮ ਰੇਲਵੇ ਇੰਜਣਾਂ ਦੇ ਧੂੰਏ ਨਾਲ ਸਿੰਘਾਂ ਦੇ ਬਸਤਰ ਵੀ, ਸਰੀਰ ਵੀ ਕਾਲੇ ਹੋ ਜਾਂਦੇ ਸਨ। ਅੱਜ ਇਹਨਾਂ ਦੀ ਕਿਰਪਾ ਨਾਲ ਪੁਰਾਣੀ ਜੇਲ੍ਹ, ਜਿਥੇ ਨਾਮਧਾਰੀ ਸ਼ਹੀਦਾਂ ਨੂੰ ਫਾਂਸੀ ਦਿੱਤੀ ਗਈ ਸੀ, ਸਰਕਾਰ ਪਾਸੋਂ ਥਾਂ ਲੈ ਕੇ ਬਹੁਤ ਵਧੀਆ ਸ਼ਹੀਦੀ ਸਮਾਰਕ ਉਸਾਰ ਦਿੱਤਾ ਗਿਆ ਹੈ।

ਜਿਨ੍ਹਾਂ ਅੰਮ੍ਰਿਤਸਰ ਦੀ ਅੰਦਰਲੀ ਧਰਮਸ਼ਾਲਾ ਦੇਖੀ ਹੋਵੇਗੀ, ਉਹ ਜਾਣਦੇ ਨੇ ਕਿੰਨੀ ਥੋੜ੍ਹੀ ਥਾਂ ਸੀ ਜਿਥੇ ਮੇਲੇ ਵੇਲੇ ਜਾਂ ਅੱਗੇ ਪਿਛੇ ਵੀ ਸੰਗਤ ਨੂੰ ਰਾਤ ਕੱਟਣੀ ਔਖੀ ਸੀ। ਜਿਥੇ ਅੰਮ੍ਰਿਤਸਰ ਦੇ ਸ਼ਹੀਦਾਂ ਨੂੰ ਬੋਹੜ ਨਾਲ ਫਾਂਸੀ ਦਿੱਤੀ ਗਈ ਸੀ ਉਹ ਥਾਂ ਸਰਕਾਰ ਪਾਸੋਂ ਲੈ ਕੇ ਇਕ ਵਿਸ਼ਾਲ ਸ਼ਹੀਦੀ ਸਮਾਰਕ ਬਣਾ ਦਿੱਤਾ ਗਿਆ ਹੈ।

ਕੁਝ ਕਾਰਨਾਂ ਕਰਕੇ ਭਾਵੇਂ ਸ੍ਰੀ ਜੀਵਨ ਨਗਰ ਉਸਾਰੀ ਪੱਖੋਂ ਪਿਛੜ ਗਿਆ ਹੈ ਪਰ ਆਸ ਹੈ ਅੜਿਕੇ ਦੂਰ ਹੋ ਜਾਣਗੇ ਤੇ ਸ੍ਰੀ ਜੀਵਨ ਨਗਰ ਵੀ ਸਾਡਾ ਚੌਥਾ ਤੀਰਥ ਸ਼ਾਨਦਾਰ ਸ਼ਕਲ ਇਖਤਿਆਰ ਕਰ ਲਵੇਗਾ।

ਦਿੱਲੀ ਦੀ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵੀ ਇਹਨਾਂ ਦੀ ਕਿਰਪਾ ਨਾਲ ਹੀ ਰਾਜਧਾਨੀ ਵਿੱਚ ਨਾਮਧਾਰੀਆਂ ਦੀ ਬੈਠਣ ਦੀ ਵਧੀਆ ਜਗ੍ਹਾ ਬਣ ਚੁੱਕੀ ਹੈ। ਮਾਨਸਰੋਵਰ ਗਾਰਡਨ ਦਿੱਲੀ ਵਿੱਚ ਚੱਲ ਰਿਹਾ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਵੀ ਤਾਂ ਆਪ ਜੀ ਦੀ ਮਿਹਰਬਾਨੀ ਦਾ ਹੀ ਹਿੱਸਾ ਹੈ, ਜੋ ਨਾਮਧਾਰੀ ਤੇ ਹੋਰ ਬੱਚਿਆਂ ਨੂੰ ਵਿਸ਼ਵ ਸਟੈਂਡਰਡ ਦੀ ਵਿਦਿਆ ਪ੍ਰਦਾਨ ਕਰ ਰਿਹਾ ਹੈ। ਇਸ ਸਕੂਲ ਦੀ ਜ਼ੁੰਮੇਵਾਰੀ ਸ. ਹਰਵਿੰਦਰ ਸਿੰਘ ਹੰਸਪਾਲ ਨੂੰ ਦੇ ਰੱਖੀ ਹੈ, ਜੋ ਇਸਨੂੰ ਪ੍ਰਗਤੀ ਦੇ ਰਾਹ ਤੇ ਲੈ ਕੇ ਜਾ ਰਹੇ ਹਨ।

ਵਿਦੇਸ਼ਾਂ ਵਿੱਚ ਜਾ ਕੇ ਤਾਂ ਨਹੀਂ ਵੇਖਿਆ ਪਰ ਸੁਣਿਐ ਕਿਰਪਾ ਦੀ ਬਾਰਸ਼ ਉਥੇ ਵੀ ਮੂਸਲਾਧਾਰੀ ਹੀ ਹੋਈ ਹੈ।

ਉਹ ਤਾਂ ਦੁਨਿਆਵੀ ਦ੍ਰਿਸ਼ ਹੀ ਹਨ। ਧਾਰਮਕ ਪੱਖ ਵੱਲ ਵੀ ਝਾਤ ਪਾਈਏ। ਮੈਨੂੰ ਯਾਦ ਏ ਨਾਮਧਾਰੀ ਪੰਥ ਨੇ ਪੱਤਰਾ ਪਾਠ ਸ਼ੁਰੂ ਕੀਤਾ। ਜਿਸਦੀ ਵਿਰੋਧਤਾ ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਵਾਲਿਆਂ ਬਹੁਤ ਕੀਤੀ। ਸੱਚੇ ਪਾਤਸ਼ਾਹ ਸ. ਗੁਰਚਰਨ ਸਿੰਘ ਟੌਹੜਾ ਨੂੰ ਹੁਕਮ ਕਰਕੇ ਸ੍ਰੀ ਭੈਣੀ ਸਾਹਿਬ ਬੁਲਾਇਆ : ਰਾਤ ਹਰੀ ਮੰਦਰ ਵਿਚ ਨੌਂ ਬੀੜਾਂ ਪ੍ਰਕਾਸ਼ ਕਰਕੇ ਪਾਠ ਸ਼ੁਰੂ ਕਰਵਾ ਦਿੱਤੇ। ਟੌਹੜਾ ਸਾਹਿਬ ਨੇ ਜਦੋਂ ਇਹ ਅਲੌਕਿਕ ਦ੍ਰਿਸ਼ ਵੇਖਿਆ ਤਾਂ ਸਾਰੀ ਸੰਗਤ ਦੇ ਸਾਹਮਣੇ ਹੀ ਗੁਰ ਚਰਨਾਂ ਤੇ ਗੁਰਚਰਨ ਸਿੰਘ ਢਹਿ ਗਿਆ। ਆਖਣ ਲੱਗਾ ਸੱਚੇ ਪਾਤਸ਼ਾਹੋ, ਤੁਸੀਂ ਸਭ ਕੁਝ ਕਰਨਹਾਰ ਹੋ ਸਾਡਾ ਤਾਂ ਕਮਲਾ ਟੋਲਾ ਏ, ਇਹ ਤੁਸੀਂ ਹੀ ਹੋ

Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਦੀ ਨਵ-ਉਸਾਰੀ ਵੱਲ ਧਿਆਨ ਗਿਆ ਤਾਂ ਉਹਨੂੰ ਧਰਤੀ ਤੇ ਹੀ ਸਵਰਗ ਬਣਾ ਦਿੱਤਾ ਤੇ ਮੇਰੇ ਜਿਹਾਂ ਨੂੰ ਲਿਖਣਾ ਪਿਆ :

ਜੇ ਧਰਤੀ ਤੇ ਹੀ ਸਵਰਗ ਮਾਨਣ ਦੀ ਚਾਹ ਏ
ਚਲੋ ਭੈਣੀ ਸਾਹਿਬ ਸਵਰਗ ਜਿਹਾ ਏ।

ਤੇ ਆਪਣੇ ਸੇਵਕਾਂ ਨੂੰ ਇਕ ਮੁੱਠ ਰੱਖ ਸਕਦੇ ਹੋ।

ਸਤਿਗੁਰੂ ਜੀ ਨੇ ਉਸ ਤੋਂ ਬਾਅਦ ਸਾਰੀ ਸੰਗਤ ਨੂੰ ਹਰ ਮਹੀਨੇ ਇੱਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਤੇ ਇਕ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਕਰਕੇ ਇਤਲਾਹ ਸ੍ਰੀ ਭੈਣੀ ਸਾਹਿਬ ਦੇਣ ਦਾ ਹੁਕਮ ਜਾਰੀ ਕੀਤਾ। ਜੋ ਅੱਜ ਤੱਕ ਹੋ ਰਿਹਾ ਹੈ ਤੇ ਹੁੰਦਾ ਰਹੇਗਾ। ਅੱਜ ਥਾਂ ਥਾਂ ਅਖੰਡ ਵਰਨੀਆਂ ਚੱਲ ਰਹੀਆਂ ਹਨ। ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਲੁਧਿਆਣੇ, ਅੰਮ੍ਰਿਤਸਰ, ਹਜ਼ਾਰੀ ਬਾਗ, ਬੈਂਕਾਕ ਤੇ ਪਤਾ ਨਹੀਂ ਹੋਰ ਕਿਥੇ ਕਿਥੇ? ਸੁਣਿਐ ਕਨੇਡਾ, ਇੰਗਲੈਂਡ, ਅਮਰੀਕਾ ਵਿੱਚ ਵੀ।

ਇਹ ਕ੍ਰਿਸ਼ਮੇ ਸਾਰੇ ਬੀਤ ਚੁੱਕੀ ਅੱਧੀ ਸਦੀ ਵਿਚ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰ ਵਿਖਾਏ ਹਨ। ਅੱਜ ਅਸੀਂ ਧੌਣ ਉੱਚੀ ਕਰਕੇ ਕਹਿ ਸਕਦੇ ਹਾਂ ਕਿ ਸਾਡੇ ਜਿਹਾਂ ਦੇ ਸਾਈਂ ਸ੍ਰੀ ਬੇਅੰਤ ਜੀ ਨੇ ਸਾਰੀ ਦੁਨੀਆਂ ਵਿੱਚ ਸਾਡਾ ਸਿਰ ਉਚਾ ਕਰ ਦਿੱਤਾ ਹੈ।

ਉਪਰਲੇ ਸਾਰੇ ਕਾਰਜ ਤਾਂ ਆਪ ਜੀ ਨੇ ਪ੍ਰਤੱਖ ਰੂਪ ਵਿਚ ਕੀਤੇ ਨੇ ਪਰ ਅਪ੍ਰਤੱਖ ਰੂਪ ਵਿਚ ਸੰਗਤਾਂ ਨੂੰ ਜੋ ਪਿਆਰ ਤੇ ਦੁਲਾਰ ਆਪ ਜੀ ਨੇ ਬਖਸ਼ਿਆ ਹੈ, ਇਸ ਦਾ ਅੰਦਾਜ਼ਾ ਮੇਰੀ ਇਹ ਨਿਗੂਣੀ ਕਲਮ ਕਿਵੇਂ ਕਰ ਸਕਦੀ ਹੈ। ਰੁੱਸਿਆਂ ਨੂੰ ਗਲੇ ਲਾਇਆ, ਦੂਰ ਹੋਇਆਂ ਨੂੰ ਨੇੜੇ ਲਿਆਂਦਾ, ਡਿੱਗਿਆਂ ਨੂੰ ਉਠਾ ਲਿਆ, ਚੋਰਾਂ ਨੂੰ ਸਾਧ ਤੇ ਸਾਧਾਂ ਨੂੰ ਪੂਰਨ ਸੰਤ ਬਣਾ ਦਿੱਤਾ। ਇੱਕ ਹੋਰ ਗੱਲ ਮੈਂ ਕਹਨੋਂ ਨਹੀਂ ਰਹਿ ਸਕਦਾ, ਪੰਥ ਦੇ ਬੇਸਹਾਰਾ ਤੇ ਨਿਰਾਸਰੇ ਬਜ਼ੁਰਗਾਂ ਨੂੰ ਸਤਿਕਾਰ ਸਹਿਤ ਆਪਣੇ ਕੋਲ ਲਿਆਂਦਾ ਤੇ ਘਰਦਿਆਂ ਨਾਲੋਂ ਵੀ ਵੱਧ ਉਹਨਾਂ ਦੀ ਸੰਭਾਲ ਸ੍ਰੀ ਭੈਣੀ ਸਾਹਿਬ ਵਿਖੇ ਬਣਾਈ ਬਿਰਧਸ਼ਾਲਾ ਵਿੱਚ ਹੋ ਰਹੀ ਹੈ। ਹਰ ਸਹੂਲਤ ਬਜ਼ੁਰਗਾਂ ਨੂੰ ਏਥੇ ਮਿਲਦੀ ਹੈ। ਇਥੋਂ ਤੱਕ ਕਿ ਆਪ ਦਿਆਲੂ ਹੋ ਕੇ ਰੋਜ਼ ਸ਼ਾਮ ਨੂੰ ਉਹਨਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਦੇ ਹਨ।

ਸੋ ਇਹਨਾਂ ਬੀਤੇ ਪੰਜਾਹ ਸਾਲਾਂ ਦਾ ਵਰਣਨ ਕਰਨੋਂ ਅਸਮਰਥ ਹੋ ਕੇ ਆਪਣੇ ਇਸ ਲੇਖ ਦਾ ਅੰਤ ਕਰਦਾ ਹਾਂ।

ਅਨੋਖਾ ਯਾਰ ਮਿਲਾਇਆ ਏ

ਹਰਭਜਨ ਸਿੰਘ ਪ੍ਰਵਾਨਾ

ਭਾਗਾਂ ਵੱਡਿਆਂ ਵਾਲੇ ਨੇ ਜਿਨ੍ਹਾਂ ਨੂੰ ਪਿਆਰ ਮਿਲਿਆ ਏ।
ਗੁਰੂ ਜਗਜੀਤ ਸਿੰਘ ਵਰਗਾ ਸੱਚਾ ਗ਼ਮਖਾਰ ਮਿਲਿਆ ਏ।

ਮੰਨਣ ਹੁਕਮ ਏਸਦਾ ਜੋ ਓਹੀ ਪਰਵਾਨ ਹੁੰਦੇ ਨੇ।
ਜਿਹੜੇ ਹੁਕਮ ਨਹੀਂ ਮੰਨਦੇ ਬੁਰੇ ਇਨਸਾਨ ਹੁੰਦੇ ਨੇ।
ਬਦਲੇ ਭੈੜੀਆਂ ਸੋਚਾਂ ਨੂੰ ਸਿਰਜਨਹਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

ਇਸ ਦੇ ਪਿਰਮ ਪਿਆਲੇ 'ਚੋਂ ਜੋ ਭਰ ਭਰ ਜਾਮ ਪੀਂਦੇ ਨੇ।
ਸਦਾ ਮਖ਼ਮੂਰ ਰਹਿੰਦੇ ਨੇ ਜੋ ਪੱਲਾ ਥਾਮ ਲੈਂਦੇ ਨੇ।
ਬੜੀ ਖੁਸ਼ਕਿਸਮਤੀ ਸਾਡੀ ਇਹ ਦਿਲਦਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

ਸੱਚਾ ਮਿੱਤਰ ਸਭਨਾਂ ਦਾ ਅਤੇ ਵਣਜਾਰਾ ਪ੍ਰੀਤਾਂ ਦਾ।
ਹਾਮੀ ਸਦ ਪਰਤੀਤਾਂ ਦਾ ਤੇ ਅੰਤਰਜਾਮੀ ਨੀਤਾਂ ਦਾ।
ਪਰਖੇ ਸਾਡੇ ਸਿਦਕ ਨੂੰ ਪਰਖਣਹਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

ਮੋਰਾਂ ਵਾਂਗ ਬੱਦਲ ਸੰਗ ਪ੍ਰੀਤ ਜੋ ਕਰਦੇ ਰਹਿੰਦੇ ਨੇ।
ਮੱਛਲੀ ਵਾਂਗ ਸਾਗਰ ਪ੍ਰੇਮ ਦੇ ਵਿੱਚ ਤਰਦੇ ਰਹਿੰਦੇ ਨੇ।
ਪੱਤਝੜ ਸੁੰਞੇ ਜੀਵਨ ਵਿੱਚ ਖਿੜ੍ਹੀ ਗੁਲਜ਼ਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

ਪਵਿੱਤਰ ਚਰਨਾਂ ਵਿੱਚ ਬਹਿਕੇ ਨਜ਼ਾਰਾ ਗਜ਼ਬ ਦਾ ਮਿਲਦਾ।
ਤੱਕ ਕੇ ਨੂਰੀ ਮੁਖੜੇ ਨੂੰ ਸਹਾਰਾ ਗਜ਼ਬ ਦਾ ਮਿਲਦਾ।
ਨਾ ਰਹਿੰਦੀ ਹੋਸ਼ ਆਪ ਦੀ ਇਹ ਠੱਗਣਹਾਰ ਮਿਲਿਆ ਏ।
ਭਾਗਾਂ ਵਡਿਆਂ ਵਾਲੇ ਨੇ .....।

ਜੋ ਇਸ ਤੋਂ ਬੇਮੁੱਖ ਹੋ ਜਾਂਦੇ ਉਹ ਲੱਖੋਂ ਕੱਖ ਹੋ ਜਾਂਦੇ ਨੇ।
ਜੋ ਇਸ ਦੇ ਨਾਲ ਜੁੜੇ ਰਹਿੰਦੇ ਉਹ ਕੱਖੋਂ ਲੱਖ ਹੋ ਜਾਂਦੇ ਨੇ।
ਇਹ ਦਾਤਾ ਦਾਤਾਂ ਦਾ ਸਾਨੂੰ ਭਰਿਆ ਭੰਡਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

(ਇਸ) ਲੱਖਾਂ ਬੇਬੱਸ ਜੀਵਾਂ ਦੀ ਰੁਕੀ ਰਫਤਾਰ ਤੋਰੀ ਏ।
ਭੁੱਲੇ ਭਟਕੇ ਰਾਹੀਆਂ ਦੀ ਖੁਦਾ ਸੰਗ ਤਾਰ ਜੋੜੀ ਏ।
ਐਸਾ ਦੁਨੀਆਂ ਵਿੱਚ ਪਹਿਲਾ ਹੀ ਜੋੜਨਹਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

ਇਸ ਕੁਰਖ਼ਤ ਬੰਦਿਆਂ ਦੀ ਅੱਖੜ ਗੁਫਤਾਰ ਬਦਲੀ ਏ।
ਦੇ ਕੇ ਚਰਨ ਛੂਹ ਪਾਰਸ ਨੀਰਸ ਨੁਹਾਰ ਬਦਲੀ ਏ।
ਜੀਵਨ ਵਿੱਚ 'ਪਰਵਾਨੇ' ਨੂੰ ਅਨੋਖਾ ਯਾਰ ਮਿਲਿਆ ਏ।
ਭਾਗਾਂ ਵੱਡਿਆਂ ਵਾਲੇ ਨੇ .....।

Namdhari Elibrary NamdhariElibrary@gmail.com

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ

✍ ਡਾ. ਅਮਰਜੀਤ ਕੌਰ

ਇਹ ਗੱਲ ਸੁਣ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਜ਼ਰ ਭਰ ਕੇ ਮੇਰੇ ਵੱਲ ਤੱਕਿਆ। ਉਸ ਪਲ ਛਿਨ ਦੀ ਤੱਕਣੀ ਨੇ ਮੈਨੂੰ ਇਹ ਮਹਿਸੂਸ ਕਰਾ ਦਿਤਾ ਕਿ ਮੈਂ ਜਿਸ ਕਾਰਜ ਲਈ ਆਈ ਹਾਂ, ਉਸ ਦੀ ਪ੍ਰਵਾਨਗੀ ਸ੍ਰੀ ਸਤਿਗੁਰੂ ਜੀ ਨੇ ਦੇ ਦਿੱਤੀ ਹੈ।

ਮੈਨੂੰ ਸ੍ਰੀ ਭੈਣੀ ਸਾਹਿਬ ਤੋਂ ਸੂਬਾ ਬਲਵਿੰਦਰ ਸਿੰਘ ਝੱਲ ਦਾ ਫੋਨ ਆਇਆ ਤੇ ਉਨ੍ਹਾਂ ਨੇ ਕਿਹਾ, "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 50ਵੇਂ ਗੁਰਗੱਦੀ ਦਿਵਸ ਤੇ ਆਪਣੇ ਵਿਚਾਰ ਲਿਖ ਕੇ ਭੇਜੋ। ਫਿਰ ਚਿੱਠੀ ਵੀ ਆ ਗਈ ਪਰ ਚਿੱਠੀ ਤੋਂ ਪਹਿਲਾਂ ਫੋਨ ਤੇ ਗੱਲਬਾਤ ਤੋਂ ਬਾਅਦ ਮੇਰੀ ਸੋਚ ਦੀ ਸੂਈ ਉਸ ਸੁਹਾਵੀ ਘੜੀ ਦੇ ਉਹਨਾਂ ਪਲਾਂ ਵਿੱਚ ਚਲੀ ਗਈ ਜਦੋਂ ਮੈਨੂੰ ਪਹਿਲੀ ਵਾਰ ਨੇੜਿਉਂ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ ਸੀ। ਇਹ ਅੱਸੂ ਦਾ ਮਹੀਨਾ ਸੀ। ਅੱਸੂ ਮਹੀਨੇ ਦਾ ਜਪ ਪ੍ਰਯੋਗ ਚੱਲ ਰਿਹਾ ਸੀ। ਗੱਲ ਇਵੇਂ ਬਣੀ :

ਮੈਨੂੰ ਭਾਸ਼ਾ ਵਿਭਾਗ ਪੰਜਾਬ ਸਰਕਾਰ ਪਟਿਆਲਾ ਤੋਂ ਪੱਤਰ ਆਇਆ ਕਿ ਮੈਂ ਸ੍ਰੀ ਭੈਣੀ ਸਾਹਿਬ ਰਾਈਆਂ ਸਰਵੇ ਪੁਸਤਕ ਲਿਖ ਕੇ ਭੇਜਾਂ। ਅੰਮ੍ਰਿਤਸਰ ਤੋਂ ਸ੍ਰੀ ਭੈਣੀ ਸਾਹਿਬ (ਲੁਧਿਆਣੇ) ਜਾ ਕੇ ਲਿਖਣਾ ਕੰਮ ਤਾਂ ਔਖਾ ਸੀ ਪਰ ਔਖੇ ਕੰਮ ਤੋਂ ਮੂੰਹ ਮੋੜ ਜਾਣਾ ਵੀ ਕਿਧਰ ਦੀ ਲਿਆਕਤ ਸੀ। ਫਿਰ ਇਹ ਵੀ ਸੋਚਦੀ ਸੀ ਕਿ ਮੈਂ ਤੇ ਨਾਮਧਾਰੀ ਵੀ ਨਹੀਂ, ਪਤਾ ਨਹੀਂ ਸਹਿਯੋਗ ਮਿਲੇ ਕਿ ਨਾ ਮਿਲੇ, ਦੂਜਾ ਹੈ ਘਰ ਤੋਂ ਦੂਰ, ਫਿਰ ਸੋਚਿਆ ਕਿ ਜਾਪਦਾ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਨੇ ਇਹ ਸੇਵਾ ਮੇਰੇ ਕੋਲੋਂ ਲੈਣੀ ਹੈ। ਇਹ ਉਸ ਦਾ ਕੰਮ ਹੈ ਉਸ ਆਪੇ ਕਰਵਾ ਲੈਣੀ ਹੈ, ਮੈਂ ਤਾਂ ਕੇਵਲ ਬਹਾਨਾ ਹਾਂ। ਗੱਲ ਕੀ, ਸ੍ਰੀ ਭੈਣੀ ਸਾਹਿਬ ਦਾ ਰਾਹ ਪੁਛਿਆ ਤੇ ਤੁਰ ਪਈ। ਮੈਂ ਜਦੋਂ ਸ੍ਰੀ ਭੈਣੀ ਸਾਹਿਬ ਪੁਜੀ ਉਸ ਵੇਲੇ ਸ਼ਾਮ ਸਾਢੇ ਕੁ ਤਿੰਨ ਵਜੇ ਦਾ ਸਮਾਂ ਸੀ। ਸਹਿਯੋਗ ਦੇਣ ਵਾਲੇ ਖਾਸ ਬੰਦਿਆਂ ਦੇ ਨਾਮ ਮੈਂ ਭਾਸ਼ਾ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਦਵਿੰਦਰ ਸਿੰਘ ਉਸਾਹਨ ਤੋਂ ਪਤਾ ਕਰ ਲਏ ਸਨ। ਉਸ ਵੇਲੇ ਬੇਅੰਤ ਸੰਗਤ ਹਾਲ ਵਿੱਚ ਬੈਠੀ ਸਿਮਰਨ ਕਰ ਰਹੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਦਿਵਾਨ ਵਿੱਚ ਸੁਭਾਇਮਾਨ ਸਨ। ਮੈਂ ਚਿੱਠੀ ਹੱਥ ਵਿੱਚ ਫੜ੍ਹੀ ਤੇ ਜਾ ਕੇ ਸੰਤ ਹਰਪਾਲ ਸਿੰਘ ਸੇਵਕ ਦਾ ਨਾਮ ਪੁਛਿਆ। ਉਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਖੱਬੇ ਹੱਥ ਬੈਠੇ ਹਰਪਾਲ ਸਿੰਘ ਸੇਵਕ ਨੇ ਮੇਰੇ ਹੱਥੋਂ ਚਿੱਠੀ ਫੜ ਲਈ। ਮੈਂ ਸੰਖੇਪ ਵਿੱਚ ਇੰਨਾ ਹੀ ਕਿਹਾ ਕਿ ਮੈਂ ਸਰਵੇ ਪੁਸਤਕ ਲਿਖਣ ਲਈ ਆਈ ਹਾਂ। ਉਸ ਨੇ ਇਹ ਗੱਲ ਸ੍ਰੀ ਸਤਿਗੁਰੂ ਜੀ ਨੂੰ ਦੱਸੀ। ਇਹ ਗੱਲ ਸੁਣ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਜ਼ਰ ਭਰ ਕੇ ਮੇਰੇ ਵੱਲ ਤੱਕਿਆ। ਉਸ ਪਲ ਛਿਨ ਦੀ ਤੱਕਣੀ ਨੇ ਮੈਨੂੰ ਇਹ

Namdhari Elibrary NamdhariElibrary@gmail.com

ਮਹਿਸੂਸ ਕਰਾ ਦਿਤਾ ਕਿ ਮੈਂ ਜਿਸ ਕਾਰਜ ਲਈ ਆਈ ਹਾਂ, ਉਸ ਦੀ ਪ੍ਰਵਾਨਗੀ ਸ੍ਰੀ ਸਤਿਗੁਰੂ ਜੀ ਨੇ ਦੇ ਦਿੱਤੀ ਹੈ। ਉਸੇ ਛਿਨ ਸੇਵਕ ਨੇ ਮੈਨੂੰ ਕਿਹਾ, ਬੀਬੀ ਜੀ ਤੁਸੀਂ ਗੈਸਟ ਰੂਮ ਵਿੱਚ ਬੈਠੋ ਮੈਂ ਚਾਰ ਵਜੇ ਤੁਹਾਡੇ ਕੋਲ ਪੁਜ ਜਾਵਾਂਗਾ।

ਠੀਕ ਚਾਰ ਵਜੇ ਉਹ ਮੇਰੇ ਕੋਲ ਪੁਜ ਗਏ। ਇਹਨਾਂ ਆਉਂਦਿਆਂ ਬਰਫੀ ਤੇ ਦੁੱਧ ਨਾਲ ਸੇਵਾ ਕੀਤੀ ਤੇ ਸਾਰਾ ਪੱਤਰ ਵਾਚ ਕੇ ਕਹਿਣ ਲੱਗੇ, ਬੀਬੀ ਜੀ ਤੁਸੀਂ ਕੁਝ ਦਿਨ ਰਹੋਗੇ। ਮੈਂ ਕਿਹਾ, ਕੰਮ ਦੇ ਹਿਸਾਬ ਨਾਲ ਜ਼ਰੂਰੀ ਹੈ ਕਿ ਅੱਠ ਦਸ ਦਿਨ ਲੱਗ ਜਾਣਗੇ, ਸੋ ਮੈਂ ਇਥੇ ਹੀ ਰਹਾਂਗੀ। ਫਿਰ ਉਹਨਾਂ ਨੇ ਗੈਸਟ ਹਾਊਸ ਵਿੱਚ ਕਮਰਾ ਦੇ ਦਿੱਤਾ। ਮੇਰੀ ਸਹੂਲਤ ਲਈ ਫਰੀਦਾਬਾਦ ਨਿਵਾਸੀ ਸੰਤ ਮਹਿੰਦਰ ਸਿੰਘ ਕੂਕਾ ਨੂੰ ਦੇ ਦਿਤਾ ਗਿਆ। ਉਹਨਾਂ ਮੈਨੂੰ ਸਾਰਾ ਸ੍ਰੀ ਭੈਣੀ ਸਾਹਿਬ ਦਿਖਾਇਆ ਤੇ ਹਰ ਚੀਜ਼ ਬਾਰੇ ਦੱਸਿਆ ਗਿਆ।

ਅਗਲੇਰੇ ਦਿਨ ਮੈਂ ਗਊਸ਼ਾਲਾ ਗਈ। ਮਨ ਵਿੱਚ ਸੋਚ ਰਹੀ ਸੀ ਕਿ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹਨ, ਉਸ ਵੇਲੇ ਸ੍ਰੀ ਸਤਿਗੁਰੂ ਜੀ ਗਊਸ਼ਾਲਾ ਆ ਗਏ। ਮੈਂ ਗੱਡੀ ਵਿੱਚ ਬੈਠਿਆਂ ਨੂੰ ਨਮਸਕਾਰ ਕੀਤੀ ਤਾਂ ਆਪ ਜੀ ਦੇ ਨਿਜੀ ਸੇਵਕ ਸੰਤ ਰਸ਼ਪਾਲ ਸਿੰਘ ਨੇ ਆਪ ਜੀ ਨੂੰ ਕਿਹਾ, ਸੱਚੇ ਪਾਤਸ਼ਾਹ ਜੀ, ਇਹ ਬੀਬੀ ਜੀ ਇਥੋਂ ਬਾਰੇ ਕਿਤਾਬ ਲਿਖਣ ਲਈ ਆਏ ਹਨ। ਸ੍ਰੀ ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਮੇਰੇ ਵੱਲ ਵੇਖਿਆ ਤੇ ਸੱਚ ਜਾਣੋ ਮੇਰਾ ਹੌਸਲਾ ਦੂਣਾ ਚੌਣਾ ਹੋ ਗਿਆ। ਖੁਸ਼ੀ ਮੇਰੇ ਰੋਮ ਰੋਮ ਵਿੱਚ ਵਸ ਗਈ। ਦੋ ਵਾਰ ਦਰਸ਼ਨ ਕਰਨ ਤੋਂ ਬਾਅਦ ਦਰਸ਼ਨਾਂ ਦੀ ਭੁਖ ਹੋਰ ਵਧ ਗਈ। ਮੇਰਾ ਜੀਅ ਕਰੇ ਕਿ ਮੈਂ ਆਪ ਜੀ ਦੇ ਨੇੜੇ ਹੋ ਕੇ ਚਰਨ ਸਪਰਸ਼ ਕਰਾਂ। ਅੰਤਰਜਾਮੀ ਸ੍ਰੀ ਸਤਿਗੁਰੂ ਜੀ ਨੇ ਮੇਰੀ ਇਹ ਵੀ ਆਸ ਪੁਗਾ ਦਿਤੀ।

ਸ਼ਾਮ ਦਾ ਵੇਲਾ ਸੀ ਨੈਚਰੋਪੈਥੀ ਦੀ ਡਾਕਟਰ ਬੀਬੀ ਰਮੇਸ਼ ਕੌਰ ਦੇ ਕੋਲ ਸੀ। ਉਹਨਾਂ ਨੇ ਮੈਨੂੰ ਦਸਮ ਗ੍ਰੰਥ ਦੋ ਸੈਂਚੀਆਂ ਵਿੱਚ ਦਿਤਾ। ਇਹ ਉਹਨਾਂ ਦੇ ਪਤੀ ਡਾ. ਅਵਤਾਰ ਸਿੰਘ ਦਾ ਸੀ। ਜਦੋਂ ਮੈਂ ਗ੍ਰੰਥ ਲੈ ਕੇ ਕਮਰੇ ਵਿੱਚੋਂ ਬਾਹਰ ਆਈ ਤਾਂ ਭਾਈ ਜੀ ਮੇਰੇ ਨਾਲ ਹੀ ਬਾਹਰ ਆ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰਿਹਾਇਸ਼ ਦੇ ਬਾਹਰ ਦੇ ਕੈਂਪਸ ਵਿੱਚ ਕਾਫੀ ਸੰਗਤ ਸੀ, ਪਤਾ ਲੱਗਾ ਕਿ ਬੰਬਈ ਤੋਂ ਕੋਈ ਸੱਜਣ ਹੈ ਜੋ ਫਿਲਮ ਬਣਾ ਰਿਹਾ ਹੈ। ਤਾਂਹੀ ਸ੍ਰੀ ਸਤਿਗੁਰੂ ਜੀ ਬੱਘੀਨੁਮਾ ਪਾਲਕੀ ਕਮ ਜੀਪ ਵਿੱਚ ਬੈਠੇ ਦਿਖਾਈ ਦਿਤੇ। ਬੱਘੀ ਖਲੋ ਖਲੋ ਕੇ ਹੌਲੀ ਹੌਲੀ ਚੱਲ ਰਹੀ ਸੀ। ਸੰਗਤ ਚਰਨ ਸਪਰਸ਼ ਕਰ ਰਹੀ ਸੀ। ਮੈਂ ਵੀ ਝਟਪਟ ਅੱਗੇ ਹੋ ਕੇ ਸਤਿਗੁਰੂ ਜੀ ਦੇ ਚਰਨ ਸਪਰਸ਼ ਕਰ ਲਏ ਤਾਂ ਫਿਰ ਉਨ੍ਹਾਂ ਦੇ ਸੇਵਕ ਸੰਤ ਰਸ਼ਪਾਲ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ ਜੀ ਇਹ ਬੀਬੀ ਅਮਰਜੀਤ ਕੌਰ ਹਨ, ਅੰਮ੍ਰਿਤਸਰ ਤੋਂ ਆਏ ਹਨ ਜੋ ਇਥੇ ਇਹ ਸਰਵੇ ਕਿਤਾਬ ਲਿਖ ਰਹੇ ਹਨ। ਆਪ ਨੇ ਫਿਰ ਬੜੇ ਪਿਆਰ ਨਾਲ ਮੇਰੇ ਵੱਲ ਵੇਖਿਆ ਤੇ ਹਾਂ ਵਿੱਚ ਸੀਸ ਹਿਲਾਇਆ ਤੇ ਹੱਥ ਨਾਲ ਅਸ਼ੀਰਵਾਦ ਦਿੱਤੀ। ਉਸ ਵੇਲੇ ਮੇਰੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ।

ਇਕ ਕਾਰਜ ਲਈ ਤਿੰਨ ਵਾਰੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਮਿਲੇ ਅਸ਼ੀਰਵਾਦ ਦੀ ਖੁਸ਼ੀ ਦੀ ਕੋਈ ਸੀਮਾ ਨਾ ਰਹੀ। ਹੁਣ ਵੀ ਮੈਨੂੰ ਇਉਂ ਲਗਦਾ ਹੈ ਕਿ ਜਿਵੇਂ ਆਪ ਜੀ ਮੇਰੇ ਅੰਗ-ਸੰਗ ਹੋਣ।

ਕੋਈ ਸ਼ੱਕ ਨਹੀਂ ਕਿ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਹੋਇਆਂ ਸੰਤ ਹਰਪਾਲ ਸਿੰਘ ਸੇਵਕ, ਸੂਬਾ ਬਲਵਿੰਦਰ ਸਿੰਘ ਝੱਲ, ਸ. ਮਹਿੰਦਰ ਸਿੰਘ ਕੂਕਾ, ਸ. ਸੁਵਰਨ ਸਿੰਘ ਵਿਰਕ, ਸ. ਜਸਵਿੰਦਰ ਸਿੰਘ ਹਿਸਟੋਰੀਅਨ, ਸੰਤ ਸੁਰਿੰਦਰ ਸਿੰਘ ਲੁਧਿਆਣਾ, ਬੀਬੀ ਨਰਿੰਦਰ ਕੌਰ ਸੰਗੀਤਕਾਰ ਤੇ ਹੋਰਨਾਂ ਨੇ ਪੂਰਨ ਸਹਿਯੋਗ ਦਿਤਾ। ਮੈਂ ਇਨ੍ਹਾਂ ਦੀ ਰਿਣੀ ਹਾਂ।

ਮੈਂ ਜੋ ਅੱਜ ਸ੍ਰੀ ਸਤਿਗੁਰੂ ਜੀ ਦਾ ਅਭਿਨੰਦਨ ਕਰਦੀ ਹੋਈ ਮਹਿਸੂਸ ਕਰ ਰਹੀ ਹਾਂ ਕਿ ਆਪ ਜੀ ਇਸ ਮਨੁੱਖੀ ਦੇਹ ਵਿਚ ਪਰਮਾਤਮ ਰੂਪ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜੋ ਸਾਧ ਹਨ, ਸੰਤ ਹਨ, ਮਹਾਂਪੁਰਸ਼ ਹਨ, ਬ੍ਰਹਮ ਗਿਆਨੀ ਹਨ ਤੇ ਅਕਾਲ ਪੁਰਖ ਵਲੋਂ ਹੁਕਮਾਏ ਕਾਰਜ ਕਰਨ ਲਈ ਠਾਕੁਰ ਕੇ ਸੇਵਕ ਹਨ।

ਬਾਣੀ ਕੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਇਹੋ ਜਿਹੇ ਵਿਰਲੇ ਮਹਾਂਪੁਰਖਾਂ ਲਈ ਬਹੁਤ ਸਪਸ਼ਟ ਹਨ। ਸੁਖਮਨੀ ਸਾਹਿਬ ਦੀ ਅੱਠਵੀਂ ਅਸ਼ਟਪਦੀ ਵਿਚ ਸਾਧ ਦੀ ਮਹਿਮਾ ਦਾ ਵਿਖਿਆਨ ਕਰਦੇ ਹੋਏ ਸਲੋਕ ਵਿੱਚ ਹੀ ਸਾਧ ਜਨਾ ਕੀ ਅਚਰਜ ਕਥਾ ਦੀ ਅਕੱਥ ਕਥਾ ਦਾ ਵਿਵਰਣ ਦੇਂਦੇ ਹੋਏ ਫੁਰਮਾਉਂਦੇ ਹਨ ਕਿ ਸਾਧ ਦੀ ਸੰਗਤ ਕਰਨ ਦੇ ਨਾਲ ਮੁਖ ਉਜਲ ਹੋਤ, ਮਲ ਸਗਲੀ ਖੋਤ, ਮਿਟੈ ਅਭਿਮਾਨ, ਪਾਏ ਨਾਮ ਰਤਨ, ਅਗੋਚਰ ਮਿਲੈ, ਸਦਾ ਪਰਫੁਲੈ, ਮਨੋਹਰ ਬੈਨ, ਮਾਇਆ ਤੇ ਭਿੰਨ, ਸੁਪ੍ਰਸੰਨ, ਮਹਾਂ ਪੁਨੀਤ, ਨਾ ਬੀਗਾ ਪੈਰ, ਪਰਮਾਨੰਦਾ, ਸਦਾ ਸੁਖੁ ਪਾਵੈ, ਬਸੈ ਥਾਨਿ ਊਚੇ, ਸਭ ਕੁਲ ਉਧਾਰੈ, ਧਰਮਰਾਇ ਕਰੇ ਸੇਵਾ, ਸੋਭਾ ਸੁਰ ਦੇਵਾ, ਸਫਲ ਜਨਮ, ਹੋਤ ਨਿਹਾਲੁ, ਈਹਾਂ ਊਹਾਂ ਸੁਹੇਲਾ ਹੈ। ਫਿਰ ਸਾਧ ਦੀ ਮਹਿਮਾ ਨੂੰ ਵੇਦ

Namdhari Elibrary NamdhariElibrary@gmail.com

ਦੀ ਨਹੀਂ ਜਾਣ ਸਕੇ। ਵੇਦਾਂ ਨੇ ਵੀ ਓਨਾਂ ਹੀ ਵਿਖਿਆਨ ਕੀਤਾ ਜਿੰਨਾਂ ਉਹਨਾਂ ਨੇ ਸੁਣਿਆ। ਸਾਧ ਦੀ ਮਹਿਮਾ ਤਿਹੁ ਗੁਣ ਤੇ ਦੂਰ ਹੈ। ਉਸ ਦੀ ਸੋਭਾ ਦਾ ਕੋਈ ਅੰਤ ਨਹੀਂ। ਸਾਧ ਕੀ ਸੋਭਾ ਸਾਧ ਬਨਿ ਆਈ। ਨਾਨਕ ਸਾਧ ਪ੍ਰਭ ਭੇਦ ਨਾ ਪਾਈ ਹੈ।

ਫਿਰ ਅੱਠਵੀਂ ਅਸਟਪਦੀ ਸ਼ੁਰੂ ਕਰਨ ਤੋਂ ਪਹਿਲਾਂ ਉਹ ਸਾਧ ਜਿਸ ਦਾ ਮਨਿ ਸਾਚਾ ਹੈ, ਮੁਖਿ ਸਾਚਾ ਹੈ ਜੋ ਕੇਵਲ ਇਕ ਅਕਾਲ ਪੁਰਖ ਨੂੰ ਮੰਨਦਾ ਹੈ। ਇਹਨਾਂ ਲੱਛਣਾਂ ਵਾਲਾ ਸਾਧ ਪੁਰਖੁ ਬ੍ਰਹਮ ਗਿਆਨੀ ਹੈ। ਜਿਸਨੂੰ ਬ੍ਰਹਮ ਦਾ ਗਿਆਨ ਅਥਵਾ ਅਧਿਆਤਮਿਕ ਗਿਆਨ ਹੈ। ਜੋ ਅੰਤਰਜਾਮੀ ਹੈ। ਦ੍ਰਿਯ ਦ੍ਰਿਸ਼ਟੀ ਦਾ ਮਾਲਕ ਹੈ। ਉਹ ਬ੍ਰਹਮ ਗਿਆਨੀ ਕਮਲ ਫੁੱਲ ਵਾਂਗ ਨਿਰਲੇਪ ਹੈ। ਉਹ ਨਿਰਦੋਖ ਹੈ। ਉਸ ਦੀ ਦ੍ਰਿਸ਼ਟੀ ਵਿਚ ਸਭ ਸਮਾਨ ਹੈ। ਉਹ ਨਿਰਮਲ ਤੇ ਨਿਰਮਲਾ, ਮਨਿ ਹੋਇ ਪ੍ਰਗਾਸ, ਊਚ ਤੇ ਊਚਾ, ਮਨਿ ਅਪਨੇ ਹੈ ਸਭ ਤੇ ਨੀਚਾ, ਸਗਲ ਕੀ ਰੀਨਾ, ਸਭ ਉਪਰਿ ਮਇਆ, ਕਛੂ ਬੁਰਾ ਨਾ ਭਇਆ, ਬੰਧਨ ਤੇ ਮੁਕਤਾ, ਨਿਰਮਲ ਜੁਗਤਾ, ਪਰਉਪਕਾਰ ਉਮਾਹਾ, ਸਦਾ ਸਦ ਜਾਗਤ, ਅਹੁੰ ਬੁਧਿ ਤਿਆਗਤ, ਬਡ ਪਰਤਾਪਾ, ਸਰਬ ਕਾ ਠਾਕੁਰ, ਮੁਕਤਿ ਜੁਗਤਿ ਜੀਅ ਦਾ ਦਾਤਾ, ਅਨਾਥ ਕਾ ਨਾਥ, ਆਪਿ ਨਿਰੰਕਾਰ ਹੈ। **ਜਿਸ ਬ੍ਰਹਮ ਗਿਆਨੀ ਕੋ ਖੋਜਹਿ ਮਹੇਸੁਰ॥ ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ਹੈ।**

ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 50ਵੇਂ ਗੁਰਗੱਦੀ ਦਿਵਸ ਤੇ ਕੋਟਾਨਕੋਟ ਅਭਿਨੰਦਨ ਕਰਦੀ ਹੋਈ ਕੇਵਲ ਤੇ ਕੇਵਲ ਇੰਨਾਂ ਕਹਿੰਦੀ ਹਾਂ ਕਿ ਸਤਿਗੁਰੂ ਜੀ ਦੀ ਉਪਮਾ ਬਿਆਨ ਤੋਂ ਬਾਹਰੀ ਹੈ ਇਹ ਸੂਰਜਾਂ ਨੂੰ ਦੀਵਾ ਦਿਖਾਉਣ ਦੇ ਤੁਲ ਹੈ ਫਿਰ ਮੈਂ ਚਾਰ ਅੱਖਰ ਭੇਟ ਕਰਦੀ ਹੋਈ ਇਕਬਾਲ-ਏ-ਬਿਆਨਤ ਕਰਦੀ ਹੋਈ ਕਹਿੰਦੀ ਹਾਂ ਕਿ ਜਿਸ ਦੀ ਨਜ਼ਰ, ਨਦਰਿ ਨਿਹਾਲ ਕਰ ਦਿੰਦੀ ਹੈ, ਜੋ ਖਿਨ ਮਹਿ ਨੀਚ ਕੀਟ ਕਉ ਰਾਜ ਦੇਣ ਦੇ ਸਮਰਥ ਹੈ, ਜਿਸ ਦੇ ਪੈਰਾਂ ਦੀ ਛੋਹ ਨੇ ਰੇਤਲਿਆਂ ਕੰਡਿਆਲਿਆਂ ਰੱਕੜ ਜੰਗਲਾਂ ਨੂੰ ਜ਼ਰਖੇਜ ਕਰ ਦਿਤਾ, ਸਿਰਸਾ ਵਰਗੇ ਰੇਤ ਦੇ ਟਿੱਬਿਆਂ ਵਾਲੇ ਇਲਾਕੇ ਨੂੰ ਹਰਾ ਭਰਾ ਕਰਕੇ ਜੀਵਨ ਨਗਰ, ਮਸਤਾਨਗੜ੍ਹ ਵਰਗੇ ਇਲਾਕੇ ਸ਼ਾਨਦਾਰ ਕੋਠੀਆਂ ਵਾਲੇ ਬਣ ਗਏ। ਉਹ ਬੇਅੰਤ ਹੈ, ਜਿਸਨੇ ਸਿੱਖੀ ਸਰੂਪ ਵਿੱਚ ਖਿਡਾਰੀਆਂ ਨੂੰ ਖੇਡ ਦੇ ਮੈਦਾਨ ਵਿਚ ਉਤਾਰਕੇ ਉਲੰਪਿਕ ਤਕ ਨਾਮਣਾ ਖਟਿਆ। ਜਿਸਦੀ ਤਪ ਸਾਧਨਾ ਸਾਹਵੇਂ ਰਾਗਾਂ ਦੇ ਧਨੀ ਨਿਉਂ ਗਏ। ਜਿਸਦੀ ਫੁਲਵਾੜੀ ਵਿੱਚੋਂ ਨਾਮਵਰ ਰਾਗੀ ਪੈਦਾ ਹੋਏ ਜਿਨਾਂ ਨੇ ਦੁਨੀਆਂ ਤੇ ਆਪਣਾ ਨਾਮ ਪੈਦਾ ਕੀਤਾ। ਜਿਸਨੇ ਸ਼ਹੀਦਾਂ ਦੀ ਯਾਦ ਵਿੱਚ ਵੱਡੇ ਪੱਧਰ ਤੇ ਸਮਾਗਮ ਕਰਾਉਣ ਦੇ ਨਾਲ ਨਾਲ ਵਡ ਆਕਾਰੀ ਸ਼ਹੀਦੀ ਸਮਾਰਕ ਤੇ ਪਾਰਕ, ਸਕੂਲ, ਕਾਲਜ ਤੇ ਸੜਕਾਂ ਬਣਵਾਈਆਂ। ਸਤਿਗੁਰੂ ਰਾਮ ਸਿੰਘ ਜੀ ਦੇ ਪਾਵਨ ਸਰੂਪ ਚਿੱਤਰ ਵਿਧਾਨ ਸਭਾ ਪੰਜਾਬ ਤੇ ਪਾਰਲੀਮੈਂਟ ਦਿੱਲੀ ਵਿਚ ਲਗਵਾਏ ਹਨ। ਸ਼ਹੀਦਾਂ ਦੇ ਪਰਵਾਰਾਂ ਨੂੰ ਫਰੀਡਮ ਫਾਈਟਰ ਦਾ ਦਰਜਾ ਦੁਆਇਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲਿਆ ਵਾਰਾਣਸੀ ਵਿੱਚ ਸਤਿਗੁਰੂ ਰਾਮ ਸਿੰਘ ਚੇਅਰਾਂ ਸਥਾਪਿਤ ਕਰਵਾਈਆਂ। ਵੱਡੇ ਪੱਧਰ ਤੇ ਬਹੁਤ ਖ਼ੂਬਸੂਰਤ ਪੁਸਤਕਾਂ ਦੀਆਂ ਪ੍ਰਕਾਸ਼ਨਾਵਾਂ ਕਰਵਾਈਆਂ।

ਸਤਿਗੁਰੂ ਜਗਜੀਤ ਸਿੰਘ ਜੀਓ, ਆਪ ਜੀ ਦੀ ਕਿਰਪਾ ਦ੍ਰਿਸ਼ਟੀ ਸਦਕਾ ਅੱਜ ਦੇ ਯੁਗ ਵਿਚ ਜੈਵਿਕ ਖਾਦਾਂ ਦੀ ਵਰਤੋਂ ਨਾਲ ਨਾਮਧਾਰੀ ਸੀਡਜ਼ ਦਾ ਦੁਨੀਆਂ ਵਿਚ ਕੋਈ ਸਾਨੀ ਨਹੀਂ। ਆਪ ਜੀ ਦੀ ਕਿਰਪਾ ਨਾਲ ਸ੍ਰੀ ਉਦੈ ਸਿੰਘ ਜੀ ਏਸ਼ੀਆਂ ਮਹਾਂਦੀਪ ਦੀਆਂ ਸੀਡਜ਼ ਸੰਸਥਾਵਾਂ ਦੇ ਚੇਅਰਮੈਨ ਹਨ। ਆਪ ਜੀ ਦੇ ਖੇਤੀ ਫਾਰਮਾਂ ਤੇ ਹਜ਼ਾਰਾਂ ਬੇਰੁਜ਼ਗਾਰ ਰੋਜ਼ੀ ਰੋਟੀ ਕਮਾ ਰਹੇ ਹਨ। ਆਪ ਜੀ ਨੇ ਗਰੀਬਾਂ ਦੁਖੀਆਂ ਲਈ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਰਗਾ ਉਚ ਕੋਟੀ ਦਾ ਹਸਪਤਾਲ ਤਿਆਰ ਕਰਵਾਇਆ ਹੈ। **ਅੱਜ ਭੈਣੀ ਨੂੰ ਸ੍ਰੀ ਤੇ ਸਾਹਿਬ ਨਾਲ ਸੰਬੋਧਿਤ ਹੋਣਾ ਆਪ ਦੀ ਵੱਡੀ ਘਾਲਣਾ ਹੈ।** ਅੱਜ **ਸ੍ਰੀ ਭੈਣੀ ਸਾਹਿਬ ਕੇਵਲ ਪੰਜਾਬ** ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿੱਚ ਆਪਣੀ ਪਛਾਣ ਬਣਾ ਚੁਕਾ ਹੈ। ਕੇਵਲ ਤੇ ਕੇਵਲ ਸ੍ਰੀ ਭੈਣੀ ਸਾਹਿਬ ਪਿੰਡ ਹੈ, ਜਿਥੇ ਸੀਵਰੇਜ਼ ਹੈ, ਖੇਡ ਦਾ ਮੈਦਾਨ, ਐਸਟਰੋਟਰਫ ਘਾਹ ਨਾਲ ਲੈਸ ਹੈ। ਇਥੇ ਰਾਮ ਮੰਦਰ, ਰਾਮ ਸਰੋਵਰ, ਵਰਨੀਆਂ, ਵੱਡਆਕਾਰੀ, ਵੱਡੇ ਹਾਲ, ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਅਸਥਾਨ ਰਾਈਆਂ, ਤਪ ਅਸਥਾਨ, ਸੀਡਜ਼ ਫਾਰਮ, ਗਊਸ਼ਾਲਾ ਬਿਰਧਘਰ ਆਦਿ ਆਪ ਜੀ ਦੀ ਛਤਰ ਛਾਇਆ ਹੇਠ ਬਾਖੂਬੀ ਚਲ ਰਹੇ ਹਨ। ਮੈਂ ਆਪ ਜੀ ਦੇ 50ਵੇਂ ਗੁਰਗੱਦੀ ਦਿਵਸ ਤੇ ਆਪ ਜੀ ਦਾ ਕੋਟਾਨ ਕੋਟਿ ਅਭਿਨੰਦਨ ਕਰਦੀ ਹੋਈ ਨਾਮ ਸਿਮਰਨ ਦੀ ਦਾਤ ਮੰਗਦੀ ਹਾਂ। ■

Namdhari Elibrary NamdhariElibrary@gmail.com

ਰੂਹਾਨੀ ਵੇਹਾ

✍ ਹਰਜਿੰਦਰ ਸਿੰਘ 'ਕੰਵਲ' ਕਵੈਂਟਰੀ ਯੂ. ਕੇ.

ਜਿਸ ਨਾਲ ਵੀ ਸਤਿਗੁਰੂ ਜੀ ਦਾ ਮੇਲ ਹੋਇਆ ਉਸਨੂੰ ਇਹੋ ਹੀ ਪ੍ਰਤੀਤ ਹੋਇਆ ਕਿ ਸ੍ਰੀ ਸਤਿਗੁਰੂ ਜੀ ਉਸਨੂੰ ਹੀ ਪਿਆਰ ਕਰਦੇ ਹਨ ਅਤੇ ਉਸ ਉਤੇ ਹੀ ਹਜ਼ੂਰ ਦੀ ਨਦਰੇ ਕਰਮ ਹੈ ਪਰ ਸਤਿਗੁਰੂ ਸਭ ਦਾ ਹੁੰਦਾ ਹੈ ਅਤੇ ਇਹ ਸੁਭਾਵਕ ਹੀ ਹੈ ਕਿ ਹਰ ਸਿੱਖ ਆਪਣੇ ਆਪ ਨੂੰ ਹੀ ਉਨ੍ਹਾਂ ਦਾ ਨਜ਼ਦੀਕੀ ਸਮਝੇ - ਜਿਵੇਂ ਹਰ ਗੋਪੀ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਹੀ ਸਮਝਦੀ ਸੀ - ਓਹ ਸਭ ਦਾ ਵੀ ਸੀ ਅਤੇ ਕਿਸੇ ਇਕ ਦਾ ਵੀ ਨਹੀਂ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਪਿਛਲੇ ਪੰਜਾਹ ਸਾਲਾਂ ਤੋਂ ਨਾਮਧਾਰੀ ਜਗਤ ਨੂੰ ਹੀ ਨਹੀਂ ਸਗੋਂ ਵਿਸ਼ਵ ਭਰ ਵਿਚ ਆਪਣੀ ਦਿਵਯ ਜੋਤ ਨਾਲ ਪਰੀਪੂਰਨ ਪ੍ਰਕਾਸ਼ਮਾਨ ਹਨ। ਸ੍ਰੀ ਸਤਿਗੁਰੂ ਜੀ ਦੀ ਸਿਫਤ ਵਿਚ ਕੁਝ ਕਹਿਣਾ ਸੂਰਜ ਨੂੰ ਦੀਪਕ ਦਿਖਾਉਣ ਵਾਲੀ ਗੱਲ ਹੋ ਜਾਂਦੀ ਹੈ ਪਰ ਅਸੀਂ ਇਕ ਗੱਲ ਜ਼ਰੂਰ ਲੈਂਦੇ ਹਾਂ ਕਿ ਰੌਸ਼ਨੀ ਦੋਨਾਂ ਵਿੱਚ ਹੀ ਹੈ ਅਤੇ ਜਿੰਨੀ ਕੁ ਰੌਸ਼ਨੀ ਦੀ ਖਬਰ ਸਾਡੇ ਜ਼ਿਹਨ ਵਿਚ ਸਮਾਉਂਦੀ ਹੈ ਓਨੀ ਹੀ ਖਬਰ ਅਸੀਂ ਦੱਸ ਸਕਦੇ ਹਾਂ। ਇਥੇ ਇਕ ਸਲੋਕ ਯਾਦ ਆ ਗਿਆ:-

ਭਲੇ ਅਮਰਦਾਸ ਗੁਣ ਤੇਰੇ,
ਤੇਰੀ ਉਪਮਾ ਤੋਹਿ ਬਣ ਆਵੈ॥

ਸ੍ਰੀ ਸਤਿਗੁਰੂ ਜੀ ਇੱਕ ਅਥਾਹ ਸਾਗਰ ਹਨ, ਜਿਨ੍ਹਾਂ ਦਾ ਪਾਰਾਵਾਰ ਕਦੀ ਪਾਇਆ ਹੀ ਨਹੀਂ ਜਾ ਸਕਦਾ। ਸਮੁੰਦਰ ਦੀ ਗਹਿਰਾਈ ਤਾਂ ਨਾਪੀ ਜਾ ਸਕਦੀ ਹੈ ਅਤੇ ਬ੍ਰਹਿਮੰਡ ਦੇ ਸਿਤਾਰੇ ਵੀ ਗਿਣੇ ਜਾ ਸਕਦੇ ਹਨ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਅਕਤਿਤਵ ਕਿਸੇ ਵੀ ਨਾਪਣ ਵਾਲੇ ਯੰਤਰ ਨਾਲ ਨਾਪਿਆ ਨਹੀਂ ਜਾ ਸਕਦਾ। ਸ੍ਰੀ ਸਤਿਗੁਰੂ ਜੀ ਪਰਮੇਸ਼ਰ ਰੂਪ ਹਨ ਅਤੇ ਉਨ੍ਹਾਂ ਬਾਰੇ ਕੁਝ ਆਖਣ ਲਈ ਜੇ ਸਤਿਗੁਰੂ ਦੀ ਆਪਣੀ ਮੇਹਰ ਨਾ ਹੋਵੇ ਤਾਂ ਇਹ ਕਾਰਜ ਮੁਮਕਿਨ ਹੀ ਨਹੀਂ। ਜਿਵੇਂ ਭਾਈ ਨੰਦ ਲਾਲ ਜੀ ਦੇ ਤਖੱਲਸ 'ਗੋਯਾ' ਰੱਖਣ ਦਾ ਰਹੱਸ ਇਹ ਹੈ ਕਿ ਮੈਂ ਕੁਝ ਨਹੀਂ ਕਰ ਸਕਦਾ, ਜੋ ਮੇਰੇ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਮੇਰੇ ਤੋਂ ਕਰਵਾ ਰਹੇ ਹਨ, ਉਹੋ ਹੀ ਮੈਂ ਕਰਦਾ ਅਤੇ ਲਿਖਦਾ ਹਾਂ।

ਇਹ ਗੱਲ ਸੌ ਫੀਸਦੀ ਸੱਚ ਹੈ - ਮੈਨੂੰ ਲਿਖਣ ਅਤੇ ਪੜ੍ਹਨ ਵੱਲ ਸ੍ਰੀ ਸਤਿਗੁਰੂ ਜੀ ਦੀ ਹੀ ਅਪਾਰ ਕਿਰਪਾ ਨਾਲ ਲਗਨ ਲੱਗੀ ਅਤੇ ਜੇ ਸਤਿਗੁਰੂ ਜੀ ਆਪਣੀ ਨਦਰੇ ਕਰਮ ਮੇਰੇ ਵੱਲ ਨਾ ਕਰਦੇ, ਤਾਂ ਮੈਂ ਕਦੇ ਵੀ ਇਸ ਪਾਸੇ ਵੱਲ ਨਾ ਲੱਗਦਾ। ਅੱਜ ਮੈਂ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਹੀ ਕੁਝ ਨਾ ਕੁਝ ਲਿਖ ਪੜ੍ਹ ਲੈਂਦਾ ਹਾਂ, ਜਿਸ ਬਾਰੇ ਮੈਂ ਕਦੀ ਖਾਬ-ਓ-ਖਿਆਲ ਵਿੱਚ ਵੀ ਨਹੀਂ ਸੋਚ ਸਕਦਾ ਸਾਂ।

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਇਕ ਫੋਟੋ ਐਲਬਮ ਬਾਇਓਗਰਾਫੀ (ਪ੍ਰੇਮ ਪ੍ਰਤਾਪੀ ਪ੍ਰਤਿਮਾਵਲੀ) ਬਣਾ ਰਿਹਾ ਹਾਂ (ਜੋ ਬਣ ਚੁੱਕੀ ਹੈ)। ਜਦੋਂ ਸ਼ੁਰੂ ਕੀਤੀ ਤਾਂ ਪਤਾ ਨਹੀਂ ਲੱਗਦਾ ਸੀ ਕਿ ਕਿਥੋਂ ਇਸ ਦੀ ਅਰੰਭਤਾ ਕੀਤੀ ਜਾਵੇ ਅਤੇ ਕਿਸ ਤਰੀਕੇ ਨਾਲ ਕੀਤੀ ਜਾਵੇ । ਹੌਲੀ ਹੌਲੀ ਸਤਿਗੁਰੂ ਜੀ ਸੋਝੀ ਦਿੱਤੀ ਅਤੇ ਕੰਮ ਸ਼ੁਰੂ ਕਰਵਾਇਆ ਪਰ ਮੇਰੀ ਸੰਤੁਸ਼ਟਤਾ ਨਾ ਹੋਈ ਕਿਉਂਕਿ ਕੰਪਿਊਟਰ ਦਾ ਕੰਮ ਕਿਸੇ ਹੋਰ ਕੋਲੋਂ ਕਰਵਾਉਣਾ ਪੈ ਰਿਹਾ ਸੀ ਅਤੇ ਜਿਵੇਂ ਮੈਨੂੰ ਕੰਮ ਚਾਹੀਦਾ ਸੀ ਉਂਵੇ ਤਾਂ ਮੈਂ ਹੀ ਕਰ ਸਕਦਾ ਸਾਂ । ਇਸ ਉਲਝਣ ਨੂੰ ਵੀ ਸਤਿਗੁਰੂ ਜੀ ਨੇ ਆਸਾਨ ਕਰ ਦਿਤਾ ਅਤੇ ਇਹੋ ਜਹੇ ਵਸੀਲੇ ਮੇਰੇ ਲਈ ਮੁਹੱਈਆ ਕਰ ਦਿਤੇ ਕਿ ਮੈਂ ਜਲਦੀ ਹੀ ਕੰਪਿਊਟਰ ਵਾਲਾ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਇੱਕ ਅਥਾਹ ਸਾਗਰ ਹਨ, ਜਿਨ੍ਹਾਂ ਦਾ ਪਾਰਾਵਾਰ ਕਦੀ ਪਾਇਆ ਹੀ ਨਹੀਂ ਜਾ ਸਕਦਾ। ਸਮੁੰਦਰ ਦੀ ਗਹਿਰਾਈ ਤਾਂ ਨਾਪੀ ਜਾ ਸਕਦੀ ਹੈ ਅਤੇ ਬ੍ਰਹਿਮੰਡ ਦੇ ਸਿਤਾਰੇ ਵੀ ਗਿਣੇ ਜਾ ਸਕਦੇ ਹਨ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਅਕਤਿਤਵ ਕਿਸੇ ਵੀ ਨਾਪਣ ਵਾਲੇ ਯੰਤਰ ਨਾਲ ਨਾਪਿਆ ਨਹੀਂ ਜਾ ਸਕਦਾ।

ਹੋ ਗਿਆ ਅਤੇ ਉਸ ਦੀ ਗਿਆਨ ਪੂਰਵਕ ਜਾਣਕਾਰੀ ਵੀ ਮੈਨੂੰ ਹਾਸਲ ਹੋ ਗਈ। ਇਕ ਦੋ ਸਾਲਾਂ ਵਿਚ ਕੰਪਿਊਟਰ ਜ਼ਰੀਏ ਕਈ ਫੌਰਮੈਟ ਬਦਲ ਕੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਐਲਬਮ ਨੂੰ ਲੀਹ ਤੇ ਲਿਆਂਦਾ ਜਿਥੇ ਕਿ ਮੈਂ ਚਾਹੁੰਦਾ ਸਾਂ - ਇਹ ਸਭ ਸ੍ਰੀ ਸਤਿਗੁਰੂ ਜੀ ਦੀ ਹੀ ਬਖਸ਼ਿਸ਼ ਹੈ ।

ਸ੍ਰੀ ਸਤਿਗੁਰੂ ਜੀ ਦੇ ਪੰਜਾਹ ਸਾਲ ਗੁਰਗੱਦੀ ਅਤੇ ਚਾਲੀ ਸਾਲ ਬਾਬਾ ਜੀ (ਬਿਅੰਤ ਜੀ) ਦੇ ਰੂਪ ਵਿਚ ਨਾਮਧਾਰੀ ਪੰਥ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਇਕ ਆਗਿਆਕਾਰੀ ਸਪੁੱਤਰ ਦੀ ਤਰ੍ਹਾਂ ਰਹਿਣਾ - ਇਹ ਇਨ੍ਹਾਂ ਸਤਿਗੁਰਾਂ ਦਾ ਹੀ ਇਕ ਵਿਸ਼ੇਸ਼ ਪਹਿਲੂ ਸੀ। ਪਿਛਲਾ ਅੱਸੀ ਸਾਲ ਦਾ ਸਫਰ ਮੈਂ ਸਤਿਗੁਰੂ ਜੀ ਨੂੰ ਸਮਰਪਿਤ ਇਕ ਕਿਤਾਬ 'ਬਿਅੰਤ ਰਿਸ਼ਮਾਂ' ਛਪਵਾਕੇ ਇਕ ਨਜ਼ਰਾਨਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ 80 ਸਾਲਾਂ ਦੀਆਂ 80 ਤਸਵੀਰਾਂ ਹਨ ਜੋ ਸ੍ਰੀ ਸਤਿਗੁਰੂ ਜੀ ਦੇ ਵਿਸ਼ਾਲ ਜੀਵਨ ਦੀਆਂ ਸਰਸਰੀ ਝਲਕੀਆਂ ਦਰਸਾਉਂਦੀਆਂ ਹਨ। 'ਬਿਅੰਤ ਜੀ' ਇਨ੍ਹਾਂ ਦਾ ਛੋਟੇ ਹੁੰਦਿਆਂ ਦਾ ਨਾਮ ਹੈ ਅਤੇ ਇਸ ਨਾਮ ਨੂੰ ਆਪ ਜੀ ਨੇ ਪੂਰਨ ਸਾਕਾਰ ਰੂਪ ਦਿੱਤਾ ਹੈ ਅਤੇ ਇਹ ਇੰਨੇ 'ਬੇਅੰਤ' ਹਨ ਕਿ ਇਨ੍ਹਾਂ ਦਾ ਪਾਰਾਵਾਰ ਕੋਈ ਪਾ ਹੀ ਨਹੀਂ ਸਕਦਾ।

ਜਿਸ ਨਾਲ ਵੀ ਸਤਿਗੁਰੂ ਜੀ ਦਾ ਮੇਲ ਹੋਇਆ ਉਸਨੂੰ ਇਹੋ ਹੀ ਪ੍ਰਤੀਤ ਹੋਇਆ ਕਿ ਸ੍ਰੀ ਸਤਿਗੁਰੂ ਜੀ ਉਸਨੂੰ ਹੀ ਪਿਆਰ ਕਰਦੇ ਹਨ ਅਤੇ ਉਸ ਉਤੇ ਹੀ ਹਜ਼ੂਰ ਦੀ ਨਦਰੇ ਕਰਮ ਹੈ ਪਰ ਸਤਿਗੁਰੂ ਸਭ ਦਾ ਹੁੰਦਾ ਹੈ ਅਤੇ ਇਹ ਸੁਭਾਵਕ ਹੀ ਹੈ ਕਿ ਹਰ ਸਿੱਖ ਆਪਣੇ ਆਪ ਨੂੰ ਹੀ ਉਨ੍ਹਾਂ ਦਾ ਨਜ਼ਦੀਕੀ ਸਮਝੇ - ਜਿਵੇਂ ਹਰ ਗੋਪੀ ਸ੍ਰੀ ਕ੍ਰਿਸ਼ਨ ਜੀ ਨੂੰ ਆਪਣਾ ਹੀ ਸਮਝਦੀ ਸੀ - ਓਹ ਸਭਦਾ ਵੀ ਸੀ ਅਤੇ ਕਿਸੇ ਇਕ ਦਾ ਵੀ ਨਹੀਂ ਸੀ।

ਸਤਿਗੁਰੂ ਸਾਕਾਰ ਦੇਹ ਵਿਚ ਵਿਚਰਦਾ ਹੈ ਪਰ ਉਸਦਾ ਇਕ ਨਿਰਾਕਾਰ ਰੂਪ ਵੀ ਹੁੰਦਾ ਹੈ ਜੋ ਆਪਣੇ ਸਿੱਖਾਂ ਦੀ ਹਰ ਵੇਲੇ ਸਹਾਇਤਾ ਲਈ ਜਿਥੇ ਸਿੱਖ ਚਾਹੁੰਦਾ ਹੈ ਉਥੇ ਹੀ ਪਹੁੰਚ ਜਾਂਦਾ ਹੈ। ਇਤਿਹਾਸ ਵਿਚ ਆਉਂਦਾ ਹੈ ਕਿਵੇਂ ਭਾਈ ਤਲੋਕੇ ਦੀ, ਭਾਈ ਗੋਂਦੇ ਅਤੇ ਭਾਈ ਰਾਏ ਸਿੰਘ ਆਦਿ ਦੀ ਰੱਖਿਆ ਸਤਿਗੁਰੂ ਜੀ ਕਰਦੇ ਰਹੇ। ਇਸੇ ਹੀ ਤਰ੍ਹਾਂ ਮੇਰੇ ਨਾਲ ਇਕ ਅਜੀਬੋ ਗਰੀਬ ਵਾਕਿਆ ਹੋਇਆ ਜਿਸਦਾ ਜ਼ਿਕਰ ਮੈਂ ਕਰਨਾ ਚਾਹੁੰਦਾ ਹਾਂ।

ਕੁਝ ਸਮੇ ਪਹਿਲਾਂ ਦੀ ਗੱਲ ਹੈ, ਮੈਂ ਕੁਝ ਐਸੇ ਸੰਕਟ ਵਿਚ ਫਸ ਗਿਆ ਜਿਸ ਤੋਂ ਮੈਨੂੰ ਕੁਝ ਸਮੇ ਲਈ ਜੇਲ੍ਹ ਵਿਚ ਰਹਿਣਾ ਪਿਆ। ਮੈਂ ਜੇਲ੍ਹ ਦੇ ਸੈੱਲ ਵਿਚ ਸਾਂ ਅਤੇ ਅਰਦਾਸਾਂ ਕਰ ਕਰ ਰੋ ਰਿਹਾ ਸਾਂ ਅਤੇ ਇਹ ਸ਼ਬਦ ਮੇਰੀ ਜ਼ੁਬਾਂ ਵਿਚੋਂ ਨਿਕਲ ਰਹੇ ਸਨ,

'ਕਦੇ ਟੱਕਰੇਂ ਤਾਂ ਹਾਲ ਸੁਣਾਵਾਂ,
ਗਮਾਂ ਵਿਚ ਜਿੰਦ ਰੁਲ ਗਈ'

ਇਹੋ ਜਹੀਆਂ ਮਿੰਨਤਾਂ ਕਰਦਾ ਭਜਨ ਵੀ ਕਰ ਰਿਹਾ ਸਾਂ ਅਤੇ ਸ੍ਰੀ ਸਤਿਗੁਰੂ ਜੀ ਨੂੰ ਅਵਾਜ਼ਾਂ ਮਾਰ ਮਾਰ ਪੁਕਾਰਦਾ ਰਿਹਾ ਕਿ 'ਹੇ ਸਤਿਗੁਰੂ ਜੀ ਮੈਨੂੰ ਬਚਾਵੋ ; ਕੱਢੋ ਇਸ ਦੋਜ਼ਖ ਵਿਚੋਂ।' ਮੇਰੇ ਹੰਝੂ ਸੁੱਕਣ ਵਿਚ ਹੀ ਨਹੀਂ ਸਨ ਆਉਂਦੇ। ਇਹ ਸੋਚਦਾ ਪਤਾ ਨਹੀਂ ਕਿਨ੍ਹਾਂ ਘੋਰ ਪਾਪਾਂ ਦਾ ਫਲ ਮੈਨੂੰ ਮਿਲ ਰਿਹਾ ਹੈ।

ਦੋ ਚਾਰ ਦਿਨ ਬੀਤ ਗਏ ਅਰਦਾਸਾਂ ਕਰਦਿਆਂ - ਕਿ ਹੇ ਪ੍ਰਭੂ ਮੈਨੂੰ ਇਸ ਕੁੰਭੀ ਨਰਕ ਵਿਚੋਂ ਕਢੋ । ਇਕ ਚਿਠੀ ਜੋ ਮੈਂ ਸ੍ਰੀ ਸਤਿਗੁਰੂ ਜੀ ਦੇ ਨਾਮ ਆਪਣੀ ਡਾਇਰੀ ਵਿਚ ਲਿਖੀ ਪਰ ਪੋਸਟ ਨਹੀਂ ਕੀਤੀ, ਉਸਦਾ ਮਜ਼ਮੂਨ ਇਸ ਤਰ੍ਹਾਂ ਸੀ :-

ਮੇਰੇ ਰਹਿਬਰ, ਮੇਰੇ ਪਰਵਰਦਿਗਾਰ, ਮੇਰੇ ਰਹਿਨੁਮਾਂ, ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਮੇਰੇ ਪਰਮ ਪੂਜਯ ਗਰੀਬ ਨਿਵਾਜ਼ ਪਿਤਾ ਜੀ,

ਜੇ ਮੇਰੀ ਅਵਾਜ਼ ਹਜ਼ੂਰ ਤਕ ਪਹੁੰਚ ਰਹੀ ਹੈ, ਤਾਂ ਪ੍ਰਭੂ ਮੈਨੂੰ ਇਸ ਨਰਕ ਵਿਚੋਂ ਕਢੋ - ਮੇਰਾ ਇਕ ਇਕ ਪਲ, ਇਕ ਇਕ ਘੜੀ ਦੁਖਾਂ ਵਿਚੋਂ ਦੀ ਲੰਘ ਰਹੀ ਹੈ - ਮੇਰੀ ਜਰਨ ਸ਼ਕਤੀ ਖਤਮ ਹੋਈ ਜਾ ਰਹੀ ਹੈ - ਮੈਨੂੰ

Namdhari Elibrary NamdhariElibrary@gmail.com

ਮੁਕਤੀ ਬਖਸ਼ੋ, ਹੇ ਕਰੁਣਾ ਨਿਧਾਨ- ਨਹੀਂ ਤਾਂ ਪਤਾ ਨਹੀਂ ਕੀ ਹੋ ਜਾਵੇ ।

ਹਜ਼ੂਰ ਦੀ ਚਰਨ ਧੂੜ ਲੋਚਦਾ,

-ਕੰਵਲ ।

ਖੈਰ, ਇਥੇ ਬਹੁਤਾ ਮੈਂ ਦਸਣਾ ਨਹੀਂ ਚਾਹੁੰਦਾ ਕਿ ਮੇਰੇ ਤੇ ਕੀ ਬੀਤੀ - ਕਹਿੰਦੇ ਹਨ ਜਿਸਤੇ ਬੀਤੀ ਹੋਵੇ ਉਹੋ ਹੀ ਜਾਣਦਾ ਹੈ - ਦਰਦ ਦੱਸਣਾ ਕਿਸੇ ਨੂੰ ਬਹੁਤ ਮੁਸ਼ਕਲ ਹੈ - ਇਸ ਲਈ ਇਹ ਸਤਿਗੁਰੂ ਅਤੇ ਸਿੱਖ ਦੇ ਵਿਚਲੀ ਗੱਲ ਹੁੰਦੀ ਹੈ । ਗੁਰੂ ਹੀ ਸਿੱਖ ਦੇ ਦਰਦ ਨੂੰ ਸਮਝ ਸਕਦਾ ਅਤੇ ਮਹਿਸੂਸ ਕਰ ਸਕਦਾ ਹੈ ।

"ਘਿਰ ਗਿਆ ਹਾਂ ਸੁੰਨਸਾਨ ਤਨਹਾਈਆਂ ਵਿਚ,
ਜਿਥੇ ਗ਼ਮਾ ਦੀ ਹੈ ਅਾਂਧੀ,
ਅਤੇ ਆਹਾਂ ਦੀ ਬਰਸਾਤ ਹੁੰਦੀ ਹੈ "

ਇਸੇ ਹੀ ਤਰ੍ਹਾਂ ਕਈ ਖਿਆਲ ਮਨ ਵਿਚ ਫੁਰਦੇ ਰਹਿੰਦੇ ਅਤੇ ਕਵਿਤਾ ਦੇ ਜ਼ਰੀਏ ਬਾਹਰ ਆਉਣ ਦੀ ਕੋਸ਼ਸ਼ ਵਿਚ ਲੱਗੇ ਰਹਿੰਦੇ :-

'ਮੇਰੇ ਸੀਨੇ ਤੇ ਹਿਮਾਲੇ ਦਾ ਭਾਰ ਹੈਸੀ,
ਵੇਖਾਂ ਸਤਿਗੁਰੂ ਉਸਨੂੰ ਹਟਾਏਗਾ ਕਿਵੇਂ ?
ਲੱਗੀ ਅੱਗ ਜੋ ਮੇਰੇ ਬਦਨ ਤਾਈਂ,
ਵੇਖਾਂ ਸਤਿਗੁਰੂ ਉਸਨੂੰ ਬੁਝਾਇਗਾ ਕਿਵੇਂ ?
ਡੁਬਦੀ ਹੋਈ ਜੋ ਹੈ ਨਾਓ ਮੇਰੀ,
ਵੇਖਾਂ ਸਤਿਗੁਰੂ ਉਸਨੂੰ ਤਰਾਇਗਾ ਕਿਵੇਂ ?
ਕੱਟੇ ਗਏ ਨੇ ਪੰਛੀ ਦੇ ਖੰਭ ਅੱਜ,
ਵੇਖਾਂ ਸਤਿਗੁਰੂ ਉਸ ਨੂੰ ਉਡਾਇਗਾ ਕਿਵੇਂ ?
ਤਰਕਸ਼ ਵਿਚੋਂ ਅੱਜ ਬਾਣ ਵੀ ਮੁੱਕ ਗਏ ਨੇ,
ਵੇਖਾਂ ਸਤਿਗੁਰੂ ਉਸ ਨੂੰ ਚਲਾਇਗਾ ਕਿਵੇਂ ?'

ਮੇਰੇ ਸੈਲ ਵਿਚ ਇਕ ਕਾਲਾ ਆਇਆ ਜਿਸਦਾ ਨਾਮ ਅਬਦੁਲ ਸੀ। ਇਹ ਪਹਿਲਾਂ ਇਸਾਈ ਸੀ ਪਰ ਇਕ ਦਮ ਉਸ ਦੇ ਮਨ ਵਿੱਚ ਆਈ ਕਿ ਉਸਨੂੰ ਮਸਜਿਦ ਵਿਚ ਜਾਣਾ ਚਾਹੀਦਾ ਹੈ ਅਤੇ ਇਹ ਖਿਆਲ ਆਉਂਦਿਆਂ ਹੀ ਉਹ ਮਸਜਿਦ ਗਿਆ ਜਿਥੇ ਮੁੱਲਾਂ ਨਾਲ ਗੱਲਬਾਤ ਕਰਕੇ ਉਹ ਮੁਸਲਮਾਨ ਬਣ ਗਿਆ। ਗੱਲਾਂ ਤੋਂ ਇਉਂ ਜਾਪਿਆ ਕਿ ਪੂਰਬਲੇ ਸੰਸਕਾਰਾਂ ਕਰਕੇ ਉਹ ਇਸਲਾਮ ਵੱਲ ਖਿਚਿਆ ਗਿਆ। ਉਹ ਦੱਸਦਾ ਸੀ ਕਿ ਮੁਸਲਮਾਨ ਬਣਨ ਤੋਂ ਕੁਝ ਦਿਨ ਬਾਅਦ ਹੀ ਉਸਦੀ ਮਾਂ ਦੀ ਲੱਤ ਖਰਾਬ ਹੋ ਗਈ ਅਤੇ ਉਹ ਚਲਣੋ ਅਸਮਰਥ ਹੋ ਗਈ। ਅਬਦੁਲ ਨੇ ਆਪਣੇ ਹੱਥ ਜਦੋਂ ਲਾਏ ਤਾਂ ਇਸਨੂੰ ਇਕ ਕਰੰਟ ਵੱਜਾ ਅਤੇ ਉਸਦੀ ਮਾਂ ਦੀ ਲੱਤ ਠੀਕ ਹੋ ਗਈ। ਇਸ ਗੱਲ ਨੂੰ ਉਹ ਵੇਖ ਕੇ ਬਹੁਤ ਹੈਰਾਨ ਹੋਇਆ। ਦੱਸਦਾ ਸੀ ਕਿ ਜਦੋਂ ਉਹ ਕੁਰਾਨ ਸ਼ਰੀਫ ਪੜ੍ਹਦਾ ਸੀ ਤਾਂ ਉਪਰਲੀ ਬੱਤੀ ਦੀ ਲੋਅ ਘੱਟ ਵੱਧ ਹੋਣੀ ਸ਼ੁਰੂ ਹੋ ਜਾਂਦੀ ਸੀ। ਇੱਕ ਦਿਨ ਕਹਿੰਦਾ ਮੈਂ ਸੁੱਤਾ ਹੋਇਆ ਸਾਂ ਕਿ ਅਚਾਨਕ ਮੇਰੀ ਅੱਖ ਖੁੱਲ੍ਹ ਗਈ ਤੇ ਕੀ ਵੇਖਦਾ ਹਾਂ ਕਿ ਇਕ ਛੋਟਾ ਜਿਹਾ ਆਦਮੀ ਤਕਰੀਬਨ ਤਿੰਨ ਫੁੱਟ ਦਾ ਹੋਵੇਗਾ, ਜਿਸਨੇ ਹਰਾ ਲਿਬਾਸ (ਚੋਗਾ) ਅਤੇ ਵੱਡੀ ਸਾਰੀ ਗੋਲ ਟੋਪੀ ਕੁੱਲੇ ਵਾਲੀ ਪਹਿਨੀ ਹੋਈ ਸੀ। ਉਸਦਾ ਚੇਹਰਾ ਗੋਲ ਅਤੇ ਛੋਟੀਆਂ ਛੋਟੀਆਂ ਅੱਖਾਂ ਸਨ, ਨੱਕ ਉਸਦਾ ਤੋਤੇ ਦੀ ਚੁੰਝ ਵਰਗਾ ਸੀ । ਉਸਦੇ ਚੇਹਰੇ ਦਾ ਰੰਗ ਲਾਈਟ ਗਰੇ ਜਿਹਾ ਸੀ ਪਰ ਮੈਂ ਉਸਦੇ ਸਰੀਰ ਵਿਚੋਂ ਦੀ ਵੀ ਦੇਖ ਸਕਦਾ ਸੀ, ਇਕ ਆਮ ਕੱਚ ਦੇ ਸ਼ੀਸ਼ੇ ਦੀ ਤਰ੍ਹਾਂ, ਉਸਦੇ ਵੇਖਦਿਆਂ ਵੇਖਦਿਆਂ ਹੀ ਉਹ ਅਲੋਪ ਹੋ ਗਿਆ।

ਅਗਲੇ ਦਿਨ ਅਬਦੁਲ ਮੁੱਲਾਂ ਦੇ ਕੋਲ ਗਿਆ ਅਤੇ ਸਾਰੀ ਗੱਲ ਦੱਸੀ, ਜਿਸਤੋਂ ਮੁੱਲਾਂ ਨੇ ਉਸਨੂੰ ਦਸਿਆ ਕਿ ਉਹ ਜਿੰਨ ਸੀ। ਇਹੋ ਜਿਹੀਆਂ ਚੀਜ਼ਾਂ ਕੋਈ ਪਿਛਲੇ ਜਨਮਾਂ ਦੀ ਭਗਤੀ ਦਾ ਹੀ ਅਸਰ ਹੈ ਕਿ ਦਿਸ ਸਕਦੀਆਂ ਹਨ। ਅਬਦੁਲ ਦੀ ਉਮਰ 29 ਸਾਲ ਦੀ ਸੀ ਜਦੋਂ ਇਸਨੂੰ ਇਸ ਤਰ੍ਹਾਂ ਦੇ ਅਜੂਬੇ ਨਜ਼ਰ ਆਉਣੇ ਸ਼ੁਰੂ ਹੋ ਗਏ ।

ਮੈਂ ਆਪਣੇ ਸੈਲ ਵਿਚੋਂ ਕੁਝ ਦੇਰ ਲਈ ਬਾਹਰ ਗਿਆ ਹੋਇਆ ਸਾਂ, ਜਦੋਂ ਵਾਪਸ ਆਇਆ ਤਾਂ ਅਬਦੁਲ ਨੇ ਮੈਨੂੰ ਦੱਸਿਆ ਕਿ ਮੇਰੇ ਨਾਲ ਉਸਨੂੰ ਕੋਈ ਰੂਹ ਨਜ਼ਰ ਆ ਰਹੀ ਹੈ। ਉਸ ਨਾਲ ਕੁਝ ਗੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਸ਼ਾਇਦ ਉਹ ਰੂਹ ਪੰਜਾਬੀ ਸੀ ਅਤੇ ਅਬਦੁਲ ਨੂੰ ਪੰਜਾਬੀ ਤਾਂ ਆਉਂਦੀ ਨਹੀਂ ਸੀ ਅਤੇ ਰੂਹ ਨੂੰ ਅੰਗਰੇਜ਼ੀ ਨਹੀਂ, ਪਰ ਇਕ ਗੱਲ ਸਪੱਸ਼ਟ ਹੋ ਗਈ ਜੋ ਅਬਦੁਲ ਨੇ ਮੈਨੂੰ ਦੱਸੀ ਕਿ ਇਹ ਰੂਹ ਪੰਜਾਬ ਤੋਂ ਆਈ ਹੈ ਅਤੇ ਮੇਰੀ ਪਰੋਟੈਕਸ਼ਨ (ਸਹਾਇਤਾ) ਵਾਸਤੇ ਹੈ। ਮੈਨੂੰ ਪ੍ਰਤੀਤ ਹੋਇਆ ਕਿ ਇਹ ਸ਼ਾਇਦ ਕੋਈ ਸ਼ਹੀਦ ਸਤਿਗੁਰੂ ਜੀ ਨੇ ਮੇਰੀ ਹਿਫਾਜ਼ਤ ਲਈ ਭੇਜਿਆ ਹੈ। ਅਬਦੁਲ ਉਸ ਨਾਲ ਪੂਰੀ ਕੋਸ਼ਿਸ਼ ਕਰ ਰਿਹਾ ਸੀ ਗੱਲਬਾਤ ਕਰਨ ਦੀ। ਹੋਰ ਪਤਾ ਚੱਲਿਆ ਕਿ ਉਸਦੇ ਕੱਪੜੇ ਚਿੱਟੇ ਹਨ। ਇਸੇ ਦੌਰਾਨ ਇਕ ਹੋਰ ਗੱਲ ਇਹ ਹੋਈ ਕਿ ਇਕ ਹੋਰ ਰੂਹ ਅਬਦੁਲ ਕੋਲ ਆਈ ਜਿਸਦੇ ਹਰੇ ਕਪੜੇ ਸਨ ਅਤੇ ਆਕਾਰ ਬਹੁਤ ਵੱਡਾ ਸੀ। ਇਹ ਦੋਨੋ ਰੂਹਾਂ ਦੇ ਸੁਮੇਲ ਤੋਂ ਮੇਰੇ ਕੋਲ ਆਈ ਰੂਹ ਦਾ ਨਾਮ ਸੋਮਾ ਸਿੰਘ ਯਾ ਮੱਖਣ ਸਿੰਘ ਸੀ - ਪੂਰਾ ਪਤਾ ਨਹੀਂ ਲੱਗ ਸਕਿਆ, ਕਿਉਂਕਿ ਦੂਸਰੀ ਰੂਹ ਅਰਬ ਸੀ ਅਤੇ ਇਹ ਪੰਜਾਬੀ ਸੀ ਇਸ ਲਈ ਚੰਗੀ ਤਰ੍ਹਾਂ ਗੱਲਬਾਤ ਨਾ ਹੋ ਸਕੀ। ਇਕ ਗੱਲ ਜ਼ਰੂਰ ਬੇਪਰਦਾ ਹੋ ਗਈ ਕਿ ਉਹ ਰੂਹ ਮੇਰੀ ਹਿਫਾਜ਼ਤ ਲਈ

Namdhari Elibrary NamdhariElibrary@gmail.com

ਆਈ ਸੀ ਅਤੇ ਸ਼ਾਇਦ ਸਤਿਗੁਰੂ ਜੀ ਦੇ ਹੁਕਮ ਵਿਚ ਹੋਵੇ। ਇਸ ਤਰ੍ਹਾਂ ਮੇਰੇ ਟੁੱਟੇ ਦਿਲ ਨੂੰ ਕਾਫੀ ਭਰੋਸਾ ਬੱਝਾ ਅਤੇ ਮੈਂ ਇਸ ਗੱਲੋਂ ਨਿਸਚਿੰਤ ਹੋ ਗਿਆ ਕਿ ਮੇਰੇ ਦਿਲ ਦੀ ਅਰਦਾਸ ਮੇਰੇ ਰਹਿਬਰ ਕੋਲ ਪਹੁੰਚ ਗਈ ਹੈ ।

ਅਗਲੇ ਦਿਨ ਅਬਦੁਲ ਨੂੰ ਕਿਤੇ ਹੋਰ ਲੈ ਗਏ ਅਤੇ ਮੈਨੂੰ ਵੀ ਇਕ ਹੋਰ ਇਸਤੋਂ ਕੁਝ ਚੰਗੀ ਜਗ੍ਹਾ ਲਿਜਾਇਆ ਗਿਆ, ਜਿਥੇ ਮੈਨੂੰ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਕਾਫੀ ਆਰਾਮ ਆਇਆ ਅਤੇ ਬਾਕੀ ਦੇ ਦਿਨ ਸੁਖ ਸਵੀਲੀ ਵਿਚ ਗੁਜ਼ਰੇ।

"ਕੰਵਲ ਕਦੇ ਮੁਰਝਾ ਨਹੀਂ ਸਕਦਾ
ਮੇਹਰ ਦਾ ਮੀਂਹ ਗੁਰੂ ਜਗਜੀਤ ਦਾ ਹੈ,
ਜਿਸ ਦੀਆਂ ਬਖਸ਼ਿਸ਼ਾਂ ਨਾਲ ਕੰਵਲ ਸੰਚਾਰ ਹੋਇਆ
ਉਹੋ ਗੁਰੂ ਅਕਾਲ ਜਗਦੀਸ਼ ਦਾ ਹੈ।"

ਇਥੇ ਮੈਂ ਇਕ ਹੋਰ ਗੱਲ ਦੱਸਣੀ ਬਹੁਤ ਜ਼ਰੂਰੀ ਸਮਝਦਾ ਹਾਂ ਕਿ ਇਸੇ ਹੀ ਦੌਰਾਨ ਮੇਰੇ ਪਿਤਾ ਜੀ ਬਹੁਤ ਬਿਮਾਰ ਹੋ ਗਏ ਸਨ ਦਿੱਲੀ ਵਿਖੇ ਅਤੇ ਇਸ ਝੰਝਟ ਵਿਚ ਮੇਰਾ ਦਿੱਲੀ ਪਹੁੰਚਣਾ ਅਸੰਭਵ ਸੀ ਪਰ ਮੇਰੀ ਇਹ ਸਮੱਸਿਆ ਵੀ ਮੇਰੇ ਸਿਰਤਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੱਲ ਕਰ ਦਿਤੀ ਅਤੇ ਮੇਰੇ ਪਿਤਾ ਜੀ ਨੂੰ ਆਪਣੇ ਕੋਲ ਸ੍ਰੀ ਭੈਣੀ ਸਾਹਿਬ ਲੈ ਗਏ ਜਿਥੇ ਆਪਣੀ ਨਿਗਰਾਨੀ ਹੇਠ ਇਲਾਜ ਕਰਵਾਇਆ ਅਤੇ ਸਭ ਤੋਂ ਬਿਹਤਰ ਇਕ ਕਮਰੇ ਵਿਚ ਰੱਖਿਆ ।

ਜੇ ਇਹ ਸਤਿਗੁਰੂ ਦੀ ਬਖਸ਼ਿਸ਼ ਨਹੀਂ ਤਾਂ ਹੋਰ ਕੀ ਹੈ ?

ਇਸੇ ਹੀ ਦੌਰਾਨ ਮੈਂ ਕਈ ਕਵਿਤਾਵਾਂ ਲਿਖੀਆਂ ਜਿਨ੍ਹਾਂ ਵਿਚੋਂ ਇਕ ਇਹ ਕਵਿਤਾ ਚੀਨੀ ਵਾਲੇ ਪ੍ਰੀਤਮ ਨੂੰ ਸੰਬੋਧਤ ਕਰਦੀ ਹੈ :-

ਓ, ਚੀਨੀ ਵਾਲਿਆ, ਅੱਜ ਤੇਰੀ ਯਾਦ ਆਈ,
ਤੇਰੀ ਰੰਗੂਨ ਦੀ ਕੋਠੀ ਅੱਜ ਯਾਦ ਆਈ ।
ਪਤਾ ਨਹੀਂ ਓਹ ਵੀ ਇਸੇ ਤਰ੍ਹਾਂ ਦੀ ਹੋਸੀ,
ਜਿਥੋਂ ਨਿਕਲ ਰਹੀ ਅੱਜ ਮੇਰੀ ਫਰਿਆਦ ਆਈ।
ਤੇਰੇ ਨਾਲ ਵੀ ਜ਼ੁਲਮ ਦਾ ਕਹਿਰ ਹੋਇਆ,
ਤੂਕਿਆਂ ਵਿਚੋਂ ਸੀ ਬਿਰਹੋਂ ਦੀ ਆਵਾਜ਼ ਆਈ ।
ਮੇਰਾ ਵੀ ਹਾਲ ਬੇਹਾਲ ਹੋਇਆ,
ਤੇਰੇ ਤੱਕ ਕੀ ਮੇਰੀ ਪਰਵਾਜ਼ ਆਈ ?
ਮਾਰੂ ਰਾਗ ਮਨ ਅੱਜ ਅਲਾਪਦਾ ਹੈ,
ਜਿਵੇਂ ਮੌਤ ਦੇ ਨਾਲ ਹੈ ਇਹ ਸਾਜ਼ ਆਈ ।
ਕਿੰਨੇ ਦੁੱਖ ਝੱਲੇ ਨੇ ਤੈਂ ਲਈ ਸਾਡੇ,
ਸਾਨੂੰ ਹਸਦਿਆਂ ਵੀ ਕਦੇ ਨਾ ਲਾਜ ਆਈ । ■

ਜਾਗਤਿ ਜੋਤਿ

✍ ਹਰਪਾਲ ਸਿੰਘ ਸੇਵਕ

ਜਾਗਤਿ ਜੋਤਿ ਜਗੀ ਜਗ ਭੀਤਰਿ, ਦੁਖ ਹਰਤਾ, ਸੁਖ ਮੀਤ॥
ਰਾਮ, ਹਰੀ, ਪ੍ਰਤਾਪ ਦੀ ਮੂਰਤਿ, ਸ੍ਰੀ ਸਤਿਗੁਰ ਜਗਜੀਤ॥

ਕਸ਼ਟ ਨਿਵਾਰਨ, ਪਤਿਤ ਉਧਾਰਨ, ਪਾਵਨ ਪਰਮ ਪੁਨੀਤ॥
ਦੁਸ਼ਟ ਬਿਦਾਰਨ, ਸੰਤ ਉਭਾਰਨ, ਧਰਮ ਕਰਮ ਕੀ ਰੀਤ॥

ਨਾਮ-ਬਾਣੀ ਤੇ ਸੇਵਾ-ਸਿਮਰਨ, ਰਾਗ-ਨਾਦ ਨਵਨੀਤ॥
ਸਤਿਗੁਰ ਸੱਚ-ਸੁੱਚ ਦ੍ਰਿੜਾਏ, ਗੁਰ ਪੀੜੀ ਸ਼ੁਭ ਰੀਤ॥

ਤਾਪ, ਪਾਪ, ਸੰਤਾਪ ਬਿਨਾਸੇ, ਆਤਮ ਗਿਆਨ ਅਤੀਤ॥
ਸਦਾ ਅਨੰਦ ਰਹੈ ਦਿਨ ਰਾਤੀ, ਗੁਰ ਚਰਨਨ ਸੰਗ ਪ੍ਰੀਤ॥

ਆਧਿ ਬਿਆਧਿ ਉਪਾਧ ਬਿਨਾਸੇ, ਮਨ ਜੀਤੈ ਜਗਜੀਤ॥
ਗਿਆਨ ਪ੍ਰਕਾਸ਼ ਭਏ ਰਿਦ ਅੰਤਰਿ, ਜੋ ਗਾਵੈ ਗੁਰ ਗੀਤ॥

ਪੂਰਨ ਭਾਗ ਭਏ ਸੇਵਕ ਕੇ, ਪ੍ਰੇਮ ਭਗਤਿ ਪ੍ਰਤੀਤ॥
ਜਨਮ, ਮਰਨ, ਭੈ, ਬੰਧਨ ਕਾਟੇ, ਸਿਮਰੈ ਗੁਰ ਜਗਜੀਤ॥

ਪੰਜਾਹ ਸਾਲ ਗੁਰਗੱਦੀ ਵਰ੍ਹਾ

✍ ਸੁਲੱਖਣ ਸਿੰਘ ਭਿੰਡਰ

ਪੰਜਾਹ ਸਾਲ ਗੁਰਗੱਦੀ ਵਰ੍ਹਾ ਰਲ ਮਿਲ ਮਨਾਈਏ।
ਉਪਦੇਸ਼ ਗੁਰੂ ਜਗਜੀਤ ਦੇ ਘਰ ਘਰ ਪਹੁੰਚਾਈਏ।
ਪੰਜਾਹ ਸਾਲ................।

ਭੈਣੀ ਦੇ ਭਾਗ ਜਾਗੇ, ਮਾਤ ਭੁਪਿੰਦਰ ਨੂੰ ਭਾਗ ਲਾਇਆ।
ਵਡ ਪ੍ਰਤਾਪੀ ਦਾ ਜਾਇਆ, ਬੇਅੰਤ ਗੁਰੂ ਸੰਸਾਰ 'ਚ ਆਇਆ।
ਮਾਲਕ ਬ੍ਰਹਮੰਡਾਂ ਦਾ ਇਹ, ਸਾਰੇ ਇਹਦਾ ਦਿਦਾਰ ਪਾਈਏ।
ਪੰਜਾਹ ਸਾਲ................।

ਸਰਬ ਕਲਾ ਸਮਰਥ ਜਗਜੀਤ ਗੁਰੂ ਸਾਰੇ ਸੰਸਾਰ ਦਾ।
ਲੀਲ੍ਹਾ ਬੇਅੰਤ ਇਹਦੀ, ਡੁੱਬਿਆਂ ਦੇ ਬੇੜੇ ਇਹ ਤਾਰਦਾ।
ਮਨੁੱਖਤਾ ਦਾ ਰਹਿਬਰ ਇਸ ਤੋਂ ਬਲਿਹਾਰੇ ਜਾਈਏ।
ਪੰਜਾਹ ਸਾਲ................।

ਸ਼ਾਂਤੀ ਦਾ ਪੁੰਜ ਜਗਜੀਤ ਗੁਰੂ, ਛੇ ਖੰਡਾਂ ਤਾਈਂ ਤਾਰਦਾ।
ਗਿਆਨ ਦਾ ਸੋਮਾ ਜਗਜੀਤ ਗੁਰੂ, ਮੀਤ ਸਾਰੇ ਸੰਸਾਰ ਦਾ।
ਰਹਿਮਤਾਂ ਦਾ ਇਹ ਭੰਡਾਰ, ਪਰਉਪਕਾਰ ਨਾ ਇਹਦੇ ਭੁਲਾਈਏ।
ਪੰਜਾਹ ਸਾਲ................।

ਕੋਲ ਇਹਦੇ ਬੇਅੰਤ ਨਿਆਮਤਾਂ, ਜੀਵਾਂ ਦਾ ਉਧਾਰ ਕਰੇ।
ਰੁਤਬਾ ਮਹਾਨ ਏਹਦਾ, ਸਿਜਦਾ ਏਹਨੂੰ ਸਾਰਾ ਸੰਸਾਰ ਕਰੇ।
'ਭਿੰਡਰ' ਛੱਡ ਦੁਨੀਆਂ ਦੇ ਝਮੇਲੇ, ਚਰਨੀਂ ਏਹਦੇ ਲੱਗ ਜਾਈਏ।
ਪੰਜਾਹ ਸਾਲ................।

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਨਾਮਧਾਰੀ ਇਤਿਹਾਸ ਦੀ ਸੰਭਾਲ

✍ ਸੁਵਰਨ ਸਿੰਘ ਵਿਰਕ

ਇਹ ਕਹਿਣਾ ਅਤਿ ਕਥਨੀ ਨਹੀਂ ਹੋਏਗੀ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ, ਜਿਹਨਾਂ ਦੇ ਵਕਤ ਵਿੱਚ (1959 ਈ. ਤੋਂ ਹੁਣ ਤੱਕ) ਨਾਮਧਾਰੀ ਇਤਿਹਾਸ ਲੇਖਨ, ਪਠਨ ਪਾਠਨ ਅਤੇ ਸੰਭਾਲਣ ਬਾਰੇ ਗਿਣਤੀ ਅਤੇ ਗੁਣਾਤਮਕ ਪੱਖੋਂ ਠੋਸ ਕੰਮ ਹੋਇਆ ਹੈ।

ਕਿਸੇ ਵੀ ਦੇਸ਼ ਕੌਮ ਜਾਂ ਸਮੁਦਾਇ ਦੀ ਕੀਰਤੀ ਉਸ ਦੇ ਇਤਿਹਾਸ ਵਿੱਚੋਂ ਹੀ ਮੂਰਤੀਮਾਨ ਹੁੰਦੀ ਹੈ। ਇਤਿਹਾਸ ਉਸ ਦੀਆਂ ਪ੍ਰਾਪਤੀਆਂ ਨੂੰ ਸਥਾਈਤਵ ਪ੍ਰਦਾਨ ਕਰਦਾ ਹੈ। ਆਉਣ ਵਾਲੀਆਂ ਨਸਲਾਂ, ਆਪਣੇ ਵਡੇਰਿਆਂ ਦੇ ਇਤਿਹਾਸ ਨੂੰ ਹੀ ਪ੍ਰੇਰਨਾ ਸਰੋਤ ਵਜੋਂ ਕਬੂਲ ਕੇ, ਆਪਣਾ ਵਰਤਮਾਨ ਸਾਰਥਕ ਕਰਦੀਆਂ ਹਨ। ਆਪਣੇ ਭਵਿੱਖ ਦੇ ਸਥਾਨ ਨੂੰ ਸੁਨਿਸਚਿਤ ਕਰਨ ਲਈ, ਸਹੀ ਨਿਸ਼ਾਨਦੇਹੀ ਕਰਦੀਆਂ ਹਨ। ਇਹ ਠੀਕ ਹੈ ਕਿ ਇਤਿਹਾਸ ਦੇ ਸਰੋਤ ਭਿੰਨ ਭਿੰਨ ਹੁੰਦੇ ਹਨ। ਅੱਜ ਦੇ ਸਮੇਂ ਵਿੱਚ ਤਾਂ ਨਵੀਆਂ ਤਕਨੀਕਾਂ ਦੁਆਰਾ ਇਸ ਨੂੰ ਵਧੇਰੇ ਅਸਰਦਾਰ ਢੰਗ ਨਾਲ ਸੁਰੱਖਿਅਤ ਕਰ ਲਿਆ ਜਾਂਦਾ ਹੈ। ਪ੍ਰੰਤੂ ਪਹਿਲੇ ਸਮਿਆਂ ਵਿੱਚ ਕੁਝ ਸਮਕਾਲੀ ਲਿਖਤਾਂ ਜਾਂ ਸੀਨਾ ਬਸੀਨਾਂ ਚਲੀਆਂ ਆਉਂਦੀਆਂ ਯਾਦਾਂ ਹੀ, ਇਤਿਹਾਸ ਦਾ ਕੰਮ ਚਲਾਉਂਦੀਆਂ ਸਨ। ਸਿੱਖ ਇਤਿਹਾਸ ਦੇ ਕੁਝ ਤੱਤ, ਆਦਿ ਸ੍ਰੀ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ, ਜਨਮ ਸਾਖੀ, ਗੁਰਬਿਲਾਸ, ਪਰਚੀਆਂ, ਸ੍ਰੀ ਗੁਰ ਪ੍ਰਤਾਪ, ਸੂਰਜ ਪਰਕਾਸ਼ ਗ੍ਰੰਥ (ਪੁਰਾਤਨ ਅਤੇ ਨਵੀਨ), ਵਾਰਾਂ ਤੇ ਜੰਗ ਨਾਮੇ, ਸਮਕਾਲੀ ਫਾਰਸੀ ਤੇ ਅੰਗਰੇਜ਼ੀ ਲਿਖਤਾਂ ਵਿੱਚ ਸੁਰੱਖਿਅਤ ਪਏ ਹਨ।

ਨਾਮਧਾਰੀ ਇਤਿਹਾਸ ਦੀ ਹੋਂਦ, ਉਨ੍ਹੀਵੀਂ ਸਦੀ ਦੇ ਆਖਰੀ ਚੌਥਾਈ ਦੇ ਲਾਗੇ ਚਾਗੇ ਅਤੇ ਵੀਹਵੀਂ ਸਦੀ ਵਿੱਚ ਹੀ ਨਜ਼ਰ ਆਉਂਦੀ ਹੈ। ਬੇਸ਼ੱਕ ਗੁਰੂ ਹਰੀ ਸਿੰਘ ਜੀ (1818-1906) ਨੇ ਭਾਈ ਸੰਤੋਖ ਸਿੰਘ ਬਾਹੋਵਾਲ ਨੂੰ, ਨਾਮਧਾਰੀ ਇਤਿਹਾਸ ਬਾਰੇ ਇਕ ਪ੍ਰਮਾਣਿਕ ਗ੍ਰੰਥ - ਸਤਿਗੁਰੂ ਬਿਲਾਸ ਲਿਖਣ ਲਈ ਉਤਸ਼ਾਹਿਤ ਵੀ ਕੀਤਾ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1920 ਈ. ਵਿੱਚ ਨਾਮਧਾਰੀਆਂ ਵਾਸਤੇ ਸਤਿਜੁਗ ਸਪਤਾਹਿਕ ਪੱਤਰ ਵੀ ਜਾਰੀ ਕਰਵਾਇਆ। ਇਸ ਪੱਤਰ ਦੇ ਵਿਸ਼ੇਸ਼ ਬਸੰਤ ਅਤੇ ਹੋਰ ਅੰਕ, ਨਾਮਧਾਰੀ ਇਤਿਹਾਸ ਦੀ ਮੁੱਲਵਾਨ ਸਮਗਰੀ ਹਨ। ਆਪ ਦੇ ਸਮੇਂ ਹੀ ਸੰਤ ਨਿਧਾਨ ਸਿੰਘ ਆਲਿਮ, ਇੰਦਰ ਸਿੰਘ ਚੱਕਰਵਰਤੀ ਅਤੇ ਨਾਹਰ ਸਿੰਘ ਐਮ. ਏ. ਤੋਂ ਨਾਮਧਾਰੀ ਇਤਿਹਾਸ ਬਾਰੇ ਸੇਵਾ ਲਈ ਗਈ।

ਫਿਰ ਵੀ ਇਹ ਕਹਿਣਾ ਅਤਿ ਕਥਨੀ ਨਹੀਂ ਹੋਏਗੀ ਕਿ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹਨ, ਜਿਹਨਾਂ ਦੇ ਵਕਤ ਵਿੱਚ (1959 ਈ. ਤੋਂ ਹੁਣ ਤੱਕ) ਨਾਮਧਾਰੀ ਇਤਿਹਾਸ ਲੇਖਨ, ਪਠਨ ਪਾਠਨ ਅਤੇ ਸੰਭਾਲਣ ਬਾਰੇ ਗਿਣਤੀ ਅਤੇ ਗੁਣਾਤਮਕ ਪੱਖੋਂ ਠੋਸ ਕੰਮ

Namdhari Elibrary NamdhariElibrary@gmail.com

ਹੋਇਆ ਹੈ। ਸ. ਨਾਹਰ ਸਿੰਘ ਹੋਰਾਂ ਨੇ ਸਰਕਾਰੀ ਦਸਤਾਵੇਜਾਂ ਅਤੇ ਸਤਿਗੁਰੂ ਬਿਲਾਸ ਜਾਂ ਹੋਰ ਨਾਮਧਾਰੀ ਲੇਖਕਾਂ ਦੇ ਹਵਾਲੇ ਨਾਲ ਪੁਸਤਕ ਨਾਮਧਾਰੀ ਇਤਿਹਾਸ ਬੇਸ਼ੱਕ 1957 ਈ. ਵਿਚ ਛਪਵਾਈ ਸੀ, ਪ੍ਰੰਤੂ ਨੈਸ਼ਨਲ ਆਰਕਾਈਵਜ਼ (ਕੌਮੀ ਮੁਹਾਫਿਜ਼ਖਾਨਾ) ਦਿੱਲੀ ਵਿਖੇ ਪਏ ਤਤਕਾਲੀਨ ਸਰਕਾਰੀ ਰਿਕਾਰਡ ਵਿੱਚੋਂ ਉਸਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰੇਰਨਾ ਨਾਲ ਹੀ ਦਸਤਾਵੇਜਾਂ ਦੀਆਂ - ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿਖਜ਼" ਨਾਂ ਦੀਆਂ ਤਿੰਨ ਜਿਲਦਾਂ ਛਪਵਾਈਆਂ। ਫਿਰ ਇਹਨਾਂ ਨੂੰ ਇਕੋ ਵਡ ਆਕਾਰੀ ਪੁਸਤਕ - "ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ" ਵਿੱਚ 1989 ਈ. ਵਿੱਚ ਭਾਈ ਨਾਹਰ ਸਿੰਘ ਅਤੇ ਭਾਈ ਕਿਰਪਾਲ ਸਿੰਘ ਨੇ ਛਪਵਾ ਦਿਤਾ। ਇਸ ਪੁਸਤਕ ਵਿੱਚ ਜੂਨ 1863 ਤੋਂ ਮਾਰਚ 1881 ਈ. ਤੱਕ ਕੂਕਿਆਂ ਨਾਲ ਸੰਬੰਧਿਤ ਚੁਨਿੰਦਾ ਦਸਤਾਵੇਜ਼ ਦਰਜ ਹਨ। ਦਸਤਾਵੇਜ਼ ਸੰਗ੍ਰਹਿ ਅਤੇ ਪ੍ਰਕਾਸ਼ਨ ਦੀ ਅਗਲੀ ਕੜੀ ਵਿੱਚ ਉੱਘਾ ਨਾਮ ਸ. ਜਸਵਿੰਦਰ ਸਿੰਘ ਹਿਸਟੋਰੀਅਨ ਹੋਰਾਂ ਦਾ ਹੈ। ਜਿਹਨਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਅਤੇ ਆਦੇਸ਼ ਤਹਿਤ ਭਾਰਤ ਸਰਕਾਰ ਦੇ ਸੈਨਿਕ ਵਿਭਾਗ ਦੀ ਨੌਕਰੀ ਤੋਂ ਅਸਤੀਫਾ ਦੇ ਕੇ ਖੁਦ ਨੂੰ ਨਾਮਧਾਰੀ ਇਤਿਹਾਸ ਖੋਜ ਕਾਰਜ ਨਾਲ ਜੋੜ ਲਿਆ। ਉਹਨਾਂ ਦੀ ਪਹਿਲੀ ਪੁਸਤਕ 1981 ਈ. ਵਿੱਚ ਛਪੀ ਮਹੱਤਵਪੂਰਨ ਕੂਕਿਆਂ ਦੇ ਬਾਰੇ ਹੈ। ਦਸਤਾਵੇਜਾਂ ਦੀ ਉਹਨਾਂ ਦੀ ਦੂਸਰੀ ਕਿਤਾਬ ਹੈ - "ਕੂਕਾ ਮੂਵਮੈਂਟ" - ਫਰੀਡਮ ਸਰਟਗਲ ਇਨ ਪੰਜਾਬ ਜਿਸ ਵਿੱਚ 1881 ਈ. ਤੋਂ 1903 ਈ. ਤੱਕ ਦੇ ਚੋਣਵੇਂ ਦਸਤਾਵੇਜ ਦਰਜ ਕੀਤੇ ਗਏ ਹਨ। ਇਸ ਪੁਸਤਕ ਵਿੱਚੋਂ ਸਤਿਗੁਰੂ ਜੀ ਅਤੇ ਉਹਨਾਂ ਦੇ ਸੂਬਿਆਂ ਦੇ ਬੰਦੀ ਜੀਵਨ ਅਤੇ ਗੁਰੂ ਦਰਸ਼ਨ ਲਈ ਪੰਜਾਬ ਵਿੱਚੋਂ ਰੰਗੂਨ ਅਤੇ ਮਰਗੋਈ ਜਾਣ ਵਾਲੇ ਸਿੰਘਾਂ ਦੇ ਵੇਰਵੇ ਹਨ। ਗੁਰੂ ਕੇ ਲਾਲਾਂ ਤੋਂ ਪਕੜੇ ਗਏ ਹੁਕਮਨਾਮਿਆਂ ਦੇ, ਭਾਈ ਚੰਦਾ ਸਿੰਘ ਝੱਬਰ ਦੇ ਬਾਰਾਂਮਾਹ ਦੇ, ਵਡ-ਤੀਰਥ ਵਾਲੀ ਸਾਖੀ ਪੋਥੀ ਤੇ ਅੰਗਰਜ਼ੀ ਵਿੱਚ ਅਨੁਵਾਦ ਵੀ ਹਨ। ਸ੍ਰ. ਜਸਵਿੰਦਰ ਸਿੰਘ ਹੋਰਾਂ ਦੇ ਪਾਸ ਦਸਤਾਵੇਜਾਂ ਦੀਆਂ ਦੋ ਹੋਰ ਪੁਸਤਕਾਂ ਦੇ ਖਰੜੇ ਤਿਆਰ ਪਏ ਹਨ, ਜੋ ਨਿਕਟ ਭਵਿੱਖ ਵਿੱਚ ਛਾਪੇ ਦਾ ਜਾਮਾ ਪਹਿਨ ਕੇ ਇਤਿਹਾਸ ਖੋਜੀਆਂ ਤੇ ਪ੍ਰੇਮੀਆਂ ਦੇ ਹੱਥਾਂ ਵਿੱਚ ਪੁੱਜ ਜਾਣਗੇ। ਐਮ. ਐਮ. ਆਹਲੂਵਾਲੀਆ ਦੀ ਅੰਗਰੇਜ਼ੀ ਪੁਸਤਕ "ਦਾ ਕੂਕਾਜ਼" 1965 ਵਿੱਚ ਛਪ ਚੁੱਕੀ ਸੀ।

ਭਾਈ ਸੰਤੋਖ ਸਿੰਘ ਬਾਹੋਵਾਲ ਦੀ ਪੁਸਤਕ ਸਤਿਗੁਰੂ ਬਿਲਾਸ - ਭਾਵੇਂ ਗੁਰੂ ਹਰੀ ਸਿੰਘ ਜੀ ਦੇ ਸਮੇਂ ਹੀ ਆਕਾਰ ਗ੍ਰਹਿਣ ਕਰ ਚੁੱਕੀ ਸੀ। ਇਹ ਪੁਸਤਕ ਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਤੱਕ ਦੇ ਸਮੇਂ ਨੂੰ ਕਾਨੀਬੱਧ ਕਰਦੀ ਹੈ। ਇਸ ਨੂੰ ਆਪਣੀ ਪ੍ਰਵਾਨਗੀ ਦੀ ਮੋਹਰ ਗੁਰੂ ਹਰੀ ਸਿੰਘ ਜੀ ਨੇ ਇਸ ਦਾ ਸੰਪੂਰਨ ਪਾਠ ਸੁਣਨ ਬਾਅਦ ਲਾ ਦਿਤੀ ਸੀ। ਪਰ ਕਾਲ ਦੀ ਲੀਲ੍ਹਾ ਅਜੇਹੀ ਸੀ ਕਿ ਇਸ ਪੁਸਤਕ ਨੂੰ ਅਜੇ ਬਿਨਾਂ ਤਤਕਰੇ ਤੋਂ ਹੀ, ਵਿੱਚ ਛੱਡ ਕੇ ਭਾਈ ਸੰਤੋਖ ਸਿੰਘ ਭੈਣੀ ਸਾਹਿਬ ਹੀ ਕਾਲ ਵੱਸ ਹੋਏ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇਸ ਮਹਾਨ ਗ੍ਰੰਥ ਦੀ ਕਥਾ ਸੰਗਤ ਦੇ ਵੱਡੇ ਛੋਟੇ ਇਕੱਠਾਂ ਸਮੇਂ ਸ੍ਰੀ ਭੈਣੀ ਸਾਹਿਬ ਹੋਣ ਲੱਗ ਪਈ। ਪ੍ਰੰਤੂ ਉਸ ਸਮੇਂ ਫਿਰੰਗੀ ਸਰਕਾਰ ਵਿਰੁੱਧ ਥਾਂ ਪੁਰ ਥਾਂ ਗਹਿਰੀ ਨਫਰਤ, ਰੋਸ ਅਤੇ ਗੁੱਸੇ ਦਾ ਇਜ਼ਹਾਰ ਕਰਨ ਵਾਲੀ ਇਸ ਰਚਨਾ ਨੂੰ ਛਾਪਣਾ ਖਤਰਾ ਸਹੇੜਣ ਵਾਲੀ ਗੱਲ ਸੀ ਅਤੇ ਛਪਣ ਤੋਂ ਬਾਅਦ ਵਿਤਰਣ ਤੋਂ ਪਹਿਲਾਂ ਹੀ ਸਰਕਾਰ ਨੇ ਇਸ ਨੂੰ ਜ਼ਬਤ ਕਰ ਲੈਣਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਖੁਸ਼ਖੱਤ ਹੱਥ ਲਿਖਤ ਵਿੱਚ ਦੁਬਾਰਾ ਲਿਖਵਾਇਆ ਅਤੇ ਕੁਝ ਕਾਪੀਆਂ ਟਾਈਪ ਵੀ ਕਰਵਾਈਆਂ। ਟਾਈਪ ਦੀ ਸੇਵਾ ਚੰਡੀਗੜ੍ਹ ਦੇ ਸ. ਭਗਤ ਸਿੰਘ ਨਾਮਧਾਰੀ ਨੇ ਨਿਭਾਈ। ਸਤਿਗੁਰੂ ਬਿਲਾਸ, ਵੱਡ ਆਕਾਰੀ ਗ੍ਰੰਥ ਨੂੰ ਫੁੱਟ ਨੋਟ, ਦੇਸੀ ਤਾਰੀਖਾਂ ਦਾ ਅੰਗਰੇਜ਼ੀ ਤਰੀਖਾਂ ਵਿੱਚ ਤਬਾਦਲਾ, ਤਤਕਰਾ ਤਰਤੀਬ ਆਦਿ ਦੇਣ ਦੇ ਕਾਰਜ ਤੋਂ ਬਿਨਾਂ ਛਪਵਾਇਆ ਨਹੀਂ ਸੀ ਜਾ ਸਕਦਾ। ਸੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿਰਦੇਸ਼ਨ ਹੇਠ ਇਸ ਪ੍ਰਸਿੱਧ ਪੁਸਤਕ ਦੀ ਸੰਪਾਦਨਾ ਦੀ ਵੱਡੀ ਸੇਵਾ ਵੀ ਇਤਿਹਾਸ ਗਿਆਤਾ ਸ. ਜਸਵਿੰਦਰ ਸਿੰਘ ਹੋਰਾਂ ਨੇ ਨਿਭਾਈ। ਉਹਨਾਂ ਨੇ ਤਰਤੀਬ ਵੀ ਬਣਾਈ ਅਤੇ ਸਿਰਲੇਖ ਤੇ ਉਪਸਿਰਲੇਖ ਵੀ ਦਿੱਤੇ। ਇਉਂ ਦੋ ਜਿਲਦਾਂ ਵਿਚ ਸੁੰਦਰ ਛਪਾਈ, ਵਧੀਆ ਕਾਗਜ਼ ਅਤੇ ਮਜ਼ਬੂਤ ਜਿਲਦਬੰਦੀ ਨਾਲ, ਇਸ ਗ੍ਰੰਥ ਨੇ ਨਾਮਧਾਰੀ ਸੰਗਤਾਂ ਦੀ ਖੁਸ਼ੀ ਤਾਂ ਦੂਣ ਸਵਾਈ ਕੀਤੀ ਹੀ ਹੈ, ਜੋ ਬਹੁਤ ਥਾਵਾਂ ਤੇ ਇਸ ਦੀ ਰੋਜ਼ਾਨਾ ਕਥਾ ਕਰਦੇ ਹਨ, ਪੰਜਾਬ ਦੇ ਸਾਹਿਤ ਇਤਿਹਾਸ ਨਾਲ ਸੰਬਧਿਤ ਖੋਜਕਾਰਾਂ ਦੀ ਵੀ ਲੋੜ ਪੂਰੀ ਹੁੰਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਬੰਦੀ ਜੀਵਨ ਸਮੇਂ ਲਿਖੇ ਪੱਤਰ ਵੀ ਅਜੇ ਤੱਕ ਹੱਥ ਲਿਖਤ ਰੂਪ ਵਿੱਚ ਹੀ ਮੌਜੂਦ ਸਨ। ਕਿਸੇ ਟਹਿਲ ਸਿੰਘ ਫੱਕਰ ਨਾਂ ਦੇ ਵਿਅਕਤੀ ਨੇ

Namdhari Elibrary NamdhariElibrary@gmail.com

ਆਖੇਪਕਾਰੀ ਤੋਂ ਬਾਅਦ ਹੁਕਮਨਾਮਿਆਂ ਦੀ ਇਕ ਪੋਥੀ ਪਿਛਲੀ ਸਦੀ ਦੇ ਪੰਜਵੇਂ ਦਹਾਕੇ ਵਿੱਚ ਛਪਵਾਈ ਸੀ। ਹੁਕਮਨਾਮਿਆਂ ਦੀ ਕਾਂਟ ਛਾਂਟ ਕਰਕੇ ਉਹਨਾਂ ਨੂੰ ਮੂਲ ਰੂਪ ਵਿੱਚ ਲੱਭ ਕੇ ਛਾਪਣਾ ਵੀ ਇਕ ਵੱਡਾ ਕਾਰਜ ਸੀ। ਇਹ ਕਾਰਜ ਵੀ ਸਫਲਤਾ ਪੂਰਵਕ ਨਿਭਾਉਣ ਦੀ ਸੇਵਾ ਹਿਸਟੋਰੀਅਨ ਸਾਹਿਬ ਨੇ ਹੁਕਮਨਾਮਿਆਂ ਦੀ ਸੰਪਾਦਨਾ ਕਰਕੇ ਨਿਭਾਈ। ਜਿਸਨੂੰ ਹੋਰ ਗ੍ਰੰਥਾਂ ਵਾਂਗ ਨਾਮਧਾਰੀ ਦਰਬਾਰ ਨੇ ਬੜੀ ਰੀਝਾਂ ਨਾਲ ਛਾਪਿਆ ਸੀ। ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮਨਾਮਿਆਂ ਦਾ ਗੁਰਬਾਣੀ ਜਿੰਨਾਂ ਹੀ ਸਤਿਕਾਰ ਕਰਨ ਦਾ ਸੰਗਤ ਨੂੰ ਹੁਕਮ ਸਾਦਰ ਫੁਰਮਾਇਆ। ਨਾਮਧਾਰੀ ਜੀਵਨ ਜਾਚ ਨੂੰ ਸਮਝਣ ਲਈ ਜਿਥੇ ਇਹ ਹੁਕਮਨਾਮੇ ਮਾਰਗ ਦਰਸ਼ਨ ਕਰਦੇ ਹਨ ਉਥੇ ਗੁਰੂ ਅਤੇ ਸਿੱਖ ਦੇ ਨਾਤੇ ਨੂੰ ਮਜ਼ਬੂਤ ਬਣਾਉਣ ਤੇ ਸਫਲ ਮਨੁੱਖਾ ਜੀਵਨ ਲਈ ਜ਼ਰੂਰੀ ਸੰਕੇਤ ਵੀ ਇਹਨਾਂ ਵਿੱਚੋਂ ਮਿਲਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਛਪਵਾ ਕੇ ਸੰਗਤਾਂ ਦੇ ਹੱਥਾਂ ਵਿੱਚ ਪਹੁੰਚਾਉਣੇ, ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਵੱਡਾ ਇਤਿਹਾਸਕ ਕਾਰਨਾਮਾ ਮੰਨਿਆ ਜਾਏਗਾ।

ਪਿਛਲੀ ਸਦੀ ਦੇ ਇਕ ਹੋਰ ਪ੍ਰਮੁੱਖ ਨਾਮਧਾਰੀ ਲੇਖਕ ਸੰਤ ਤਰਨ ਸਿੰਘ ਵਹਿਮੀ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਕਾਲੀ ਸਨ ਅਤੇ ਆਪ ਜੀ ਦੇ ਜੀਵਨ ਸਮਾਚਾਰਾਂ ਬਾਰੇ ਇੱਕ ਵੱਡ-ਆਕਾਰੀ ਗ੍ਰੰਥ ਜੱਸ ਜੀਵਨ - ਦੀ ਰਚਨਾ ਵਹਿਮੀ ਜੀ ਨੇ ਪੰਜਾਬੀ ਵਾਰਤਕ ਵਿੱਚ ਕੀਤੀ। ਇਸ ਪੁਸਤਕ ਦੀਆਂ ਪਹਿਲੀਆਂ ਤਿੰਨ ਜਿਲਦਾਂ ਸੰਤ ਵਹਿਮੀ ਜੀ ਅਤੇ ਉਹਨਾਂ ਦੇ ਪਰਵਾਰ ਨੇ ਛਪਵਾਈਆਂ। ਅਗਲੇਰੀਆਂ ਤਿੰਨ ਜਿਲਦਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਦਰਬਾਰ ਨੇ ਛਪਵਾਈਆਂ। ਇਸ ਗ੍ਰੰਥ ਦੀ ਪਹਿਲੀ ਜਿਲਦ ਵੀ ਸਿਰਲੇਖ ਦੇ ਕੇ ਦੁਬਾਰਾ ਛਪਵਾਈ ਗਈ। ਇਉਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੀ ਨਾਮਧਾਰੀ ਸੰਗਤ ਦੇ ਕ੍ਰਿਆ ਕਲਾਪਾਂ ਅਤੇ ਗੁਰ ਦਰਬਾਰ ਨਾਲ ਸੰਬੰਧਿਤ ਅਨੇਕਾਂ ਵਿਅਕਤੀਆਂ ਦੀਆਂ ਵਾਰਦਾਤਾਂ, ਸਾਖੀਆਂ, ਇਸ ਗ੍ਰੰਥ ਲਈ ਸਦਾ ਲਈ ਸਹੇਜ ਲਈਆਂ ਗਈਆਂ ਹਨ। ਜੱਸ ਜੀਵਨ ਗ੍ਰੰਥ ਲਿਖਣ ਦੇ ਕਾਰਨ ਹੀ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਪੰਚਕੂਲਾ ਨੇ ਹਰਿਆਣਾ ਦੇ ਕਿਸੇ ਇੱਕ ਪੰਜਾਬੀ ਸਾਹਿਤਕਾਰ ਲਈ ਹਰ ਵਰ੍ਹੇ 'ਸੰਤ ਤਰਨ ਸਿੰਘ ਵਹਿਮੀ ਪੁਰਸਕਾਰ' ਦੇਣਾ ਸ਼ੁਰੂ ਕੀਤਾ ਹੈ, ਜਿਸ ਵਿਚ ਸੰਬਧਿਤ ਸਨਮਾਨਿਤ ਹਸਤੀ ਨੂੰ ਇਕਵੰਜਾ ਹਜ਼ਾਰ ਰੁਪਏ ਵੀ ਭੇਟ ਕੀਤੇ ਜਾਂਦੇ ਹਨ। ਨਾਮਧਾਰੀ ਸਾਹਿਤ ਜਗਤ ਨਾਲ ਸਬੰਧਿਤ ਕਿਸੇ ਵਿਅਕਤੀ ਦਾ ਇਉਂ ਸਨਮਾਨਿਤ ਹੋਣਾ ਵੀ, ਸਤਿਗੁਰੂ ਜਗਜੀਤ ਸਿੰਘ ਜੀ ਦੀ, ਇਹਨਾਂ ਖੇਤਰਾਂ ਵਿੱਚ ਲਈ ਜਾ ਰਹੀ ਦਿਲਚਸਪੀ ਦਾ ਹੀ ਨਤੀਜਾ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਅੰਤਿਮ ਦਹਾਕੇ ਦੇ ਲਾਗੇ ਚਾਗੇ ਆਪ ਦੇ ਉਪਦੇਸ਼, ਥਾਈਲੈਂਡ, ਅਫਰੀਕਾ ਆਦਿ ਦੀਆਂ ਯਾਤਰਾਵਾਂ ਸਮੇਂ ਅਤੇ ਦਿੱਲੀ ਤੇ ਸ੍ਰੀ ਭੈਣੀ ਸਾਹਿਬ ਵਿਖੇ ਹੀ ਟੇਪ ਰਿਕਾਰਡ ਮਸ਼ੀਨਾਂ ਉਪਲਭਦ ਹੋਣ ਬਾਅਦ, ਟੇਪ ਕੀਤੇ ਗਏ ਸਨ। ਨਾਮਧਾਰੀ ਦਿਵਾਨਾਂ ਵਿੱਚ ਪਿਛਲੀ ਅੱਧੀ ਸਦੀ ਤੋਂ, ਸੰਗਤਾਂ ਇਹਨਾਂ ਨੂੰ ਨਾਮ ਸਿਮਰਨ ਵਾਲੇ ਇਕ ਘੰਟੇ ਦੇ ਸਮੇਂ ਵਿੱਚ ਸਰਵਣ ਕਰਦੀਆਂ ਆ ਰਹੀਆਂ ਹਨ। ਇਹਨਾਂ ਉਪਦੇਸ਼ਾਂ ਵਿੱਚ ਨਾਮਧਾਰੀ ਇਤਿਹਾਸ ਨਾਲ ਸੰਬਧਿਤ ਬਹੁਤ ਸਾਰੇ ਵਿਅਕਤੀਆਂ, ਘਟਨਾਵਾਂ, ਸਥਾਨਾਂ ਅਤੇ ਪ੍ਰਸੰਗਾਂ ਦਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਧੁਰ ਅਤੇ ਗੰਭੀਰ ਬਾਣੀ ਵਿੱਚ ਕਿਤੇ ਕਿਤੇ ਬੜੀ ਹਿਰਦੇ ਵੇਧਕ ਸ਼ੈਲੀ ਵਿੱਚ ਵਰਨਣ ਮਿਲਦਾ ਹੈ। ਇਹਨਾਂ ਰਿਕਾਰਡ ਹੋਏ ਉਪਦੇਸ਼ਾਂ ਨੂੰ, ਗੁਰਬਾਣੀ ਅਤੇ ਹੋਰ ਇਤਿਹਾਸਕ, ਸਾਹਿਤਕ ਭਾਈਚਾਰਕ ਪੁਸਤਕਾਂ ਦੇ ਹਵਾਲੇ ਨਾਲ ਸੰਪਾਦਿਤ ਕਰਕੇ ਪੁਸਤਕ ਰੂਪਾਂ ਵਿੱਚ ਛਪਵਾਉਣਾ ਇਕ ਬਹੁਤ ਵੱਡਾ, ਵਿਕਟ ਕਾਰਜ ਸੀ। ਇਸ ਲਈ

ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮਨਾਮਿਆਂ ਦਾ ਗੁਰਬਾਣੀ ਜਿੰਨਾਂ ਹੀ ਸਤਿਕਾਰ ਕਰਨ ਦਾ ਸੰਗਤ ਨੂੰ ਹੁਕਮ ਸਾਦਰ ਫੁਰਮਾਇਆ। ਨਾਮਧਾਰੀ ਜੀਵਨ ਜਾਚ ਨੂੰ ਸਮਝਣ ਲਈ ਜਿਥੇ ਇਹ ਹੁਕਮਨਾਮੇ ਮਾਰਗ ਦਰਸ਼ਨ ਕਰਦੇ ਹਨ ਉਥੇ ਗੁਰੂ ਅਤੇ ਸਿੱਖ ਦੇ ਨਾਤੇ ਨੂੰ ਮਜ਼ਬੂਤ ਬਣਾਉਣ ਤੇ ਸਫਲ ਮਨੁੱਖਾ ਜੀਵਨ ਲਈ ਜ਼ਰੂਰੀ ਸੰਕੇਤ ਵੀ ਇਹਨਾਂ ਵਿੱਚੋਂ ਮਿਲਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਛਪਵਾ ਕੇ ਸੰਗਤਾਂ ਦੇ ਹੱਥਾਂ ਵਿੱਚ ਪਹੁੰਚਾਉਣੇ, ਸਤਿਗੁਰੂ ਜਗਜੀਤ ਸਿੰਘ ਜੀ ਦਾ ਇੱਕ ਵੱਡਾ ਇਤਿਹਾਸਕ ਕਾਰਨਾਮਾ ਮੰਨਿਆ ਜਾਏਗਾ।

Namdhari Elibrary NamdhariElibrary@gmail.com

ਪਹਿਲਾਂ ਇਹਨਾਂ ਦਾ ਕਈ ਕਈ ਘੰਟੇ ਬੱਧੀ ਲੰਮੀਆਂ ਬੈਠਕਾਂ ਵਿੱਚ ਪਾਠ ਜ਼ਰੂਰੀ ਸੀ। ਸਤਿਗੁਰੂ ਜੀ ਨੇ ਸਤਿਗੁਰੂ ਬਿਲਾਸ ਅਤੇ ਹੁਕਮਨਾਮਿਆਂ, ਜੱਸ ਜੀਵਨ ਗ੍ਰੰਥਾਂ ਆਦਿ ਦੇ ਛਪਵਾਉਣ ਤੋਂ ਪਹਿਲਾਂ, ਆਪਣੀ ਹਜ਼ੂਰੀ ਵਿੱਚ ਨਿਕਟੀ ਸੇਵਕਾਂ ਅਤੇ ਵਿਦਵਾਨਾਂ ਦੀ ਸੰਗਤ ਵਿੱਚ ਇਹ ਸਾਰਾ ਪਾਠ ਸਰਵਣ ਵੀ ਕੀਤਾ ਅਤੇ ਸੁਝਾਅ ਵੀ ਨੋਟ ਕਰਵਾਏ। ਇਹ ਵੱਡੀ ਸੇਵਾ ਦਿੱਲੀ ਨਿਵਾਸੀ ਪ੍ਰਿੰਸੀਪਲ ਬੀਬੀ ਬੇਅੰਤ ਕੌਰ ਅਤੇ ਉਹਨਾਂ ਦੇ ਪਤੀ ਸ. ਸੰਤ ਸਿੰਘ ਹੋਰਾਂ ਦੇ ਜ਼ਿੰਮੇ ਲਗਾਈ। ਨਤੀਜਾ "ਲਾਲ ਏਹਿ ਰਤਨ" ਨਾਮ ਹੇਠ ਪਵਿੱਤਰ ਉਪਦੇਸ਼, ਪੰਜ ਜਿਲਦਾਂ ਵਿੱਚ ਛਪੇ ਹਨ। ਸੰਤ ਇੰਦਰ ਸਿੰਘ ਚੱਕਰਵਰਤੀ ਕਿਹਾ ਕਰਦੇ ਸਨ ਕਿ ਜਿਤਨੀ ਨਾਮਧਾਰੀ ਇਤਿਹਾਸ ਦੀ ਜਾਣਕਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਹੈ, ਉਸਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ। ਸੋ ਇਹਨਾਂ ਉਪਦੇਸ਼ਾਂ ਦੇ ਛਪਣ ਨਾਲ, ਸਤਿਗੁਰੂ ਕਿਰਪਾ ਸਦਕਾ ਇਤਿਹਾਸ ਦਾ ਇੱਕ ਵੱਡਮੁਲਾ ਸਰੋਤ ਸੁਰੱਖਿਅਤ ਹੋ ਕੇ ਲੋੜੀਦੀਆਂ ਥਾਵਾਂ ਤੇ ਪੁੱਜ ਗਿਆ ਹੈ।

ਵਰਤਮਾਨ ਸਮੇਂ ਦੇ ਨਾਮਧਾਰੀ ਇਤਿਹਾਸ ਨੂੰ ਸੁਰੱਖਿਅਤ ਰੱਖਣ ਲਈ ਸ੍ਰੀ ਸਤਿਗੁਰੂ ਜੀ ਦੇ ਸਨੇਹਪਾਸ਼ ਵਿੱਚ ਬੰਧੇ ਹੋਏ, ਉਹਨਾਂ ਦੇ ਵਿਦਿਆਰਥੀ ਜੀਵਨ ਦੇ ਸਹਿਪਾਠੀ ਅਤੇ ਬਾਲ ਸਖਾ ਸ੍ਰੀ ਪ੍ਰੀਤਮ ਸਿੰਘ ਕਵੀ ਦੇ ਭਾਗੀਰਥ ਕਾਰੇ ਅੱਗੇ, ਹਰ ਇਤਿਹਾਸ ਪ੍ਰੇਮੀ ਦਾ ਸਿਰ ਨਤਮਸਤਕ ਹੁੰਦਾ ਹੈ। ਉਹਨਾਂ ਦੀ ਗ੍ਰੰਥਾਵਲੀ 'ਬੀਤੇ ਦੀਆਂ ਪੈੜਾਂ' 1957 ਈ. ਤੋਂ ਲੈ ਕੇ 1959 ਈ. ਤੱਕ ਦਾ ਸਤਿਗੁਰੂ ਪ੍ਰਤਾਪ ਸਿੰਘ ਦਾ ਕਾਲ ਵਰਨਣ, ਉਸ ਤੋਂ ਬਾਅਦ ਵਰਤਮਾਨ ਸਤਿਗੁਰੂ ਜੀ ਦਾ, ਪਹਿਲਾਂ ਟੁੱਟਵੇਂ ਸਾਲਾਂ ਵਿੱਚ ਅਤੇ ਫਿਰ 1978 ਤੋਂ 1990 ਈ. ਤੱਕ ਲਗਾਤਾਰ ਵਰਨਣ ਮਿਲਦਾ ਹੈ। ਕਵੀ ਜੀ ਦੀਆਂ 'ਬੀਤੇ ਦੀਆਂ ਪੈੜਾਂ' ਉਹਨਾਂ ਦੇ ਜਾਣ ਬਾਅਦ ਵੀ ਛਪਣੀਆਂ ਜਾਰੀ ਹਨ। ਹੁਣ ਤੱਕ 13 ਜਿਲਦਾਂ ਛਪ ਚੁੱਕੀਆਂ ਹਨ ਅਤੇ ਅਜੇ ਘੱਟੋ ਘੱਟ 10 ਹੋਰ ਛਪਣ ਵਾਲੀਆਂ ਹਨ। ਕਿਸੇ ਵੀ ਗੁਰੂ ਹਸਤੀ ਦੇ ਦੈਨਿਕ ਜੀਵਨ ਦੇ ਏਨੇ ਵਿਸਤ੍ਰਿਤ ਵੇਰਵੇ ਪਾਠਕ ਜਗਤ ਨਾਲ ਪਹਿਲੀ ਵੇਰ ਸਾਂਝ ਪਾ ਰਹੇ ਹਨ। ਇਸ ਲੜੀ ਦੇ ਲੇਖਕ ਪ੍ਰੀਤਮ ਸਿੰਘ ਕਵੀ ਨੂੰ ਦੇਸ਼ ਦੀ ਰਾਜਧਾਨੀ ਤੋਂ ਸ੍ਰੀ ਭੈਣੀ ਸਾਹਿਬ ਲਿਆਕੇ, ਸ੍ਰੀ ਸਤਿਗੁਰੂ ਜੀ ਨੇ ਉਹਨਾਂ ਦੀ ਹਰ ਸੁਖ ਸੁਵਿਧਾ ਦਾ ਧਿਆਨ ਵੀ ਰੱਖਿਆ ਤੇ ਉਹਨਾਂ ਦੇ ਇੱਛਤ ਕਾਰਜ ਭਾਵ ਸਾਰੀਆਂ ਪੈੜਾਂ ਦੀ ਛਪਾਈ ਵੀ ਨਿਰਵਿਘਨ ਜਾਰੀ ਰੱਖੀ। ਇਹਨਾਂ ਪੁਸਤਕਾਂ ਵਿੱਚ ਗਿਆਨ ਦਾ ਜੋ ਅਥਾਹ ਭੰਡਾਰ ਮੌਜਦੂ ਹੈ, ਪੰਜਾਬੀ ਸਾਹਿਤ ਜਗਤ ਦੇ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਅਤੇ ਹੋਰ ਨਾਮੀ ਵਿਦਵਾਨ ਉਸ ਦੀ ਮੁਕਤ ਕੰਠ ਨਾਲ ਪ੍ਰਸੰਸਾ ਕਰ ਚੁੱਕੇ ਹਨ। ਇਸ ਵਿੱਚੋਂ ਨਾ ਸਿਰਫ ਸਤਿਗੁਰੂ ਜਗਜੀਤ ਸਿੰਘ ਜੀ, ਸਗੋਂ ਪੂਰਵ ਸਤਿਗੁਰੂ ਸਾਹਿਬਾਨਾਂ ਦੇ ਸਮਿਆਂ ਦਾ, ਸਿੱਖਾਂ ਅਤੇ ਹੋਰ ਪ੍ਰਸਿੱਧ ਅਤੇ ਅਪ੍ਰਸਿੱਧ ਵਿਅਕਤੀਆਂ ਦਾ ਵਰਨਣ ਮਿਲਦਾ ਹੈ। ਕਵੀ ਜੀ ਦੀ ਕਲਮ, ਗੁਰੂ ਦਰਸ਼ਨਾਂ ਲਈ ਆਏ, ਕਿਸੇ ਸਧਾਰਨ ਸਿੱਖ ਦਾ ਨਖ ਸ਼ਿਖ ਵਰਨਣ ਕਰਕੇ, ਉਸਨੂੰ ਅਮਰਤਾ ਪ੍ਰਦਾਨ ਕਰਨ ਦਾ ਲਾਹਾ ਬਣ ਗਈ ਹੈ। ਅੱਜ ਵੀ ਆਪ ਜੀ ਦੇ ਅਕਾਲ ਚਲਾਣੇ ਬਾਅਦ, ਕਵੀ ਪਰਵਾਰ ਸ੍ਰੀ ਸਤਿਗੁਰੂ ਜੀ ਦੀ ਸ੍ਰੀ ਭੈਣੀ ਸਾਹਿਬ ਵਿਖੇ ਨਿਕਟਤਾ ਮਾਣ ਰਿਹਾ ਹੈ।

ਪ੍ਰੀਤਮ ਸਿੰਘ ਕਵੀ ਹੋਰਾਂ ਤੋਂ ਬਾਅਦ ਜਿਸ ਵੱਡੇ ਨਾਮਣੇ ਵਾਲੇ ਪੰਜਾਬੀ ਲੇਖਕ ਨੂੰ, ਸਤਿਗੁਰੂ ਜੀ ਨੇ ਨਾਮਧਾਰੀ ਇਤਿਹਾਸ ਲੇਖਣ ਦੇ ਵੱਡਮੁਲੇ ਕਾਰਜ ਲਈ ਪ੍ਰੇਰਿਆ ਹੈ, ਉਹ ਹਨ ਦਿਗਜ ਪੰਜਾਬੀ ਸਾਹਿਤਕਾਰ ਪ੍ਰੋ. ਕ੍ਰਿਪਾਲ ਸਿੰਘ ਕਸੇਲ ਪਟਿਆਲਾ ਨਿਵਾਸੀ। ਇਹਨਾਂ ਦਾ ਨਾਮ ਇਸ ਸਮੇਂ ਪੰਜਾਬੀ ਸਾਹਿਤਕ ਜਗ ਵਿੱਚ ਧਰੂ ਤਾਰੇ ਜਿਉਂ ਪ੍ਰਕਾਸ਼ਮਾਨ ਹੈ। ਤਕਰੀਬਨ ਚਾਰ ਦਹਾਕੇ ਪਹਿਲਾਂ ਕਸੇਲ ਜੀ ਸ੍ਰੀ ਸਤਿਗੁਰੂ ਜੀ ਦੀ ਸੰਗਤ ਵਿੱਚ ਆਏ। ਇਸ ਤੋਂ ਕੁਝ ਵਰ੍ਹੇ ਬਾਅਦ ਹੀ ਆਪ ਦੀ ਨੇਤਰ ਜਿਓਤੀ ਜਾਂਦੀ ਰਹੀ। ਪਰ ਇਹ ਸੰਜੋਗ ਹੀ ਕਹਾਂਗੇ ਕਿ ਬਾਹਰੀ ਨਿਗ੍ਹਾ ਜਾਣ ਤੋਂ ਬਾਅਦ ਵੀ ਆਪ ਦਾ ਰਿਦੈ ਪ੍ਰਕਾਸ਼ ਪੁੰਜ ਨਾਲ ਪ੍ਰਫੁਲਤ ਹੋ ਉਠਿਆ। ਆਪ ਦੇ ਪਠਨ ਪਾਠਨ ਦਾ ਘੇਰਾ ਤਾਂ ਬਹੁਤ ਵਿਸ਼ਾਲ ਹੈ। ਪੰਜਾਬੀ ਸਾਹਿਤ ਦੀਆਂ ਸਾਰੀਆਂ ਹੀ ਵਿਧਾਵਾਂ ਤੇ ਆਪ ਨੇ ਸਫਲਤਾ ਪੂਰਵਕ ਲੇਖਨ ਕਰਵਾਇਆ ਹੈ। ਪੰਜਾਬੀ ਦੇ ਕੁਝ ਕੁ ਚੋਟੀ ਦੇ ਸਮੀਖਿਆਕਾਰਾਂ ਵਿੱਚ ਆਪ ਦਾ ਸ਼ੁਮਾਰ ਹੈ। ਪ੍ਰੋ. ਪੂਰਨ ਸਿੰਘ ਦੀਆਂ ਅੰਗਰੇਜ਼ੀ ਲਿਖਤਾਂ ਨੂੰ ਜਿਸ ਰੂਹ ਨਾਲ ਆਪ ਨੇ ਪੰਜਾਬੀ ਵਿਚ ਉਲਥਾਇਆ - ਅਨੁਵਾਦ ਕਾਰਜ ਮੌਲਿਕਤਾ ਤੋਂ ਵੀ ਅਗੇ ਲੰਘ ਗਿਆ ਹੈ। ਤਵਾਰੀਖ ਸੰਤ ਖਾਲਸਾ - ਅਥਵਾ ਨਾਮਧਾਰੀ ਗੁਰੂ ਇਤਿਹਾਸ ਦੋ ਜਿਲਦਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪਹਿਲੀ ਜਿਲਦ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਹਰੀ ਸਿੰਘ ਜੀ ਤੱਕ ਨਾਮਧਾਰੀ ਸਿੱਖ ਇਤਿਹਾਸ ਨੂੰ ਆਪਣੇ ਕਲੇਵਰ ਵਿੱਚ ਸਮੇਟਦੀ ਹੋਈ ਇਕ ਵੱਡ ਆਕਾਰੀ ਪੁਸਤਕ ਹੈ। ਦੂਜਾ ਭਾਗ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਬਾਰੇ ਵੀ ਛਪ ਚੁੱਕਾ ਹੈ।

Namdhari Elibrary NamdhariElibrary@gmail.com

ਸਤਿਗੁਰੂ ਜਗਜੀਤ ਸਿੰਘ ਜੀ ਨੇ ਅੰਮ੍ਰਿਤਸਰ, ਰਾਇਕੋਟ, ਲੁਧਿਆਣਾ ਅਤੇ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ ਨਾਲ ਸੰਬੰਧਤ ਦਿਨਾਂ ਤੇ ਵੱਡੀ ਪੱਧਰ ਤੇ ਮੇਲੇ ਮਨਾਉਣੇ ਸ਼ੁਰੂ ਕਰਵਾਏ ਸਗੋਂ ਇਹਨਾਂ ਸ਼ਹੀਦੀ ਅਸਥਾਨਾਂ ਤੇ ਸਰਕਾਰੀ ਸਹਿਯੋਗ ਨਾਲ ਸਥਾਨ ਹਾਸਿਲ ਕਰਕੇ ਸ਼ਾਨਦਾਰ ਸਮਾਰਕ ਦੀ ਉਸਾਰੀ ਦਾ ਕਾਰਜ ਵੀ ਆਰੰਭਿਆ। ਸ਼ਹੀਦੀ ਮੇਲੇ ਹੁਣ ਬਹੁਤ ਸਾਰੇ ਸ਼ਹੀਦ ਸਿੰਘਾਂ ਦੇ ਪਿੰਡਾਂ ਵਿੱਚ ਵੀ ਮਨਾਏ ਜਾਂਦੇ ਹਨ।

ਤੀਸਰੀ ਜਿਲਦ ਵਰਤਮਾਨ ਸਤਿਗੁਰੂ ਜੀ ਬਾਰੇ ਤਿਆਰੀ ਅਧੀਨ ਹੈ। ਇਉਂ ਕਸੇਲ ਜੀ ਨੇ ਸਤਿਗੁਰੂ ਜੀ ਦੀ ਅੰਤ੍ਰੀਵ ਪ੍ਰੇਰਣਾ ਨਾਲ 1469 ਈ. ਤੋਂ ਲੈ ਕੇ ਅੱਜ ਤੱਕ ਦੇ ਪੰਜਾਬ ਅਤੇ ਵਿਸ਼ੇਸ਼ ਕਰ ਸਿੱਖ ਇਤਿਹਾਸ ਦੇ ਸੰਦਰਭ ਵਿਚ ਨਾਮਧਾਰੀ ਸਤਿਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਅਤੇ ਸਿੱਖਿਆ ਦੇ ਸਾਰ ਤੱਤ ਨੂੰ ਆਪਣੀ ਨਿਵੇਕਲੀ ਵਿਗਿਆਨਕ ਇਤਿਹਾਸਕ ਲੇਖਣ ਦੀ ਦ੍ਰਿਸ਼ਟੀ ਨਾਲ, ਬਹੁਤ ਸਾਰੇ ਤੱਥਾਂ, ਇਤਿਹਾਸਕ ਸਰੋਤਾਂ ਅਤੇ ਹਵਾਲਿਆਂ ਦੀ ਨਿਸ਼ਾਨਦੇਹੀ ਕਰਦਿਆਂ, ਰੋਚਕ ਸ਼ੈਲੀ ਵਿਚ ਬਿਆਨ ਕੀਤਾ ਹੈ। ਪ੍ਰਮਾਣਿਕ ਨਾਮਧਾਰੀ ਇਤਿਹਾਸ ਲੇਖਣ ਦਾ ਇਹ ਇਕ ਸਟੀਕ ਕਾਰਜ ਹੋ ਨਿਬੜਿਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਨਾਮਧਾਰੀ ਇਤਿਹਾਸਕਾਰਾਂ ਸੰਤ ਨਿਧਾਨ ਸਿੰਘ ਆਲਿਮ, ਸੰਤ ਧਿਆਨ ਸਿੰਘ ਕਾਦਰਾਬਾਦੀ ਆਦਿ ਦੀਆਂ ਪਹਿਲਾਂ ਛਪੀਆਂ ਪੁਸਤਕਾਂ ਦਾ ਪੁਨਰ ਪ੍ਰਕਾਸ਼ਨ ਵੀ ਕਰਵਾਇਆ ਗਿਆ। ਸਤਿਜੁਗ ਦੇ ਬਹੁਤ ਸਾਰੇ ਵਿਸ਼ੇਸ਼ ਅਤੇ ਹੁਣ ਅਣਉਪਲਬਧ ਅੰਕਾਂ ਦੇ ਪੁਨਰ ਪ੍ਰਕਾਸ਼ਨ ਦੀ ਵੀ ਯੋਜਨਾ ਬਣਾਈ ਗਈ ਹੈ। ਬਹੁਤ ਸਾਰੀ ਪਹਿਲੀ ਤੇ ਦੂਜੀ ਪੀੜ੍ਹੀ ਦੇ ਲੇਖਕਾਂ ਤੋਂ ਬਾਅਦ ਸੰਤ ਤਾਰਾ ਸਿੰਘ ਅਨਜਾਣ, ਜਸਵਿੰਦਰ ਸਿੰਘ ਹਿਸਟੋਰੀਅਨ, ਦਲੀਪ ਸਿੰਘ ਨਾਮਧਾਰੀ ਅਤੇ ਸੰਤ ਸਵਰਨ ਸਿੰਘ ਸਨੇਹੀ ਦਾ ਇਸ ਸੰਬੰਧ ਵਿੱਚ ਸ਼ਲਾਘਾਯੋਗ ਕਾਰਜ ਹੈ। ਖਾਸ ਕਰਕੇ ਸਨੇਹੀ ਜੀ ਦੁਆਰਾ, ਇਤਿਹਾਸਕ ਕਾਨਫਰੰਸਾਂ ਦੇ ਸਲਾਨਾ ਸਮਾਗਮਾਂ ਵਿੱਚ ਪੇਸ਼ ਕੀਤੇ ਗਏ, ਅੰਗਰੇਜ਼ੀ ਵਿੱਚ ਪਰਚੇ, ਨਾਮਧਾਰੀ ਇਤਿਹਾਸ ਦੇ ਬਹੁਤ ਸਾਰੇ ਅਣਛੋਹੇ ਸਫਿਆਂ ਦੀ ਬਾਤ ਪਾਉਂਦੇ ਹਨ। ਨਾਮਧਾਰੀਆਂ ਦੇ ਸਮਕਾਲੀ ਇਤਿਹਾਸ ਨੂੰ ਕਲਮਬੱਧ ਕਰਨ ਲਈ ਸਤਿਜੁਗ (ਸਪਤਾਹਿਕ), ਨਰੀਖਿਅਕ. (ਤਿਮਾਹੀ), ਯੁੱਗ ਮਰਯਾਦਾ (ਤਿਮਾਹੀ), ਵਰਤਮਾਨ ਹਿੰਦੁਸਤਾਨ (ਮਾਸਿਕ) ਅਤੇ ਵਰਿਆਮ (ਮਾਸਿਕ) ਦੀ ਮਹੱਤਵਪੂਰਨ ਭੂਮਿਕਾ ਹੈ। ਵਿਸ਼ੇਸ਼ ਕਰਕੇ ਜਗਦੀਸ਼ ਸਿੰਘ ਵਰਿਆਮ ਹੋਰਾਂ ਦੁਆਰਾ ਸੰਪਾਦਿਤ ਵਰਿਆਮ ਪਰਚੇ ਨੇ ਬਹੁਤ ਸਾਰੇ ਪ੍ਰਸਿੱਧ ਵਿਅਕਤੀਆਂ ਤੋਂ ਨਾਮਧਾਰੀਆਂ ਬਾਰੇ ਗਾਹੇ ਬਗਾਹੇ ਲਿਖਵਾਇਆ ਵੀ ਹੈ ਅਤੇ ਆਪਣੇ ਪਰਚੇ ਦੇ ਸਫਿਆਂ ਨੂੰ ਨਾਮਧਾਰੀ ਇਤਿਹਾਸ - ਸਾਹਿਤ ਦੇ ਵਿਵਿਧ ਪੱਖਾਂ ਬਾਰੇ ਰੋਸ਼ਨੀ ਪਾਉਣ ਲਈ ਉਦਾਰਤਾ ਪੂਰਵਕ ਵਰਤਿਆ ਵੀ ਹੈ।

ਨਾਮਧਾਰੀ ਸਤਿਗੁਰੂ ਸਾਹਿਬਾਨ, ਸੂਬਿਆਂ ਅਤੇ ਹੋਰ ਪ੍ਰਮੁੱਖ ਵਿਅਕਤੀਆਂ ਦੀ ਬੰਸਾਵਲੀ ਅਤੇ ਪਤੇ ਲੱਭਣ ਦਾ ਕਾਰਜ, ਸੂਬਾ ਸੁਰਿੰਦਰ ਕੌਰ ਖਰਲ ਨੇ ਬੜੇ ਪਰਿਸ਼੍ਰਮ ਨਾਲ ਸੰਪੰਨ ਕੀਤਾ ਹੈ। "ਨਾਮਧਾਰੀ ਗੁਰਬੰਸਾਵਲੀ" ਅਤੇ "ਨਾਮਧਾਰੀ ਸ਼ਹੀਦ" ਇਸ ਸੰਬਧ ਵਿੱਚ ਸੂਬਾ ਖਰਲ ਦੀਆਂ ਦੋ ਪੁਸਤਕਾਂ ਛਪੀਆਂ ਹਨ। ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਜੀਵਨ ਸਮਾਚਾਰਾਂ ਬਾਰੇ "ਪ੍ਰਕਾਸ਼ ਪੁੰਜ" ਦਾ ਪਹਿਲਾ ਭਾਗ ਛਪ ਚੁੱਕਾ ਹੈ ਅਤੇ ਦੂਜਾ ਭਾਗ ਵੀ ਛਪਣ ਕਾਰਜ ਦੀ ਉਡੀਕ ਵਿੱਚ ਹੈ। ਸੂਬਾ ਜੀ ਨੇ ਉਪਰੋਕਤ ਹਸਤੀਆਂ ਦੇ ਸੰਬੰਧਿਤ ਪਰਿਵਾਰਾਂ ਨਾਲ ਲੰਮੀਆਂ ਯਾਤਰਾਵਾਂ ਤੇ ਲੰਮੀਆਂ ਮੁਲਾਕਾਤਾਂ ਕਰਕੇ, ਉਹਨਾਂ ਸਾਰਿਆਂ ਨੂੰ ਵਿਸਮ੍ਰਿਤੀ ਦੇ ਗਰਭ ਵਿੱਚ ਜਾਣ ਤੋਂ ਬਚਾ ਲਿਆ ਹੈ, ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਸਾਡੀ ਇਤਿਹਾਸਕ ਧਰੋਹਰ ਦਾ ਕੋਈ ਨਾ ਕੋਈ ਅੰਸ਼ ਆਪਣੇ ਵਿੱਚ ਸਮਾਈ ਬੈਠੇ ਹਨ। ਪਟਿਆਲਾ ਦੇ ਮੁਹਾਫਿਜ਼ਖਾਨੇ ਵਿੱਚੋਂ ਰਿਆਸਤੀ ਸਰਕਾਰ ਦੇ ਕੂਕਿਆਂ ਵਿਸ਼ੇਸ਼ ਕਰ ਸਾਕਾ ਮਲੇਰਕੋਟਲਾ ਬਾਰੇ ਦਸਤਾਵੇਜ਼ ਵੀ, ਸੂਬਾ ਖਰਲ ਨੇ, ਕਢਵਾ ਕੇ ਉਰਦੂ ਫਾਰਸੀ ਤੋਂ ਪੰਜਾਬੀ ਵਿੱਚ ਅਨੁਵਾਦ ਕਰਵਾ ਲਏ ਹਨ। ਪਰ ਹਾਲੇ ਛਪੇ ਨਹੀਂ।

ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨਾਂ ਨੂੰ ਪੁਸਤਕ ਰੂਪ ਵਿਚ ਸੰਗ੍ਰਹਿਤ ਕਰਨ ਦਾ ਕਾਰਜ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ. ਹਰਵਿੰਦਰ ਸਿੰਘ ਹੰਸਪਾਲ (ਸਾਬਕਾ ਮੈਂਬਰ ਪਾਰਲੀਮੈਂਟ) ਅਤੇ ਵਰਤਮਾਨ ਮੈਂਬਰ ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ ਨੇ ਆਰੰਭਿਆ ਹੈ। ਗੁਰ ਉਪਦੇਸ਼ਾਂ ਦੀ ਪਹਿਲੀ ਜਿਲਦ ਜਗਿਆਸੂ ਪਾਠਕਾਂ ਦੇ ਹੱਥਾਂ ਵਿੱਚ, ਕੁਝ ਸਾਲ ਪਹਿਲਾਂ ਪੁੱਜ ਗਈ ਸੀ ਅਤੇ ਅਗਲੇਰੇ ਭਾਗਾਂ ਦੀ ਉਡੀਕ ਹੈ।

Namdhari Elibrary NamdhariElibrary@gmail.com

ਸਤਿਗੁਰੂ ਜੀ ਦੇ ਉਤਸ਼ਾਹ ਨਾਲ ਹੀ ਕੂਕਾ ਲਹਿਰ ਦੇ ਪੰਜਾਬੀ ਸਾਹਿਤ ਤੇ ਵਿਸਤਰਿਤ ਚਰਚਾ ਸੰਭਵ ਹੋਈ ਹੈ। ਸੁਵਰਨ ਸਿੰਘ ਵਿਰਕ ਦੁਆਰਾ ਲਿਖਤ, ਇਸ ਨਾਮ ਦਾ ਵੱਡਆਕਾਰੀ ਗ੍ਰੰਥ 150 ਸਾਲ ਦੇ ਨਾਮਧਾਰੀ ਸਾਹਿਤ ਦੀ ਨਿਸ਼ਾਨਦੇਹੀ ਕਰਦਾ ਹੈ। ਨਾਮਧਾਰੀ ਇਤਿਹਾਸ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਪ੍ਰਕਾਸ਼ਨ ਦੇ ਇਸ ਚਿਰ ਸਥਾਈ ਕਾਰਜ ਵਿਚ ਗੁਰ ਹੁਕਮ ਦੁਆਰਾ ਸੰਤ ਜਗਤਾਰ ਸਿੰਘ, ਸ੍ਰੀ ਉਦੈ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ, ਸੇਵਕ ਹਰਪਾਲ ਸਿੰਘ, ਸੇਵਕ ਰਸ਼ਪਾਲ ਸਿੰਘ ਅਤੇ ਗੁਰਪੁਰ ਵਾਸੀ ਹਜ਼ੂਰੀ ਸਕੱਤਰ ਸੰਤ ਤਰਸੇਮ ਸਿੰਘ ਹੋਰਾਂ ਦੀ ਵਰਨਣਯੋਗ ਭੂਮਿਕਾ ਰਹੀ ਹੈ। ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਹੋਰਾਂ ਦੇ ਨਿਜੀ ਸਕੱਤਰ ਸੰਤ ਗੁਰਦੇਵ ਸਿੰਘ ਮਾਂਗਟ ਕਨੇਡਾ ਨਿਵਾਸੀ ਦੀ ਲਿਖੀ ਅਤੇ ਸੰਤ ਸਿੰਘ ਹੋਰਾਂ ਦੁਆਰਾ ਸੰਪਾਦਿਤ ਡਾਇਰੀ ਵੀ ਇਕ ਛੋਟੀ ਪਰ ਮਹੱਤਵਪੂਰਨ ਪੁਸਤਕ ਹੈ, ਜੋ ਸਮਕਾਲੀ ਘਟਨਾਵਾਂ ਦਾ ਪ੍ਰਮਾਣਿਕ ਸਰੋਤ ਹੈ। ਪੁਸਤਕਾਂ ਇਸ ਦੌਰ ਵਿਚ ਹਮੇਸ਼ਾ ਦੇ ਮੁਕਾਬਲੇ ਚੋਖੀਆਂ ਛਪੀਆਂ ਹਨ। ਮਾਸਟਰ ਨਿਹਾਲ ਸਿੰਘ ਹੋਰਾਂ ਦਾ ਕੰਮ ਇਸ ਸੰਬੰਧ ਵਿਚ ਮੱਲੀਆਂ ਵਾਲਾ ਹੈ। ਪਰ ਸਭ ਕਾਸੇ ਨੂੰ ਇਸ ਲੇਖ ਵਿੱਚ ਬਿਆਨਣਾ ਮੇਰਾ ਮਨੋਰਥ ਨਹੀਂ। ਮੈਂ ਇਤਿਹਾਸ ਲੇਖਣ ਦੇ ਸੰਬੰਧ ਵਿੱਚ ਅਤੇ ਇਸਨੂੰ ਸੰਭਾਲਣ ਬਾਰੇ ਸਤਿਗੁਰੂ ਜੀ ਦੇ ਵਡੇਰੇ ਯੋਗਦਾਨ ਦੇ ਪ੍ਰਮੁੱਖ ਝੁਕਾਵਾਂ ਤਕ ਹੀ ਆਪਣੇ ਆਪ ਨੂੰ ਸੀਮਤ ਰੱਖ ਰਿਹਾ ਹੈ। ਅੱਜਕਲ੍ਹ ਸਤਿਗੁਰੂ ਜੀ ਦੀ ਰੋਜ਼ਾਨਾ ਡਾਇਰੀ ਸੇਵਕ ਰਸ਼ਪਾਲ ਸਿੰਘ ਲਿਖ ਰਹੇ ਹਨ।

ਨਾਮਧਾਰੀਆਂ ਨਾਲ ਸੰਬਧਿਤ ਇਤਿਹਾਸਕ ਥਾਵਾਂ, ਜੋ ਦੇਸ਼ਾਂ ਵਿਦੇਸ਼ਾਂ ਵਿੱਚ ਫੈਲੀਆਂ ਹੋਈਆਂ ਹਨ, ਜਿਹਨਾਂ ਵਿੱਚ ਪ੍ਰਮੁੱਖ ਰੰਗੂਨ ਜੇਲ੍ਹ ਦਾ ਬੰਗਲਾ, ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਹੇ, ਮਰਗੋਈ ਜੇਲ੍ਹ ਵਿਚ ਸਤਿਗੁਰੂ ਜੀ ਦੇ ਬੰਦੀ ਸਥਾਨ ਦੀ ਨਿਸ਼ਾਨ ਦੇਹੀ, ਮੌਲਮੀਨ ਵਿੱਚ ਸੂਬੇ [illegible] ਰਹੇ ਆਦਿ ਥਾਵਾਂ ਦੀ ਖੋਜ ਖਬਰ ਲਈ ਜਸਵਿੰਦਰ ਸਿੰਘ ਹਿਸਟੋਰੀਅਨ, ਸੂਬਾ ਸੁਰਿੰਦਰ ਕੌਰ ਖਰਲ, ਤਾਰਾ ਸਿੰਘ ਅਨਜਾਣ ਆਦਿ ਤੇ ਅਧਾਰਿਤ ਖੋਜੀ ਦਲ ਭੇਜੇ ਗਏ। ਹਜ਼ਾਰੀਬਾਗ (ਝਾਰਖੰਡ) ਜੇਲ੍ਹ ਵਿੱਚ ਸੂਬਾ ਸਾਹਿਬ ਸਿੰਘ ਹੋਰਾਂ ਦੀ ਪਹਿਲੀ ਪ੍ਰਲੋਕ ਗਮਨ ਸ਼ਤਾਬਦੀ ਸਮੇਂ ਸਮਾਗਮ ਹੋਏ। ਨਾਮਧਾਰੀ ਸ਼ਹੀਦਾਂ ਦੇ ਸਮਾਗਮ ਬੇਸ਼ੱਕ ਮਲੇਰਕੋਟਲੇ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਹੀ ਸ਼ੁਰੂ ਕਰਵਾ ਗਏ ਸਨ ਪਰ ਨਿਯਮਤ ਰੂਪ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਨੇ ਅੰਮ੍ਰਿਤਸਰ, ਰਾਇਕੋਟ, ਲੁਧਿਆਣਾ ਅਤੇ ਮਲੇਰਕੋਟਲੇ ਦੇ ਨਾਮਧਾਰੀ ਸ਼ਹੀਦਾਂ ਨਾਲ ਸੰਬੰਧਤ ਦਿਨਾਂ ਤੇ ਵੱਡੀ ਪੱਧਰ ਤੇ ਮੇਲੇ ਮਨਾਉਣੇ ਸ਼ੁਰੂ ਕਰਵਾਏ ਸਗੋਂ ਇਹਨਾਂ ਸ਼ਹੀਦੀ ਅਸਥਾਨਾਂ ਤੇ ਸਰਕਾਰੀ ਸਹਿਯੋਗ ਨਾਲ ਸਥਾਨ ਹਾਸਿਲ ਕਰਕੇ ਸ਼ਾਨਦਾਰ ਸਮਾਰਕ ਦੀ ਉਸਾਰੀ ਦਾ ਕਾਰਜ ਵੀ ਆਰੰਭਿਆ। ਸ਼ਹੀਦੀ ਮੇਲੇ ਹੁਣ ਬਹੁਤ ਸਾਰੇ ਸ਼ਹੀਦ ਸਿੰਘਾਂ ਦੇ ਪਿੰਡਾਂ ਵਿੱਚ ਵੀ ਮਨਾਏ ਜਾਂਦੇ ਹਨ। ਮਲੇਰਕੋਟਲੇ ਸਮਾਰਕ ਵਿਖੇ ਦੇਸ਼ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਅਤੇ ਹੋਰ ਰਾਜਨੇਤਾ ਹਾਜ਼ਰੀਆਂ ਭਰਦੇ ਹਨ। ਪਹਿਲਾਂ 1972 ਈ. ਵਿੱਚ ਸਤਿਗੁਰੂ ਜੀ ਦੀ ਪ੍ਰਦੇਸ ਗਮਨ ਸ਼ਤਾਬਦੀ ਅਤੇ ਫਿਰ 2007 ਈ. ਵਿੱਚ ਨਾਮਧਾਰੀ ਪੰਥ ਦੀ ਸਥਾਪਨਾ ਦੀ 150ਵੀਂ ਵਰ੍ਹੇਗੰਢ, ਭਾਰਤ, ਪੰਜਾਬ ਸਰਕਾਰ ਦੇ ਸਹਿਯੋਗ ਨਾਲ ਦੇਸ਼ਾਂ ਵਿਦੇਸ਼ਾਂ ਵਿੱਚ ਮਨਾਈਆਂ ਗਈਆਂ ਅਤੇ ਇਹ ਕੰਮ ਨਿਰੰਤਰ ਜਾਰੀ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਅਤੇ ਕਾਸ਼ੀ ਵਿਦਿਆ ਪੀਠ ਬਨਾਰਸ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਚੇਅਰਾਂ ਸਥਾਪਿਤ ਹੋ ਚੁੱਕੀਆਂ ਹਨ, ਜਿਹਨਾਂ ਵਿੱਚ ਉਚ ਪੱਧਰ ਦਾ ਖੋਜ ਕਾਰਜ ਹੋ ਰਿਹਾ ਹੈ। ਪੰਜਾਬ ਦੀਆਂ ਸਾਰੀਆਂ ਹੀ ਯੂਨੀਵਰਸਿਟੀਆਂ ਅਤੇ ਕੁਰਕਸ਼ੇਤਰ ਯੂਨੀਵਰਸਿਟੀ ਵਿਖੇ ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ ਤੇ ਅਨੇਕ ਗੋਸ਼ਟੀਆਂ ਆਯੋਜਿਤ ਹੋ ਰਹੀਆਂ ਹਨ, ਜਿਹਨਾਂ ਵਿੱਚ ਨਾਮਧਾਰੀ ਅਤੇ ਹੋਰ ਪ੍ਰਮੁੱਖ ਇਤਿਹਾਸਕਾਰ ਆਪਣੇ ਖੋਜ ਪੱਤਰ ਪੜ੍ਹਦੇ ਹਨ। ਪੰਜਾਬ

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸੇਵਕਾਂ ਦੁਆਰਾ ਪੁਰਾਤਨ ਨਾਮਧਾਰੀ ਸਿੱਖਾਂ ਦੇ ਆਡੀਓ/ਵੀਡਿਓ ਕੈਸਟ ਬਣਵਾਕੇ ਆਪਣੇ ਭਾਵੀ ਇਤਿਹਾਸ ਦੀ ਵੱਡੀ ਸਹਾਇਤਾ ਕੀਤੀ ਹੈ। ਪੁਰਾਤਨ ਨਾਮਧਾਰੀ ਇਤਿਹਾਸਕ ਪਰਵਾਰਾਂ ਦੇ ਵਾਰਿਸਾਂ ਦੀ ਖੋਜ ਖਬਰ ਲੈ ਕੇ ਉਹਨਾਂ ਨਾਲ ਜੀਵੰਤ ਸੰਬੰਧਾਂ ਦੀ ਸਥਾਪਨਾ ਕੀਤੀ ਹੈ। ਏਨੇ ਵਿਸ਼ਾਲ ਸਤਰ ਤੇ ਆਪਣੇ ਇਤਿਹਾਸ ਨੂੰ ਸੁਰੱਖਿਅਤ ਕਰਨ ਦੇ ਉਪਰਾਲੇ ਕੋਈ ਛੋਟਾ ਕਾਰਜ ਨਹੀਂ। ਸਤਿਗੁਰੂ ਜੀ ਦਾ ਇਤਿਹਾਸ ਪ੍ਰਤੀ ਇਹ ਯੋਗਦਾਨ ਉਹਨਾਂ ਮਹਾਨ ਵਿਅਕਤਿਤਵ ਦੀ ਅਨੋਖੀ ਛਟਾ ਬਖੇਰਦਾ ਹੈ।

Namdhari Elibrary NamdhariElibrary@gmail.com

ਸਰਕਾਰ ਦੇ ਹੁਕਮਾਂ ਤਹਿਤ, ਸਕੂਲਾਂ ਕਾਲਜਾਂ ਦੀਆਂ ਪੁਸਤਕਾਂ ਵਿੱਚ ਨਾਮਧਾਰੀਆਂ ਬਾਰੇ ਲੇਖ ਵੀ ਸ਼ਾਮਿਲ ਕੀਤੇ ਗਏ ਹਨ ਅਤੇ ਸਾਰਿਆਂ ਜਿਲ੍ਹਿਆਂ ਦੇ ਸਕੂਲਾਂ ਕਾਲਜਾਂ ਵਿੱਚ ਨਾਮਧਾਰੀ ਇਤਿਹਾਸ ਬਾਰੇ ਬੱਚਿਆਂ ਨੂੰ ਜਾਣੂੰ ਕਰਵਾਉਣ ਲਈ ਸੈਮੀਨਾਰ, ਵਿਸ਼ੇਸ਼ ਪ੍ਰੋਗਰਾਮ ਕੀਤੇ ਜਾ ਰਹੇ ਹਨ। ਕੂਕਾ ਅੰਦੋਲਨ ਅਤੇ ਗਦਰ ਪਾਰਟੀ ਲਹਿਰ ਨੂੰ ਸੁਤੰਤਰਤਾ ਸੰਗਰਾਮ ਵਿੱਚ ਸ਼ਾਮਿਲ ਕਰਵਾਉਣ ਲਈ ਨਾਮਧਾਰੀ ਦਰਬਾਰ ਤੋਂ ਇਲਾਵਾ ਹੋਰਨਾਂ ਲੋਕ ਪੱਖੀ ਅੰਦੋਲਨਾਂ ਅਤੇ ਦੇਸ਼ ਭਗਤਾਂ ਨੇ ਵੀ ਸਮੇਂ ਸਮੇਂ ਆਵਾਜ਼ ਉਠਾਈ ਅਤੇ ਸ. ਮਲਵਿੰਦਰਜੀਤ ਸਿੰਘ ਵੜੈਚ ਜਿਹੇ ਕਾਨੂੰਨਦਾਨਾਂ ਨੇ ਹਾਈਕੋਰਟ ਦਾ ਬੂਹਾ ਵੀ ਖੜਕਾਇਆ। ਨਤੀਜੇ ਦੇ ਤੌਰ ਤੇ ਸਾਡੀ ਲਹਿਰ ਨੂੰ ਕੌਮੀ ਸੁਤੰਰਤਤਾ ਸੰਗਰਾਮ ਦਾ ਭਾਗ ਮੰਨ ਲਿਆ ਗਿਆ। ਭਾਰਤ ਸਰਕਾਰ ਵਲੋਂ ਤਾਰਾ ਸਿੰਘ ਅਨਜਾਣ ਦੀ ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ ਬਾਰੇ ਛਪੀ ਪੁਸਤਕ ਹੋਰ ਭਾਸ਼ਾਵਾਂ ਵਿੱਚ ਵੀ ਛਪੇਗੀ। ਸਤਿਗੁਰੂ ਰਾਮ ਸਿੰਘ ਜੀ ਦਾ ਚਿਤਰ ਪਾਰਲੀਮੈਂਟ ਵਿਚ ਲੱਗ ਚੁੱਕਾ ਹੈ। ਹੁਣ ਉਹਨਾਂ ਦੇ ਕੂਕਾ ਅੰਦੋਲਨ ਦੇ 150 ਸਾਲਾਂ ਦੇ ਨਾਮ ਤੇ ਸਿੱਕਾ ਵੀ, ਖਜ਼ਾਨਾ ਮਤਹਾਲੇ ਵਲੋਂ ਜਾਰੀ ਹੋਵੇਗਾ। ਰਾਈਆਂ ਜਨਮ ਅਸਥਾਨ ਸ਼ਾਮਿਲ ਹੋ ਗਿਆ ਹੈ, ਸ੍ਰੀ ਭੈਣੀ ਸਾਹਿਬ-ਰਾਈਆਂ **ਡਿਵੈਲਪਮੈਂਟ ਬੋਰਡ ਅਤੇ ਕੂਕਾ ਸ਼ਹੀਦ ਮੈਮੋਰੀਅਲ ਟਰੱਸਟ ਦੀਆਂ ਵਿਆਪਕ ਯੋਜਨਾਵਾਂ ਹਨ।**

ਗੱਲ ਕੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਕਾਲ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਨਾਮ ਦਾ ਡੰਕਾ ਦੇਸ਼ਾਂ ਵਿਦੇਸ਼ਾਂ ਵਿੱਚ ਵੱਜ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ 1001 ਈ. ਤੋਂ 2000 ਈ. ਤੱਕ 1000 ਸਾਲ ਦੇ 1000 ਜ਼ਿਕਰਯੋਗ ਵਿਸ਼ੇਸ਼ ਵਿਅਕਤੀਆਂ ਵਿੱਚ ਸਿਆਣਿਆਂ ਨੇ ਸ਼ਾਮਲ ਕਰ ਲਏ ਹਨ। ਇਸ ਲਿਸਟ ਵਿਚ ਭਾਰਤ ਵਿਚੋਂ 13 ਅਤੇ ਪੰਜਾਬ ਵਿੱਚੋਂ ਕੇਵਲ ਸਤਿਗੁਰੂ ਜੀ ਦਾ ਨਾਮ ਸ਼ਾਮਲ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਸੇਵਕਾਂ ਦੁਆਰਾ ਪੁਰਾਤਨ ਨਾਮਧਾਰੀ ਸਿੰਘਾਂ ਦੇ ਆਡੀਓ/ਵੀਡਿਓ ਕੈਸਟ ਬਣਵਾਕੇ ਆਪਣੇ ਭਾਵੀ ਇਤਿਹਾਸ ਦੀ ਵੱਡੀ ਸਹਾਇਤਾ ਕੀਤੀ ਹੈ। ਪੁਰਾਤਨ ਨਾਮਧਾਰੀ ਇਤਿਹਾਸਕ ਪਰਵਾਰਾਂ ਦੇ ਵਾਰਿਸਾਂ ਦੀ ਖੋਜ ਖਬਰ ਲੈ ਕੇ ਉਹਨਾਂ ਨਾਲ ਜੀਵੰਤ ਸੰਬੰਧਾਂ ਦੀ ਸਥਾਪਨਾ ਕੀਤੀ ਹੈ। ਏਨੇ ਵਿਸ਼ਾਲ ਸਤਰ ਤੇ ਆਪਣੇ ਇਤਿਹਾਸ ਨੂੰ ਸੁਰੱਖਿਅਤ ਕਰਨ ਦੇ ਉਪਰਾਲੇ ਕੋਈ ਛੋਟਾ ਕਾਰਜ ਨਹੀਂ। ਸਤਿਗੁਰੂ ਜੀ ਦਾ ਇਤਿਹਾਸ ਪ੍ਰਤੀ ਇਹ ਯੋਗਦਾਨ ਉਹਨਾਂ ਮਹਾਨ ਵਿਅਕਤਿਤਵ ਦੀ ਅਨੋਖੀ ਛਟਾ ਬਖੇਰਦਾ ਹੈ। ਅੱਜ ਨਾਮਧਾਰੀ ਜਾਂ ਕੂਕਿਆਂ ਦੀ ਏਨੀ ਚਰਚਾ ਹੋ ਰਹੀ ਹੈ ਕਿ ਜਾਂ ਤਾਂ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਸਾਡੇ ਲੋਕ ਗੀਤਾਂ ਦਾ ਅੰਗ ਬਣ ਗਏ ਸਨ ਅਤੇ ਜਾਂ ਹੁਣ ਸਾਡੇ ਲੋਕ ਗੀਤ ਲੇਖਕ ਉਹਨਾਂ ਨੂੰ ਆਪਣੀ ਕਲਮ ਦੀ ਪਕੜ ਵਿੱਚ ਲੈਣ ਲੱਗ ਪਏ ਹਨ। 20 ਜਨਵਰੀ 2010 ਦੀ ਬਸੰਤ ਪੰਚਮੀ ਵਾਲੇ ਦਿਨ, ਪੰਜਾਬੀ ਟ੍ਰਿਬਿਊਨ ਚੰਡੀਗੜ੍ਹ ਦੇ ਧੰਨਵਾਦ ਨਾਲ, ਉਸ ਵਿੱਚ ਛਪਿਆ ਲੋਕ ਲਿਖਾਰੀ, ਸ਼ਫੀ ਮੁਹੰਮਦ ਮੂੰਗੋ ਦਾ ਗੀਤ, ਏਥੇ ਦੇਣ ਦੇ ਲੋਭ ਤੋਂ ਮੈਂ ਖੁਦ ਨੂੰ ਬਚਾ ਨਹੀਂ ਸਕਿਆ ਜੋ ਮੇਰੇ ਕਥਨ ਦੀ ਪ੍ਰਸ਼ਟੀ ਕਰਦਾ ਹੈ :

ਮਲੇਰਕੋਟਲੇ ਦਾ ਖੂਨੀ ਸਾਕਾ

ਸਾਕਾ ਹੋਇਆ ਕੋਟਲੇ ਕੋਲੇ, ਗੱਜ ਕੇ ਨਾਮਧਾਰੀ ਬੋਲੇ,
ਸਾਨੂੰ ਨਹੀਂ ਮਰਨ ਦਾ ਡਰ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

ਸਿਰ ਮੱਥੇ ਮੰਨਾਂਗੇ ਸਤਿਗੁਰੂ ਦਾ ਕਹਿਣਾ ਬਈ।
ਜਿੰਦ ਵਾਰ ਕੇ ਅਸੀਂ ਅਜ਼ਾਦੀ ਲੈ ਕੇ ਰਹਿਣਾ ਬਈ।
ਸਾਡੇ ਸਿਰ ਹਾਜ਼ਰ ਨੇ ਕੌਮ ਲਈ, ਭਾਵੇਂ ਲੱਖ ਫਤਵੇ ਘੜ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

ਸਿਰ ਦੇ ਕੇ ਲੈਣੀ ਆਜ਼ਾਦੀ, ਪਰ ਅਸੀਂ ਹੱਥ ਨਹੀਂ ਅੱਡਾਂਗੇ।
ਤੂੰ ਜ਼ੋਰ ਗੋਰਿਆ ਲਾ ਲੈ, ਤੈਨੂੰ ਭਾਰਤ ਚੋਂ ਕਢਾਂਗੇ।
ਹੀਰਾ ਸਿੰਘ ਬੋਲਿਆ ਕਾਵਨ ਨੂੰ, ਤੂੰ ਖਾਲੀ ਕਰ ਸਾਡਾ ਘਰ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

ਗੁੱਸੇ ਵਿਚ ਆਕੇ ਕਾਵਨ ਨੇ, ਡਰ ਡਰ ਕੇ ਆਪਣੇ ਪਾਲੇ ਤੋਂ।
ਝੱਟ ਤੋਪਾਂ ਨੇ ਮੰਗਵਾ ਲਈਆਂ, ਨਾਭੇ ਜੀਂਦ ਪਟਿਆਲੇ ਤੋਂ।
ਸਾਨੂੰ ਗੁੜ੍ਹਤੀ ਮਿਲੀ ਸ਼ਹੀਦਾਂ ਤੋਂ, ਅਸੀਂ ਜੀਵਾਂਗੇ ਮਰ ਮਰ ਕੇ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

ਨਾਮਧਾਰੀਏ ਛਿਆਹਠ ਹੱਸ ਕੇ, ਤੋਪਾਂ ਅਗੇ ਜਾਂਦੇ।
ਤੋਪਾਂ ਨਾਲ ਉਡਾ ਕੇ ਜ਼ਾਲਮ, ਰੱਜ ਕੇ ਖੁਸ਼ੀ ਮਨਾਂਦੇ।
ਜਿੰਨਾ ਚਿਰ ਆਜ਼ਾਦੀ ਨਹੀਂ ਮਿਲਦੀ, ਆਊ ਕੁਰਬਾਨੀ ਦਾ ਹੜ੍ਹ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

ਨਾਮਧਾਰੀਆਂ ਸਤਿਗੁਰੂ ਦੀ ਬੇਅਦਬੀ ਨਹੀਂ ਝੱਲੀ।
ਤੋਪਾਂ ਦੇ ਨਾਲ ਉੱਡਗੀ ਭਾਵੇਂ ਜਿੰਦ ਇਕੱਲੀ-ਕੱਲੀ।
ਫਿਰ ਮੂੰਗੋ ਵਾਲਾ ਕਹਿੰਦਾ ਏ, ਆਜ਼ਾਦੀ ਦੇ ਵਰਕੇ ਪੜ੍ਹ ਬਿੱਲਿਆ।
ਸਿੰਘ ਮਰਨੋਂ ਕਦੀ ਨਹੀਂ ਡਰਦੇ, ਤੂੰ ਜੋ ਮਰਜ਼ੀ ਕਰ ਬਿੱਲਿਆ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਨਾਮਧਾਰੀ ਸ਼ਹੀਦੀ ਅਸਥਾਨਾਂ ਦੀ ਸਾਂਭ ਸੰਭਾਲ ਅਤੇ ਯਾਦਗਾਰੀ ਮੇਲੇ

ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਈ. ਵਿਚ ਨਾਮਧਾਰੀ ਪੰਥ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਹੋਰ ਅਨੇਕ ਕਾਰਜਾਂ ਨੂੰ ਨਿਭਾਉਂਦੇ ਹੋਏ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਨ ਅਤੇ ਉਹਨਾਂ ਦੇ ਉੱਚੇ ਸਾਂਭ ਸੰਭਾਲ ਅਤੇ ਉਹਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਮੇਲੇ ਕਰਵਾਉਂਦੇ ਆ ਰਹੇ ਹਨ।

ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਧਰਮ ਖਾਤਰ ਤੇ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਜ਼ੁਲਮ ਨਾਲ ਟੱਕਰ ਲੈ ਕੇ ਆਪਾ ਹਲੂਲ ਕਰਕੇ ਇਤਿਹਾਸ ਵਿੱਚ ਪਿਰਤਾਂ ਪਾ ਜਾਂਦੇ ਹਨ। ਉਹਨਾਂ ਵਲੋਂ ਸਿਰਜੇ ਗਏ ਨਵੇਂ ਦਿਸਹੱਦੇ ਭਵਿੱਖ ਵਿੱਚ ਆਉਣ ਵਾਲੇ ਵਾਰਸਾਂ ਲਈ ਰਾਹ ਦਸੇਰਾ ਬਣ ਜਾਂਦੇ ਹਨ। ਕਿਸੇ ਕੌਮ ਜਾਂ ਸਮਾਜ ਵਿੱਚ ਜਿੰਨੀ ਜ਼ਿਆਦਾ ਗਿਣਤੀ ਸ਼ਹੀਦਾਂ ਦੀ ਹੋਵੇਗੀ, ਓਨਾਂ ਹੀ ਉਸ ਕੌਮ ਜਾਂ ਸਮਾਜ ਦਾ ਇਤਿਹਾਸ ਸ਼ਾਨਾਂਮੱਤਾ ਹੋਵੇਗਾ।

ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਤੇ ਮਿਹਰ ਸਦਕਾ ਲਗਭਗ ਡੇਢ ਸੌ ਸਾਲ ਪਹਿਲਾਂ ਲੋਕਾਈ ਨੂੰ ਜਿਉਣ ਦੀ ਜਾਚ ਆਈ ਸੀ ਅਤੇ ਉਹਨਾਂ ਨੇ ਸੰਤ ਖਾਲਸਾ ਦੀ ਸਾਜਨਾ ਕਰਕੇ ਅੰਗਰੇਜ਼ ਸਾਮਰਾਜ ਦੀ ਨੀਂਦ ਹਰਾਮ ਕਰ ਦਿੱਤੀ ਸੀ। ਸਰਕਾਰ ਦੇ ਪਿੱਠੂ, ਧਰਮ ਦੇ ਠੇਕੇਦਾਰ, ਗੁਰਦੁਆਰਿਆਂ ਦੇ ਪੁਜਾਰੀ ਅਤੇ ਦੇਸੀ ਰਿਆਸਤਾਂ ਦੇ ਹਾਕਮ ਜੋ ਅੰਗਰੇਜ਼ ਦੀ ਚਾਪਲੂਸੀ ਕਰਦੇ ਸਨ, ਸਤਿਗੁਰੂ ਰਾਮ ਸਿੰਘ ਜੀ ਅਤੇ ਸੰਤ ਖਾਲਸਾ ਦੇ ਅਕਾਰਨ ਹੀ ਦੁਸ਼ਮਣ ਬਣ ਗਏ। ਸੱਚ ਤੇ ਪਹਿਰਾ ਦੇਂਦੇ ਹੋਏ ਸਤਿਗੁਰੂ ਜੀ ਦੇ ਸਿੱਖਾਂ ਨੇ ਤਿੰਨ ਸਾਕੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ (ਚੌਥਾ ਸਾਕਾ ਨਾਮਧਾਰੀ ਸਿੱਖਾਂ ਵਲੋਂ ਨਨਕਾਣਾ ਸਾਹਿਬ ਦਾ 1921 ਈ. ਵਿੱਚ ਵਰਤਾਇਆ ਸੀ, ਜਿਸ ਵਿੱਚ 15 ਨਾਮਧਾਰੀ ਸਿੱਖ ਸ਼ਹੀਦ ਹੋਏ ਸਨ) ਵਰਤਾ ਕੇ ਲੋਕਾਈ ਨੂੰ ਸੱਚ ਦੇ ਧਾਰਨੀ ਹੋਣ ਦਾ ਪਾਠ ਪੜ੍ਹਾਇਆ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚੇ ਤੌਰ ਤੇ ਨਾਮਧਾਰੀ ਸ਼ਹੀਦਾਂ ਦੀਆਂ ਘਾਲੀਆਂ ਘਾਲਣਾਵਾਂ ਨੂੰ ਸੰਭਾਲਿਆ ਹੈ, ਉਹਨਾਂ ਬਾਰੇ ਉੱਚ ਪੱਧਰੀ ਖੋਜ ਕਰਵਾਈ ਹੈ, ਉਹਨਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਹਨ, ਜਿੱਥੇ ਹਰ ਸਾਲ ਮੇਲੇ ਲੱਗਦੇ ਹਨ। ਸ੍ਰੀ ਸਤਿਗੁਰੂ ਜੀ ਆਪ ਸਾਰੇ ਰੁਝੇਵੇਂ ਤਿਆਗ ਕੇ ਉਹਨਾਂ ਮੇਲਿਆਂ ਵਿੱਚ ਦਰਸ਼ਨ ਦਿੰਦੇ ਹਨ ਅਤੇ ਸੰਗਤ ਨੂੰ ਸੱਚ ਦੇ ਧਾਰਨੀ ਹੋਣ ਦੀ ਪ੍ਰੇਰਨਾ ਦਿੰਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰੇਰਨਾ ਸਦਕਾ ਸ੍ਰੀ ਸਤਿਗੁਰੂ ਜਗਜੀਤ ਸਿੰਘ (ਜਦੋਂ ਆਪ ਜੀ ਪੰਥ ਵਿੱਚ ਵੱਡੇ ਬਾਬਾ ਜੀ ਕਹਿ ਕੇ ਸਤਿਕਾਰੇ ਜਾਂਦੇ ਸਨ) ਸ਼ਹੀਦੀ ਸਥਾਨਾਂ ਅਤੇ ਮੇਲਿਆਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਸੀ। ਰਾਇਕੋਟ ਦੇ ਮੇਲੇ ਤੇ ਜਾਣ ਸੰਬੰਧੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਬੰਧ ਵਿੱਚ ਸੰਤ ਤਰਨ ਸਿੰਘ ਵਹਿਮੀ ਸੰਮਤ 2016 ਦੇ ਸਮੇਂ ਦੀ ਵਾਰਤਾ ਇਸ ਪ੍ਰਕਾਰ ਲਿਖਦੇ ਹਨ :

Namdhari Elibrary NamdhariElibrary@gmail.com

ਸਤਿਗੁਰੂ ਜੀ ਮੰਡੀਓਂ ਪੰਡਿਤ ਗੋਪਾਲ ਸਿੰਘ ਤੇ ਚੱਕਰਵਰਤੀ ਨੂੰ ਸ੍ਰੀ ਭੈਣੀ ਸਾਹਿਬ ਭੇਜਿਆ ਤੇ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਵੱਲ ਸੁਨੇਹਾ ਦਿੱਤਾ ਕਿ 21 ਸਾਉਣ ਰਾਏਕੋਟ ਵਾਲੇ ਸ਼ਹੀਦਾਂ ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਦੇ ਮੇਲੇ ਤੇ ਸ਼ਬਦੀ ਜਥੇਦਾਰ ਲੈ ਕੇ ਜਾਵੇ ਤੇ ਅੰਮ੍ਰਿਤਸਰ ਵਾਲੇ ਤੇ ਮਲੇਰਕੋਟਲੇ ਵਾਲੇ ਸ਼ਹੀਦਾਂ ਦੀ ਦਿਨਾਂ ਜੋਗ ਭੀ ਆਪ ਚੇਤਾ ਕਰਾਵੇ ਕਿ ਏਸੇ ਤਰ੍ਹਾਂ ਉਹਨਾਂ ਅਸਥਾਨਾਂ ਤੇ ਜਾ, ਉਨ੍ਹਾਂ ਦਿਨਾਂ ਤੇ ਸੰਗਤ ਸ਼ਹੀਦਾਂ ਦੀ ਯਾਦ ਮਨਾਵੇ ਤੇ ਸੰਸਾਰ ਨੂੰ ਸੁਣਾਵੇ, ਉਹ ਸਮੁਚੇ ਧਰਮੀ ਸ਼ਹੀਦ ਐਸੇ ਹੋਏ ਹਨ।

-ਜਸ ਜੀਵਨ ਭਾਗ ਛੇਵਾਂ, ਪੰਨਾ 359

ਅੱਗੇ ਸੰਤ ਤਰਨ ਸਿੰਘ ਵਹਿਮੀ ਫਿਰ ਲਿਖਦੇ ਹਨ-

21 ਸਾਉਣ (5 ਅਗਸਤ) ਬੁਧਵਾਰ, ਬਾਬਾ ਜਗਜੀਤ ਸਿੰਘ ਜੀ, ਪੰਡਤ ਜੀ ਤੇ ਚੱਕਰਵਰਤੀ ਜੀ, ਬਾਲਮ ਜੀ ਤੇ ਹੋਰ ਪ੍ਰਚਾਰਕ ਰਾਗੀਆਂ ਨੂੰ ਸਾਥ ਲੈ ਕੇ ਰਾਏਕੋਟ ਪੁਜੇ ਤੇ ਰਾਏਕੋਟ ਵਾਲੇ ਸ਼ਹੀਦਾਂ ਨਮਿਤ ਬਹੁਤ ਪ੍ਰਚਾਰ ਤੇ ਲੰਗਰ ਹੋਇਆ, ਕੜਾਹ ਪ੍ਰਸ਼ਾਦ ਹੋਇਆ, ਹਵਨ ਕਰ ਤਿੰਨ ਪਾਠਾਂ ਦੇ ਭੋਗ ਸ਼ਹੀਦਾਂ ਨਮਿਤ ਪਾਏ ਤੇ ਬਾਬਾ ਜੀ ਆਪ ਅੰਮ੍ਰਿਤਸਰ, ਮਲੇਰਕੋਟਲਾ ਵਾਲੇ ਸ਼ਹੀਦਾਂ ਦੇ ਮੇਲੇ ਏਸੇ ਤਰ੍ਹਾਂ ਸੰਗਤ ਨੂੰ ਹੁੰਮ ਹੁਮਾ ਕੇ ਉਤਸ਼ਾਹ ਨਾਲ ਆ ਕੇ ਮਨਾਉਣ ਦੀ ਪ੍ਰੇਰਨਾ ਦਿਤੀ ਤੇ ਕਿਹਾ, ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਵਲੋਂ ਸੰਗਤਾਂ ਨੂੰ ਤੇ ਮੈਨੂੰ ਬੜੀ ਪੱਕੀ ਹੈ, ਸ਼ਹੀਦਾਂ ਦੇ ਮੇਲੇ ਮਨਾਣ ਦੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 1959 ਈ. ਵਿਚ ਨਾਮਧਾਰੀ ਪੰਥ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਹੋਰ ਅਨੇਕ ਕਾਰਜਾਂ ਨੂੰ ਨਿਭਾਉਂਦੇ ਹੋਏ ਨਾਮਧਾਰੀ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕਰਨ ਅਤੇ ਉਹਨਾਂ ਦੇ ਉੱਚੇ ਸਾਂਭ ਸੰਭਾਲ ਅਤੇ ਉਹਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਮੇਲੇ ਕਰਵਾਉਂਦੇ ਆ ਰਹੇ ਹਨ। ਇਥੇ ਹੀ ਬਸ ਨਹੀਂ, ਸਮੇਂ ਸਮੇਂ ਪੰਜਾਬ ਦੀ ਸਰਕਾਰ ਤੋਂ ਵੀ ਮਿਲ ਰਹੇ ਸਹਿਯੋਗ ਨੂੰ ਪ੍ਰਾਪਤ ਕੀਤਾ ਅਤੇ ਉਚੇਚੇ ਤੌਰ ਤੇ ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲੇ ਦੇ ਸ਼ਹੀਦੀ ਅਸਥਾਨਾਂ ਲਈ ਜਗ੍ਹਾ ਪ੍ਰਾਪਤ ਕੀਤੀ। ਪ੍ਰੋ. ਤਾਰਾ ਸਿੰਘ ਅਨਜਾਣ ਪੁਸਤਕ "ਨਾਮਧਾਰੀ ਇਤਿਹਾਸ-ਸੰਖੇਪ" ਦੇ ਪੰਨਾ 79 ਤੇ ਲਿਖਦੇ ਹਨ-

ਦੇਸ਼ ਦੀ ਆਜ਼ਾਦੀ ਤੇ ਗਊ ਗਰੀਬ ਦੀ ਰਾਖੀ ਲਈ ਨਾਮਧਾਰੀ ਸਿੰਘ ਭਾਵੇਂ 1871-72 ਵਿੱਚ ਜਾਨਾਂ ਵਾਰ ਗਏ ਮਨ ਪਰ ਉਹਨਾਂ ਦੀਆਂ ਯਾਦਗਾਰਾਂ ਕਾਇਮ ਕਰਨ ਲਈ ਥਾਵਾਂ ਆਦਿ ਮਿਲਣ ਦਾ ਕੰਮ ਅਜ਼ਾਦੀ ਬਾਅਦ ਵੀ ਲਟਕਦਾ ਆ ਰਿਹਾ ਸੀ। ਇਹ ਵੱਖਰੀ ਗੱਲ ਹੈ ਕਿ ਨਾਮਧਾਰੀ ਉਹਨਾਂ ਦੀ ਯਾਦ ਸਦਾ ਤਾਜ਼ਾ ਰੱਖਦੇ ਰਹੇ ਹਨ।

ਸ੍ਰੀ ਸਤਿਗੁਰੂ ਜੀ ਦੇ ਬਚਨਾਂ ਅਨੁਸਾਰ ਜਿਸ ਸਰਕਾਰ ਨੂੰ ਇਸ ਦੀ ਵਾਹ ਵਾਹੀ ਮਿਲਣੀ ਹੁੰਦੀ ਹੈ, ਉਹ ਹਿੰਮਤ ਕਰਕੇ ਕੰਮ ਕਰ ਹੀ ਲੈਂਦੀ ਹੈ। ਇਹ ਯਾਦਗਾਰਾਂ ਕਾਇਮ ਕਰਨ ਦਾ ਸ੍ਰੀ ਗਣੇਸ਼ 1993 ਈ. ਨੂੰ ਹੋਇਆ। ਉਸ ਤੋਂ ਪਹਿਲਾਂ ਕੂਕਾ ਸ਼ਹੀਦ ਯਾਦਗਾਰੀ ਟਰੱਸਟ ਨੇ ਇਸ ਦੇ ਚੇਅਰਮੈਨ ਸ੍ਰ. ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਵਿੱਚ ਲਗਾਤਾਰ ਮੀਟਿੰਗਾਂ ਰਾਹੀਂ ਯਾਦਗਾਰਾਂ ਕਾਇਮ ਕਰਨ ਦੇ ਰਾਹ ਦੀਆਂ ਔਕੜਾਂ ਦੂਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ। ਮਲੇਰਕੋਟਲੇ ਦੀ ਯਾਦਗਾਰ ਦੀ 6 ਏਕੜ ਥਾਂ ਮੁੱਲ ਲਈ ਗਈ ਤੇ 6 ਪੁਆਇੰਟ 4 ਏਕੜ ਥਾਂ ਲੀਜ਼ ਤੇ ਮਿਲੀ। ਲੁਧਿਆਣੇ ਦੀ ਸ਼ਹੀਦੀ ਯਾਦਗਾਰ ਲਈ 3802 ਗਜ਼ ਤੇ ਅੰਮ੍ਰਿਤਸਰ ਦੀ ਯਾਦਗਾਰ ਲਈ 12 ਕਨਾਲ 14 ਮਰਲੇ ਥਾਂ ਪ੍ਰਾਪਤ ਕੀਤੀ ਗਈ। ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 24 ਜੂਨ 1993 ਨੂੰ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਣ ਦੀ ਕਿਰਪਾ ਕੀਤੀ। ਇਸ ਸਮਾਗਮ ਵਿੱਚ ਸਾਰੇ ਵਿਸ਼ਵ ਵਿੱਚੋਂ 50 ਹਜ਼ਾਰ ਤੋਂ ਵੱਧ ਨਾਮਧਾਰੀ ਪੁੱਜੇ।

ਅੰਮ੍ਰਿਤਸਰ ਦੇ ਸਾਕੇ ਦੇ ਸ਼ਹੀਦ-

ਗਊ ਗਰੀਬ ਦੀ ਰੱਖਿਆ ਲਈ ਅਤੇ ਅੰਗਰੇਜ਼

ਸ਼ਹੀਦੀ ਸਮਾਰਕ ਦੀ ਉਸਾਰੀ 5 ਦਸੰਬਰ 1993 ਨੂੰ ਸ਼ੁਰੂ ਕੀਤੀ ਗਈ ਜੋ ਅੱਜ ਇੱਕ ਯਾਦਗਾਰੀ ਸਥਾਨ ਬਣ ਗਿਆ ਹੈ। ਇਕ ਵਿਸ਼ਾਲ ਜ਼ਮੀਨ ਦੋਜ਼ ਮੈਡੀਟੇਸ਼ਨ ਹਾਲ ਦੀ ਉਸਾਰੀ ਕੀਤੀ ਗਈ ਹੈ। ਇੱਕ ਸ਼ਹੀਦਾਂ ਦਾ ਪ੍ਰਤੀਕ 66 ਫੁੱਟ ਦਾ ਖੰਡਾ 66 ਮੋਰੀਆਂ ਵਾਲੇ ਦੀ ਉਸਾਰੀ ਵੀ ਕੀਤੀ ਗਈ ਹੈ ਜੋ ਪੰਥ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਸਮਾਰਕ ਦੇ ਦਰਸ਼ਨ ਕਰਨ ਆਏ ਦਰਸ਼ਨਾਰਥੀਆਂ ਦੇ ਮਨ ਵਿੱਚ 66 ਸ਼ਹੀਦਾਂ ਪ੍ਰਤੀ ਸਤਿਕਾਰ ਅਤੇ ਸ਼ਰਧਾ ਪੈਦਾ ਕਰਦਾ ਹੈ।

Namdhari Elibrary NamdhariElibrary@gmail.com

ਹਕੂਮਤ ਵਲੋਂ ਇਤਿਹਾਸਕ ਗੁਰਦੁਆਰਿਆਂ ਦੀ ਕੀਤੀ ਜਾ ਰਹੀ ਬੇਹੁਰਮਤੀ ਦੇ ਵਿਰੁੱਧ ਸਿੱਖ ਜਗਤ ਵਿੱਚ ਕੋਈ ਵੀ ਉਭਾਸਰ ਨਹੀਂ ਸੀ ਰਿਹਾ। ਖਾਲਸਾ ਰਾਜ ਦੇ ਜਾਣ ਨਾਲ ਲੋਕਾਂ ਵਿੱਚ ਸਿੱਖੀ ਵਾਲੀ ਸਪਿਰਟ ਵੀ ਮਰ ਗਈ ਸੀ। ਅੰਗਰੇਜ਼ ਨੇ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਨੂੰ ਅਪਣਾ ਕੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਵਿੱਚ ਫੁੱਟ ਪਾਉਣ ਲਈ ਮੁਸਲਮਾਨਾਂ ਨੂੰ ਗਊ ਹੱਤਿਆ ਕਰਨ ਦੀ ਆਜ਼ਾਦੀ ਦੇ ਦਿੱਤੀ ਅਤੇ ਇਤਿਹਾਸਕ ਗੁਰਦੁਆਰਿਆਂ ਦੇ ਨੇੜੇ ਗਊ ਹੱਤਿਆ ਕਰਨ ਲਈ ਬੁੱਚੜਖਾਨੇ ਖੋਲ੍ਹ ਦਿੱਤੇ ਗਏ।

ਅੰਮ੍ਰਿਤਸਰ ਵਿਖੇ ਸ੍ਰੀ ਹਰਮਿੰਦਰ ਸਾਹਿਬ ਦੇ ਨੇੜੇ ਘੰਟਾ ਘਰ ਵਾਲੇ ਪਾਸੇ ਸਰਕਾਰ ਨੇ ਬੁੱਚੜਖਾਨਾ ਖੋਲ੍ਹ ਦਿੱਤਾ, ਜਿੱਥੋਂ ਕਾਂ, ਇੱਲਾਂ ਮਾਸ ਦੇ ਟੁਕੜੇ ਚੁੰਝ ਵਿੱਚ ਲੈ ਕੇ ਦਰਬਾਰ ਸਾਹਿਬ ਦੀ ਪਰਕਰਮਾਂ ਵਿੱਚ ਟੁਕੜੇ ਸੁੱਟ ਜਾਂਦੇ। ਉਸ ਕੁਕਰਮ ਦੇ ਖਿਲਾਫ ਕੋਈ ਵੀ ਸਿੱਖ ਆਵਾਜ਼ ਨਹੀਂ ਸੀ ਉਠਾ ਰਿਹਾ। ਅਖੀਰ 14 ਜੂਨ 1871 ਈ. ਦੀ ਰਾਤ ਨੂੰ ਨਾਮਧਾਰੀ ਸਿੱਖਾਂ ਦਾ ਜਥਾ, ਜਿਸ ਵਿੱਚ ਬੀਹਲਾ ਸਿੰਘ ਨਾਰਲੀ, ਲਹਿਣਾ ਸਿੰਘ ਪੰਨਵ, ਹਾਕਮ ਸਿੰਘ ਪਟਵਾਰੀ, ਫਤਿਹ ਸਿੰਘ ਦੁਕਾਨਦਾਰ, ਭਗਵਾਨ ਸਿੰਘ ਅਤਬੰਗੀ, ਝੰਡਾ ਸਿੰਘ, ਮਿਹਰ ਸਿੰਘ ਲੋਪੋਕੇ, ਲਹਿਣਾ ਸਿੰਘ ਪੁੱਤਰ ਸੰਤ ਬਲਾਕਾ ਸਿੰਘ ਅਤੇ ਲਛਮਣ ਸਿੰਘ ਪਿੰਡ ਚਾਹਲ ਜ਼ਿਲ੍ਹਾ ਗੁਰਦਾਸਪੁਰ ਅਤੇ ਗੁਲਾਬ ਸਿੰਘ ਹੁਹਤਚੱਕ ਸ਼ਾਮਲ ਸਨ। ਉਹਨਾਂ ਨੇ ਬੁੱਚੜਖਾਨੇ ਤੇ ਹਮਲਾ ਕਰ ਦਿਤਾ, ਗਊਆਂ ਦੇ ਰੱਸੇ ਖੋਲ੍ਹ ਕੇ ਆਜ਼ਾਦ ਕਰਾ ਦਿੱਤੀਆਂ ਅਤੇ ਬੁੱਚੜਾਂ ਨੂੰ ਸੋਧਾ ਲਗਾਇਆ।

ਸਰਕਾਰ ਕਾਫੀ ਸਮਾਂ ਭੰਬਲਭੂਸੇ ਵਿੱਚ ਪਈ ਰਹੀ, ਦੋਸ਼ੀ ਪਕੜੇ ਨਾ ਗਏ ਤਾਂ ਸਿੱਖ ਆਪ ਹੀ ਅਦਾਲਤ ਵਿੱਚ ਪੇਸ਼ ਹੋ ਗਏ। ਨਤੀਜੇ ਵਜੋਂ ਉਸ ਸਾਕੇ ਨਾਲ ਸੰਬੰਧਤ ਚਾਰ ਸਿੱਖਾਂ - ਲਹਿਣਾ ਸਿੰਘ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ ਅਤੇ ਫਤਹਿ ਸਿੰਘ ਨੂੰ ਅੰਮ੍ਰਿਤਸਰ ਰਾਮਬਾਗ ਵਿਖੇ ਇੱਕ ਵੱਡੇ ਬੋਹੜ ਦੇ ਟਾਹਣੇ ਨਾਲ ਸ਼ਰੇਆਮ ਫਾਂਸੀ ਦਿੱਤੀ ਤੇ ਸ਼ਹੀਦ ਕਰ ਦਿੱਤਾ। ਝੰਡਾ ਸਿੰਘ, ਮਿਹਰ ਸਿੰਘ ਲੋਪੋਕੇ, ਭਗਵਾਨ ਸਿੰਘ ਅਤਬੰਗੀ ਅਤੇ ਲਛਮਣ ਸਿੰਘ ਗੁਰਦਾਸਪੁਰ ਨੂੰ ਭਗੌੜੇ ਕਰਾਰ ਦਿੱਤਾ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਸ਼ ਦੁਆਰਾ ਪੰਥ ਨੇ ਰਾਮ ਬਾਗ ਦੇ ਉਸ ਇਤਿਹਾਸਕ ਅਤੇ ਸ਼ਹੀਦੀ ਅਸਥਾਨ ਨੂੰ ਸੰਭਾਲਿਆ ਹੋਇਆ ਹੈ। ਲਹਿਣਾ ਸਿੰਘ ਦਾ ਪਰਵਾਰ ਬੜੇ ਚਾਉ ਨਾਲ ਹਰ ਸਾਲ ਏਸ ਸ਼ਹੀਦੀ ਪੁਰਬ ਨੂੰ ਮਨਾਉਂਦਾ ਹੈ। ਲਹਿਣਾ ਸਿੰਘ ਪੰਨਵ ਦੀ ਇਕੋ ਇਕ ਧੀ ਸੀ। ਉਸਦੇ ਭਰਾ ਗੁਜਰ ਸਿੰਘ ਦੇ ਪਰਵਾਰ, ਜੋ ਅਜਕਲ ਦਿੱਲੀ ਰਹਿੰਦੇ ਹਨ। ਉਹਨਾਂ ਵਿਚੋਂ 1985-86 ਤੋਂ ਹਰ ਸਾਲ ਦਲੀਪ ਸਿੰਘ ਪੰਨਵ ਅਤੇ ਉਹਨਾਂ ਦਾ ਪਰਵਾਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਦੇ ਸ੍ਰੀ ਭੈਣੀ ਸਾਹਿਬ, ਕਦੇ ਦਿੱਲੀ ਅਤੇ ਕਦੇ ਅੰਮ੍ਰਿਤਸਰ ਸ਼ਹੀਦੀ ਮੇਲਾ ਮਨਾਉਂਦੇ ਆ ਰਹੇ ਹਨ। ਸ. ਦਲੀਪ ਸਿੰਘ ਪੰਨਵ ਦੇ ਚੜ੍ਹਾਈ ਕਰ ਜਾਣ ਤੋਂ ਬਾਅਦ ਉਹਨਾਂ ਦੇ ਪੁੱਤਰਾਂ ਨੇ ਉਹ ਜ਼ੁੰਮੇਵਾਰੀ ਸੰਭਾਲੀ ਹੈ ਅਤੇ ਹਰ ਸਾਲ ਵਿਦਵਾਨਾਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ।

ਸ਼ਹੀਦ ਹਾਕਮ ਸਿੰਘ ਪਟਵਾਰੀ ਪਿੰਡ ਮੌੜੇ ਕਲਾਂ ਬਲਾਕ ਚੋਗਾਵਾਂ ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ। ਉਹਨਾਂ ਦਾ ਘਰ ਜਿਥੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ਸੀ, ਵੀਰਾਨੀ ਹਾਲਤ ਵਿੱਚ ਪਿਆ ਹੈ। ਉਹਨਾਂ ਦੇ ਘਰ ਦਾ ਇੱਕ ਕਮਰਾ ਬਚਿਆ ਹੋਇਆ ਹੈ, ਜਿਸ ਦੀਆਂ ਕੰਧਾਂ ਅੰਦਰ ਪਿੰਡ ਦੇ ਲੋਕ ਦੀਵੇ ਜਗਾ ਜਾਂਦੇ ਹਨ।

ਸ਼ਹੀਦ ਬੀਹਲਾ ਸਿੰਘ ਨਾਰਲੀ ਦੇ ਪਰਵਾਰ ਵਿੱਚੋਂ ਗੋਪਾਲ ਸਿੰਘ ਦੇ ਪੁੱਤਰ ਸ. ਇੰਦਰ ਸਿੰਘ ਦਾ ਪੁੱਤਰ ਸੱਜਣ ਸਿੰਘ ਨਾਰਲੀ ਪਿੰਡ ਵਿੱਚ ਰਹਿ ਰਿਹਾ ਹੈ। 2006 ਵਿੱਚ ਸ੍ਰ. ਸੱਜਣ ਸਿੰਘ ਦੇ ਪਰਵਾਰ ਵਿੱਚ ਪੁੱਤਰ ਕੁਲਵੰਤ ਸਿੰਘ, ਸੁਖਵੰਤ ਸਿੰਘ ਤੇ ਗੁਰਸਾਹਿਬ ਸਿੰਘ ਨੇ ਸ਼ਹੀਦਾਂ ਦੀ ਯਾਦ ਵਿੱਚ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨਾਰਲੀ ਵਿਖੇ ਮੇਲਾ ਕਰਵਾਇਆ ਸੀ। 2007 ਤੋਂ ਅਮਰੀਕਾ ਵਸਦੇ ਸ. ਮੁਖਤਿਆਰ ਸਿੰਘ ਅਤੇ ਰੂਪ ਸਿੰਘ ਵਲੋਂ ਹਰ ਸਾਲ ਸ਼ਹੀਦੀ ਮੇਲਾ ਕਰਵਾਉਣਾ ਸ਼ੁਰੂ ਕੀਤਾ ਹੈ।

ਰਾਇਕੋਟ ਦੇ ਸਾਕੇ ਦੇ ਸ਼ਹੀਦ-

ਅੰਮ੍ਰਿਤਸਰ ਦੇ ਸਾਕੇ ਤੋਂ ਇੱਕ ਮਹੀਨਾ ਬਾਅਦ 15 ਜੁਲਾਈ 1871 ਈ. ਨੂੰ ਇਹ ਸਾਕਾ ਵਾਪਰਿਆ ਸੀ। ਇੱਥੇ ਵੀ ਹਾਲਾਤ ਅੰਮ੍ਰਿਤਸਰ ਵਾਲੇ ਸਨ। ਰਾਇਕੋਟ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ ਨੇੜੇ ਸਰਕਾਰ ਨੇ ਬੁੱਚੜਖਾਨਾ ਖੋਲ੍ਹਿਆ ਹੋਇਆ ਸੀ। 15 ਜੁਲਾਈ ਦੀ ਰਾਤ ਨੂੰ ਸਿੰਘਾਂ ਨੇ ਬੁੱਚੜਖਾਨੇ ਤੇ ਹਮਲਾ ਕਰਕੇ ਗਊਆਂ ਦੇ ਰੱਸੇ ਵੱਢਕੇ ਗਊਆਂ ਅਜ਼ਾਦ ਕਰ ਦਿੱਤੀਆਂ ਅਤੇ ਬੁੱਚੜਾਂ ਨੂੰ ਸੋਧਾ ਲਗਾਇਆ ਗਿਆ।

Namdhari Elibrary NamdhariElibrary@gmail.com

ਪਿੰਡ ਪਿੱਥੋਂ ਦੇ ਵਸਨੀਕ ਸੰਤ ਮੰਗਲ ਸਿੰਘ ਭੁੱਲਰ ਪੁੱਤਰ ਸ. ਰਤਨ ਸਿੰਘ, ਮਸਤਾਨ ਸਿੰਘ ਭੁੱਲਰ ਪੁੱਤਰ ਸ. ਕਿਸ਼ਨ ਸਿੰਘ ਅਤੇ ਗੁਰਮੁਖ ਸਿੰਘ ਮੁਹਾਰਾਂ ਪੁੱਤਰ ਮੋਹਨ ਸਿੰਘ ਨੂੰ ਪਕੜ ਕੇ ਬੱਸੀ ਵਿਖੇ ਮੁਕੱਦਮਾ ਚਲਾਇਆ ਗਿਆ ਅਤੇ ਸਰਕਾਰੀ ਕਾਰਵਾਈ ਕਰਕੇ 5 ਅਗਸਤ 1871 ਈ. ਨੂੰ ਉਹਨਾਂ ਨੂੰ ਬੱਸੀਆਂ ਦੀ ਕੋਠੀ ਦੇ ਨੇੜੇ ਫਾਂਸੀ ਦਿੱਤੀ ਗਈ।

ਉਪਰੋਕਤ ਸਾਕੇ ਦੇ ਸੰਬੰਧ ਵਿਚ ਸੂਬਾ ਰਤਨ ਸਿੰਘ ਤੇ ਸੰਤ ਰਤਨ ਸਿੰਘ ਨਾਈਵਾਲਾ ਨੂੰ ਵੀ ਪਕੜ ਲਿਆ ਗਿਆ ਅਤੇ ਉਹਨਾਂ ਨੂੰ 26 ਨਵੰਬਰ 1871 ਈ. ਨੂੰ ਸੈਂਟਰਲ ਜੇਲ੍ਹ ਲੁਧਿਆਣਾ ਦੇ ਬਾਹਰ ਫਾਂਸੀ ਤੇ ਲਟਕਾ ਕੇ ਦੋਵਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਸੂਬਾ ਗਿਆਨੀ ਰਤਨ ਸਿੰਘ ਪੁੱਤਰ ਸ੍ਰੀ ਰਾਮ ਕਿਸ਼ਨ ਪਿੰਡ ਮੰਡੀ ਕਲਾਂ ਹੁਣ ਬਲਾਕ ਰਾਮਪੁਰਾ ਤਹਿਸੀਲ ਫੂਲ ਜ਼ਿਲ੍ਹਾ ਬਠਿੰਡਾ (ਉਦੋਂ ਰਿਆਸਤ ਪਟਿਆਲਾ) ਦੇ ਸਨ। ਸੰਤ ਰਤਨ ਸਿੰਘ ਬਾਸੀ ਪੁੱਤਰ ਬੁੱਧ ਸਿੰਘ ਪਿੰਡ ਨਾਈਵਾਲਾ ਤਹਿਸੀਲ ਤੇ ਜ਼ਿਲ੍ਹਾ ਬਰਨਾਲਾ ਦੇ ਸਨ। ਰਾਇਕੋਟ ਦੇ ਸ਼ਹੀਦਾਂ ਦੇ ਸਸਕਾਰ ਵਾਲੀ ਜਗ੍ਹਾ ਪਿੰਡ ਪਿੱਥੋਂ ਵਿੱਚ ਇੱਕ ਸ਼ਹੀਦੀ ਸਮਾਰਕ ਬਣਾਇਆ ਹੋਇਆ ਹੈ, ਉੱਥੇ ਲੋਕ ਮੱਥਾ ਟੇਕਦੇ ਹਨ ਅਤੇ ਸ਼ਹੀਦਾਂ ਦੇ ਪਰਵਾਰ ਇਲਾਕਾ ਨਿਵਾਸੀਆਂ ਨਾਲ ਮਿਲਕੇ ਹਰ ਸਾਲ ਸ਼ਹੀਦੀ ਯਾਦਗਾਰੀ ਸਮਾਗਮ ਕਰਦੇ ਹਨ। 5 ਅਗਸਤ 2007 ਈ. ਨੂੰ ਸ੍ਰੀ ਭੈਣੀ ਸਾਹਿਬ ਰਾਇਕੋਟ ਦੇ ਸ਼ਹੀਦਾਂ ਦਾ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਪਿੱਥੋਂ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਕਮਿਊਨਿਟੀ ਹਾਲ ਉਸਾਰਨ ਲਈ ਦਸ ਲੱਖ ਗਰਾਂਟ ਦੇਣ ਦਾ ਵਾਅਦਾ ਕੀਤਾ ਸੀ।

ਸੂਬਾ ਗਿਆਨੀ ਰਤਨ ਸਿੰਘ ਦੇ ਪਿੰਡ ਮੰਡੀ ਕਲਾਂ ਵਿਖੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਯਾਦਗਾਰੀ ਹਾਲ ਦੀ ਉਸਾਰੀ ਕੀਤੀ ਗਈ ਹੈ, ਜਿਸਦਾ ਉਦਘਾਟਨ 17 ਫਰਵਰੀ 1997 ਈ. ਨੂੰ ਸ੍ਰੀ ਸਤਿਗੁਰੂ ਜੀ ਨੇ ਕੀਤਾ। ਇਥੇ ਹੀ ਬਸ ਨਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਰਾਇਕੋਟ ਦੇ ਸ਼ਹੀਦਾਂ ਨਾਲ ਸੰਬੰਧਤ ਬੱਸੀਆਂ ਦੀ ਕੋਠੀ ਦੀ ਭਾਲ ਤਾਰਾ ਸਿੰਘ ਅਨਜਾਣ ਅਤੇ ਸ. ਜਸਵਿੰਦਰ ਸਿੰਘ ਹਿਸਟੋਰੀਅਨ ਨੇ 4 ਅਗਸਤ 2007 ਨੂੰ ਕਰ ਲਈ ਹੈ, ਜਿਸ ਬਾਰੇ ਖਬਰ ਸਤਿਜੁਗ ਅਖਬਾਰ ਦੇ 9 ਤੋਂ 15 ਅਗਸਤ 2007 ਦੇ ਅੰਕ ਵਿੱਚ ਪ੍ਰਕਾਸ਼ਿਤ ਹੋ ਚੁੱਕੀ ਹੈ।

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪਿੰਡ ਪਿੱਥੋਂ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਕਮਿਊਨਿਟੀ ਹਾਲ ਉਸਾਰਨ ਲਈ ਦਸ ਲੱਖ ਗਰਾਂਟ ਦੇਣ ਦਾ ਵਾਅਦਾ ਕੀਤਾ ਸੀ।

ਸੂਬਾ ਗਿਆਨੀ ਰਤਨ ਸਿੰਘ ਦੇ ਪਿੰਡ ਮੰਡੀ ਕਲਾਂ ਵਿਖੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਯਾਦਗਾਰੀ ਹਾਲ ਦੀ ਉਸਾਰੀ ਕੀਤੀ ਗਈ ਹੈ, ਜਿਸਦਾ ਉਦਘਾਟਨ 17 ਫਰਵਰੀ 1997 ਈ. ਨੂੰ ਸ੍ਰੀ ਸਤਿਗੁਰੂ ਜੀ ਨੇ ਕੀਤਾ।

ਰਾਏਕੋਟ ਦੇ ਸ਼ਹੀਦਾਂ ਦਾ ਮੇਲਾ ਪਹਿਲੇ ਲੁਧਿਆਣਾ ਦੀ ਸੰਗਤ ਵਲੋਂ ਕਰਵਾਇਆ ਜਾਂਦਾ ਸੀ, ਹੁਣ ਕੁਝ ਸਾਲਾਂ ਤੋਂ ਲੁਧਿਆਣੇ ਦੇ ਸੰਤ ਸਰਦਾਰਾ ਸਿੰਘ ਅਤੇ ਉਹਨਾਂ ਦੇ ਪੁੱਤਰ ਸੂਬਾ ਹਰਭਜਨ ਸਿੰਘ, ਸੰਤ ਬਖਸ਼ੀਸ਼ ਸਿੰਘ ਤੇ ਸੰਤ ਜਗਮੋਹਨ ਸਿੰਘ ਕਰਦੇ ਹਨ। ਲੁਧਿਆਣੇ ਦੇ ਸ਼ਹੀਦਾਂ ਦੇ ਮੇਲੇ ਦੀ ਸੇਵਾ ਸ. ਅੰਮ੍ਰਿਤਪਾਲ ਸਿੰਘ ਲਾਟੀ ਪੁੱਤਰ ਸੰਤ ਲਛਮਣ ਸਿੰਘ ਫਗਵਾੜਾ ਕਰਦੇ ਹਨ। ਲੁਧਿਆਣੇ ਸ਼ਹੀਦਾਂ ਦੀ ਯਾਦ ਵਿਚ ਬਹੁਤ ਸੁੰਦਰ ਯਾਦਗਾਰੀ ਭਵਨ ਦੀ ਉਸਾਰੀ ਕੀਤੀ ਗਈ ਹੈ।

ਮਲੇਰਕੋਟਲੇ ਦੇ ਸਾਕੇ ਦੇ ਸ਼ਹੀਦ–

ਮਲੇਰਕੋਟਲੇ ਦਾ ਸਾਕਾ 17-18 ਜਨਵਰੀ 1872 ਈ. ਨੂੰ ਵਾਪਰਿਆ ਸੀ, ਸਿੱਖ ਇਤਿਹਾਸ ਵਿੱਚ ਇਹ ਇਕ ਮਿਸਾਲ ਹੈ ਕਿ ਅੰਗਰੇਜ਼ ਸਰਕਾਰ ਨੇ ਬਿਨਾਂ ਕਿਸੇ ਮੁਕੱਦਮੇ ਤੋਂ 66 ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਸਨ। ਉਹਨਾਂ ਦਾ ਦੋਸ਼ ਸਿਰਫ ਇਹ ਸੀ ਕਿ ਉਹ ਅੰਗਰੇਜ਼ ਦਾ ਰਾਜ ਹਿੰਦੁਸਤਾਨ ਵਿੱਚ ਨਹੀਂ ਸਨ ਚਾਹੁੰਦੇ ਕਿਉਂਕਿ ਅੰਗਰੇਜ਼ਾਂ ਨੇ ਉਹ ਰਾਜ ਮਕਾਰੀ ਅਤੇ ਚਲਾਕੀਆਂ ਨਾਲ ਹਿੰਦੁਸਤਾਨ ਤੋਂ ਖੋਹ ਲਿਆ ਸੀ। ਉਸ ਸਾਕੇ ਕਾਰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਰਕਾਰ ਨੇ ਜਲਾਵਤਨ ਕਰ ਦਿਤਾ ਅਤੇ ਉਹਨਾਂ ਦੇ ਪ੍ਰਦੇਸ ਗਵਨ ਤੋਂ ਬਾਅਦ ਲਗਭਗ ਪੰਜਾਹ ਸਾਲ ਨਾਮਧਾਰੀ ਪੰਥ ਤੇ ਸਰਕਾਰੀ ਕਹਿਰ ਨਾਜ਼ਲ ਹੁੰਦਾ ਰਿਹਾ।

ਇਸ ਸਾਕੇ ਦੇ ਸ਼ਹੀਦਾਂ ਨਮਿਤ ਯਾਦਗਾਰੀ ਮੇਲਾ

Namdhari Elibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਹੋਣਾ ਸ਼ੁਰੂ ਹੋ ਗਿਆ ਸੀ। ਪਹਿਲਾ ਮੇਲਾ 17-18 ਜਨਵਰੀ 1955 ਈ. (4-5 ਮਾਘ 2022) ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ ਸੀ, ਜੋ ਹੁਣ ਤੱਕ ਨਿਰੰਤਰ ਮੇਲੇ ਮਨਾਏ ਜਾਂਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਭ ਤੋਂ ਵੱਡਾ ਮੇਲਾ ਮਲੇਰਕੋਟਲੇ 24 ਜੂਨ 1993 ਨੂੰ ਹੋਇਆ ਸੀ। ਉਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ ਅਤੇ ਹੋਰ ਮੰਤਰੀ ਪਧਾਰੇ ਸਨ। ਉਸ ਮੇਲੇ ਵਿਚ ਮਲੇਰਕੋਟਲੇ ਦੇ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਸ਼ਹੀਦੀ ਸਮਾਰਕ ਦੀ ਉਸਾਰੀ 5 ਦਸੰਬਰ 1993 ਨੂੰ ਸ਼ੁਰੂ ਕੀਤੀ ਗਈ ਜੋ ਅੱਜ ਇੱਕ ਯਾਦਗਾਰੀ ਸਥਾਨ ਬਣ ਗਿਆ ਹੈ। ਇਕ ਵਿਸ਼ਾਲ ਜ਼ਮੀਨ ਦੋਜ਼ ਮੈਡੀਟੇਸ਼ਨ ਹਾਲ ਦੀ ਉਸਾਰੀ ਕੀਤੀ ਗਈ ਹੈ। ਇੱਕ ਸ਼ਹੀਦਾਂ ਦਾ ਪ੍ਰਤੀਕ 66 ਫੁੱਟ ਦਾ ਖੰਡਾ 66 ਮੋਰੀਆਂ ਵਾਲੇ ਦੀ ਉਸਾਰੀ ਵੀ ਕੀਤੀ ਗਈ ਹੈ ਜੋ ਪੰਥ ਵਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ ਅਤੇ ਸਮਾਰਕ ਦੇ ਦਰਸ਼ਨ ਕਰਨ ਆਏ ਦਰਸ਼ਨਾਰਥੀਆਂ ਦੇ ਮਨ ਵਿੱਚ 66 ਸ਼ਹੀਦਾਂ ਪ੍ਰਤੀ ਸਤਿਕਾਰ ਅਤੇ ਸ਼ਰਧਾ ਪੈਦਾ ਕਰਦਾ ਹੈ। ਉਸ ਨੂੰ ਦੇਖ ਕੇ ਹਰ ਕਿਸੇ ਦਾ ਮਨ ਤੇ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ਉਸ ਮੇਲੇ ਤੇ ਹੀ ਸੂਬਾ ਸੁਰਿੰਦਰ ਕੌਰ ਖਰਲ ਨੇ ਸ਼ਹੀਦਾਂ ਦੇ ਪਿੰਡ ਅਤੇ ਨਾਵਾਂ ਬਾਰੇ ਭਾਲ ਕਰਨ ਲਈ ਸ੍ਰੀ ਸਤਿਗੁਰੂ ਜੀ ਦੇ ਅੱਗੇ ਅਰਜ਼ ਕੀਤੀ ਸੀ, ਜੋ ਪ੍ਰਵਾਨ ਹੋਈ।

ਮਲੇਰਕੋਟਲੇ ਯਾਦਗਾਰੀ ਸ਼ਹੀਦੀ ਸਮਾਰਕ ਤੋਂ ਬਿਨਾਂ ਪੰਜਾਬ ਦੇ ਵੱਖ ਵੱਖ ਪਿੰਡਾਂ ਤੇ ਇਲਾਕਿਆਂ ਵਿੱਚ ਸ਼ਹੀਦਾਂ ਦੇ ਸਥਾਨ ਕਾਇਮ ਕੀਤੇ ਗਏ ਹਨ ਅਤੇ ਯਾਦਗਾਰੀ ਮੇਲੇ ਕੀਤੇ ਜਾਂਦੇ ਹਨ। ਉਦਾਹਰਨ ਵਜੋਂ ਪਿੰਡ ਰੜ੍ਹ (ਰੂੜਗੜ੍ਹ) ਜਿਥੋਂ ਦੇ ਸ਼ਹੀਦ ਬਿਸ਼ਨ ਸਿੰਘ ਹੋਏ ਹਨ, ਉਸ ਪਰਵਾਰ ਵਿੱਚੋਂ ਸੰਤ ਲਾਲ ਸਿੰਘ, ਬਲਵਿੰਦਰ ਸਿੰਘ ਅਤੇ ਸੁਰਜੀਤ ਸਿੰਘ ਚਾਨਾ, ਇਹਨਾਂ ਤਿੰਨੋਂ ਭਰਾਵਾਂ ਵਲੋਂ ਹਰ ਸਾਲ ਸ਼ਹੀਦਾਂ ਦੀ ਯਾਦ ਵਿੱਚ ਰੜ੍ਹ ਵਿਖੇ ਮੇਲਾ ਕੀਤਾ ਜਾਂਦਾ ਹੈ। ਸ਼ਹੀਦ ਬਿਸ਼ਨ ਸਿੰਘ ਦੇ ਨਾਮ, ਸਤਿਗੁਰੂ ਜਗਜੀਤ ਸਿੰਘ ਜੀ ਨੇ ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਸੀਨੀਅਰ ਸੈਕੰਡਰੀ ਸਕੂਲ ਤਾਮੀਰ ਕਰਵਾਇਆ ਹੈ, ਜੋ ਸ਼ਹੀਦ ਦੀ ਯਾਦ ਨੂੰ ਤਾਜ਼ਾ ਕਰ ਰਿਹਾ ਹੈ।

ਉਪਰੋਕਤ ਯਾਦਗਾਰੀ ਸ਼ਹੀਦੀ ਸਮਾਗਮ ਤੋਂ ਬਿਨਾਂ ਸਕਰੌਦੀ (ਤਹਿਸੀਲ ਭਵਾਨੀਗੜ੍ਹ, ਜ਼ਿਲਾ ਸੰਗਰੂਰ) ਵਿੱਚ ਵੀ ਯਾਦਗਾਰੀ ਸ਼ਹੀਦੀ ਸਮਾਗਮ ਕੀਤੇ ਜਾਂਦੇ ਹਨ। ਮਲੇਰਕੋਟਲੇ ਦੇ ਸ਼ਹੀਦ ਹੀਰਾ ਸਿੰਘ ਗਰੇਵਾਲ ਅਤੇ ਸ਼ਹੀਦ ਲਹਿਣਾ ਸਿੰਘ ਗਰੇਵਾਲ ਸਕਰੌਦੀ ਦੇ ਨਿਵਾਸੀ ਸਨ। ਸਕਰੌਦੀ ਦੇ ਦੋ ਹੋਰ ਸ਼ਹੀਦ, ਸ਼ਹੀਦ ਮਿਤ ਸਿੰਘ (ਮਜ਼ਹਬੀ) ਤੇ ਸ਼ਹੀਦ ਅਨੂਪ ਸਿੰਘ ਵੀ ਮਲੇਰਕੋਟਲੇ ਸ਼ਹੀਦ ਹੋਏ ਸਨ। ਇਸ ਤੋਂ ਬਿਨਾਂ ਸਕਰੌਦੀ ਦੇ ਨੇੜੇ ਪਿੰਡ ਦਿਆਲਗੜ੍ਹ ਦੇ ਤਿੰਨ ਸ਼ਹੀਦ ਨਿੱਕਾ ਸਿੰਘ ਯਾਦਵ, ਰੂਪ ਸਿੰਘ ਢੀਂਡਸਾ ਅਤੇ ਵਰਿਆਮ ਸਿੰਘ ਵੀ ਮਲੇਰਕੋਟਲੇ ਵਿੱਚ ਸ਼ਹੀਦ ਹੋਏ ਸਨ। ਉਹਨਾਂ ਦੀ ਯਾਦ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ 13 ਫਰਵਰੀ 1997 ਨੂੰ ਸਕਰੌਦੀ ਵਿੱਚ ਉੱਚ ਪੱਧਰੀ ਮੇਲਾ ਕੀਤਾ ਗਿਆ ਸੀ ਅਤੇ ਸੰਗਤ ਜਾਣਕਾਰੀ ਹਿੱਤ ਅਜੀਤ ਸਿੰਘ ਲਾਇਲ ਲਿਖਤ ਛੋਟੀ ਪੁਸਤਕ ਰਲੀਜ਼ ਕੀਤੀ ਗਈ ਸੀ।

ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਰਾਮਪੁਰਾ ਫੂਲ ਦੇ ਯਤਨ-

ਸ਼ਹੀਦ ਵਰਿਆਮ ਸਿੰਘ ਮਲੇਰਕੋਟਲੇ ਦੇ ਸਾਕੇ ਵਿਚ ਸ਼ਹੀਦ ਹੋਏ ਸਨ। ਕਿਹਾ ਜਾਂਦਾ ਹੈ ਕਿ ਉਹ ਮਹਾਰਾਜਾ ਪਟਿਆਲਾ ਦੇ ਰਿਸ਼ਤੇਦਾਰ ਸਨ। ਮਹਾਰਾਜੇ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਮਿ. ਕਾਵਨ ਤੱਕ ਪਹੁੰਚ ਕਰਕੇ ਵਰਿਆਮ ਸਿੰਘ ਨੂੰ ਬਚਾਉਣ ਹਿਤ ਤੋਪਚੀ ਰਾਹੀਂ ਬਹਾਨਾ ਬਣਾਇਆ ਗਿਆ ਕਿ ਵਰਿਆਮ ਸਿੰਘ ਦਾ ਕੱਦ ਮਧਰਾ ਹੈ, ਤੋਪ ਦੇ ਬਰਾਬਰ ਨਹੀਂ ਆਉਂਦਾ। ਇਸ ਲਈ ਇਸ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖਾਂ ਤੇ ਹੋਰ ਵੀ ਅਨੇਕ ਪ੍ਰਕਾਰ ਦੇ ਉਪਕਾਰ ਕੀਤੇ ਹਨ ਜੋ ਗਿਣਤੀਆਂ ਮਿਣਤੀਆਂ ਤੋਂ ਬਾਹਰ ਹਨ। ਨਾਮਧਾਰੀ ਸਾਹਿਤ ਦੇ ਇਤਿਹਾਸ ਬਾਰੇ ਉਚ ਪੱਧਰੀ ਗੋਸ਼ਟੀਆਂ ਤੇ ਸਾਹਿਤ ਰਚਨਾ ਕੀਤੀ ਜਾ ਰਹੀ ਹੈ। ਅਣਗੌਲੇ ਸ਼ਹੀਦਾਂ ਬਾਰੇ ਵੇਰਵੇ ਇਕੱਠੇ ਕੀਤਾ ਜਾ ਰਹੇ ਹਨ ਅਤੇ ਅਤੀਤ ਦੇ ਪਰਛਾਵੇਂ ਹੇਠ ਲੁਕਿਆ ਇਤਿਹਾਸ ਉਜਾਗਰ ਕੀਤਾ ਜਾ ਰਿਹਾ ਹੈ।

Namdhari Elibrary NamdhariElibrary@gmail.com

ਨੂੰ ਛੱਡਿਆ ਜਾਂਦਾ ਹੈ। ਇਹ ਬਹਾਨਾ ਸੁਣ ਕੇ ਸ਼ਹੀਦ ਵਰਿਆਮ ਸਿੰਘ ਸ਼ੇਰ ਵਾਂਗ ਗਰਜੇ ਅਤੇ ਲਾਗਲੇ ਖੇਤ ਵਿੱਚੋਂ ਢੀਮਾਂ ਚੁੱਕ ਲਿਆਏ ਅਤੇ ਢੀਮਾਂ ਦਾ ਢੇਰ ਬਣਾ ਕੇ, ਉਸ ਉਪਰ ਖੜ੍ਹੇ ਹੋ ਕੇ ਕਹਿਣ ਲੱਗੇ, "ਬਿੱਲਿਆ ਹੁਣ ਦੇਖ ਮੇਰਾ ਕੱਦ ਤੋਪ ਦੇ ਮੂੰਹ ਬਰਾਬਰ ਹੋ ਗਿਆ। ਹੁਣ ਤੋਪ ਚਲਾ ਤੇ ਮੈਨੂੰ ਮੇਰੇ ਸਾਥੀਆਂ ਨਾਲ ਰਲਾ ਦੇ।" ਤੋਪ ਚੱਲੀ ਸ਼ਹੀਦ ਵਰਿਆਮ ਸਿੰਘ ਦਾ ਸਰੀਰ ਫੀਤਾ ਫੀਤਾ ਹੋ ਗਿਆ। ਉਹਨਾਂ ਦੇ ਨਾਮ ਤੇ ਯਾਦਗਾਰੀ ਕਮੇਟੀ, ਰਾਮਪੁਰਾ ਫੂਲ ਬਠਿੰਡਾ ਵਿੱਚ ਬਣੀ ਹੋਈ ਹੈ। ਜੋ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ 25 ਸਾਲ ਤੋਂ ਸ਼ਹੀਦੀ ਸਮਾਗਮ ਕਰਵਾਉਂਦੀ ਆ ਰਹੀ ਹੈ। ਉਸ ਇਲਾਕੇ ਵਿੱਚੋਂ 15 ਸ਼ਹੀਦ ਪੈਦਾ ਹੋਏ ਹਨ, ਜਿਹਨਾਂ ਨੇ ਰਾਏਕੋਟ ਦੇ ਸਾਕੇ ਅਤੇ ਮਲੇਰਕੋਟਲੇ ਦੇ ਸਾਕੇ ਵਿੱਚ ਸ਼ਹੀਦੀ ਜਾਮ ਪੀਤੇ ਸਨ। 25ਵੇਂ ਸਲਾਨਾ ਸਮਾਗਮ ਤੇ ਕਮੇਟੀ ਨੇ ਇਕ ਸੋਵੀਨਰ ਪ੍ਰਕਾਸ਼ਿਤ ਕੀਤਾ ਸੀ, ਉਸਦੇ ਸਫ਼ਾ 32 ਤੇ 15 ਸ਼ਹੀਦਾਂ ਦਾ ਵੇਰਵਾ ਇਸ ਪ੍ਰਕਾਰ ਦਿਤਾ ਹੈ :

ਨੰ	ਨਾਮ	ਪਿੰਡ	ਰਾਮਪੁਰਾ ਫੂਲ ਤੋਂ ਦੂਰੀ	ਬਲਾਕ
1.	ਸ਼ਹੀਦ ਗਿਆਨੀ ਰਤਨ ਸਿੰਘ	ਮੰਡੀ ਕਲਾਂ	6 ਕਿਲੋਮੀਟਰ	ਰਾਮਪੁਰਾ ਫੂਲ
2.	ਸ਼ਹੀਦ ਹਰਨਾਮ ਸਿੰਘ	ਮੰਡੀ ਕਲਾਂ	6 ਕਿਲੋਮੀਟਰ	ਰਾਮਪੁਰਾ ਫੂਲ
3.	ਸ਼ਹੀਦ ਮਸਤਾਨ ਸਿੰਘ	ਪਿਥੋਂ	6 ਕਿਲੋਮੀਟਰ	ਰਾਮਪੁਰਾ ਫੂਲ
4.	ਸ਼ਹੀਦ ਮੰਗਲ ਸਿੰਘ	ਪਿਥੋਂ	6 ਕਿਲੋਮੀਟਰ	ਰਾਮਪੁਰਾ ਫੂਲ
5.	ਸ਼ਹੀਦ ਗੁਰਮੁਖ ਸਿੰਘ	ਪਿਥੋਂ	6 ਕਿਲੋਮੀਟਰ	ਰਾਮਪੁਰਾ ਫੂਲ
6.	ਸ਼ਹੀਦ ਹੀਰਾ ਸਿੰਘ	ਪਿਥੋਂ	6 ਕਿਲੋਮੀਟਰ	ਰਾਮਪੁਰਾ ਫੂਲ
7.	ਸ਼ਹੀਦ ਸੂਬਾ ਹੁਕਮਾ ਸਿੰਘ	ਪਿਥੋਂ	6 ਕਿਲੋਮੀਟਰ	ਰਾਮਪੁਰਾ ਫੂਲ
8.	ਸ਼ਹੀਦ ਵਰਿਆਮ ਸਿੰਘ	ਮਹਿਰਾਜ	5 ਕਿਲੋਮੀਟਰ	ਰਾਮਪੁਰਾ ਫੂਲ
9.	ਸ਼ਹੀਦ ਮੋਗਾ ਸਿੰਘ	ਮਹਿਰਾਜ	5 ਕਿਲੋਮੀਟਰ	ਰਾਮਪੁਰਾ ਫੂਲ
10.	ਸ਼ਹੀਦ ਅਤਰ ਸਿੰਘ	ਮਹਿਰਾਜ	5 ਕਿਲੋਮੀਟਰ	ਰਾਮਪੁਰਾ ਫੂਲ
11.	ਸ਼ਹੀਦ ਕੇਸਰ ਸਿੰਘ	ਗਿੱਲ ਕਲਾਂ	3 ਕਿਲੋਮੀਟਰ	ਰਾਮਪੁਰਾ ਫੂਲ
12.	ਸ਼ਹੀਦ ਰਤਨ ਸਿੰਘ	ਰਾਮ ਨਗਰ	15 ਕਿਲੋਮੀਟਰ	ਮੌੜ
13.	ਸ਼ਹੀਦ ਖ਼ਜਾਨ ਸਿੰਘ	ਪੀਰਕੋਟ	12 ਕਿਲੋਮੀਟਰ	ਰਾਮਪੁਰਾ ਫੂਲ
14.	ਸ਼ਹੀਦ ਮਹਾਂ ਸਿੰਘ	ਚਉਕੇ	10 ਕਿਲੋਮੀਟਰ	ਰਾਮਪੁਰਾ ਫੂਲ
15.	ਸ਼ਹੀਦ ਬਸੰਤ ਸਿੰਘ	ਸੇਲਬਰਾਹ	8 ਕਿਲੋਮੀਟਰ	ਰਾਮਪੁਰਾ ਫੂਲ

1983 ਈ. ਵਿੱਚ ਉਪਰੋਕਤ ਯਾਦਗਾਰੀ ਕਮੇਟੀ ਵਲੋਂ ਸੰਤ ਤਰਸੇਮ ਸਿੰਘ ਨਿਜੀ ਸਕੱਤਰ ਰਾਹੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਸੰਤ ਹਰਦੇਵ ਸਿੰਘ, ਸੰਤ ਜੀਵਨ ਸਿੰਘ ਨੇ ਅਰਜ਼ ਕੀਤੀ, ਸਾਨੂੰ ਰਾਮਪੁਰਾ ਫੂਲ ਵਿਖੇ ਸ਼ਹੀਦਾਂ ਪ੍ਰਤੀ ਯਾਦਗਾਰੀ ਮੇਲਾ ਕਰਨ ਦੀ ਪ੍ਰਵਾਨਗੀ ਦਿਓ। ਸ੍ਰੀ ਸਤਿਗੁਰੂ ਜੀ ਨੇ ਕਿਰਪਾ ਕੀਤੀ, ਪ੍ਰਵਾਨਗੀ ਮਿਲ ਗਈ। ਉਪਰੋਕਤ ਯਾਦਗਾਰੀ ਕਮੇਟੀ ਸਤਿਗੁਰਾਂ ਦੀ ਕਿਰਪਾ ਨਾਲ 27-28-29 ਜਨਵਰੀ ਨੂੰ ਪੱਕੇ ਤੌਰ ਤੇ ਸਮਾਗਮ ਕਰਦੀ ਆ ਰਹੀ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਿੱਖਾਂ ਤੇ ਹੋਰ ਵੀ ਅਨੇਕ ਪ੍ਰਕਾਰ ਦੇ ਉਪਕਾਰ ਕੀਤੇ ਹਨ ਜੋ ਗਿਣਤੀਆਂ ਮਿਣਤੀਆਂ ਤੋਂ ਬਾਹਰ ਹਨ। ਨਾਮਧਾਰੀ ਸਾਹਿਤ ਦੇ ਇਤਿਹਾਸ ਬਾਰੇ ਉਚ ਪੱਧਰੀ ਗੋਸ਼ਟੀਆਂ ਤੇ ਸਾਹਿਤ ਰਚਨਾ ਕੀਤੀ ਜਾ ਰਹੀ ਹੈ। ਅਣਗੌਲੇ ਸ਼ਹੀਦਾਂ ਬਾਰੇ ਵੇਰਵੇ ਇਕੱਠੇ ਕੀਤਾ ਜਾ ਰਹੇ ਹਨ ਅਤੇ ਅਤੀਤ ਦੇ ਪਰਛਾਵੇਂ ਹੇਠ ਲੁਕਿਆ ਇਤਿਹਾਸ ਉਜਾਗਰ ਕੀਤਾ ਜਾ ਰਿਹਾ ਹੈ। ਕਿੰਨਾ ਚੰਗਾ ਹੋਵੇ ਜੇਕਰ ਕੋਈ ਵਿਦਵਾਨ 1921 ਈ. ਵਿੱਚ ਲੱਗੇ ਨਨਕਾਣੇ ਸਾਹਿਬ ਦੇ ਮੋਰਚੇ ਵਿੱਚ ਸ਼ਹੀਦ ਹੋਏ 15 ਨਾਮਧਾਰੀ ਸਿੰਘਾਂ ਬਾਰੇ ਵੀ ਉਚ ਪੱਧਰੀ ਖੋਜ ਕਰੇ। ਉਸ ਸਮੇਂ ਸਤਿਜੁਗ ਅਖਬਾਰ ਨੇ ਨਨਕਾਣਾ ਸਾਹਿਬ ਸ਼ਹੀਦੀ ਅੰਕ ਪ੍ਰਕਾਸ਼ਤ ਕੀਤਾ ਸੀ ਅਤੇ ਉਸ ਵਿਚ ਸੰਤ ਨਿਧਾਨ ਸਿੰਘ ਆਲਿਮ ਦੀਆਂ ਅਨੇਕ ਕਵਿਤਾਵਾਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਬਾਰੇ ਪ੍ਰਕਾਸ਼ਿਤ ਹੋਈਆਂ ਸਨ। ਉਹਨਾਂ ਬਾਰੇ ਵੀ ਕੋਈ ਵਿਦਵਾਨ ਖੋਜ ਕਰੇ, ਇਹ ਸਮੇਂ ਦੀ ਮੰਗ ਹੈ। ■

Namdhari Elibrary NamdhariElibrary@gmail.com

ਤੇਰੇ ਕਵਣੁ ਕਵਣੁ ਗੁਣ ਗਾਵਾਂ

✍ ਸੂਬਾ ਸੁਰਿੰਦਰ ਕੌਰ ਖਰਲ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਹੋਣ ਦੇ 50 ਸਾਲ ਪੂਰੇ ਹੋ ਚੁੱਕੇ ਹਨ। ਇਸ ਅਰਧ ਸ਼ਤਾਬਦੀ ਵਿਚ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਜਗਤ ਨੂੰ ਕਿੱਥੇ ਤੋਂ ਕਿੱਥੇ ਤੀਕ ਪਹੁੰਚਾ ਦਿਤਾ ਹੈ, ਸ਼ਬਦਾਂ ਵਿਚ ਵਰਨਣ ਕਰਨਾ ਬਹੁਤ ਮੁਸ਼ਕਿਲ ਹੈ। ਸਤਿਗੁਰਾਂ ਦੇ ਪਰਉਪਕਾਰ ਗਿਣੇ ਮਿਣੇ ਜਾਂ ਦੱਸੇ ਨਹੀਂ ਜਾ ਸਕਦੇ। ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਸਦਕਾ ਅੱਜ ਅਸੀਂ ਸਾਰੇ ਖੁਸ਼ਹਾਲ ਹਾਂ ਅਤੇ ਹਰ ਤਰ੍ਹਾਂ ਦੀਆਂ ਸੁਖ ਸੁਵਿਧਾਵਾਂ ਮਾਣ ਰਹੇ ਹਾਂ।

ਧਰਮ ਦੀ ਧੁਜ, ਸ਼ਾਂਤੀ ਦੇ ਸਾਗਰ, ਮਹਾਨ ਪਰਉਪਕਾਰੀ, ਈਰਖਾ ਤੇ ਦਵੈਸ਼ ਦੀ ਅੱਗ ਵਿੱਚ ਸੜ ਰਹੀ ਮਾਨਵਤਾ ਨੂੰ ਠੰਡ ਪਹੁੰਚਾਉਣ ਵਾਲੇ ਪਰਮ-ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇੱਕ ਨਿਵੇਕਲੀ ਅਤੇ ਵਿਸ਼ੇਸ਼ ਸ਼ਖਸੀਅਤ ਹਨ।

ਸ੍ਰੀ ਸਤਿਗੁਰੂ ਜੀ ਨੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਆਪਣਾ ਯੋਗਦਾਨ ਪਾਉਣ ਦੇ ਨਾਲ-ਨਾਲ, ਭਾਰਤ ਦੀ ਸੁਤੰਤਰਤਾ ਸਮੇਂ ਹੋਈ ਦੇਸ਼ ਦੀ ਵੰਡ ਸਮੇਂ ਲੋਕਾਂ ਨੂੰ ਦੰਗਿਆਂ ਵਿਚੋਂ ਸੁਰੱਖਿਅਤ ਕੱਢਣ ਅਤੇ ਉਜੜ ਕੇ ਆਇਆਂ ਨੂੰ ਮੁੜ ਕੇ ਵਸਾਉਣ ਲਈ ਉਚੇਚੇ ਯਤਨ ਕੀਤੇ।

ਵਰਤਮਾਨ ਸਮੇਂ ਵਿੱਚ ਸ੍ਰੀ ਸਤਿਗੁਰੂ ਜੀ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਣਾਈ ਰੱਖਣ ਲਈ ਦ੍ਰਿੜ ਸੰਕਲਪ ਰੱਖਦੇ ਹਨ।

ਆਪ ਜੀ ਦੀਆਂ ਸਰਗਰਮੀਆਂ ਅਤੇ ਪਰਉਪਕਾਰਾਂ ਦਾ ਖੇਤਰ ਬਿਆਨ ਦੇ ਘੇਰੇ ਤੋਂ ਸੁਤੰਤਰ ਹੈ। ਨਾਮ ਜਪਣ, ਜਪਾਉਣ ਅਤੇ ਦੇਸ਼ ਵਿਦੇਸ਼ਾਂ ਵਿਚ ਧਰਮ ਦਾ ਪ੍ਰਚਾਰ ਕਰਨ ਤੋਂ ਇਲਾਵਾ ਸ੍ਰੀ ਸਤਿਗੁਰੂ ਜੀ ਸਮਾਜ ਦੇ ਹਰ ਖੇਤਰ ਵਿੱਚ ਪੂਰਨ ਧਿਆਨ ਦੇ ਰਹੇ ਹਨ।

ਸੰਗੀਤ, ਸਾਹਿਤ, ਖੇਡਾਂ, ਬਾਗਬਾਨੀ ਦੇ ਵਿਕਾਸ ਲਈ ਕਾਰਜ ਕਰਨੇ, ਲੰਗਰ ਦੀ ਨਿਰੰਤਰਤਾ ਕਾਇਮ ਰੱਖਣੀ, ਭਾਰਤੀ ਸਭਿਅਤਾ ਤੇ ਸੰਸਕ੍ਰਿਤੀ ਦਾ ਪ੍ਰਚਾਰ, ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਦੇ ਜਤਨ, ਸਿੱਖੀ ਸਰੂਪ ਕਾਇਮ ਰੱਖਣ ਲਈ ਪ੍ਰੇਰਨਾ ਦੇਣੀ, ਸਾਦਾ ਤੇ ਸਮੂਹਿਕ ਆਨੰਦ-ਕਾਰਜਾਂ ਦੀ ਮਰਿਯਾਦਾ ਜਾਰੀ ਰੱਖਣੀ, ਸ਼ਰਾਬ ਤੇ ਨਸ਼ੀਲੇ ਪਦਾਰਥਾਂ ਦੀ ਮਨਾਹੀ, ਸਮਾਜਕ ਬੁਰਾਈਆਂ ਨੂੰ ਦੂਰ ਕਰਨ ਲਈ ਕਦਮ ਚੁੱਕਣੇ, ਵਿਦਿਆ ਦਾ ਪਸਾਰ, ਨੌਜਵਾਨਾਂ ਨੂੰ ਸੇਧ, ਬੱਚਿਆਂ ਨੂੰ ਪਿਆਰ, ਬਜੁਰਗਾਂ ਦੀ ਸੰਭਾਲ, ਇਸਤਰੀ-ਜਾਤੀ ਦਾ ਕਲਿਆਣ, ਗਊ-ਗਰੀਬ ਦੀ ਰੱਖਿਆ, ਲੋੜਵੰਦ ਗਰੀਬ ਬੀਮਾਰਾਂ ਦਾ ਇਲਾਜ, ਪਸ਼ੂ-ਧਨ ਦੀ ਸੰਭਾਲ, ਗਊ-ਪਾਲਣ, ਜੀਵ-ਦਇਆ, ਸ਼ਾਕਾਹਾਰ ਦਾ ਪ੍ਰਚਾਰ, ਪੁਰਾਤਨ ਇਤਿਹਾਸਕ ਅਸਥਾਨਾਂ ਦੀ ਸੰਭਾਲ, ਨਵ-ਉਸਾਰੀ, ਵਿਸ਼ਵ-ਸ਼ਾਂਤੀ ਅਤੇ ਵਿਸ਼ਵ ਧਰਮਾਂ ਦੀ ਸਾਂਝ ਲਈ ਉਪਰਾਲੇ ਕਰਨੇ, ਸਿੱਖੀ ਦੀ ਸੰਭਾਲ ਕਰਨ ਲਈ ਦੇਸ਼ ਵਿਦੇਸ਼ ਵਿਚ ਥਾਂ ਥਾਂ ਦੌਰੇ ਕਰਨੇ ਬਨਾਰਸ ਤੇ ਅੰਮ੍ਰਿਤਸਰ ਆਦਿ ਯੂਨੀਵਰਸਿਟੀਆਂ ਵਿਖੇ ਸਤਿਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ ਕਰਨੀ ਆਦਿ, ਇਨ੍ਹਾਂ ਸਾਰੇ ਖੇਤਰਾਂ ਵਿਚ ਕਾਰਜ ਕਰਕੇ, ਸ੍ਰੀ ਸਤਿਗੁਰੂ ਜੀ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਵਿਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

ਸ੍ਰੀ ਸਤਿਗੁਰੂ ਜੀ ਨੇ ਸੰਨ 2005 ਵਿਚ ਲੁਧਿਆਣਾ ਵਿਖੇ ਅਪੋਲੋ ਹਸਪਤਾਲ ਖੋਲ੍ਹ ਕੇ ਇਕ ਹੋਰ ਮਹਾਨ ਪਰਉਪਕਾਰੀ ਕਾਰਜ ਕੀਤਾ ਹੈ। ਇਨ੍ਹਾਂ ਸਾਰੇ ਕੰਮਾਂ ਦਾ ਜੇ

Namdhari Elibrary NamdhariElibrary@gmail.com

ਜ਼ਿਕਰ ਕਰਨ ਲੱਗੀਏ ਤਾਂ ਹਰ ਕੰਮ ਬਾਰੇ ਇਕ ਇਕ ਪੁਸਤਕ ਤਿਆਰ ਹੋ ਸਕਦੀ ਹੈ।

ਸ੍ਰੀ ਸਤਿਗੁਰੂ ਜੀ ਨੇ ਵਰਲਡ ਪੀਸ ਮੂਵਮੈਂਟ (ਸੰਸਾਰ ਅਮਨ ਲਹਿਰ), ਵਰਲਡ ਵੈਜੀਟੇਰੀਅਨ ਕਾਂਗਰਸ (ਸੰਸਾਰ ਸ਼ਾਕਾਹਾਰੀ ਸੰਗਠਨ) ਅਤੇ ਵਰਲਡ ਰਿਲੀਜਸ ਬ੍ਰਦਰਹੁਡ (ਸੰਸਾਰ ਧਰਮਾਂ ਦਾ ਭਾਈਚਾਰਾ) ਆਦਿ ਕੌਮਾਂਤਰੀ ਸੰਗਠਨਾਂ ਨੂੰ ਭਰਪੂਰ ਸਮਾਂ ਤੇ ਸਹਿਯੋਗ ਦਿੱਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੁਰਗੱਦੀ ਤੇ ਸੁਭਾਇਮਾਨ ਹੋਣ ਦੇ 50 ਸਾਲ ਪੂਰੇ ਹੋ ਚੁੱਕੇ ਹਨ। ਇਸ ਅਰਧ ਸ਼ਤਾਬਦੀ ਵਿਚ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਜਗਤ ਨੂੰ ਕਿੱਥੇ ਤੋਂ ਕਿੱਥੇ ਤੀਕ ਪਹੁੰਚਾ ਦਿਤਾ ਹੈ, ਸ਼ਬਦਾਂ ਵਿਚ ਵਰਨਣ ਕਰਨਾ ਬਹੁਤ ਮੁਸ਼ਕਿਲ ਹੈ। ਸਤਿਗੁਰਾਂ ਦੇ ਪਰਉਪਕਾਰ ਗਿਣੇ ਮਿਣੇ ਜਾਂ ਦੱਸੇ ਨਹੀਂ ਜਾ ਸਕਦੇ। ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਸਦਕਾ ਅੱਜ ਅਸੀਂ ਸਾਰੇ ਖੁਸ਼ਹਾਲ ਹਾਂ ਅਤੇ ਹਰ ਤਰ੍ਹਾਂ ਦੀਆਂ ਸੁਖ ਸੁਵਿਧਾਵਾਂ ਮਾਣ ਰਹੇ ਹਾਂ।

ਗਊ-ਪਾਲਣ ਅਤੇ ਗਊ ਰੱਖਿਆ ਲਈ ਸਾਰਥਕ ਕਦਮ ਚੁੱਕੇ ਜਾਣ ਕਾਰਨ, ਸ੍ਰੀ ਸਤਿਗੁਰੂ ਜੀ ਨੂੰ 1965 ਵਿਚ ਹੈਦਰਾਬਾਦ ਵਿਖੇ ਗੋਸੰਵਰਧਨ ਸਮਿਤੀ ਵਲੋਂ 'ਗੋਪਾਲ-ਰਤਨ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ ਸੀ।

ਭਾਰਤੀ ਸੰਗੀਤ ਦੇ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਦੀ ਦੇਣ, ਅਜੋਕੇ ਯੁਗ ਵਿਚ ਵਿਸ਼ਵ-ਪ੍ਰਸਿੱਧ ਹੋ ਗਈ ਹੈ। ਸੰਗੀਤ-ਜਗਤ ਵਿਚ ਪਾਏ ਉੱਘੇ ਯੋਗਦਾਨ ਕਾਰਨ ਸ੍ਰੀ ਸਤਿਗੁਰੂ ਜੀ ਨੂੰ ਅਨੇਕ ਸੰਸਥਾਵਾਂ ਵਲੋਂ ਸਨਮਾਨਤ ਕੀਤਾ ਗਿਆ ਹੈ। ਪੰਜਾਬ ਵਿਚ ਜਲੰਧਰ ਵਿਖੇ ਹੁੰਦੇ 'ਮੇਲਾ ਹਰਿਬੱਲਭ' ਨਾਮਕ ਪ੍ਰਸਿੱਧ ਸਲਾਨਾ ਸੰਗੀਤ ਸੰਮੇਲਨ ਵਿਚ 23 ਦਸੰਬਰ 1995 ਨੂੰ ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੀ ਭਾਰਤੀ ਸੰਗੀਤ ਨੂੰ ਲਾਮਿਸਾਲ ਦੇਣ ਕਰਕੇ ਵਿਧੀਵਤ ਸਨਮਾਨਤ ਕੀਤਾ ਗਿਆ।

ਭਾਈ ਮਰਦਾਨਾ ਵਿਸ਼ਵ ਕੀਰਤਨ ਦਰਬਾਰ ਸੋਸਾਇਟੀ ਵਲੋਂ 9 ਫਰਵਰੀ ਸੰਨ 1997 ਨੂੰ ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਸੰਗੀਤ ਪ੍ਰਤੀ ਯੋਗਦਾਨ ਲਈ, ਭਾਈ ਮਰਦਾਨਾ ਯਾਦਗਾਰੀ ਸਨਮਾਨ ਦਿੱਤਾ ਗਿਆ। ਇਹ ਸਨਮਾਨ ਸੋਸਾਇਟੀ ਦੇ ਪ੍ਰਧਾਨ ਸ੍ਰ. ਹਰਪਾਲ ਸਿੰਘ ਭੁੱਲਰ ਅਤੇ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਭੇਟ ਕੀਤਾ ਗਿਆ।

4 ਨਵੰਬਰ 1999 ਨੂੰ ਸਰੋਦ-ਘਰ ਗਵਾਲੀਅਰ ਵਿਖੇ ਉਸਤਾਦ ਅਮਜਦ ਅਲੀ ਖਾਂ ਸਾਹਿਬ ਨੇ ਆਪਣੇ ਜਗਤ-ਪ੍ਰਸਿੱਧ ਸੰਗੀਤਕਾਰ ਪਿਤਾ ਅਤੇ ਗੁਰੂ ਉਸਤਾਦ ਹਾਫਿਜ਼ ਅਲੀ ਖਾਂ ਸਾਹਿਬ ਦੇ ਨਾਂ 'ਤੇ ਸਥਾਪਤ ਕੀਤਾ ਸਨਮਾਨ 'ਹਾਫਿਜ਼ ਅਲੀ ਮੈਮੋਰੀਅਲ ਐਵਾਰਡ' ਪੂਜਯ ਸ੍ਰੀ ਸਤਿਗੁਰੂ ਜੀ ਨੂੰ ਪਿਆਰ ਤੇ ਸ਼ਰਧਾ ਨਾਲ ਭੇਟ ਕਰਕੇ 'ਸੰਗੀਤ ਮਨੀਸ਼ੀ' ਦੇ ਤੌਰ 'ਤੇ ਸਨਮਾਨਤ ਕੀਤਾ।

15 ਅਗਸਤ 2001 ਨੂੰ ਸੁਤੰਤਰਤਾ ਦਿਵਸ ਦੇ ਮੌਕੇ 'ਤੇ ਨਵੀ ਦਿੱਲੀ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਰੂਹਾਨੀਅਤ, ਵਿਸ਼ਵ-ਭਾਈਚਾਰੇ ਅਤੇ ਸੰਸਾਰ ਅਮਨ ਲਈ ਬੇਮਿਸਾਲ ਕਾਰਜ ਕਰਨ ਕਾਰਨ ਵਿਸ਼ਵ-ਹਿੰਦੂ ਪ੍ਰੀਸ਼ਦ ਵਲੋਂ 'ਧਰਮ-ਰਤਨ' ਸਨਮਾਨ ਨਾਲ ਸਨਮਾਨਿਤ ਕੀਤਾ ਗਿਆ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਸਿੱਖੀ ਦਾ ਬਹੁਤਾ ਵਾਧਾ ਹੋਇਆ ਹੈ। ਭਾਰਤ ਦੇਸ਼ ਤੋਂ ਇਲਾਵਾ ਅੱਜ ਦੁਨੀਆਂ ਦੇ ਕਰੀਬ ਸਾਰੇ ਦੇਸ਼ਾਂ ਵਿਚ- ਇੰਗਲੈਂਡ, ਕੈਨੇਡਾ, ਥਾਈਲੈਂਡ, ਕੀਨੀਆ, ਤਨਜਾਨੀਆ, ਆਸਟਰੇਲੀਆ ਆਦਿਕ ਵਿਚ ਵੱਡੀ ਗਿਣਤੀ ਵਿਚ ਨਾਮਧਾਰੀ ਸਿੱਖ ਵਸ ਰਹੇ ਹਨ ਅਤੇ ਪ੍ਰਫੁੱਲਤ ਹੋ ਰਹੇ ਹਨ।

ਸੰਨ 1954 ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਚਿੱਤਰਗੁਪਤ ਰੋਡ ਦਿੱਲੀ ਵਿਖੇ, ਸ. ਸੁੱਚਾ ਸਿੰਘ ਦੇ ਘਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ, ਉੱਘੇ ਇਤਿਹਾਸਕਾਰ ਸ. ਨਾਹਰ ਸਿੰਘ ਨੂੰ ਇਹ ਬਚਨ ਆਖੇ,

"ਭਾਈ ਨਾਹਰ ਸਿੰਘ ਜੀ, ਵੱਡਾ ਕਾਕਾ ਕਲਾਧਾਰੀ ਚਿੰਤਨਵਾਨ ਹੈ। ਇਹ ਕਾਕਾ ਅਲੌਕਿਕ ਸ਼ਕਤੀਆਂ ਦਾ ਮਾਲਕ ਹੈ। ਇਹਦੇ ਸਮੇਂ ਸਿੱਖੀ ਬਹੁਤ ਵਧੇਗੀ।"

> ***"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਣ ਹਨ। ਆਪ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ।"***

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਲੌਕਿਕ ਸ਼ਖ਼ਸੀਅਤ ਬਾਰੇ ਜਾਣਕਾਰੀ ਦਾ ਸਾਰ ਤਾਂ ਸ੍ਰੀ ਭਗਵਾਨ ਦਾਸ ਵਰਮਾ ਮਹਾਂਰਾਸ਼ਟਰ ਦੀਆਂ ਨਿਮਨ ਲਿਖਤ ਸਤਰਾਂ ਵਿਚ ਸਮਾਇਆ ਹੋਇਆ ਹੈ।

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਗੁਰੂ ਨਾਨਕ ਦੇਵ ਜੀ ਦੀ ਮਾਨਵਤਾ, ਗੁਰੂ ਗੋਬਿੰਦ ਸਿੰਘ ਜੀ ਦੀ ਵੀਰਤਾ ਅਤੇ ਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦਾ ਵਿਲੱਖਣ ਮਿਸ਼ਰਣ ਹਨ। ਆਪ ਵਿਚ ਚਿੰਤਨ ਅਤੇ ਕਰਮ ਇਕ ਸਾਥ ਹਨ।"

ਸ੍ਰੀ ਸਤਿਗੁਰੂ ਜੀ ਨੂੰ ਵਿਸ਼ਵ-ਹਿੰਦੂ ਪ੍ਰੀਸ਼ਦ ਵਲੋਂ ਭੇਟ ਕੀਤੇ ਗਏ 'ਧਰਮ-ਰਤਨ' ਪੁਰਸਕਾਰ ਵਿਚਲੇ ਅਭਿਨੰਦਨ ਪੱਤਰ ਦੀ ਲਿਖਤ ਇਸ ਪ੍ਰਕਾਰ ਸੀ-

"ਪਰਮ ਪੂਜਯ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਜਨਮ ਸ੍ਰੀ ਭੈਣੀ ਸਾਹਿਬ (ਲੁਧਿਆਣਾ) ਵਿਖੇ ਸੰਨ 1920 ਵਿਚ ਹੋਇਆ। ਸੰਨ 1959 ਵਿਚ ਆਪ ਨੇ ਨਾਮਧਾਰੀ ਸਿੱਖ ਸੰਪਰਦਾਇ ਦੇ ਅਧਿਆਤਮਕ ਗੁਰੂ , ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ ਸਥਾਨ ਗ੍ਰਹਿਣ ਕੀਤਾ ਅਤੇ ਉਦੋਂ ਤੋਂ ਉਹ ਲਗਾਤਾਰ ਨਾਮਧਾਰੀ ਸਿੱਖ ਸੰਪਰਦਾਇ ਦੇ ਅਲੌਕਿਕ ਮਾਰਗ ਦਰਸ਼ਕ ਅਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਸੰਸਥਾਪਕ ਹੋਣ ਦੇ ਨਾਤੇ ਪੂਰੇ ਹਿੰਦੂ ਸਮਾਜ ਦਾ ਦਿਸ਼ਾ ਨਿਰਦੇਸ਼ਨ ਕਰ ਰਹੇ ਹਨ।"

"ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਸ਼ਠਿਤ ਨਾਮਧਾਰੀ ਸਿੱਖ ਸੰਪਰਦਾਇ ਦੇ ਸਰਵਉੱਚ ਅਧਿਆਤਮਕ ਗੁਰੂ ਦੇ ਰੂਪ ਵਿਚ, ਮਨੁਖਾਂ ਦੇ ਭਲੇ ਲਈ ਜੋ ਆਪ ਜੀ ਨੇ ਉਪਦੇਸ਼ ਦਿਤੇ ਹਨ, ਉਸ ਨਾਲ ਨਾ ਸਿਰਫ ਭਾਰਤ ਵਿਚ ਸਗੋਂ ਸਮੁੱਚੇ ਵਿਸ਼ਵ ਵਿਚ ਮਨੁੱਖਤਾ ਦਾ ਕਲਿਆਣ ਹੋਇਆ ਹੈ। ਆਪ ਜੀ ਦੀ ਅੰਮ੍ਰਿਤਬਾਣੀ ਤੋਂ ਪ੍ਰੇਰਿਤ ਹੋ ਕੇ, ਪ੍ਰਭੂ ਭਗਤੀ ਦਾ ਮਾਰਗ ਅਪਣਾ ਕੇ, ਵਿਸ਼ਵ ਦੀ ਕਰੋੜਾਂ ਜਨਤਾ ਨੇ ਜਿਸ ਅਧਿਆਤਮਕ ਸੁਖ ਅਤੇ ਪਰਮ ਸ਼ਾਂਤੀ ਦੀ ਅਨੁਭੂਤੀ ਕੀਤੀ ਹੈ, ਉਹ ਨਿਰਾਲੀ ਅਤੇ ਅਪੂਰਵ ਹੈ। "

"ਆਪ ਜੀ ਦੁਆਰਾ ਦਿਤੇ ਗਏ ਉਪਦੇਸ਼ ਗ੍ਰਹਿਣ ਕਰਕੇ ਹਜ਼ਾਰਾਂ-ਲੱਖਾਂ ਨੌਜਵਾਨਾਂ ਨੇ ਸਫੈਦ ਬਸਤਰ ਪਹਿਨਕੇ, ਸ਼ਾਕਾਹਾਰ ਅਤੇ ਅਹਿੰਸਾ ਦਾ ਰਾਹ ਅਪਨਾਇਆ ਹੈ। "

ਗਊ-ਰੱਖਿਆ ਦੇ ਪ੍ਰਬਲ ਸਮਰਥਕਾਂ ਵੱਲੋਂ ਆਪਦੇ ਨਿਰਦੇਸ਼ ਵਿਚ, ਸੰਨ 1962 ਵਿਚ ਗਊ ਰੱਖਿਆ ਅੰਦੋਲਨ ਦਾ ਵਿਸ਼ਾਲ ਆਯੋਜਨ, ਆਪ ਜੀ ਦੀ ਸਾਤਵਿਕ ਸ਼ਕਤੀ ਦਾ ਪਰਿਚਾਯਕ ਹੈ।

ਭਾਰਤੀ ਸੰਸਕ੍ਰਿਤੀ ਦੇ ਪਰਮ ਹਿਤੈਸ਼ੀ ਦੇ ਰੂਪ ਵਿਚ ਆਪ ਦੀ ਕੀਰਤੀ ਹਰ ਥਾਂ ਫੈਲੀ ਹੋਈ ਹੈ। ਆਪ ਨੇ ਕੁਦਰਤੀ ਨਿਯਮਾਂ ਦੇ ਅਧੀਨ ਚਲਣ 'ਤੇ ਬਹੁਤ ਜ਼ੋਰ ਦਿੱਤਾ ਹੈ ਅਤੇ ਮਨ ਅਤੇ ਆਤਮਾ ਦੀ ਪਰਮਸ਼ਾਂਤੀ ਦਾ ਸਾਧਨ ਸ਼ਾਸਤਰੀ ਸੰਗੀਤ ਨੂੰ ਮੰਨਿਆ ਹੈ। ਆਪ ਸਰੀਰਕ ਸ਼ਕਤੀ ਦੇ ਵਾਧੇ ਲਈ ਖੇਡਾਂ ਨੂੰ ਨਾ ਸਿਰਫ ਮਹੱਤਵਪੂਰਨ ਮੰਨਦੇ ਹਨ ਬਲਿਕ ਆਪ ਵੀ ਬੈਡਮਿੰਟਨ ਆਦਿ ਖੇਡਾਂ ਵਿਚ ਡੂੰਘੀ ਦਿਲਚਸਪੀ ਰੱਖਦੇ ਹਨ।

ਆਪ ਵਿਸ਼ਵ-ਸ਼ਾਂਤੀ ਦੇ ਪ੍ਰਬਲ ਸਮਰਥਕ ਅਤੇ ਯੋਗ ਵਿੱਦਿਆ ਦੇ ਪਰਮ ਉਪਾਸਕ ਹਨ। ਆਪ ਦੀ ਦਿਨਚਰਯਾ ਇਸ ਅੱਸੀ ਸਾਲ ਦੀ ਉਮਰ ਵਿਚ ਵੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ।

ਆਪਦੇ ਧਾਰਮਿਕ ਉਪਦੇਸ਼ ਅਤੇ ਅਲੌਕਿਕ ਕਰਮਾਂ ਵਿਚ ਵਿਦਮਾਨ ਅਦਭੁਤ ਸੁਮੇਲ ਨਾਲ ਇਹ ਭਾਰਤੀ ਸਮਾਜ ਅਤੇ ਸਮੁੱਚਾ ਵਿਸ਼ਵ ਪ੍ਰਭਾਵਿਤ ਹੈ।"

ਕੇਂਦਰੀ ਗੋਸੰਵਰਧਨ ਪਰਿਸ਼ਦ ਵਲੋਂ1963-64 ਦਾ ਗੋਪਾਲ ਰਤਨ ਪੁਰਸਕਾਰ (ਪੰਜਾਬੀ ਅਨੁਵਾਦ)

ਪ੍ਰਾਪਤ ਕਰਤਾ

ਸ੍ਰੀ ਗੁਰੂ ਹਰੀ ਸਿੰਘ ਪਸ਼ੂ ਪਾਲਣ ਅਤੇ ਖੇਤੀ ਫਾਰਮ, ਸ੍ਰੀ ਜੀਵਨ ਨਗਰ,ਹਿਸਾਰ (ਪੰਜਾਬ)

ਕੇਂਦਰੀ ਗੋਸੰਵਰਧਨ ਪਰਿਸ਼ਦ, ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ ਸ੍ਰੀ ਜੀਵਨ ਨਗਰ ਜ਼ਿਲ੍ਹਾ ਹਿਸਾਰ (ਪੰਜਾਬ) ਨੂੰ ਉੱਚ ਕੋਟੀ ਦਾ ਗਊ ਪਾਲਣ ਕਰਨ ਕਾਰਣ ਖੁਸ਼ੀ ਸਹਿਤ ਗੋਪਾਲ ਰਤਨ ਪੁਰਸਕਾਰ ਅਤੇ ਪ੍ਰਮਾਣ-ਪੱਤਰ ਪ੍ਰਦਾਨ ਕਰਦੀ ਹੈ।

ਇਹ ਫਾਰਮ ਨਾਮਧਾਰੀ ਸਿੱਖ ਸੰਪਰਦਾਇ ਦੇ

ਕੇਂਦਰੀ ਗੋਸੰਵਰਧਨ ਪਰਿਸ਼ਦ, ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ ਸ੍ਰੀ ਜੀਵਨ ਨਗਰ ਜ਼ਿਲ੍ਹਾ ਹਿਸਾਰ (ਪੰਜਾਬ) ਨੂੰ ਉੱਚ ਕੋਟੀ ਦਾ ਗਊ ਪਾਲਣ ਕਰਨ ਕਾਰਣ ਖੁਸ਼ੀ ਸਹਿਤ ਗੋਪਾਲ ਰਤਨ ਪੁਰਸਕਾਰ ਅਤੇ ਪ੍ਰਮਾਣ-ਪੱਤਰ ਪ੍ਰਦਾਨ ਕਰਦੀ ਹੈ।

Namdhari Elibrary NamdhariElibrary@gmail.com

ਅਧਿਆਤਮਕ ਗੁਰੂ ਦੁਆਰਾ ਚਲਾਇਆ ਜਾਂਦਾ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਦੇ ਵਰਤਮਾਨ ਗੁਰੂ ਹਨ। ਇਸ ਫਾਰਮ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਹਰਿਆਣਾ ਅਤੇ ਸਾਹੀਵਾਲ ਗਊਆਂ ਅਤੇ ਨੀਲੀ ਰਾਵੀ ਮੱਝਾਂ ਦੇ ਉੱਚ ਵੰਸ਼ ਪ੍ਰਾਪਤ ਅਤੇ ਵਿਕਸਿਤ ਕੀਤੇ ਗਏ ਹਨ।

ਫਾਰਮ ਨੇ ਕੇਂਦਰੀ ਗੋਸੰਵਰਧਨ ਪਰਿਸ਼ਦ ਦੁਆਰਾ ਆਯੋਜਿਤ ਸਰਵ ਭਾਰਤੀ ਦੁੱਧ ਉਤਪਾਦ ਪ੍ਰਤੀਯੋਗਤਾਵਾਂ ਵਿਚੋਂ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ। ਇਸ ਫਾਰਮ ਨੂੰ ਸੰਨ 1956 ਤੋਂ 58 ਤਕ ਅਤੇ ਉਸ ਦੇ ਮਗਰੋਂ ਸੰਨ 1960-61 ਅਤੇ ਸੰਨ 1963-64 ਤਕ ਹਰ ਸਾਲ ਹਰਿਆਣਾ ਨਸਲ ਦਾ ਪਹਿਲਾ ਪੁਰਸਕਾਰ ਦਿੱਤਾ ਗਿਆ। ਫਾਰਮ ਨੇ ਸੰਨ 1962-63 ਅਤੇ ਸੰਨ 1963-64 ਵਿਚ ਸਾਹੀਵਾਲ ਨਸਲ ਦਾ ਵੀ ਪਹਿਲਾ ਪੁਰਸਕਾਰ ਪ੍ਰਾਪਤ ਕੀਤਾ। ਸੰਨ 1963-64 ਵਿਚ ਇਸ ਫਾਰਮ ਦੀ ਹਰਿਆਣਾ ਨਸਲ ਦੀ ਪੁਤਲੀ ਗਾਂ ਅਤੇ ਸਾਹੀਵਾਲ ਨਸਲ ਦੀ ਮੀਰਨ ਗਾਂ ਨੇ 24 ਘੰਟਿਆਂ ਵਿਚ ਕਰਮਵਾਰ 28.576 ਗ੍ਰਾਮ ਅਤੇ 25. 705 ਕਿਲੋਗ੍ਰਾਮ ਦੁੱਧ ਦਾ ਉਤਪਾਦਨ ਕੀਤਾ ਹੈ। ਇਸ ਫਾਰਮ ਨੇ ਸਰਵ ਭਾਰਤੀ ਪਸ਼ੂ-ਪ੍ਰਦਰਸ਼ਨੀਆਂ ਵਿਚ ਵੀ ਆਪਣੀਆਂ ਗਊਆਂ ਅਤੇ ਮੱਝਾਂ ਕਾਰਣ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ।

ਫਾਰਮ ਨੇ ਗਊਆਂ ਦੇ ਪਾਲਣ ਅਤੇ ਪ੍ਰਬੰਧ ਵਿਚ ਸੁਧਰੀਆਂ ਹੋਈਆਂ ਵਿਧੀਆਂ ਅਪਣਾਈਆਂ ਹਨ। ਇਹ ਫਾਰਮ ਹਰਿਆਣਾ ਅਤੇ ਸਾਹੀਵਾਲ ਨਸਲ ਦੀ ਵੰਸ਼ ਵਿਚੋਂ ਸਾਨ੍ਹ ਉਪਲਭਦ ਕਰਵਾ ਕੇ ਪੰਜਾਬ ਵਿਚ ਇਨ੍ਹਾਂ ਨਸਲਾਂ ਦੀਆਂ ਗਊਆਂ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿੰਦਾ ਰਿਹਾ ਹੈ।

- ਕੇਂਦਰੀ ਗੋਸੰਵਰਧਨ ਪਰਿਸ਼ਦ ਦੇ ਪ੍ਰਧਾਨ
ਅਤੇ ਹੋਰ ਸਮੂਹ ਮੈਂਬਰ।

ਸ੍ਰੀ ਸਤਿਗੁਰੂ ਜੀ ਦੇ ਪਰਉਪਕਾਰਾਂ ਅਤੇ ਬਖ਼ਸ਼ਿਸ਼ਾਂ ਦੀ ਉਸਤਤ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ-

ਲਿਖਣਾ ਤਾਂ ਚਾਹੁੰਦੀ ਹਾਂ
ਤੇਰੀ ਉਸਤਤ
ਗਾਉਣਾ ਤਾਂ ਚਾਹੁੰਦੀ ਹਾਂ
ਤੇਰੇ ਗੀਤ
ਪਰ ਅਸਮਰਥ ਹਾਂ
ਕਿਉਂਕਿ
ਸੂਰਜ ਦਾ ਤੇਜ
ਪੌਣਾਂ ਦਾ ਵੇਗ
ਸਮੁੰਦਰ ਦੀ ਗਹਿਰਾਈ
ਅਗਨੀ ਦੀ ਤਪਿਸ਼
ਰੌਸ਼ਨੀ ਦੀ ਚਮਕ
ਬਿਆਨੋਂ ਬਾਹਰ ਨੇ।
ਮੇਰੀਆਂ ਭਾਵਨਾਵਾਂ ਨੂੰ ਜਾਣ
ਮੇਰੇ ਲਿਖੇ ਅਣਲਿਖੇ
ਮੇਰੇ ਕਹੇ ਅਣਕਹੇ ਨੂੰ
ਤੂੰ ਪ੍ਰਵਾਨ ਕਰ ਲਵੀਂ।
ਤੂੰ ਪ੍ਰਵਾਨ ਕਰ ਲਵੀਂ।।

ਗੀਤ

✍ ਕਰਨੈਲ ਸਿੰਘ ਅਸਪਾਲ

ਮੇਰੀ ਬੰਦਨਾ ਗੁਰ ਜਗਜੀਤ ਜਗਤ ਦੇ ਵਾਲੀ ਨੂੰ।
ਸ੍ਰੀ ਭੈਣੀ ਸਾਹਿਬ ਵਿੱਚ ਜਗਦੀ ਜੋਤ ਨਿਰਾਲੀ ਨੂੰ।

ਗੁਰੂ ਪ੍ਰਤਾਪ ਦੀਆਂ ਅੱਖੀਆਂ ਦਾ ਇਹ ਤਾਰਾ ਏ।
ਮਾਤ ਭੁਪਿੰਦਰ ਕੌਰ ਦਾ ਰਾਜ ਦੁਲਾਰਾ ਏ।
ਇਹ ਖੁਸ਼ੀਆਂ ਖੁਸ਼ੀਆਂ ਵੰਡਦਾ ਜਾਏ ਸਵਾਲੀ ਨੂੰ।
ਸ੍ਰੀ ਭੈਣੀ ਸਾਹਿਬ ਦੇ ਵਿੱਚ ਜਗਦੀ ਜੋਤ ਨਿਰਾਲੀ ਨੂੰ।
ਪਿਆ ਤਪਦੇ ਦਿਲਾਂ ਨੂੰ ਠਾਰੇ ਠੰਡੀ ਮੂਰਤ ਏ।
ਇਹਦੀ ਬਾਣੀ ਮਿੱਠੀ ਸ਼ਹਿਦ ਤੇ ਸੋਹਣੀ ਸੂਰਤ ਏ।
ਕਰੇ ਸਿਜਦਾ ਕੁਲ ਜਹਾਨ ਮਿਹਰਾਂ ਦੇ ਵਾਲੀ ਨੂੰ।
ਸ੍ਰੀ ਭੈਣੀ ਸਾਹਿਬ ਦੇ ਵਿੱਚ ਜਗਦੀ ਜੋਤ ਨਿਰਾਲੀ ਨੂੰ।
ਸਿੱਖੀ ਦਾ ਬਾਗ ਬਗੀਚਾ ਜੋ ਹਰਿਆ ਭਰਿਆ ਏ।
ਮੇਰੇ ਸਤਿਗੁਰ ਸਿਰ 'ਤੇ ਹੱਥ ਮਿਹਰ ਦਾ ਧਰਿਆ ਏ।
ਉਸ ਨਾਮ ਦਾ ਪਾਣੀ ਪਾਇਆ ਡਾਲੀ ਡਾਲੀ ਨੂੰ।
ਸ੍ਰੀ ਭੈਣੀ ਸਾਹਿਬ ਦੇ ਵਿੱਚ ਜਗਦੀ ਜੋਤ ਨਿਰਾਲੀ ਨੂੰ।
ਤੇਰੇ ਦੱਸ ਨਹੀਂ ਸਕਦਾ ਕੀਤੇ ਕੌਤਕ ਨਿਆਰੇ ਨੇ।
ਕਈ ਲੱਖਾਂ ਪਾਪੀਆਂ ਅਵਗੁਣਹਾਰੇ ਤਾਰੇ ਨੇ।
ਮਿਲ ਜਾਏ ਨਾਮ ਖਜ਼ਾਨਾ 'ਅਸਪਾਲ' ਕੰਗਾਲੀ ਨੂੰ।
ਸ੍ਰੀ ਭੈਣੀ ਸਾਹਿਬ ਦੇ ਵਿੱਚ ਜਗਦੀ ਜੋਤ ਨਿਰਾਲੀ ਨੂੰ।

Namdhari Elibrary NamdhariElibrary@gmail.com

ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ

✍ ਹਰਪਾਲ ਸਿੰਘ ਸੇਵਕ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਸਿੱਖੀ ਫੁਲਵਾੜੀ ਦੀਆਂ ਮਹਿਕਾਂ ਦੂਰ ਦੂਰ ਤੱਕ ਫੈਲੀਆਂ ਹਨ। ਆਪ ਜੀ ਨਾਮ ਜਪਦੇ ਅਤੇ ਜਪਾਉਂਦੇ ਹਨ। ਪਿਤਾ ਸਤਿਗੁਰੂ ਜੀ ਦੇ ਸਮੇਂ ਤੋਂ ਚੱਲ ਰਹੀਆਂ ਦੋ ਅਖੰਡ ਵਰਨੀਆਂ ਦੀ ਜਗ੍ਹਾ ਹੁਣ ਨਾਮਧਾਰੀ ਸਮਾਜ ਵਿਚ ਨਾਮ ਸਿਮਰਨ ਦੀਆਂ ਸੋਲਾਂ ਵਰਨੀਆਂ ਚੱਲ ਰਹੀਆਂ ਹਨ। ਸਲਾਨਾ ਨਾਮ ਸਿਮਰਨ ਦੇ ਨਾਲ ਸ੍ਰੀ ਭੈਣੀ ਸਾਹਿਬ ਅਖੰਡ ਨਾਮ ਸਿਮਰਨ ਜਪ ਪ੍ਰਯੋਗ ਚਲਦਾ ਹੈ। ਆਪ ਨੇ ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਰੱਖੀ ਹੈ। ਸਾਬਤ ਸੂਰਤ ਸਿੱਖੀ ਸਰੂਪ ਪੰਜਾਂ ਮਹਾਂਦੀਪਾਂ ਤੱਕ ਫੈਲਿਆ ਹੈ।

ਸਤਿਗੁਰੂ ਦਾ ਜਸ ਅਪਰੰਪਾਰ ਹੈ। ਗੁਰਬਾਣੀ ਵਿੱਚ ਕਿਤੇ ਸਤਿਗੁਰੂ ਦੀ ਉਪਮਾ ਵਿਸ਼ਾਲ ਸਾਗਰ ਨਾਲ ਕੀਤੀ ਹੈ ਅਤੇ ਸਿੱਖੀ ਨੂੰ, ਸੰਗਤ ਨੂੰ ਨਦੀ ਆਖਿਆ ਹੈ। ਕਿਤੇ ਗੁਰੂ ਨੂੰ ਦਰਿਆ ਅਤੇ ਆਪਣੇ ਆਪ ਨੂੰ "**ਮੈ ਮਛੁਲੀ ਕੈਸੇ ਅੰਤੁ ਲਹਾ**" ਲਿਖਿਆ ਹੈ। ਸਤਿਗੁਰੂ ਸੁਖਾਂ ਦਾ ਸਾਗਰ ਹੈ, ਭਵ-ਖੰਡ ਤੋਂ ਪਾਰ ਕਰਨ ਵਾਲਾ ਜਹਾਜ਼ ਹੈ ਅਤੇ "**ਗੁਰ ਨਾਲਿ ਤੁਲਿ ਨ ਲਗਈ ਡਿਠਾ ਬ੍ਰਹਮੰਡ**" - ਸਾਰੇ ਬ੍ਰਹਮੰਡਾਂ ਵਿੱਚ ਗੁਰੂ ਵਰਗਾ ਹੋਰ ਕੋਈ ਹੈ ਹੀ ਨਹੀਂ। ਸਤਿ-ਪੁਰਖ, ਸਤਿਗੁਰੂ, ਪੂਰਨ ਬਿਬੇਕ ਹੈ। ਭੱਟਾਂ ਦੇ ਸਵੈਯਾਂ ਵਿਚ ਤਾਂ "**ਗੁਰੁ ਅਰਜੁਨ ਪ੍ਰਤਖ ਹਰਿ**", ਕਹਿ ਕੇ ਸਤਿਗੁਰੂ ਦੀ ਸਿਫਤ ਸਲਾਹ ਕੀਤੀ ਹੈ। ਸਤਿਗੁਰੂ ਪਾਸ ਜੋ ਖਜ਼ਾਨਾ ਹੈ, ਸਤਿਗੁਰੂ ਸਿੱਖ ਨੂੰ ਜੋ ਸਭ ਤੋਂ ਵੱਡੀ ਦਾਤ ਬਖਸ਼ਦਾ ਹੈ, ਉਹ ਹੈ - "ਨਾਮ ਨਿਧਾਨ" "**ਸਤਿਗੁਰੁ ਸਿਖ ਕਉ ਨਾਮ ਧਨੁ ਦੇਇ, ਗੁਰ ਕਾ ਸਿਖ ਵਡਭਾਗੀ ਹੇ॥**" ਪੂਰੇ ਗੁਰੂ ਦੀ ਤਾਰੀਫ ਹੀ ਇਹੋ ਹੈ - **ਸੋ ਸਤਿਗੁਰ ਜਿਸੁ ਰਿਦੈ ਹਰਿ ਹਰਿ ਨਾਉ॥** ਜਿਸਦੇ ਹਿਰਦੇ ਵਿਚ "ਨਾਮ" ਹੈ। ਗੁਰਬਾਣੀ ਅਨੁਸਾਰ ਅੰਮ੍ਰਿਤ ਨਾਮ ਨਿਧਾਨ ਹੈ ਅਤੇ "**ਗੁਰ ਅੰਮ੍ਰਿਤ ਭਿੰਨੀ ਦੇਹੁਰੀ**" - ਗੁਰੂ ਦੀ ਦੇਹ ਵੀ ਸ਼ਬਦ ਦੀ, "ਨਾਮ" ਦੀ ਹੁੰਦੀ ਹੈ।

ਸਤਿਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ -ਆਪ ਨਾਰਾਇਣ ਕਲਾ ਧਾਰ ਜਗਤ ਜਲੰਦੇ ਦੇ ਉਧਾਰ ਲਈ ਪ੍ਰਗਟ ਹੋਏ। ਭਾਈ ਗੁਰਦਾਸ ਜੀ ਲਿਖਦੇ ਹਨ - ਬਾਬਾ ਪੈਧਾ ਸਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ। ਗੁਰੂ ਸਾਹਿਬ ਸਚਖੰਡ ਤੋਂ ਨਾਮ ਅਤੇ ਨਿਮਰਤਾ (ਗਰੀਬੀ) ਲੈ ਕੇ ਆਏ ਫੇਰ ਏਸੇ ਦਾਤ ਨੂੰ ਵੰਡਣ ਲਈ, ਸ੍ਰਿਸ਼ਟੀ ਦੇ ਕਲਿਆਣ ਲਈ - ਚੜ੍ਹਿਆ ਸੋਧਣ ਧਰਤਿ ਲੋਕਾਈ - ਚਾਰੇ ਦਿਸ਼ਾਵਾਂ ਵੱਲ ਉਦਾਸੀਆਂ (ਦੌਰੇ) ਕੀਤੀਆਂ। ਭੁੱਲੇ ਭਟਕੇ ਲੋਕਾਂ ਨੂੰ ਸਦ ਮਾਰਗ ਤੇ ਤੋਰਨ ਲਈ, ਸਮਝਾਉਣ ਲਈ ਆਪ ਨੇ ਕਿਸੇ ਨਾਲ ਵਿਵਾਦ ਨਹੀਂ ਕੀਤਾ, ਬਹਿਸ ਨਹੀਂ ਕੀਤੀ, ਸਗੋਂ ਸੰਵਾਦ (ਗੋਸ਼ਟਿ) ਕੀਤਾ। ਆਪ ਦਾ ਸੰਵਾਦ ਕਾਵਿਕ ਅਤੇ ਸੰਗੀਤਕ ਸੀ - ਗਿਆਨ ਸੀ, ਜੋ ਕਿ ਪ੍ਰੇਮ ਰਸ ਪਰੁੱਚਾ ਸੀ। ਸਾਹਿਤ ਅਤੇ ਸੰਗੀਤ ਦਾ, ਸਹਿਜ ਅਤੇ ਸੁਹਜ ਦਾ ਅਦਭੁੱਤ ਸੁਮੇਲ ਸੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼। ਸਤਿਗੁਰੂ ਨਾਨਕ ਦੇਵ ਜੀ ਦੇ ਹਿਰਦੇ ਵਿੱਚ ਨਾਮ ਸੀ ਪਰਮਾਤਮਾ ਦਾ। ਨਾਮ ਦੀ ਵਿਆਖਿਆ ਗੁਰਬਾਣੀ ਦੁਆਰਾ ਹੋਈ - **ਸਫਲ ਸੁ ਬਾਣੀ ਜਿਤੁ ਨਾਮ ਵਖਾਣੀ** - ਗੁਰਬਾਣੀ ਦਾ ਆਗਮਨ ਅਨਹਦ-ਨਾਦ ਦੁਆਰਾ, ਸੰਗੀਤ ਦੇ ਮਧੁਰ ਅਲਾਪ ਦੁਆਰਾ ਹੋਇਆ। ਗੁਰੂ ਸਾਹਿਬ ਨੇ ਜਿਸ ਰਾਗ ਵਿਚ ਬਾਣੀ ਉਚਾਰਨੀ ਹੁੰਦੀ, ਉਸੇ ਰਾਗ ਵਿਚ ਭਾਈ ਮਰਦਾਨੇ ਨੂੰ ਰਬਾਬ ਵਜਾਉਣ ਨੂੰ ਆਖਦੇ। ਜਨਮ ਸਾਖੀ ਵਿੱਚ ਵਾਰ ਵਾਰ ਪੜ੍ਹਨ ਨੂੰ ਮਿਲਦਾ ਹੈ - ਮਰਦਾਨਿਆਂ ਛੇੜ ਰਬਾਬ

Namdhari Elibrary NamdhariElibrary@gmail.com

ਬਾਣੀ ਆਈ ਹੈ। ਭਾਈ ਮਰਦਾਨੇ ਦੇ ਰਬਾਬ ਦੇ ਮਧੁਰ ਵਾਦਨ ਨਾਲ ਸੰਗੀਤਮਈ ਵਾਤਾਵਰਨ ਸਿਰਜਿਆ ਜਾਂਦਾ, ਫੇਰ ਗੁਰੂ ਸਾਹਿਬ ਬਾਣੀ ਉਚਾਰਦੇ, ਗਾਉਂਦੇ। ਜੰਗਲ ਵਿਚ wrb bi iKdk` gP[g8hthchb/iKd/ **ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰੂ ਕੀ ਵਡਿਆਈ** - ਰੂਪਮਾਨ ਹੋਈ। ਆਪ ਜੀ ਦੇ ਉਪਦੇਸ਼ ਨਾਲ ਮਾਨਸ ਤੇ ਦੇਵਤੇ, ਠੱਗਾਂ ਤੋਂ ਸੱਜਣ ਅਤੇ ਚੋਰ ਡਾਕੂਆਂ ਤੋਂ ਦਾਨੀ ਪੁਰਸ਼ ਬਣ ਗਏ। ਖ਼ਿਮਾ, ਗਰੀਬੀ, ਬੰਦਗੀ ਅਤੇ ਤਪ-ਤਿਆਗ ਤੇ ਵੈਰਾਗ ਦੀਆਂ ਮਹਿਕਾਂ ਭਰੀ ਸਿੱਖ ਫੁਲਵਾੜੀ ਦੀ ਆਪ ਨੇ ਸਾਜਨਾ ਕੀਤੀ। ਗੁਰੂ ਨਾਨਕ ਦੇਵ ਜੀ ਨੇ ਲਹਿਣਾ ਜੀ ਨੂੰ ਆਪਣਾ ਹੀ ਅੰਗ ਬਣਾ, ਸਤਿਗੁਰੂ ਅੰਗਦ ਦੇਵ ਸੰਗਤਾਂ ਨੂੰ ਬਖਸ਼ਿਆ ਅਤੇ "**ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ**" ਦਾ ਇਕਰਾਰ ਵੀ ਕੀਤਾ। ਆਪ ਦੇ ਜੋਤਿ ਸਰੂਪ ਸਾਰੇ ਸਤਿਗੁਰੂ ਸਾਹਿਬਾਨਾਂ ਨੇ ਨਾਮ ਬਾਣੀ ਅਤੇ ਰਾਗ ਦਾ ਪ੍ਰਚਾਰ ਪ੍ਰਸਾਰ ਕੀਤਾ। ਛੇਵੇਂ ਪਾਤਸ਼ਾਹ ਨੇ ਪੀਰੀ ਦੇ ਨਾਲ ਭਾਵੇਂ ਮੀਰੀ ਦੀ ਤਲਵਾਰ ਵੀ ਸਜਾਈ ਪਰ ਤਾਊਸ ਤੇ ਗੁਰਬਾਣੀ ਦਾ ਗਾਇਨ ਅਤੇ ਨਾਮ ਦੀ ਦਾਤ ਆਪ ਦੇ ਪ੍ਰਚਾਰ ਦਾ ਆਧਾਰ ਸੀ। ਸਾਹਿਬ ਕਲਗੀਧਰ ਪਾਤਸ਼ਾਹ ਸਤਿਗੁਰੂ ਗੋਬਿੰਦ ਸਿੰਘ ਜੀ ਨਾਮ ਦੀ ਮਹਿਮਾ ਲਿਖਦੇ ਹਨ :

ਸਭ ਕਰਮ ਫੋਕਟ ਜਾਨ॥
ਸਭ ਧਰਮ ਨਿਹਫਲ ਮਾਨ॥
ਬਿਨ ਏਕ ਨਾਮ ਅਧਾਰ॥
ਸਭ ਕਰਮ ਭਰਮ ਬਿਚਾਰ॥

ਦਸਮ ਗੁਰਬਾਣੀ ਵਿਚ ਰਾਮਕਲੀ ਰਾਗ ਵਿੱਚ ਸੰਨਿਆਸ ਧਾਰਨ ਕਰਨ ਲਈ "**ਨਾਮ ਬਿਭੂਤਿ ਲਗਾਉ**" ਦਾ ਉਪਦੇਸ਼ ਦਿੱਤਾ। ਸਿੱਖ ਰਾਜ ਵੇਲੇ ਐਸ਼ਪ੍ਰਸਤੀ ਵਿੱਚ ਪੈ ਕੇ, ਸਿੱਖ ਨਾਮ ਬਾਣੀ ਭੁੱਲ ਬੈਠੇ, ਧਰਮ ਦਾ ਤੇਜ ਖਤਮ ਹੋ ਗਿਆ। ਪੰਜਾਬ ਮੁੜ ਗੁਲਾਮ ਹੋ ਗਿਆ।

"ਮੈਂ ਫੇਰ ਕਰੂੰਗਾ ਖਾਲਸਾ, ਵਸੇ ਵਿੱਚ ਪੰਜਾਬ" - ਕਰਨੀਨਾਮੇ ਦੇ ਭਵਿੱਖਤ ਵਾਕਾਂ ਅਨੁਸਾਰ, ਸਤਿਗੁਰੂ ਰਾਮ ਸਿੰਘ ਜੀ ਨੇ ਖਾਲਸੇ ਦੀ ਨਿਆਰੀ ਪਹਿਚਾਨ ਅਤੇ ਸ਼ਾਨ ਮੁੜ ਸਥਾਪਿਤ ਕੀਤੀ। ਨਾਮ - ਬਾਣੀ ਅਤੇ ਗੁਰਮੁਖੀ ਬਾਣੇ ਨਾਲ ਜੋੜਿਆ। **ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ॥** - ਮੁੜ ਸਾਕਾਰ ਹੋ ਗਿਆ। **ਆਪਿ ਜਪੈ ਅਵਰਹ ਨਾਮੁ ਜਪਾਵੈ॥** ਗੁਰਵਾਕ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ **ਬੀਸਕ ਬਰਸ ਜੁਹਦ ਜਾਪ ਕੀਨੋ ਮਨ ਲਾਇਕੈ** - ਵੀਹ ਵਰ੍ਹੇ ਆਪ ਕਠਿਨ ਤਪ ਕਰਕੇ, ਫੇਰ ਨਾਮ ਦਾ ਛੱਟਾ ਦਿੱਤਾ। ਨਾਮ ਜਪਣ ਕਰਕੇ ਖਾਲਸੇ ਦੇ ਨਵੇਂ ਸਰੂਪ ਦਾ ਨਾਮ "**ਨਾਮਧਾਰੀ**" ਪ੍ਰਚਲਤ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ - ਇਹ ਜੋ ਤੁਹਾਨੂੰ ਨਾਮ ਦਿੱਤਾ ਹੈ, ਮੈਂ ਆਪਣਾ ਹਿਰਦਾ ਕੱਢ ਕੇ ਦਿੱਤਾ ਹੈ। ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ - ਗੁਰਵਾਕ ਅਨੁਸਾਰ ਓਹੀ ਸਤਿਗੁਰੂ ਹੈ ਜਿਸਦੇ ਹਿਰਦੇ ਵਿਚ ਨਾਮ ਹੈ॥ - ਵਡਭਾਗੇ ਹਨ ਉਹ ਮਨੁੱਖ ਜਿਨ੍ਹਾਂ ਨੂੰ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਹੀ, ਪੌਣੇ ਸਤਾਰਾਂ ਸਾਲਾਂ ਦੀ ਯੁਵਾ ਅਵਸਥਾ ਵਿੱਚ ਸਰਹੰਦ ਨਹਿਰ ਕੰਢੇ ਚਾਲੀ ਦਿਨ ਪਹਿਲਾਂ ਨਾਮ ਸਿਮਰਨ (ਜਪ-ਪ੍ਰਯੋਗ) ਕੀਤਾ, ਜੋ ਅੱਜ ਤੱਕ ਹਰ ਵਰ੍ਹੇ ਹੁੰਦਾ ਹੈ। ਇਸੇ ਤਰ੍ਹਾਂ ਰੋਜ਼ਾਨਾ ਇੱਕ ਘੰਟਾ ਨਿਤਨੇਮ ਅਤੇ ਨਾਮ ਸਿਮਰਨ ਦੀਆਂ ਅਖੰਡ ਵਰਨੀਆਂ ਵੀ ਆਪ ਜੀ ਨੇ ਸ਼ੁਰੂ ਕਰਵਾਈਆਂ। ਗੁਰਬਾਣੀ ਦੇ ਲੱਖਾਂ ਸਧਾਰਨ ਪਾਠਾਂ ਅਤੇ ਹਜ਼ਾਰਾਂ ਅਖੰਡ ਪਾਠ ਕਰਵਾਏ। ਕੀਰਤਨ ਦੀਆਂ ਪੁਰਾਂਤਨ ਰੀਤਾਂ ਨੂੰ ਸੰਭਾਲਿਆ ਤੇ ਗੁਰਮਤ ਸੰਗੀਤ ਸੰਮੇਲਨ ਕਰਵਾਏ। ਆਪ ਜੀ ਜਦੋਂ ਤਾਊਸ ਤੇ ਗਜ ਫੇਰਦੇ, ਆਪ ਗਾਉਣ ਦੀ ਕਿਰਪਾ ਕਰਦੇ, ਅਜਿਹਾ ਵੈਰਾਗਮਈ ਕੀਰਤਨ ਹੁੰਦਾ ਕਿ ਸੰਗਤਾਂ ਮਸਤਾਨੀਆਂ ਹੋ ਜਾਂਦੀਆਂ। ਰਾਗ ਪ੍ਰਤੀ ਆਪ ਜੀ ਦੀ ਪ੍ਰਤੀਬੱਧਤਾ ਏਨੀ ਪਰਪੱਕ ਸੀ ਕਿ ਆਪ ਜੀ ਦੇ ਪ੍ਰਵਚਨਾਂ ਵਿਚ ਰਿਕਾਰਡ ਬਚਨ ਹਨ - ਹਰ ਸਿੱਖ ਦੇ ਬੱਚੇ ਚੋਂ ਰਾਗ ਦੀ ਕੁਝ ਨਾ ਕੁਝ ਖੁਸ਼ਬੂ ਜ਼ਰੂਰ ਆਉਣੀ ਚਾਹੀਦੀ ਹੈ।

> **ਮੈਂ ਸ੍ਰੀ ਸਤਿਗੁਰੂ ਜੀ ਹੀ ਐਸੇ ਪਹਿਲੂ ਵੇਖੇ ਹਨ ਜੋ ਅਰਧਚੇਤਨ ਅਵਸਥਾ ਵਿੱਚ ਹਨ, ਅਜੇ ਬਚਨ ਨਹੀਂ ਕਰਦੇ ਪਰ ਹਜ਼ੂਰੀ ਰਾਗੀ (ਬਲਵੰਤ ਸਿੰਘ) ਦੇ ਅਰਜ਼ ਕਰਨ ਤੇ ਆਪ (ਰਾਗ) ਗਾਉਂਦੇ ਹਨ। ਮੇਰੇ ਵਾਸਤੇ ਇਹ ਪਹਿਲੀ ਅਤੇ ਅਲੌਕਿਕ ਘਟਨਾ ਹੈ ਕਿ ਸ੍ਰੀ ਸਤਿਗੁਰੂ ਜੀ ਪੂਰੇ ਦਿਨ ਵਿੱਚ ਬਚਨ ਨਹੀਂ ਕਰਦੇ ਜਾਂ ਬਹੁਤ ਘੱਟ ਕਰਦੇ ਹਨ ਪਰ ਸ਼ਾਮ ਨੂੰ ਜਦੋਂ ਹਜ਼ੂਰੀ ਵਿੱਚ ਪੁਰਾਤਨ ਰਾਗ ਰੀਤਾਂ ਗਾਈਆਂ ਜਾਂਦੀਆਂ ਹਨ ਤਾਂ ਅੱਧਾ ਪੌਣਾ ਘੰਟਾ ਆਪ ਵੀ ਗਾਉਣ ਦੀ ਕਿਰਪਾ ਕਰਦੇ ਹਨ।**

Namdhari Elibrary NamdhariElibrary@gmail.com

ਸਤਿਗੁਰੂ ਨਾਨਕ ਦੇਵ ਜੀ ਨੇ ਰਾਗ, ਨਾਮ ਅਤੇ ਬਾਣੀ ਦੇ ਅਧਾਰ ਤੇ ਜਿਹੜੀ ਸਿੱਖੀ ਦੀ ਅਬਿਚਲ ਨੀਂਹ ਰੱਖੀ ਉਹ "**ਨਿਤ ਨਿਤ ਚੜ੍ਹੈ ਸਵਾਈ**" - ਗੁਰਵਾਕ ਅਨੁਸਾਰ - ਹਰ ਆਏ ਦਿਨ ਦੂਣ ਸਵਾਈ ਹੀ ਹੁੰਦੀ ਹੈ। ਨਾਮਧਾਰੀ ਸਿੱਖ ਸਮਾਜ ਦੇ ਵਰਤਮਾਨ ਸਿਰਤਾਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿੱਚ ਸਿੱਖੀ ਫੁਲਵਾੜੀ ਦੀਆਂ ਮਹਿਕਾਂ ਦੂਰ ਦੂਰ ਤੱਕ ਫੈਲੀਆਂ ਹਨ। ਆਪ ਜੀ ਨਾਮ ਜਪਦੇ ਅਤੇ ਜਪਾਉਂਦੇ ਹਨ। ਪਿਤਾ ਸਤਿਗੁਰੂ ਜੀ ਦੇ ਸਮੇਂ ਤੋਂ ਚੱਲ ਰਹੀਆਂ ਦੋ ਅਖੰਡ ਵਰਨੀਆਂ ਦੀ ਜਗ੍ਹਾ ਹੁਣ ਨਾਮਧਾਰੀ ਸਮਾਜ ਵਿਚ ਨਾਮ ਸਿਮਰਨ ਦੀਆਂ ਸੋਲਾਂ ਵਰਨੀਆਂ ਚੱਲ ਰਹੀਆਂ ਹਨ। ਸਲਾਨਾ ਨਾਮ ਸਿਮਰਨ ਦੇ ਨਾਲ ਸ੍ਰੀ ਭੈਣੀ ਸਾਹਿਬ ਅਖੰਡ ਨਾਮ ਸਿਮਰਨ ਜਪ ਪ੍ਰਯੋਗ ਚਲਦਾ ਹੈ। ਆਪ ਨੇ ਬਾਣੀ ਅਤੇ ਬਾਣੇ ਦੀ ਸ਼ੁੱਧਤਾ ਕਾਇਮ ਰੱਖੀ ਹੈ। ਸਾਬਤ ਸੂਰਤ ਸਿੱਖੀ ਸਰੂਪ ਪੰਜਾਂ ਮਹਾਂਦੀਪਾਂ ਤੱਕ ਫੈਲਿਆ ਹੈ। ਖੇਡਾਂ, ਸਾਹਿਤ, ਸੰਗੀਤ ਅਤੇ ਖੇਤੀ, ਬਾਗਬਾਨੀ ਆਦਿ ਖੇਤਰਾਂ ਵਿੱਚ ਸਿੱਖੀ ਸਰੂਪ ਦੀ ਮਾਣਯੋਗ ਪਛਾਣ ਕਾਇਮ ਕਰਨ ਲਈ ਆਪ ਨੇ ਅਨੇਕਾਂ ਸਫਲ ਯਤਨ ਕੀਤੇ। ਅਨੇਕਾਂ ਮਹਾਨ ਕਾਰਜ ਹਨ ਜੋ ਪਿਛਲੀ ਅੱਧੀ ਸਦੀ ਦੌਰਾਨ ਆਪ ਜੀ ਨੇ ਕੀਤੇ ਤੇ ਕਰਵਾਏ ਹਨ ਪਰ ਮੇਰੇ ਲੇਖ ਦਾ ਵਿਸ਼ਾ ਕੇਵਲ - **ਜਿਸੁ ਰਿਦੈ ਹਰਿ ਨਾਉ ਹੈ॥**

ਸਤਿਗੁਰੂ ਅਜਨਮਾ ਹੁੰਦਾ ਹੋਇਆ ਵੀ ਆਪਣੀ ਯੋਗ ਮਾਇਆ ਦੀ ਰਚਨਾ ਕਰਕੇ ਮਨੁੱਖਾ ਸਰੀਰ ਧਾਰਦਾ ਹੈ। ਕਰਣ-ਕਾਰਣ, ਹੁੰਦਿਆਂ ਹੋਇਆਂ ਕਾਰਣ ਵੱਸ ਹੋ ਕੇ ਬਚਿਤ੍ਰ ਨਾਟਕ ਕਰਦਾ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨਰ ਲੀਲ੍ਹਾ ਕਰਦਿਆਂ, ਆਮ ਮਨੁੱਖਾਂ ਵਾਂਗ ਵਿਚਰਦਿਆਂ, ਦੁਖ ਸੁਖ ਸਹਿਣ ਕਰਦਿਆਂ ਅਜੇਹੇ ਪੂਰਨੇ ਪਾਉਂਦੇ ਹਨ, ਅਜਿਹੀਆਂ ਪੈੜਾਂ ਪਾਉਂਦੇ ਹਨ ਕਿ ਜਿਹਨਾਂ ਪਦ-ਚਿੰਨ੍ਹਾਂ ਤੇ ਚੱਲ ਕੇ - **ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨਾ ਲਗੈ ਦੁਖੁ॥** ਦੀ ਅਵਸਥਾ ਬਣ ਜਾਂਦੀ ਹੈ। ਆਮ ਮਨੁੱਖ ਜੀਵਨ ਭਰ ਕੇਵਲ ਆਪਣੇ ਸੁਖ ਵਾਸਤੇ ਯਤਨਸ਼ੀਲ ਰਹਿੰਦਾ ਹੈ ਪਰ ਸਤਿਗੁਰੂ ਸੱਚੇ ਪਾਤਸ਼ਾਹ ਦੂਸਰਿਆਂ ਦੇ ਦੁਖ ਅਪਣੇ ਤੇ ਲੈ ਕੇ ਸਹਿਜ ਅਵਸਥਾ ਵਿੱਚ ਰਹਿਣ ਦੀ ਸਿੱਖਿਆ ਦਿੰਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਨੂੰ ਇਕ ਵਾਰ ਬਹੁਤ ਪੇਟ ਦਰਦ ਹੋਈ। ਬਾਅਦ ਵਿਚ ਸਿੱਖਾਂ ਪੁੱਛਿਆ ਕਿ ਏਹ ਕੀ ਲੀਲ੍ਹਾ ਸੀ ਤਾਂ ਆਪ ਨੇ ਫੁਰਮਾਇਆ ਕਿ ਜੋ ਦੁੱਖ ਸਿੱਖਾਂ ਦੇ ਹਿੱਸੇ ਆਇਆ ਸੀ, ਉਹ ਮੈਂ ਆਪਣੇ ਸਰੀਰ ਤੇ ਝੱਲ ਲਿਆ ਹੈ। ਇਸੇ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਹ ਕਰਕੇ ਜੋ ਲੀਲ੍ਹਾ ਰਚੀ ਹੈ, ਉਹ ਤੇ ਆਪ ਹੀ ਜਾਣਦੇ ਹਨ :

ਪਤਾ ਨਹੀਂ ਦੁਖ ਕੇਡਾ ਕੁ ਸੀ,
ਕਿਸ ਕਿਸ ਲੇਖ ਲਿਖਾਇਆ,
ਤੁਸਾਂ ਜੋ ਆਪਣੇ ਤਨ ਤੇ ਲੈ ਕੇ
ਕਿਸ ਕਿਸ ਤਾਈਂ ਬਚਾਇਆ।

ਫਰਵਰੀ 2006 ਵਿੱਚ ਵੀ ਥਾਈਲੈਂਡ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਸਟਰੋਕ (ਅਟੈਕ) ਹੋਇਆ। ਬਮਰੂੰਗਰਾਟ ਹਸਪਤਾਲ ਵਿਖੇ ਜਦੋਂ ਸਿਹਤ ਕੁਝ ਠੀਕ ਹੋਈ, ਤਾਂ ਇਕ ਦਿਨ ਡਾਕਟਰਾਂ ਦੇ ਅਰਜ਼ ਕਰਨ ਤੇ ਵੀ ਆਪ ਜੀ ਨੇ ਕੋਈ ਬਚਨ ਨਹੀਂ ਕੀਤਾ ਪਰ ਉਸੇ ਦਿਨ ਸ਼ਾਮ ਨੂੰ ਪੰਦਰਾਂ ਮਿੰਟ ਗਾਉਣ ਦੀ ਕਿਰਪਾ ਕੀਤੀ। ਇਸ ਸਮੇਂ ਰਿਕਾਰਡ ਕੀਤੀਆਂ ਗਈਆਂ ਬੰਦਸ਼ਾਂ "ਰੂਪ ਰੱਬ ਦਾ" ਡੀ. ਵੀ. ਡੀ. ਵਿੱਚ ਸੰਗਤਾਂ ਨੇ ਸਰਵਨ ਕੀਤੀਆਂ ਹਨ। ਰਾਗ-ਨਿਆਮਤਾਂ ਅਤੇ ਰੱਬੀ ਗੀਤ (ਗੁਰਬਾਣੀ) ਤਾਂ ਆਪ ਜੀ ਦੀ ਰੂਹ ਦੀ ਖੁਰਾਕ ਹੈ।

ਜੂਨ 2009 ਵਿਚ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਜੇਹੀ ਲੀਲ੍ਹਾ ਰਚੀ ਕਿ ਸਿਹਤ ਕਾਫੀ ਢਿੱਲੀ ਹੋ ਗਈ। ਕਾਫੀ ਸਮਾਂ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਪਤਾਲ ਵਿੱਚ ਰਹਿਣਾ ਪਿਆ। ਏਥੇ ਸੇਵਾ ਵਿਚ ਫਿਜ਼ਿਓਥੈਰੇਪਿਸਟ ਡਾ. ਰਵੀ ਸ਼ੰਕਰ ਨੇ ਆਖਿਆ ਕਿ ਸਾਡੇ ਪਾਸ ਜੋ ਵੀ ਸਟਰੋਕ ਦੇ ਮਰੀਜ਼ ਆਉਂਦੇ ਹਨ, ਕਈ ਤਾਂ ਬੁੜਬੁੜਾਉਂਦੇ ਹਨ, ਕਈ ਗਾਲ੍ਹਾਂ ਕੱਢਦੇ ਹਨ, ਜੋ ਕੁਝ ਅਚੇਤ ਮਨ ਵਿੱਚ ਪਿਆ ਹੁੰਦਾ ਹੈ ਸੁਚੇਤ ਅਵਸਥਾ ਵਿੱਚ ਮਨੁੱਖ ਪ੍ਰਗਟ ਨਹੀਂ ਹੋਣ ਦਿੰਦਾ, ਉਹ ਸਭ ਕੁਝ ਬਾਹਰ ਨਿਕਲਦਾ ਹੈ। ਪਰ ਮੈਂ ਸ੍ਰੀ ਸਤਿਗੁਰੂ ਜੀ ਹੀ ਐਸੇ ਪਹਿਲੇ ਵੇਖੇ ਹਨ ਜੋ ਅਰਧਚੇਤਨ ਅਵਸਥਾ ਵਿੱਚ ਹਨ, ਅਜੇ ਬਚਨ ਨਹੀਂ ਕਰਦੇ ਪਰ ਹਜ਼ੂਰੀ ਰਾਗੀ (ਬਲਵੰਤ ਸਿੰਘ) ਦੇ ਅਰਜ਼ ਕਰਨ ਤੇ ਆਪ (ਰਾਗ) ਗਾਉਂਦੇ ਹਨ। ਮੇਰੇ ਵਾਸਤੇ ਇਹ ਪਹਿਲੀ ਅਤੇ ਅਲੌਕਿਕ ਘਟਨਾ ਹੈ ਕਿ ਸ੍ਰੀ ਸਤਿਗੁਰੂ ਜੀ ਪੂਰੇ ਦਿਨ ਵਿੱਚ ਬਚਨ ਨਹੀਂ ਕਰਦੇ ਜਾਂ ਬਹੁਤ ਘੱਟ ਕਰਦੇ ਹਨ ਪਰ ਸ਼ਾਮ ਨੂੰ ਜਦੋਂ ਹਜ਼ੂਰੀ ਵਿੱਚ ਪੁਰਾਤਨ ਰਾਗ ਰੀਤਾਂ ਗਾਈਆਂ ਜਾਂਦੀਆਂ ਹਨ ਤਾਂ ਅੱਧਾ ਪੌਣਾ ਘੰਟਾ ਵੀ ਆਪ ਗਾਉਣ ਦੀ ਕਿਰਪਾ ਕਰਦੇ ਹਨ। ਆਪ ਦੇ ਹਿਰਦੇ ਦੀਆਂ ਡੂੰਘਾਈਆਂ ਵਿੱਚ, ਅਚੇਤ ਮਨ ਵਿੱਚ ਹੀ ਨਾਮ ਹੈ ਬਾਣੀ ਹੈ ਅਤੇ ਰਾਗ ਹੈ।

Namdhari Elibrary NamdhariElibrary@gmail.com

ਫਰਵਰੀ 2006 ਵਿੱਚ ਵੀ ਥਾਈਲੈਂਡ ਵਿਖੇ ਸ੍ਰੀ ਸਤਿਗੁਰੂ ਜੀ ਨੂੰ ਸਟਰੋਕ (ਅਟੈਕ) ਹੋਇਆ। ਬਮਰੂੰਗਰਾਟ ਹਸਪਤਾਲ ਵਿਖੇ ਜਦੋਂ ਸਿਹਤ ਕੁਝ ਠੀਕ ਹੋਈ, ਤਾਂ ਇਕ ਦਿਨ ਡਾਕਟਰਾਂ ਦੇ ਅਰਜ਼ ਕਰਨ ਤੇ ਵੀ ਆਪ ਜੀ ਨੇ ਕੋਈ ਬਚਨ ਨਹੀਂ ਕੀਤਾ ਪਰ ਉਸੇ ਦਿਨ ਸ਼ਾਮ ਨੂੰ ਪੰਦਰਾਂ ਮਿੰਟ ਗਾਉਣ ਦੀ ਕਿਰਪਾ ਕੀਤੀ। ਇਸ ਸਮੇਂ ਰਿਕਾਰਡ ਕੀਤੀਆਂ ਗਈਆਂ ਬੰਦਸ਼ਾਂ "ਰੂਪ ਰੱਬ ਦਾ" ਡੀ. ਵੀ. ਡੀ. ਵਿੱਚ ਸੰਗਤਾਂ ਨੇ ਸਰਵਨ ਕੀਤੀਆਂ ਹਨ।

ਸਤਿਗੁਰੂ ਸੱਚੇ ਪਾਤਸ਼ਾਹ ਜਿਸ ਅਵਸਥਾ ਵਿੱਚ ਲੀਲਾ ਕਰ ਰਹੇ ਹਨ, ਇਹ ਵੀ ਇਕ ਸਮਾਧੀ ਦੀ ਅਵਸਥਾ ਹੈ, ਜਿਸ ਨੂੰ ਨਿਰ ਸ਼ਬਦ ਸਮਾਧੀ ਕਿਹਾ ਜਾਂਦਾ ਹੈ। ਆਪਣੇ ਚੁਫੇਰੇ ਤੋਂ ਨਿਰਲੇਪ ਅਤੇ ਵਿਰਕਤ ਹੋ ਜਾਣਾ। ਹੁਣ ਵੀ ਸੱਚੇ ਪਾਤਸ਼ਾਹ ਜੀ ਦੀ ਸਿਹਤ ਭਾਵੇਂ ਬਹੁਤ ਠੀਕ ਹੈ ਪਰ ਬਚਨ ਬਹੁਤ ਘੱਟ ਕਰਨ ਦੀ ਕਿਰਪਾ ਕਰਦੇ ਹਨ। ਅੱਜਕਲ੍ਹ ਸੇਵਾ ਵਿੱਚ ਹਾਜ਼ਰ ਫਿਜ਼ਿਓਥੈਰੇਪਿਸਟ ਡਾ. ਵਿਕਾਸ ਸ਼ਰਮਾ ਨੇ ਕਿਸੇ ਸਿੰਘ ਦੇ ਪੁੱਛਣ ਤੇ ਕਿਹਾ ਕਿ ਮੈਂ ਨਹੀਂ ਸਮਝਦਾ ਕਿ ਸ੍ਰੀ ਸਤਿਗੁਰੂ ਜੀ ਨੂੰ ਬਚਨ ਕਰਨ ਵਿੱਚ ਕੁਝ ਮੁਸ਼ਕਲ ਹੈ, ਇਹ ਤਾਂ ਉਹਨਾਂ ਦੀ ਰਜ਼ਾ ਹੈ ਕਿ ਜਦੋਂ ਕਿਰਪਾ ਕਰਦੇ ਹਨ, ਬਚਨ ਵੀ ਕਰਦੇ ਹਨ, ਸ਼ਬਦ ਵੀ ਗਾਉਂਦੇ ਹਨ ਪਰ ਦੇਹ ਕਰਕੇ ਜਿੰਨਾਂ ਸਮਾਂ ਜਾਗਦੇ ਹਨ - ਨਾਮ ਜਪਦੇ ਹਨ, ਨਿਤਨੇਮ ਦੀਆਂ ਬਾਣੀਆਂ ਦਾ (ਕੰਠੋਂ) ਪਾਠ ਕਰ ਰਹੇ ਹੁੰਦੇ ਹਨ। ਸ਼ਾਮ ਨੂੰ ਸੰਗੀਤਕ ਬੰਦਸ਼ਾਂ ਅਤੇ ਸ਼ਬਦ ਗਾਉਂਦੇ ਹਨ। ਬਹੁਤ ਪੁਰਾਣੀਆਂ ਅਤੇ ਔਖੀਆਂ ਬੰਦਸ਼ਾਂ ਵੀ ਗਾਉਣ ਦੀ ਕਿਰਪਾ ਕਰਦੇ ਹਨ। ਆਪ ਜੀ ਦੀ ਇਸ ਅਵਸਥਾ ਬਾਰੇ ਤਾਂ ਏਨਾਂ ਹੀ ਕਿਹਾ ਜਾ ਸਕਦਾ ਹੈ - **ਕਹੁ ਨਾਨਕ ਕਰਤੇ ਕੀਆ ਬਾਤਾ॥ ਜੋ ਕਿਛੁ ਕਰਣਾ ਸੋ ਕਰ ਰਹਿਆ॥** ਲੱਖਾਂ ਸ਼ਰਧਾਲੂਆਂ ਅਤੇ ਪ੍ਰੇਮੀ ਗੁਰਸਿਖਾਂ ਦੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਸ. ਅਜੀਤ ਸਿੰਘ ਲਾਇਲ ਦੀਆਂ ਲਿਖਤਾਂ ਸਤਰਾਂ ਨਾਲ ਹੀ ਲੇਖ ਨੂੰ ਸੰਪੂਰਨ ਵਿਸਰਾਮ ਦਿੰਦਾ ਹਾਂ-

ਮੰਨਿਆ ਕਿ ਤੂੰ ਖਾਮੋਸ਼ੀ ਦੇ
ਆਲਮ ਵਿੱਚ ਖੁਸ਼ ਰਹਿਨੈਂ,
ਮਖਰ, ਮੁਕਰ, ਸਹਿਜ ਧੁਨ ਧੀਰਜ
ਨਿਰਛਲ, ਨਿਰਮਲ-ਕਰਨੀ,
ਇਹ ਸਾਰੇ ਸੰਦੇਸ਼ ਨੂੰ ਸਾਨੂੰ
ਇਸੇ ਰੂਪ ਵਿਚ ਦੇਨੈਂ। ■

ਜੀ ਕਰਦੈ ਗਾਵਾਂ

✍ ਬਲਦੇਵ ਸਿੰਘ ਵੜੈਚ

ਭੈਣੀ ਸਾਹਿਬ ਦੀ ਧਰਤੀ ਉੱਤੇ ਜੀ ਕਰਦੈ ਗਾਵਾਂ।
ਇਸ ਤੁਲ ਨਾ ਦਿਸਦੀਆਂ ਜਗ ਦੇ ਉੱਤੇ ਥਾਵਾਂ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋ ਕਰੇਗਾ ਦਰਸ਼ਨ।
ਦੁੱਖ ਦਲਿੱਦਰ ਉਸ ਦੇ ਉਸ ਵੇਲੇ ਹੀ ਹਰਸਨ।
ਛਾਲਾਂ ਮਾਰ ਮਾਰ ਕੇ ਆਉਂਦੀਆਂ ਨਾਲ ਖੁਸ਼ੀਆਂ ਚਾਵਾਂ।

ਗੁਰੂ ਨਾਨਕ ਦੀ ਗੱਦੀ ਦਾ ਏਥੇ ਵਸਦਾ ਵਾਰਸ।
ਛੂਹ ਹੈ ਜਿਸ ਦੇ ਚਰਨਾਂ ਦੀ ਸਭ ਨੂੰ ਕਰ ਦੇਂਵਦੀ ਪਾਰਸ।
ਮਿੱਟੀ ਇਹ ਅਮੁੱਲੜੀ ਜੋ ਮੈਂ ਚੁੱਕ ਚੁੱਕ ਮਸਤਕ ਲਾਵਾਂ।

ਇਹ ਦਰ ਹੈ ਗਰੀਬ ਨਿਵਾਜ ਦਾ ਕਰੋ ਸੌਦਾ ਦਿਲ ਦਾ।
ਏਥੇ ਆਸਾਂ ਹੋਵਣ ਪੂਰੀਆਂ ਜੋ ਮੰਗੀਏ ਸੋ ਮਿਲਦਾ।
ਏਥੇ ਦੁਨੀਆਂ ਭਰਦੀ ਝੋਲੀਆਂ ਮੈਂ ਕਿਉਂ ਰਹਿੰਦਾ ਜਾਵਾਂ।

ਸੋਹਣੇ ਗੁਰੂ ਜਗਜੀਤ ਸਿੰਘ ਜੀ ਨੂੰ ਜੋ ਵੀ ਸੇਵੇ।
ਮੱਖਣ ਸ਼ਾਹ ਦੇ ਵਾਂਗ ਬੇੜਾ ਉਸਦਾ ਫਸਣ ਨਾ ਦੇਵੇ।
ਗੁਰ ਲਾਧੋ ਰੇ ਲਾਧੋ ਲਾਧੋ ਰੇ ਮੈਂ ਆਖ ਸੁਣਾਵਾਂ।

ਏਹਨੂੰ ਹਿੰਦੂ ਕਾਸ਼ੀ ਆਖਣ ਮੋਮਨ ਕਹਿੰਦੇ ਮੱਕਾ।
ਇਹ ਪਟਨਾ ਤੇ ਇਹ ਨਨਕਾਣਾ ਸਿੱਖਾਂ ਦੇ ਲਈ ਪੱਕਾ।
'ਬਲਦੇਵ' ਇਸ ਦਰਬਾਰ ਤੋਂ ਮੈਂ ਸਦਕੜੇ ਜਾਵਾਂ।

ਤੇਰੇ ਦਰਸ ਦੀ ਉਡੀਕ

✍ ਡਾ. ਸਤਵੰਤ ਕੌਰ ਮਠਾੜੂ

ਕਰਦੇ ਹਾਂ ਹਰ ਵੇਲੇ ਸਿਮਰਨ, ਗੁਰੂ ਜਗਜੀਤ ਤੇਰਾ।
ਨਹੀਂ ਹੋ ਰਿਹਾ ਸਾਨੂੰ ਦਰਸ਼ਨ , ਗੁਰੂ ਜਗਜੀਤ ਤੇਰਾ।
ਸੰਗਤ ਦਿੱਲੀ ਦੀ ਹੋ ਗਈ ਕਿਵੇਂ, ਤੇਰੇ ਬਾਝੋਂ ਉਦਾਸ।
ਰੱਖੀਏ ਦਿਦਾਰ ਤੇਰੇ ਦੀ, ਆ ਕਰੋ ਪੂਰੀ ਆਸ।
ਆ ਕੇ ਕਰੋ ਕੁਝ ਦਿਨ ਸਤਿਗੁਰ, ਸੰਗਤਾਂ ਨੂੰ ਨਿਹਾਲ ਜੀ।
ਦੇ ਕੇ ਬਖਸ਼ਿਸ਼ਾਂ ਆਪਣੀਆਂ, ਕਰੋ ਮਾਲੋ ਮਾਲ ਜੀ।
ਤੇਰੀ ਤੜਪ ਦਾ ਡਾਢਾ ਤੀਰ, ਸੀਨੇ ਸਾਡੇ ਵੱਜਦਾ।
ਦੀਦ ਤੇਰੀ ਨੂੰ ਕਿਵੇਂ ਇਹ ਮਨ, ਸਾਡਾ ਉੱਡ ਉੱਡ ਭੱਜਦਾ।
ਗੁਰੂ ਜਗਜੀਤ ਪ੍ਰੀਤ ਤੇਰੇ ਨਾਲ ਅਸਾਂ ਲਾਈ ਏ।
ਨੈਣਾਂ ਸਾਡਿਆਂ ਵੇਖ ਤੇਰੀ ਹੀ ਉਡੀਕ ਲਾਈ ਏ।
ਤਪਦਾ ਜੇਠ ਮਹੀਨਾ ਵੇਖੋ ਮੇਘ ਨਾ ਆਵੇ ਲੋਕੋ।
ਚੋ ਚੋ ਪਏ ਪਸੀਨਾ ਮੁੜ੍ਹਕਾ ਚੈਨ ਨਾ ਆਵੇ ਲੋਕੋ।
ਤੱਕ ਤੱਕ ਰਾਹਾਂ ਵੇ ਸਾਡੀਆਂ, ਅੱਖੀਆਂ ਥੱਕੀਆਂ ਨੇ।
ਗਤੀ ਸਵਾਸਾਂ ਦੀਆਂ ਵੇਖੋ, ਕਿਵੇਂ ਰੁਕੀਆਂ ਨੇ।
ਕਿਵੇਂ ਦਰਸ਼ਨ ਸਤਿਗੁਰੂ ਜੀ, ਤੇਰਾ ਹੁਣ ਪਾਈਏ।
ਆ ਕੇ ਕਰ ਅੰਬਰ ਮੇਘ ਛਾਵਾਂ ਦਰਸ ਅਸੀਂ ਪਾਈਏ।

Namdhari Elibrary NamdhariElibrary@gmail.com

ਪ੍ਰਿਤਪਾਲਹਿ ਨਿਤ ਸਾਰ ਸਮਾਲਹਿ

✍ ਅਜੀਤ ਸਿੰਘ ਲਾਇਲ

ਗੁਰਮੁਖ ਸਿੰਘ ਦੂਰੋਂ ਹੀ ਨੰਗੇ ਪੈਰੀਂ ਛਲਾਂਗਾਂ ਮਾਰਦਾ ਵਾਹਣਾਂ ਵਿਚੋਂ, ਚਿੱਕੜ ਭਰੇ ਖੇਤਾਂ ਵਿਚੋਂ, ਚਿੱਕੜ ਨਾਲ ਲੱਥ ਪੱਥ ਹੋਇਆ ਗੁਰੂ ਚਰਨਾਂ ਨਾਲ ਆ ਲਿਪਟ ਗਿਆ। ਵੈਰਾਗੀ ਹੋਇਆ ਵਾਰ ਵਾਰ ਆਖ ਰਿਹਾ ਸੀ–

ਪਾਤਸ਼ਾਹ ਜੀ : ਆਪ ਨੇ ਬਹੁਤ ਕਿਰਪਾ ਕੀਤੀ। ਕਿਥੇ ਆ ਕੇ ਮੈਨੂੰ ਲੱਭ ਕੇ ਦਰਸ਼ਨ ਦਿੱਤੇ।

ਪ੍ਰੀਤਾਂ ਦੇ ਪੈਗੰਬਰ ਤੇ ਮੁਹੱਬਤਾਂ ਦੇ ਸੁਦਾਗਰ, ਸਤਿਗੁਰੂ ਜਗਜੀਤ ਸਿੰਘ ਜੀ, ਉਸ ਸਰਬੰਗੀ ਸ਼ਖਸੀਅਤ ਦੇ ਮਾਲਕ ਹਨ, ਜਿਸ ਗੁਰਬਾਣੀ ਦੀ ਇਸ ਤੁਕ **"ਨਾ ਕੋ ਬੈਰੀ ਨਾਹਿ ਬੇਗਾਨਾ"** ਨੂੰ ਸੱਚ ਕਰਕੇ ਵਿਖਾਇਆ ਹੈ। ਹਜ਼ੂਰ ਪਾਤਸ਼ਾਹ ਨੇ ਸਮੂਹ ਨਾਮਧਾਰੀ ਸਮਾਜ ਦੀ ਇੱਕ ਪਰਿਵਾਰ ਵਾਂਗ ਸਾਂਭ ਸੰਭਾਲ ਕੀਤੀ ਹੈ। ਕਿਸੇ ਨੂੰ ਤਨ ਦਾ ਦੁਖ ਹੈ, ਉਸ ਨੂੰ ਸਾਂਭਿਆ ਹੈ। ਕਿਸੇ ਨੂੰ ਧਨ ਪਦਾਰਥ ਦੀ ਤੋਟ ਆਈ ਹੈ, ਤਾਂ ਉਸਦੀ ਸਾਰ ਲਈ ਹੈ। ਦੂਰ ਦੁਰਾਡੇ ਬੈਠੇ ਸਿੱਖਾਂ ਸੇਵਕਾਂ ਤੱਕ ਲੰਬਾ ਪੈਂਡਾ ਝਾਕ ਕੇ ਬੇ-ਅਰਾਮੀ ਨੂੰ ਮਹਿਸੂਸ ਨਾ ਕਰਦਿਆਂ ਉਸ ਤੱਕ ਪਹੁੰਚ ਕੀਤੀ ਤੇ ਸਾਰ ਲਈ।

ਮਾਰਚ 1978 ਈ. ਦਾ ਇਕ ਵਾਕਿਆ ਹੈ। ਪਾਤਸ਼ਾਹ ਜੀ ਉਤਰ ਪ੍ਰਦੇਸ਼ ਦੇ ਦੌਰੇ ਤੇ ਸਿੱਖ ਸੇਵਕਾਂ ਨਾਲ ਦਰਸ਼ਨ ਦਿਦਾਰੇ ਦੇ ਰਹੇ ਸਨ। ਅਮਰੋਹੇ ਨੂੰ ਅਲਵਿਦਾ ਕਹਿ ਦਿੱਲੀ ਨੂੰ ਚਾਲੇ ਪਾਏ। ਜਿਉਂ ਹੀ ਹਜ਼ੂਰ ਦੀ ਗੱਡੀ ਗੜ੍ਹਮੁਕਤੇਸ਼ਵਰ ਪੁੱਜੀ, ਕੁਝ ਪੰਜਾਬੀ ਸਰਦਾਰਾਂ ਦੀਆਂ ਦੁਕਾਨਾਂ ਵੇਖ ਪਾਤਸ਼ਾਹ ਜੀ ਨੇ ਗੱਡੀ ਰੋਕਣ ਦਾ ਹੁਕਮ ਕੀਤਾ। ਸੇਵਕ ਨੂੰ ਆਖਿਆ ਜੜ੍ਹਾਂਵਾਲੀਏ ਗੁਰਮੁਖ ਸਿੰਘ ਦਾ ਪਤਾ ਕਰੋ। ਪੂਰਾ ਪਤਾ ਨਹੀਂ ਚੱਲ ਸਕਿਆ। ਹੁਕਮ ਹੋਇਆ ਟਰੈਕਟਰ ਰਿਪੇਅਰ ਦੀਆਂ ਦੁਕਾਨਾਂ ਦਾ ਪਤਾ ਕਰੋ? ਪਤਾ ਕੀਤਾ। ਦੱਸੀ ਦਿਸ਼ਾ ਵੱਲ ਗੱਡੀ ਰਵਾਨਾ ਹਈ। ਟਰੈਕਟਰ ਮਕੈਨਿਕਾਂ ਦੀਆਂ ਦੁਕਾਨਾਂ ਵੇਖਦਿਆਂ ਇਕ ਪੰਜਾਬੀ ਦੀ ਗੈਰਜ ਅੱਗੇ ਰੁਕਣ ਦਾ ਹੁਕਮ ਹੋਇਆ। ਪਤਾ ਕੀਤਾ। ਪਤਾ ਚੱਲ ਗਿਆ ਸੀ। ਡਰਾਈਵਰ ਨੂੰ ਹੁਕਮ ਕੀਤਾ ਕਿ ਨਿਜੀ ਸੇਵਕ ਨਾਲ ਜਾ ਕੇ ਬੜੇ ਧਿਆਨ ਨਾਲ ਤੇ ਸਹਿਜਤਾ ਨਾਲ ਪੁੱਛ ਕੇ ਸਮਝ ਕੇ ਆਉ।

ਨਵੀਂ ਨਕੋਰ ਮਰਸਡੀਜ਼ ਬਿਖੜੇ ਰਾਹਾਂ ਤੇ ਚੱਲਣ ਲਈ ਤਿਆਰ ਸੀ। ਤਿੰਨ ਕੁ ਕਿਲੋਮੀਟਰ ਚੱਲ ਕੇ ਪੱਕੀ ਸੜਕ ਨੇ ਸਾਥ ਛੱਡ ਦਿੱਤਾ। ਰੋੜੀ ਵਿਛੀ ਸੜਕ ਵੀ ਦੋ ਕਿਲੋਮੀਟਰ ਸਾਥ ਨਿਭਾ ਕੇ ਸਾਥ ਛੱਡ ਗਈ। ਅੱਗੇ ਆ ਗਿਆ ਕਾਹੀ, ਕਾਨਿਆਂ ਦੇ ਵਿਚੋਂ ਦੀ ਲੰਘਦਾ ਚਿੱਕੜ ਟੋਇਆਂ ਦਾ ਰਸਤਾ। ਹਜ਼ੂਰ ਦੇ ਹੁਕਮ ਅਨੁਸਾਰ ਹਜ਼ੂਰੀ ਡਰਾਈਵਰ ਪੁੱਛਦਾ ਪੁਛਾਂਦਾ ਗੁਰਮੁਖ ਸਿੰਘ ਜੜ੍ਹਾਂਵਾਲੇ ਦੇ ਫਾਰਮ ਵੱਲ ਤੁਰਿਆ ਜਾ ਰਿਹਾ ਸੀ। ਅੱਜ ਆਪਣੇ ਪਿਆਰੇ ਸਿੱਖ ਨੂੰ ਦਰਸ਼ਨ ਦੇ ਕੇ ਨਿਵਾਜਣ ਦੀ ਤਾਂਘ ਬੜੀ ਪ੍ਰਬਲ ਮਹਿਸੂਸ ਹੋ ਰਹੀ ਸੀ। ਬਿਖੜੇ ਰਾਹਾਂ ਚੋਂ ਲੰਘਦੀ ਗੱਡੀ, ਗੜ੍ਹ ਗੰਗਾ ਦੇ ਕੰਢੇ ਜਾ ਰੁਕੀ। ਡਰਾਈਵਰ ਨੇ ਅਰਜ਼ ਕੀਤੀ :

ਪਾਤਸ਼ਾਹ ਜੀ ਅੱਗੇ ਤਾਂ ਰਸਤਾ ਹੀ ਖਤਮ ਹੈ : ਗੜ੍ਹ ਗੰਗਾ ਵਗ ਰਹੀ ਏ।

"ਚਲੋ ਫਿਰ ਇਸ਼ਨਾਨ ਕਰ ਲੈਂਦੇ ਹਾਂ।" ਪਾਤਸ਼ਾਹ ਜੀ ਨੇ ਬਚਨ ਕੀਤਾ। ਚਿੱਕੜ ਗਾਰੇ ਨਾਲ ਲਿੰਬੀ ਮਰਸਡੀਜ਼ ਚੋਂ ਹਜ਼ੂਰ ਬਾਹਰ ਨਿਕਲੇ, ਆਲੇ ਦੁਆਲੇ ਨੂੰ

Namdhari Elibrary NamdhariElibrary@gmail.com

ਨਿਹਾਰਨ ਲੱਗੇ।

ਗੜ੍ਹਮੁਕਤੇਸ਼ਵਰ ਤੋਂ ਪਿੱਛਾ ਕਰਦੇ ਦੋ ਟਰੈਕਟਰ ਸਵਾਰਾਂ ਨੇ ਜਦੋਂ ਪਾਤਸ਼ਾਹ ਜੀ ਨੂੰ ਵੇਖਿਆ ਤਾਂ ਟਰੈਕਟਰ ਰੋਕ ਛਾਲਾਂ ਮਾਰ ਚਰਨ ਪਰਸਨ ਨੂੰ ਵਾਹੋ ਦਾਹੀ ਭੱਜ ਪਏ। ਸ੍ਰੀ ਸਤਿਗੁਰੂ ਜੀ ਦੇ ਅੰਦਰ ਗੁਰਮੁਖ ਸਿੰਘ ਦੀ ਕਸ਼ਿਸ਼ ਸੀ ਜਾਂ ਗੁਰਮੁਖ ਸਿੰਘ ਅੰਦਰ ਦਰਸ਼ਨਾਂ ਦੀ ਤਾਂਘ ਕਿ ਪਾਤਸ਼ਾਹ ਜੀ ਨੇ ਆਪਣੇ ਉਲੀਕੇ ਪ੍ਰੋਗਰਾਮ ਤੋਂ ਬੇ-ਪਰਵਾਹ ਹੋ ਇਨ੍ਹਾਂ ਬਿਖੜੇ ਰਾਹਾਂ ਤੇ ਆਉਣ ਨੂੰ ਪਰਵਾਨ ਕੀਤਾ ਸੀ।

ਆਪਣੇ ਫਾਰਮ ਤੇ ਦੂਰ ਖੜ੍ਹਾ ਗੁਰਮੁਖ ਸਿੰਘ, ਚਿੱਕੜ ਭਰੀ ਗੱਡੀ ਨੂੰ ਗੜ੍ਹ ਗੰਗਾ ਵੱਲ ਜਾਂਦਿਆਂ ਵੇਖ ਰਿਹਾ ਸੀ। ਜਿਓਂ ਹੀ ਗੱਡੀ ਚੋਂ ਬਾਹਰ ਨਿਕਲਦੇ ਆਪਣੇ ਸਤਿਗੁਰੂ ਤੇ ਨਜ਼ਰ ਗਈ ਤਾਂ ਗੁਰਮੁਖ ਸਿੰਘ ਦੂਰੋਂ ਹੀ ਨੰਗੇ ਪੈਰੀਂ ਛਲਾਂਗਾਂ ਮਾਰਦਾ ਵਾਹਣਾਂ ਵਿਚੋਂ, ਚਿੱਕੜ ਭਰੇ ਖੇਤਾਂ ਵਿਚੋਂ, ਚਿੱਕੜ ਨਾਲ ਲੱਥ ਪੱਥ ਹੋਇਆ ਗੁਰੂ ਚਰਨਾਂ ਨਾਲ ਆ ਲਿਪਟ ਗਿਆ। ਵੈਰਾਗੀ ਹੋਇਆ ਵਾਰ ਵਾਰ ਆਖ ਰਿਹਾ ਸੀ-

ਪਾਤਸ਼ਾਹ ਜੀ : ਆਪ ਨੇ ਬਹੁਤ ਕਿਰਪਾ ਕੀਤੀ।

ਕਿਥੇ ਆ ਕੇ ਮੈਨੂੰ ਲੱਭ ਕੇ ਦਰਸ਼ਨ ਦਿੱਤੇ।

ਆਪਣੇ ਸਤਿਗੁਰੂ ਦੇ ਦਰਸ਼ਨ ਕਰਕੇ ਸਿੱਖ ਆਨੰਦ ਵਿਭੋਰ ਅਵਸਥਾ ਦਾ ਸੁਖ ਮਾਣ ਰਿਹਾ ਸੀ। ਸਿੱਖ ਦੀਆਂ ਖੁਸ਼ੀਆਂ ਦੀ ਹੱਦ ਨਾ ਰਹੀ। ਉਸਨੂੰ ਤਾਂ ਜਿਵੇਂ ਕਾਰੂ ਦਾ ਖਜ਼ਾਨਾ ਮਿਲ ਗਿਆ ਹੋਵੇ। ਸ੍ਰੀ ਸਤਿਗੁਰੂ ਜੀ ਦੀ ਅਜਿਹੇ ਪਸਿਤੇ ਥਾਂ ਉਤੇ ਏਨੀ ਮਿਹਨਤ ਨਾਲ ਲੱਭ ਕੇ, ਪਹੁੰਚ ਕੇ ਦਰਸ਼ਨ ਦੇਣ ਦੀ ਕਿਰਪਾ ਦਾ ਧਿਆਨ ਕਰਕੇ ਸਿੱਖ ਦੇ ਨੇਤਰ ਫਰਨ ਫਰਨ ਵਗ ਰਹੇ ਸਨ। ਗੁਰਮੁਖ ਸਿੰਘ ਘੜੀ ਮੁੜੀ ਇੱਕ ਹੀ ਗੱਲ ਕਹਿ ਰਿਹਾ ਸੀ ਬਹੁਤ ਕਿਰਪਾ ਕੀਤੀ ਜੇ, ਮੇਰੇ ਵਾਸਤੇ ਕਿੰਨਾ ਕਸ਼ਟ ਜਰਿਆ ਏ। ਬਖਸ਼ ਲਓ ! ਚਰਨਾਂ ਦਾ ਦਾਸ ਬਣਾਈ ਰਖਿਓ।

ਇਸ ਅਵਸਥਾ ਦੀ ਗਹਿਨਤਾ ਅਤੇ ਸੁੱਖ ਨੂੰ ਜਾਂ ਸਿੱਖ ਸਮਝ ਸਕਦਾ ਹੈ ਜਾਂ ਸਤਿਗੁਰੂ। ਜਾਂ ਕੋਈ ਪਿਆਰ ਭਰੇ ਹਿਰਦੇ ਵਾਲਾ ਦਰਸ਼ਕ। ਇਕ ਵਾਰ ਤਾਂ ਸਭ ਦੀਆਂ ਅੱਖਾਂ ਨਮ ਹੋ ਗਈਆਂ। ਫਾਰਮ ਤੇ ਪਹੁੰਚ ਹਜ਼ੂਰ ਮੰਜੇ ਤੇ ਸੁਸ਼ੋਭਿਤ ਹੋਏ। ਗੁਰਮੁਖ ਸਿੰਘ ਹੱਥ ਜੋੜੀ ਆਖ ਰਿਹਾ ਸੀ :

ਦੀਨਾਬੰਧੂ ਆਪਣੇ ਚਰਨਾਂ ਦੀ ਪ੍ਰੀਤ ਬਖਸ਼ੋ। ਸਿਦਕ ਦਾ ਦਾਨ ਦਿਓ। ਮੇਰੇ ਗੁਨਾਹਾਂ ਵੱਲ ਨਾ ਵੇਖੋ। ਉਸ ਦੀ ਵਾਰ ਵਾਰ ਦੀ ਅਜਿਹੀ ਵੈਰਾਗਮਈ ਅਰਜ਼ ਸੁਣ ਕੇ

"ਗੁਰਮੁਖ ਸਿਹਾਂ ਜਿਵੇਂ ਤੂੰ ਕੱਲਾ ਕਾਰਾ ਇਥੇ ਉਜਾੜ ਵਿਚ ਜੂਝ ਰਿਹਾ ਏਂ, ਮਾਇਆ ਰੱਖ ਇਹ ਤੇਰੀ ਮਦਦ ਕਰੇਗੀ।" ਗੁਰਮੁਖ ਸਿੰਘ ਦੀਆਂ ਅੱਖਾਂ ਫਿਰ ਛਲਕ ਪਈਆਂ, ਦੋਵੇਂ ਚਰਨ ਹੱਥਾਂ 'ਚ ਪਕੜ ਲਏ, ਸਿਰ ਰੱਖ ਕਹਿਣ ਲੱਗਾ, ਪਾਤਸ਼ਾਹ ! ਮੇਰੀ ਮਦਦ ਅੰਦਰੋਂ ਕਰੋ, ਮਾਇਆ ਤਾਂ ਸਭ ਤੇਰੀ ਹੀ ਹੈ। ਪ੍ਰਵਾਨ ਕਰੋ ਗਰੀਬ ਦੀ ਭੇਟਾ ਜਾਣ ਕੇ।

ਕਿਹੜਾ ਏ ਜਿਹੜਾ ਪਿਘਲਿਆ ਨਹੀਂ। ਹੋਰ ਤੇ ਹੋਰ ਅਤਿ ਧੀਰਜਧਾਰੀ, ਦ੍ਰਿੜ੍ਹਤਾ ਦੇ ਸੁਮੇਰ ਸ੍ਰੀ ਸਤਿਗੁਰੂ ਜੀ ਦੇ ਨੇਤਰਾਂ ਵਿੱਚ ਵੀ ਜਲ ਆ ਗਿਆ।

ਸਿੱਖ ਆਖੇ ਕਿਸੇ ਦਾ ਸਤਿਗੁਰੂ ਹੋਵੇ ਤਾਂ ਹੀ ਇਸ ਤਰ੍ਹਾਂ ਆਣ ਲੱਭੇ ਨਾ। ਮੇਰੇ ਸਤਿਗੁਰੂ ਨੇ ਕਿਹੜੇ ਔਖੇ ਰਾਹ ਛਾਣ ਕੇ ਮੈਨੂੰ ਗਰੀਬ ਨੂੰ ਢੂੰਡ ਕੱਢਿਆ। ਗਰੀਬ ਨਿਵਾਜ ਤਾਂ ਤੈਨੂੰ ਇਸੇ ਲਈ ਤੇ ਆਂਹਦੇ ਨੇ।

ਜੁਦਾ ਹੋਣ ਨੂੰ ਕਿਸੇ ਦਾ ਮਨ ਨਹੀਂ ਸੀ ਕਰ ਰਿਹਾ, ਨਾ ਸਿੱਖ ਦਾ, ਨਾ ਸਤਿਗੁਰੂ ਦਾ। ਪਰ ਵਿਦਾ ਹੋਣ ਦਾ ਵਕਤ ਆ ਗਿਆ। ਗੁਰਮੁਖ ਸਿੰਘ ਹੁਰਾਂ ਪ੍ਰਸਾਦ ਤੇ ਮਾਇਆ ਚਰਨਾਂ ਵਿਚ ਭੇਟ ਕੀਤੀ। ਪਾਤਸ਼ਾਹ ਜੀ ਨੇ ਬਚਨ ਕੀਤਾ,

"ਗੁਰਮੁਖ ਸਿਹਾਂ ਜਿਵੇਂ ਤੂੰ ਕੱਲਾ ਕਾਰਾ ਇਥੇ ਉਜਾੜ ਵਿਚ ਜੂਝ ਰਿਹਾ ਏਂ, ਮਾਇਆ ਰੱਖ ਇਹ ਤੇਰੀ ਮਦਦ ਕਰੇਗੀ।" ਗੁਰਮੁਖ ਸਿੰਘ ਦੀਆਂ ਅੱਖਾਂ ਫਿਰ ਛਲਕ ਪਈਆਂ, ਦੋਵੇਂ ਚਰਨ ਹੱਥਾਂ 'ਚ ਪਕੜ ਲਏ, ਸਿਰ ਰੱਖ ਕਹਿਣ ਲੱਗਾ,

ਪਾਤਸ਼ਾਹ ! ਮੇਰੀ ਮਦਦ ਅੰਦਰੋਂ ਕਰੋ, ਮਾਇਆ ਤਾਂ ਸਭ ਤੇਰੀ ਹੀ ਹੈ। ਪ੍ਰਵਾਨ ਕਰੋ ਗਰੀਬ ਦੀ ਭੇਟਾ ਜਾਣ ਕੇ।

ਵਾਪਸੀ ਤੇ ਕਾਰ ਵਿਚ ਆਉਂਦਿਆਂ ਪ੍ਰੇਮਾ ਭਗਤੀ ਦੀ ਮਿਸਾਲ ਗੁਰਮੁਖ ਸਿੰਘ ਦੇ ਪਿਆਰ ਦੀਆਂ ਹੀ ਗੱਲਾਂ ਹੋ ਰਹੀਆਂ ਸਨ। ਪਾਤਸ਼ਾਹ ਜੀ ਨੇ ਫੁਰਮਾਇਆ। ਗੁਰਬਾਣੀ ਦੀਆਂ ਤੁਕਾਂ ਰੂਪਮਾਨ ਹੁੰਦੀਆਂ ਹਨ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥
ਕਿਤ ਹੀ ਕਾਮਿ ਨ ਧਉਲਹਰ
ਜਿਤੁ ਹਰਿ ਬਿਸਰਾਏ॥

Namdhari Elibrary NamdhariElibrary@gmail.com

His Holiness in UK and Thailand



ਰੇ ਕਿਰਪਾ ਸ਼ੁਭ ਬਚਨ ਉਚਰੋ। Swami Atam Parkash at Akshardham, Nesden UK.



ਜੀ ਦਾ ਸ਼ਾਕਾਹਾਰ ਦਾ ਸੰਦੇਸ਼ ਸਰਬ ਸਾਂਝਾ ਕਰਾਂਗੇ-ਸੁਚਾਟ। - Dr. Suchart offering honours - Bangkok.

Namdhari Elibrary NamdhariElibrary@gmail.com

ਸੇਵਾ ਦੀ ਜਾਚ ਤੁਸੀਂ ਹੀ ਸਿਖਾ ਸਕਦੇ ਹੋ।

- At Durgiana Mandir Amritsar.

Namdhari Elibrary NamdhariElibrary@gmail.com

Top Classical Ustad in holy company of His Holiness

ਉਸਤਾਦ ਵਲਾਇਤ ਖਾਂ ਸ੍ਰੀ ਸਤਿਗੁਰੂ ਜੀ ਦੀਆਂ ਦਿੱਤੀਆਂ ਖੁਸ਼ੀਆਂ ਦਾ ਹੁੰਗਾਰਾ ਭਰਦੇ ਹੋਏ। - Ustad Vilayat Khan Sahib.

ਸਨਮਾਨ ਸਤਿਗੁਰੂ ਦਾ ਮਾਣ ਉਸਤਾਦ ਅਮਜ਼ਦ ਅਲੀ ਖਾਂ ਦਾ। - Ustad Amjad Ali Khan Sahib.

Master of Masters on Taoos

ਤਾਊਸ ਨਾਲ ਮਸਤੀ ਦਾ ਆਲਮ ਸਿਰਜਦੇ ਹੋਏ ਸ੍ਰੀ ਸਤਿਗੁਰੂ ਜੀ।

- Performing on specially designed Taoos.

Namdhari Elibrary NamdhariElibrary@gmail.com

Top Leadership with His Holiness



ਸ੍ਰੀ ਸਤਿਗੁਰੂ ਜੀ ਦੇ ਦੇਸ਼ ਦੇ ਭਲੇ ਲਈ ਦੱਸੇ ਗੁਰ ਸਮਝ ਰਹੇ ਹਨ। - Smt. Sonia Gandhi.

ਸੁਤੰਤਰਤਾ ਦੇ ਮੋਢੀ ਨੂੰ ਯਾਦ ਰੱਖਣ ਲਈ ਦਿੱਤਾ ਜਾ ਰਿਹਾ ਚਿੱਤਰ। - Shri Atal Bihari Vajpayee.

Namdhari Elibrary NamdhariElibrary@gmail.com

His Holiness at Shaheed Parivar Fund Jalandhar



ਦੇਸ਼ ਦੀ ਰਾਖੀ ਲਈ ਕੁਰਬਾਨੀਆਂ ਦੇਣ ਵਾਲਿਆਂ ਲਈ ਸਹਾਇਤਾ।

ਚਰਚਾ ਤਾਂ ਦੇਸ਼ ਦੇ ਕਲਿਆਣ ਲਈ ਰਾਜਨੀਤਕ ਗੁਰਾਂ ਦੀ ਹੈ। - Comrade Harkishan Singh Surjit visited His Holiness.

Namdhari Elibrary NamdhariElibrary@gmail.com

At Satguru Partap Singh Apollo Hospital, Ludhiana



ਰੋਗ ਨਿਵਾਰਨ ਲਈ ਬਣੇ ਅਪੋਲੋ ਹਸਪਤਾਲ ਦੇ ਸਮਾਗਮ ਵਿੱਚ। - Dr. Manmohan Singh and Capt. Amrinder Singh.

ਮੇਰੇ ਧੰਨਭਾਗ ਆਪ ਜੀ ਨੇ ਦਰਸ਼ਨ ਦਿੱਤੇ-ਇੰਦਰ ਕੁਮਾਰ ਗੁਜਰਾਲ। - Shri I.K. Gujral offering flowers.

Namdhari Elibrary NamdhariElibrary@gmail.com

ਗਰੀਬ ਨਿਵਾਜ ਮੇਰੇ ਤੇ ਮਿਹਰ ਕਰ ਬਰਸਦੇ ਰਹੋ-ਪ੍ਰਕਾਸ਼ ਸਿੰਘ ਬਾਦਲ। - S. Parkash Singh Badal, CM Punjab.

ਲਓ ਬੀਬੀ ਸ਼ੀਲਾ ਜੀ ਸੁਣ ਕੇ ਰੁਹਾਨੀਅਤ ਦਾ ਰੰਗ ਮਾਣੋ-ਸ੍ਰੀ ਸਤਿਗੁਰੂ ਜੀ। - Smt. Sheila Dikshit, CM Delhi.

Namdhari Elibrary NamdhariElibrary@gmail.com

His Holiness in an agile mode.

ਘੱਗਰ ਨਦੀ ਨੀਵੀਂ ਹੋਈ ਨਾਲੀ ਹੀ ਲੱਗਦੀ ਹੈ। - On an makeshift arrangement at Ghaggar.

ਖੇਤਾਂ ਦੀ ਬਹਾਰ ਤੇ ਕਿਰਪਾ ਦ੍ਰਿਸ਼ਟੀ ਬਿਖੇਰਦੇ ਤੇ ਵਧਦੇ ਕਦਮ। - Walking through the fields.

Namdhari Elibrary NamdhariElibrary@gmail.com

His Holiness attending the International Conferences.

ਸ਼ਾਕਾਹਾਰ ਨਾਲ ਮਨੁੱਖ ਅਤੇ ਜੀਵ ਦਾ ਭਲਾ ਹੈ, ਦਾ ਸੰਦੇਸ਼ ਦੇਂਦੀ ਕਾਨਫਰੰਸ ਵਿੱਚ। - World Vegetarian Conference at Bangkok.

ਵਿਸ਼ਵ ਦੇ ਧਰਮਾਂ ਦੀ ਕਾਨਫਰੰਸ ਵਿੱਚ ਸ੍ਰੀ ਸਤਿਗੁਰੂ ਜੀ ਪ੍ਰਤੀ ਕ੍ਰਿਤਗਤਾ ਦਾ ਪ੍ਰਗਟਾਵਾ। - World Peace Summit in UN Complex, in New York.

Namdhari Elibrary NamdhariElibrary@gmail.com

His Holiness- a regular player of Badminton.



ਖਿਲਾਵਨਹਾਰ ਚਿੜੀ ਛਿੱਕੇ ਨਾਲ ਖੇਡਦੇ ਹੋਏ। - Encouraging the young players.

Namdhari Elibrary NamdhariElibrary@gmail.com

His Holiness showing mettle on Chakra

ਸ੍ਰੀ ਸਤਿਗੁਰੂ ਜੀ ਦਾ ਸਿਰਜਿਆ ਇਹ ਚੱਕਰ ਬ੍ਰਹਿਮੰਡ ਦਾ ਹੀ ਪ੍ਰਤੀਕ ਹੈ।

- Wonderful agility.

Namdhari Elibrary NamdhariElibrary@gmail.com

ਇਸ ਲਈ ਚੰਗੀ ਖੁਰਾਕ ਸਾਡਾ ਹੀ ਸੁੱਖ ਸਿਰਜੇਗੀ।

- Feeding jaggery to cow.

Namdhari Elibrary NamdhariElibrary@gmail.com

Patrinising Cow



ਗਊ ਤੋਂ ਅੰਮ੍ਰਿਤ ਲੈਣ ਲਈ ਵਧੀਆ ਆਹਾਰ ਦਈਏ। - Chaffing the fodder.



ਪਿਆਰ ਦੀ ਭਾਸ਼ਾ ਇਹ ਵੀ ਸਮਝਦੇ ਹਨ। - Affectionate tuch.

Namdhari Elibrary NamdhariElibrary@gmail.com

ਬੋਲ ਤਾਂ ਨਹੀਂ ਸਕਦਾ ਪਰ ਹਸਤ ਕਮਲ ਦੀ ਛੋਹ ਦਾ ਆਨੰਦ ਤਾਂ ਮਾਣ ਸਕਦਾ ਹੈ। - Monkey receiving the food.

ਕਿੰਨੀ ਖੁਸ਼ੀ ਹੈ ਆਪ ਜੀ ਦੇ ਹਸਤ ਕਮਲ ਤੋਂ ਚੋਗਾ ਚੁਗਣ ਦੀ। - Feeding Peacock.

Namdhari Elibrary NamdhariElibrary@gmail.com

Love for every living being



ਮੈਂ ਆਪ ਜੀ ਦੇ ਕਰ ਕਮਲ ਤੋਂ ਛਕ ਕੇ ਖੀਵਾ ਹਾਂ।

- Caring wild Rodent.

Namdhari Elibrary NamdhariElibrary@gmail.com

ਉਂਗਲੀ ਫੜਾ ਜਿਸ ਤੁਰਨਾ ਸਿਖਾਇਆ

✍ ਸੂਬਾ ਬਲਵਿੰਦਰ ਸਿੰਘ ਝੱਲ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਅੱਧੀ ਸਦੀ ਪਹਿਲਾਂ ਨਾਮਧਾਰੀ ਨੌਜਵਾਨ ਪੀੜ੍ਹੀ ਨੂੰ ਫੜਾਈ ਉਂਗਲੀ ਦੀ ਬਦੌਲਤ ਹੀ ਅੱਜ ਨਾਮਧਾਰੀ ਪੰਥ ਸੰਸਾਰ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਾ ਹੋ ਕੇ ਆਪਣੀ ਸਨਮਾਨਯੋਗ ਪਹਿਚਾਨ ਬਣਾ ਚੁੱਕਾ ਹੈ। ਸ੍ਰੀ ਸਤਿਗੁਰੂ ਜੀ ਵਲੋਂ ਲਗਭਗ ਅੱਧੀ ਸਦੀ ਪਹਿਲਾਂ ਕੀਤੀ ਕਿਰਪਾ ਸਦਕਾ ਹੀ ਨਾਮਧਾਰੀ ਦਸਤਾਰ ਖੇਡ ਦੇ ਮੈਦਾਨ ਤੋਂ ਸ਼ੁਰੂ ਹੋ ਕੇ ਹਿੰਦੁਸਤਾਨ ਦੀ ਪਾਰਲੀਮੈਂਟ ਹਾਊਸ ਤੱਕ ਪਹੁੰਚੀ।

ਮਨੁੱਖੀ ਜ਼ਿੰਦਗੀ ਦੀ ਵੰਡ ਗੁਰਬਾਣੀ ਅਨੁਸਾਰ ਕਹਦਿਆਂ ਸਾਡੇ ਮਹਾਨ ਪੂਰਵ ਗੁਰੂਆਂ ਨੇ ਲਿਖਿਆ ਹੈ- ਦੂਜੇ ਮਾਇ ਬਾਪ ਕੀ ਸੁਧ।। ਜਿਸ ਤੋਂ ਭਾਵ ਹੈ ਕਿ ਬਾਲ ਅਵਸਥਾ ਵਿੱਚ ਜਦੋਂ ਮਨੁੱਖ ਨੂੰ ਮਾਤਾ ਅਤੇ ਪਿਤਾ ਦੀ ਹੋਂਦ ਦਾ ਅਹਿਸਾਸ ਹੁੰਦਾ ਹੈ, ਉਸ ਸਮੇਂ ਬਾਲਕ ਆਪਣੇ ਮਾਤਾ ਪਿਤਾ ਦੀ ਉਂਗਲੀ ਫੜ ਪੁਲਾਂਘਾਂ ਪੁੱਟ ਕੇ ਤੁਰਨਾ ਸਿਖਦਾ ਹੈ ਭਾਵ ਕਿ ਕਦਮ ਪੁੱਟਣ ਦੀ ਜਾਚ ਆਉਂਦੀ ਹੈ। ਸਮਾਂ ਆਪਣੀ ਚਾਲੇ ਚਲਦਾ ਰਹਿੰਦਾ ਹੈ ਤੇ ਮਨੁੱਖੀ ਜ਼ਿੰਦਗੀ ਵਿੱਚ ਇੱਕ ਐਸਾ ਸਮਾਂ ਵੀ ਆਉਂਦਾ ਹੈ ਜਦੋਂ ਗੁਰਬਾਣੀ ਆਸ਼ੇ ਅਨੁਸਾਰ ਹੀ ਵਰਨਣ ਹੈ ਕਿ ਤੀਸਾ ਕਾ ਸੁੰਦਰ ਕਹਾਵੈ।। ਇਨਸਾਨ ਉਸ ਵੇਲੇ ਮਾਣ ਮਹਿਸੂਸ ਕਰਦਾ ਹੈ, ਜਿਸ ਵੇਲੇ ਜਵਾਨੀ ਦੀ ਦਹਿਲੀਜ ਤੇ ਪੈਰ ਧਰ ਰਿਹਾ ਹੁੰਦਾ ਹੈ, ਤੇ ਵਿਦਵਾਨਾਂ ਦੇ ਕਥਨ ਅਨੁਸਾਰ ਜਵਾਨੀ ਮਸਤਾਨੀ ਹੀ ਹੁੰਦੀ ਹੈ ਕਈ ਵਾਰ ਇਨਸਾਨ ਏਸੇ ਮਸਤਾਨੀ ਜਵਾਨ ਬਿਰਤੀ ਵਿੱਚ ਅਜਿਹੇ ਬਿਖੜੇ ਪੈਂਡੇ ਦਾ ਪਾਂਧੀ ਬਣ ਜਾਂਦਾ ਹੈ ਜਿਹੜਾ ਮਨੁੱਖੀ ਕਦਰਾਂ ਕੀਮਤਾਂ ਦੇ ਅਸਲੀ ਰਸਤੇ ਤੋਂ ਹਜ਼ਾਰਾਂ ਕੋਹ ਦੂਰ ਲੈ ਜਾਂਦਾ ਹੈ। ਅਜਿਹੇ ਸਮੇਂ ਵਿੱਚ ਸੰਭਲਣ ਵਾਸਤੇ ਅਤੇ ਸਤ ਮਾਰਗ ਦੇ ਰਸਤੇ ਦਾ ਪਾਂਧੀ ਬਣਨ ਲਈ ਵੀ ਕਿਸੇ ਦੀ ਉਂਗਲੀ ਫੜਨ ਦੀ ਲੋੜ ਮਨੁੱਖ ਨੂੰ ਪੈਂਦੀ ਹੈ। ਸ਼ਰਤ ਇਹ ਹੈ ਕਿ ਉਹ ਉਂਗਲੀ ਹਨੇਰੇ ਤੋਂ ਪ੍ਰਕਾਸ਼ ਵੱਲ ਲੈ ਜਾਣ ਦੀ ਸਮਰੱਥਾ ਰੱਖਦੀ ਹੋਵੇ।

ਮੈਂ ਗੱਲ ਕਰਾਂ ਅਜੋਕੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਦੀ। ਇਸ ਪਦਾਰਥਵਾਦੀ ਯੁੱਗ ਵਿੱਚ ਜਦੋਂ ਚਾਰ ਚੁਫੇਰੇ ਐਸਾ ਵਾਤਾਵਰਨ ਹੈ- ਹਰ ਪਾਸੇ ਨਸ਼ਿਆਂ ਦੀ ਭਰਮਾਰ, ਰਿਸ਼ਵਤਖੋਰੀ, ਬਦਲੇ ਦੀ ਅੱਗ, ਭ੍ਰਿਸ਼ਟਾਚਾਰ ਅਤੇ ਭਰੂਣ ਹੱਤਿਆ ਵਰਗੀਆਂ ਅਨੇਕਾਂ ਹੀ ਨਾਮੁਰਾਦ ਅਲਾਮਤਾਂ ਹਰ ਮਨੁੱਖ ਦੇ ਸਿਰ ਚੜ੍ਹ ਬੋਲਦੀਆਂ ਹਨ। ਅਜਿਹੇ ਹੀ ਭਿਆਨਕ ਸਮੇਂ ਵਿੱਚ ਨਾਮਧਾਰੀ ਪੰਥ ਦੀ ਨੌਜਵਾਨ ਪੀੜ੍ਹੀ ਆਪਣੇ ਆਪ ਨੂੰ ਵਡਭਾਗੀ ਸਮਝਦੀ ਹੈ ਕਿ ਉਹਨਾਂ ਨੂੰ ਇਹਨਾਂ ਅਲਾਮਤਾਂ ਤੋਂ ਬਚਾ ਕੇ ਬਿਖੜੇ ਪੈਂਡੇ ਨੂੰ ਤਹਿ ਕਰਨ ਲਈ ਵਿਸ਼ਵ ਸ਼ਾਂਤੀ ਦੇ ਰਹਿਨੁਮਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਉਂਗਲੀ ਫੜਾਈ ਹੋਈ ਹੈ। ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਜਯੋਗ ਗੱਦੀ ਤੇ ਸੁਭਾਏਮਾਨ ਹੁੰਦਿਆਂ ਹੀ ਆਪਣੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਹਨਾਂ ਹੁਕਮਾਂ ਨੂੰ ਅਮਲੀ ਰੂਪ ਦੇਣਾ ਸ਼ੁਰੂ ਕੀਤਾ, ਜਿਸ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਮਾਇਆ ਸੀ, "ਨੌਜਵਾਨੋਂ ਤੁਹਾਡੇ ਮੋਢਿਆਂ ਤੇ ਸਮਾਜ ਦਾ ਭਾਰ ਹੈ, ਬੁੱਢੇ ਹੁਣ ਬੁੱਢੇ ਹੋ ਗਏ ਹਨ ਅਤੇ ਨੌਜਵਾਨ ਸ਼ਾਮ ਨੂੰ ਉਚੇਚਾ ਸਮਾਂ ਕੱਢਕੇ ਮੈਨੂੰ

Namdhari Elibrary NamdhariElibrary@gmail.com

ਮਿਲਣ।" ਹੋ ਸਕਦਾ ਹੈ ਕਿ ਸ਼ਬਦਾਂ ਵਿੱਚ ਕੋਈ ਫਰਕ ਹੋਵੇ ਪ੍ਰੰਤੂ ਭਾਵ ਅਰਥ ਇਹ ਹੀ ਸੀ ਕਿ ਨੌਜਵਾਨ ਪੀੜ੍ਹੀ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪਿਤਾ ਸਤਿਗੁਰੂ ਜੀ ਦੀ ਰਸਨਾਂ ਦੇ ਇਹਨਾਂ ਬੋਲਾਂ ਨੂੰ ਸਾਕਾਰ ਕਰਨ ਦਾ ਤਹੱਈਆ ਕਰ ਲਿਆ। ਭਾਵੇਂ ਨਾਮਧਾਰੀ ਪੰਥ ਉਸ ਸਮੇਂ ਕਈ ਤਰ੍ਹਾਂ ਦੇ ਬਿਖੜੇ ਹਾਲਾਤਾਂ ਦਾ ਸਾਹਮਣਾ ਕਰ ਰਿਹਾ ਸੀ ਪ੍ਰੰਤੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਨਿਮਰਤਾ, ਸਹਿਣਸ਼ੀਲਤਾ ਅਤੇ ਕੋਮਲ ਸੁਭਾਅ ਨਾਲ ਸਾਰੀਆਂ ਹੀ ਮੁਸ਼ਕਲਾਂ ਸਹਿਜੇ ਹੀ ਹੱਲ ਕਰਕੇ ਸਦਭਾਵਨਾ ਵਾਲਾ ਮਾਹੌਲ ਸਿਰਜ ਲਿਆ ਸੀ। ਇਸ ਸਦਭਾਵਨਾ ਭਰੇ ਮਾਹੌਲ ਦੇ ਸ਼ੁਰੂਆਤ ਵਿੱਚ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਨੌਜਵਾਨਾਂ ਦੀ ਇਕ ਵਿਸ਼ੇਸ਼ ਇਕੱਤਰਤਾ 1 ਸਤੰਬਰ 1962 ਨੂੰ ਨਾਮਧਾਰੀਆਂ ਦੇ ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ ਵਿਖੇ ਬੁਲਾਈ। ਏਸੇ ਹੀ ਵਿਸ਼ੇਸ਼ ਇਕੱਤਰਤਾ ਦੌਰਾਨ ਨਾਮਧਾਰੀ ਨੌਜਵਾਨਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨੇੜੇ ਬੈਠਣ ਅਤੇ ਬਚਨ ਬਿਲਾਸ ਸੁਣਨ ਅਤੇ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਸਮੇਂ ਹੀ ਇਕ ਐਸਾ ਮਾਹੌਲ ਸਿਰਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਪੰਥ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਉਂਗਲੀ ਫੜਾ ਸਦਮਾਰਗ ਦਾ ਪਾਂਧੀ ਬਣਾਇਆ। ਆਪਣੇ ਨਿਤ ਦੇ ਰੁਝੇਵਿਆਂ ਭਰੇ ਸਮੇਂ ਵਿੱਚ ਉਸ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਮਣੇ ਕਈ ਅਜੇਹੇ ਧਰਮ ਕਾਰਜ ਦੇ ਟੀਚੇ ਸਨ, ਜਿਹਨਾਂ ਨੂੰ ਪੂਰੇ ਕਰਨ ਦਾ ਉਹ ਮਨ ਬਣਾ ਚੁੱਕੇ ਸਨ। ਜਿਵੇਂ ਖੇਡਾਂ, ਸੰਗੀਤ, ਭਵਨ ਨਿਰਮਾਣ, ਬਾਗਬਾਨੀ, ਗਊਸ਼ਾਲਾ ਅਤੇ ਬਿਰਧਾਂ ਦੀ ਸਾਂਭ ਸੰਭਾਲ ਅਜਿਹੇ ਅਨੇਕਾਂ ਹੀ ਕਾਰਜ ਸਨ। ਪ੍ਰੰਤੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਇਸ ਤਰ੍ਹਾਂ ਜਾਪਦਾ ਸੀ ਕਿ ਨਾਮਧਾਰੀ ਪੰਥ ਦੀ ਨੌਜਵਾਨ ਪੀੜ੍ਹੀ ਲਈ ਸਮਾਂ ਰਾਖਵਾਂ ਰੱਖਿਆ ਹੋਇਆ ਹੈ। ਸ੍ਰੀ ਸਤਿਗੁਰੂ ਜੀ ਵਲੋਂ ਨੌਜਵਾਨਾਂ ਦੀ ਕੀਤੀ ਵਿਸ਼ੇਸ਼ ਇਕੱਤਰਤਾ ਤੋਂ ਬਾਅਦ ਇਕ ਲੜੀਵਾਰ ਸਿਲਸਿਲਾ ਸ਼ੁਰੂ ਹੋਇਆ, ਉਹ ਸੀ ਨਾਮਧਾਰੀ ਨੌਜਵਾਨਾਂ ਦੀ ਇੱਕ ਜਥੇਬੰਦੀ ਕਾਇਮ ਕਰਨਾ। ਉਸ ਵੇਲੇ ਸੰਗਠਿਤ ਕੀਤੀ ਜਥੇਬੰਦੀ ਦੇ ਪਹਿਲੇ ਪ੍ਰਧਾਨ ਮਾਸਟਰ ਨਿਹਾਲ ਸਿੰਘ ਜੀ ਨੂੰ ਤਜਵੀਜ਼ ਕੀਤਾ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਪ੍ਰਵਾਨਿਤ ਨਾਮ "ਨਾਮਧਾਰੀ ਵਿਦਿਅਕ ਜਥਾ" ਜਥੇਬੰਦੀ ਦਾ ਨਾਮ ਰੱਖਿਆ ਗਿਆ। ਅੱਤ ਦੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਦੀ ਕਾਇਮ ਕੀਤੀ ਇਸ ਜਥੇਬੰਦੀ ਦੇ ਸਾਰੇ ਸਾਲ ਦੇ ਪ੍ਰੋਗਰਾਮ ਦੀ ਰੂਪ ਰੇਖਾ ਆਪ ਤਿਆਰ ਕਰਨ ਦੀ ਕਿਰਪਾ ਕਰਨੀ। ਸ੍ਰੀ ਸਤਿਗੁਰੂ ਜੀ ਦੇ ਸ਼ੁਰੂ ਕਰਨ ਦੀ ਦੇਰ ਹੀ ਸੀ, ਜਿਥੇ ਪਹਿਲੀ ਵਿਸ਼ੇਸ਼ ਇਕੱਤਰਤਾ ਸਮੇਂ ਭਾਵੇਂ ਉਂਗਲੀਆਂ ਤੇ ਗਿਣਨ ਜੋਗੇ ਨੌਜਵਾਨ ਇਕੱਤਰ ਹੋਏ ਸਨ ਛੇਤੀਂ ਹੀ ਇਹ ਗਿਣਤੀ ਸੈਂਕੜਿਆਂ ਦਾ ਅੰਕੜਾ ਪਾਰ ਕਰ ਗਈ। ਸ੍ਰੀ ਸਤਿਗੁਰੂ ਜੀ ਉਚੇਚਾ ਯਤਨ ਕਰਕੇ ਇਸ ਨੌਜਵਾਨ ਜਥੇਬੰਦੀ ਦਾ ਇੱਕ ਵਿਸ਼ੇਸ਼ ਸਲਾਨਾ ਸਮਾਗਮ ਆਰੰਭ ਕੀਤਾ ਜਿਸਨੂੰ "ਨਾਮਧਾਰੀ ਵਿਦਿਅਕ ਸੰਮੇਲਨ" ਦਾ ਨਾਮ ਦਿੱਤਾ ਗਿਆ। ਨੌਜਵਾਨਾਂ ਦਾ ਇਹ ਸੰਮੇਲਨ ਲਗਾਤਾਰ ਇਕ ਹਫਤੇ ਚਲਦਾ। ਇਸ ਵਿਦਿਅਕ ਸੰਮੇਲਨ ਸਮੇਂ ਹਰ ਨਾਮਧਾਰੀ ਨੌਜਵਾਨ ਨੂੰ ਆਤਮ ਨਿਰਭਰ ਹੋਣ ਦੀ ਸਿਖਿਆ ਦੇ ਨਾਲ ਨਾਲ ਅਧਿਆਤਮਵਾਦ ਜਿਵੇਂ ਸ਼ੁੱਧ ਗੁਰਬਾਣੀ ਉਚਾਰਣ, ਨਾਮ ਸਿਮਰਨ ਅਤੇ ਸੁੱਚ ਸੋਧ ਮਰਯਾਦਾ ਦੀ ਸਿਖਿਆ ਵੀ ਦਿੱਤੀ ਜਾਂਦੀ ਸੀ। ਜੂਨ 1965 ਤੋਂ ਆਰੰਭ ਹੋਏ ਨਾਮਧਾਰੀ ਨੌਜਵਾਨਾਂ ਦੇ ਇਹ ਵਾਰਸ਼ਿਕ ਸੰਮੇਲਨ ਅੱਜ ਤੱਕ ਲਗਾਤਾਰ ਜਾਰੀ ਹਨ। ਜਿਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹ ਕਿਰਪਾ ਨਾਮਧਾਰੀ ਨੌਜਵਾਨ ਲੜਕਿਆਂ ਤੇ ਕੀਤੀ, ਉਥੇ ਨਾਮਧਾਰੀ ਨੌਜਵਾਨ ਲੜਕੀਆਂ ਨੂੰ ਵੀ ਪਿੱਛੇ ਨਹੀਂ ਰਹਿਣ ਦਿੱਤਾ। ਬੀਬੀਆਂ ਦੀ ਜਥੇਬੰਦੀ ਕਾਇਮ ਕਰਕੇ ਇਸਦਾ ਨਾਮ "ਨਾਮਧਾਰੀ ਇਸਤਰੀ ਵਿਦਿਅਕ ਜਥਾ" ਰੱਖਿਆ।

ਹਰ ਸਾਲ ਹਜ਼ਾਰਾਂ ਦੀ ਤਾਦਾਦ ਵਿੱਚ ਨਾਮਧਾਰੀ ਨੌਜਵਾਨ ਲੜਕੇ ਅਤੇ ਲੜਕੀਆਂ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਬੈਨਰ ਹੇਠ ਇਕੱਠੇ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਦਾ ਆਨੰਦ ਮਾਣਦੇ ਹਨ। ਅੰਮ੍ਰਿਤ ਵੇਲੇ ਸਣਕੇਸੀਂ ਇਸ਼ਨਾਨ ਕਰ ਤੰਤੀ ਸਾਜਾਂ ਨਾਲ ਹੋ ਰਹੇ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਨ ਦੇ ਨਾਲ ਨਾਲ ਨਾਮ ਸਿਮਰਨ ਦਾ ਜਾਪ ਕਰਦੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ ਵੀ ਲੈਂਦੇ ਹਨ।

Namdhari Elibrary NamdhariElibrary@gmail.com

ਨਾਮਧਾਰੀ ਪੰਥ ਵਿੱਚ ਪਹਿਲਾਂ ਤੋਂ ਹੀ ਇਸਤਰੀ ਜਾਤੀ ਨੂੰ ਬੜੀ ਮਹਾਨਤਾ ਦਿੱਤੀ ਜਾਂਦੀ ਹੈ ਅਤੇ ਅੱਜ ਵੀ ਉਸ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਾਇਮ ਰੱਖਿਆ ਹੋਇਆ ਹੈ। ਜਿਥੇ ਹਰ ਸਾਲ ਨਾਮਧਾਰੀ ਨੌਜਵਾਨ ਲੜਕਿਆਂ ਦਾ ਵਾਰਸ਼ਿਕ ਸੰਮੇਲਨ ਹੁੰਦਾ ਹੈ, ਉੱਥੇ ਨਾਮਧਾਰੀ ਨੌਜਵਾਨ ਬੀਬੀਆਂ ਦਾ ਵਾਰਸ਼ਿਕ ਸੰਮੇਲਨ ਕਰਨ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਕਰਦੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਅੱਧੀ ਸਦੀ ਪਹਿਲਾਂ ਨਾਮਧਾਰੀ ਨੌਜਵਾਨ ਪੀੜ੍ਹੀ ਨੂੰ ਫੜਾਈ ਉਂਗਲੀ ਦੀ ਬਦੌਲਤ ਹੀ ਅੱਜ ਨਾਮਧਾਰੀ ਪੰਥ ਸੰਸਾਰ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਾ ਹੋ ਕੇ ਆਪਣੀ ਸਨਮਾਨਯੋਗ ਪਹਿਚਾਨ ਬਣਾ ਚੁੱਕਾ ਹੈ। ਸ੍ਰੀ ਸਤਿਗੁਰੂ ਜੀ ਵਲੋਂ ਲਗਭਗ ਅੱਧੀ ਸਦੀ ਪਹਿਲਾਂ ਕੀਤੀ ਕਿਰਪਾ ਸਦਕਾ ਹੀ ਨਾਮਧਾਰੀ ਦਸਤਾਰ ਖੇਡ ਦੇ ਮੈਦਾਨ ਤੋਂ ਸ਼ੁਰੂ ਹੋ ਕੇ ਹਿੰਦੁਸਤਾਨ ਦੀ ਪਾਰਲੀਮੈਂਟ ਹਾਊਸ ਤੱਕ ਪਹੁੰਚੀ। ਸ੍ਰੀ ਸਤਿਗੁਰੂ ਜੀ ਨੇ ਹਿੰਦੁਸਤਾਨ ਦੇ ਵੱਖ ਵੱਖ ਪ੍ਰਾਤਾਂ ਦੇ ਦੌਰੇ ਕਰਕੇ ਨਾਮਧਾਰੀ ਨੌਜਵਾਨਾਂ ਦੀ ਇਸ ਜਥੇਬੰਦੀ ਦੇ ਨਾਮ ਵਿਚ ਵਾਧਾ ਕਰਦਿਆਂ ਇਸ ਨੂੰ "ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ" ਦਾ ਨਾਮ ਦਿੱਤਾ। ਅੱਜ ਵਰਤਮਾਨ ਸਮੇਂ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਿੰਦੁਸਤਾਨ ਤੋਂ ਬਾਹਰ ਵਿਦੇਸ਼ਾਂ ਵਿੱਚ ਹਜ਼ਾਰਾਂ ਹੀ ਮੀਲ ਦਾ ਹਵਾਈ ਸਫਰ ਕਰਕੇ ਨੌਜਵਾਨਾਂ ਦੀ ਇਸ ਜਥੇਬੰਦੀ ਦੀਆਂ ਸ਼ਾਖਾਵਾਂ ਕਾਇਮ ਕਰਕੇ ਇਸ ਜਥੇਬੰਦੀ ਦਾ ਨਾਮ "ਵਿਸ਼ਵ ਨਾਮਧਾਰੀ ਵਿਦਿਅਕ ਜਥਾ" ਰੱਖਿਆ ਹੈ। ਹਰ ਸਾਲ ਹਜ਼ਾਰਾਂ ਦੀ ਤਾਦਾਦ ਵਿੱਚ ਨਾਮਧਾਰੀ ਨੌਜਵਾਨ ਲੜਕੇ ਅਤੇ ਲੜਕੀਆਂ ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੇ ਬੈਨਰ ਹੇਠ ਇਕੱਠੇ ਹੋ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਦਾ ਆਨੰਦ ਮਾਣਦੇ ਹਨ। ਅੰਮ੍ਰਿਤ ਵੇਲੇ ਸਣਕੇਸੀਂ ਇਸ਼ਨਾਨ ਕਰ ਤੱਤੀ ਸਾਜਾਂ ਨਾਲ ਹੋ ਰਹੇ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਨ ਦੇ ਨਾਲ ਨਾਲ ਨਾਮ ਸਿਮਰਨ ਦਾ ਜਾਪ ਕਰਦੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ ਵੀ ਲੈਂਦੇ ਹਨ। ਵਿਸ਼ਵ ਨਾਮਧਾਰੀ ਵਿਦਿਅਕ ਜਥੇ ਦੀ ਕੇਂਦਰੀ ਟੀਮ ਵਲੋਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਸ ਜਥੇਬੰਦੀ ਦੀਆਂ ਸ਼ਾਖਾਵਾਂ ਜ਼ਿਲ੍ਹਾ ਪੱਧਰ ਤੋਂ ਲੈ ਕੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਤੱਕ ਗਠਿਤ ਕੀਤੀਆਂ ਹੋਈਆਂ ਹਨ। ਇਹਨਾਂ ਸ਼ਾਖਾਵਾਂ ਦਾ ਸੰਪਰਕ ਕੇਂਦਰੀ ਜਥੇ ਦੇ ਰਾਹੀਂ ਸਿੱਧਾ ਸ੍ਰੀ ਸਤਿਗੁਰੂ ਜੀ ਨਾਲ ਹੈ। ਅਜਿਹੇ ਘੋਰ ਕਲਯੁਗ ਦੇ ਸਮੇਂ ਪੰਜਾਬ ਹੀ ਨਹੀਂ ਸਮੁੱਚੇ ਹਿੰਦੁਸਤਾਨ ਵਿੱਚੋਂ ਪੱਛਮੀ ਸੱਭਿਅਤਾ ਦੇ ਮਾਰੂ ਪ੍ਰਭਾਵ ਹੇਠ ਆ ਕੇ ਸਿੱਖ ਨੌਜਵਾਨ ਕੇਸ ਕਤਲ ਕਰਕੇ, ਨਸ਼ਿਆਂ ਦਾ ਸ਼ਿਕਾਰ ਹੋ ਕੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਸਿੱਖੀ ਨੂੰ ਤਿਲਾਂਜਲੀ ਦੇ ਰਹੇ ਹਨ। ਪ੍ਰੰਤੂ ਅਜਿਹੇ ਭਿਆਨਕ ਸਮੇਂ ਵਿੱਚ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਾਜੇ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਨਿਵਾਜੇ ਸਿੱਖੀ ਸਰੂਪ ਨੂੰ ਜਿਓਂ ਦਾ ਤਿਓਂ ਹੀ ਨਹੀਂ ਸਗੋਂ ਹੋਰ ਚਾਰ ਚੰਦ ਲਾ ਕੇ ਸੰਭਾਲਿਆ ਹੋਇਆ ਹੈ।

ਸ੍ਰੀ ਸਤਿਗੁਰੂ ਜੀ ਦੇ ਸ਼ੁਰੂ ਕਰਨ ਦੀ ਦੇਰ ਹੀ ਸੀ, ਜਿਥੇ ਪਹਿਲੀ ਵਿਸ਼ੇਸ਼ ਇਕੱਤਰਤਾ ਸਮੇਂ ਉਂਗਲੀਆਂ ਤੇ ਗਿਣਨ ਜੋਗੇ ਨੌਜਵਾਨ ਇਕੱਤਰ ਹੋਏ ਸਨ ਛੇਤੀਂ ਹੀ ਇਹ ਗਿਣਤੀ ਸੈਂਕੜਿਆਂ ਦਾ ਅੰਕੜਾ ਪਾਰ ਕਰ ਗਈ। ਸ੍ਰੀ ਸਤਿਗੁਰੂ ਜੀ ਉਚੇਚਾ ਯਤਨ ਕਰਕੇ ਇਸ ਨੌਜਵਾਨ ਜਥੇਬੰਦੀ ਦਾ ਇੱਕ ਵਿਸ਼ੇਸ਼ ਸਲਾਨਾ ਸਮਾਗਮ ਆਰੰਭ ਕੀਤਾ ਜਿਸਨੂੰ "ਨਾਮਧਾਰੀ ਵਿਦਿਅਕ ਸੰਮੇਲਨ" ਦਾ ਨਾਮ ਦਿੱਤਾ ਗਿਆ।

ਅੱਜ ਸਮੁਚਾ ਨਾਮਧਾਰੀ ਜਗਤ ਨਾਮਧਾਰੀ ਦਰਬਾਰ ਵਲੋਂ ਉਲੀਕੇ ਹੋਏ ਪ੍ਰੋਗਰਾਮਾਂ ਮੁਤਾਬਿਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਤੇ ਸੁਭਾਏਮਾਨ ਹੋਣ ਦੇ 50ਸਾਲਾ ਗੁਰਗੱਦੀ ਸਮਾਗਮਾਂ ਨੂੰ ਮਨਾਉਂਦਾ ਹੋਇਆ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸ਼ੁਕਰਾਨਾ ਕਰਦਾ ਹੈ। ਅੱਜ ਨਾਮਧਾਰੀ ਨੌਜਵਾਨ ਸੰਸਾਰ ਵਿੱਚ ਕਿਸੇ ਵੀ ਮੁਕਾਮ ਤੇ ਪਹੁੰਚੇ ਹਨ ਤਾਂ ਇਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਲਗਭਗ ਅੱਧੀ ਸਦੀ ਪਹਿਲਾਂ ਫੜਾਈ ਉਸ ਉਂਗਲੀ ਦੀ ਬਦੌਲਤ ਹੀ ਹੈ, ਜਿਸ ਉਂਗਲੀ ਨੂੰ ਫੜ ਕੇ ਅੱਜ ਵੀ ਨਾਮਧਾਰੀ ਨੌਜਵਾਨ ਰੁਸ਼ਨਾਏ ਹੋਏ ਰਸਤੇ ਤੇ ਤੁਰ ਕੇ ਸੁਖੀ ਜੀਵਨ ਬਤੀਤ ਕਰ ਰਹੇ ਹਨ। ਅੰਤ ਵਿੱਚ ਸਮੁਚਾ ਨਾਮਧਾਰੀ ਨੌਜਵਾਨ ਵਰਗ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕਰਦਾ ਹੈ ਕਿ ਇਹ ਫੜੀ ਹੋਈ ਉਂਗਲੀ ਹਮੇਸ਼ਾ ਨਾਮਧਾਰੀ ਨੌਜਵਾਨਾਂ ਦਾ ਮਾਰਗ ਦਰਸ਼ਨ ਕਰਦੀ ਰਹੇ। ■

Namdhari Elibrary NamdhariElibrary@gmail.com

ਜੈਸਾ ਸਤਿਗੁਰ ਦੇਖਿਆ

✍ ਲਖਵਿੰਦਰ ਸਿੰਘ ਬਾਜਵਾ

ਏਸ ਇਲਾਕੇ ਵਿੱਚ ਉਦੋਂ ਨਾ ਕੋਈ ਪੱਕੀ ਸੜਕ ਸੀ ਤੇ ਨਾ ਕੋਈ ਹੋਰ ਵਿਦਿਅਕ ਅਦਾਰਾ। ਆਪ ਨੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸੰਕਟਾਂ ਵਿੱਚ ਚਲਦਾ ਵੀ ਰੱਖਿਆ ਅਤੇ ਨਾਲ ਹੀ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੀ ਸਥਾਪਨਾ ਵੀ ਕੀਤੀ। ਆਪ ਜ਼ਮੀਨ ਦੀ ਬਖਸ਼ਿਸ਼ ਕਰਕੇ ਮੰਡੀ ਬਣਵਾਈ, ਬਿਜਲੀ ਘਰ ਬਣਵਾਇਆ ਅਤੇ ਜੀਵਨ ਨਗਰ ਤੋਂ ਕਰੀਵਾਲੇ ਤੱਕ ਪੱਕੀ ਸੜਕ ਆਪ ਟੋਕਰੀ ਚੁੱਕ ਕੇ ਸੰਗਤਾਂ ਦੇ ਸਹਿਯੋਗ ਨਾਲ ਬਣਵਾਈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਦਾ ਤਸੱਵਰ ਕੀਤਿਆਂ ਹੀ ਸਿਰ ਸਿਜਦੇ ਵਿੱਚ ਆਪਣੇ ਆਪ ਝੁਕ ਜਾਂਦਾ ਹੈ। ਇਹ ਉਹ ਮਹਾਨ ਸ਼ਖਸੀਅਤ ਹਨ ਜਿਨ੍ਹਾਂ ਨੇ ਗੁਰਗੱਦੀ ਦੇ ਪੰਜਾਹ ਵਰ੍ਹੇ ਪੂਰੇ ਹੀ ਨਹੀਂ ਕੀਤੇ, ਉਹਨਾਂ ਪੰਜਾਹ ਵਰ੍ਹਿਆਂ ਵਿੱਚ ਇੰਨੇ ਮਹਾਨ ਕਾਰਜ ਕੀਤੇ ਹਨ ਜਿਹੜੇ ਉਂਗਲਾਂ ਤੇ ਤਾਂ ਕੀ ਸ਼ਾਇਦ ਕੰਪਿਊਟਰ ਨਾਲ ਵੀ ਨਾ ਗਿਣੇ ਜਾ ਸਕਣ।

ਉਹਨਾਂ ਦੀ ਗੁਰਗੱਦੀ ਦੀ ਤਾਜਪੋਸ਼ੀ ਨੂੰ ਅੱਜ ਪੰਜਾਹ ਸਾਲ ਹੋ ਗਏ ਹਨ। ਮੇਰੀ ਉਮਰ ਇਸ ਕਾਰਜ ਕਾਲ ਤੋਂ ਕੇਵਲ ਚਾਰ ਕੁ ਸਾਲ ਹੀ ਜ਼ਿਆਦਾ ਹੋਵੇਗੀ। ਇਸ ਲਈ ਇਹਨਾਂ ਪੂਰੇ ਪੰਜਾਹ ਸਾਲਾਂ ਵਿੱਚ ਉਹਨਾਂ ਦੀ ਸ਼ਰਧਾ ਦਾ ਪਾਤਰ ਬਣਨ ਦਾ ਜਿਥੇ ਸੁਭਾਗ ਪ੍ਰਾਪਤ ਹੋਇਆ, ਉਥੇ ਉਹਨਾਂ ਦੇ ਮਾਰਗ ਦਰਸ਼ਨ ਤੇ ਚੱਲ ਕੇ ਚੰਗੇ ਜੀਵਨ ਦੀ ਜਾਚ ਵੀ ਸਿੱਖੀ। ਏਸੇ ਹੀ ਸਿੱਖਿਆ ਤੇ ਚੱਲ ਕੇ ਮੈਂ ਹੀ ਨਹੀਂ ਸਾਰਾ ਹੀ ਨਾਮਧਾਰੀ ਜਗਤ ਤੇ ਹੋਰ ਲੋਕ ਵੀ ਅਮਨ ਚੈਨ ਦਾ ਅਤੇ ਸੁਖ ਭਰਿਆ ਅਨੰਦਮਈ ਜੀਵਨ ਜੀ ਰਹੇ ਹਨ।

ਉਹਨਾਂ ਦੀ ਤਾਜਪੋਸ਼ੀ ਦੀ ਭਾਵੇਂ ਮੈਨੂੰ ਸੰਭਾਲ ਨਹੀਂ ਕਿਉਂਕਿ ਅਜੇ ਮੈਂ ਉਦੋਂ ਸਿਰਫ ਤਿੰਨ ਚਾਰ ਸਾਲ ਦਾ ਹੋਵਾਂਗਾ। ਪਰ ਇਸ ਤੋਂ ਤਕਰੀਬਨ ਸਾਲ ਕੁ ਪਹਿਲਾਂ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਹਾਨ ਸ਼ਖਸੀਅਤ ਦੇ ਦਰਸ਼ਨ ਜ਼ਰੂਰ ਕੀਤੇ ਸਨ। ਇਹ ਸੁਭਾਗ ਮੈਨੂੰ ਉਦੋਂ ਪ੍ਰਾਪਤ ਹੋਇਆ, ਜਦੋਂ ਮੈਂ ਆਪਣੇ ਮਾਤਾ ਪਿਤਾ ਨਾਲ ਹੋਲੇ ਮਹੱਲੇ ਤੇ ਗਿਆ ਸਾਂ। ਸੰਮਤ ਤਾਂ ਯਾਦ ਨਹੀਂ ਕਿਉਂਕਿ ਉਦੋਂ ਮੈਂ ਬਹੁਤ ਛੋਟਾ ਸਾਂ ਤੇ ਜਦੋਂ ਵੱਡਾ ਹੋਇਆ ਤਾਂ ਏਧਰ ਖਿਆਲ ਹੀ ਨਾ ਆਇਆ। ਹੁਣ ਜਦੋਂ ਇਸ ਗੱਲ ਦੀ ਜ਼ਰੂਰਤ ਮਹਿਸੂਸ ਹੋਈ, ਤਾਂ ਉਹ ਤਰੀਕਾਂ ਦੱਸਣ ਵਾਲੇ ਚਲੇ ਗਏ।

ਇਕ ਧੁੰਧਲੀ ਯਾਦ ਮੇਰੇ ਮਨ ਮਸਤਕ ਵਿੱਚ ਸਦਾ ਉੱਕਰੀ ਰਹੀ ਹੈ। ਮੈਂ ਆਪਣੀ ਮਾਤਾ ਜੀ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੱਥਾ ਟੇਕਣ ਗਿਆਂ ਸਾਂ ਤੇ ਸ੍ਰੀ ਸਤਿਗੁਰੂ ਜੀ ਨੇ ਨਮਸਕਾਰ ਕਰਨ ਉਪਰੰਤ ਮੈਨੂੰ ਇੱਕ ਸੰਤਰੇ ਦਾ ਪ੍ਰਸ਼ਾਦ ਦਿੱਤਾ ਸੀ। ਮੈਨੂੰ ਕਿੰਨੀ ਖੁਸ਼ੀ ਹੋਈ ਸੀ ਮੈਂ ਕਹਿ ਨਹੀਂ ਸਕਦਾ। ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੇਰੇ ਪਹਿਲੇ ਤੇ ਆਖਰੀ ਦਰਸ਼ਨ ਸਨ। ਫੇਰ ਕਦੋਂ ਉਹ ਚੜ੍ਹਾਈ ਕਰ ਗਏ ਤੇ ਕਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਹੋਈ ਮੈਨੂੰ ਕੁਝ ਪਤਾ ਨਹੀਂ। ਬਸ ਏਨਾ ਕੁ ਯਾਦ ਹੈ ਕਿ ਸਾਰਾ ਪਰਵਾਰ ਰੋ ਰਿਹਾ ਸੀ ਤੇ ਇਸਦਾ ਕਾਰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵਿਛੋੜਾ ਦੱਸਿਆ ਗਿਆ ਸੀ। ਪਰ ਮੇਰੇ ਬਾਲ ਮਨ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ। ਉਦੋਂ ਅਸੀਂ ਜ਼ਿਲ੍ਹਾ ਬਠਿੰਡੇ ਦੀ ਰਾਮਪੁਰਾ ਫੂਲ

Namdhari Elibrary NamdhariElibrary@gmail.com

ਤਹਿਸੀਲ ਦੇ ਇਕ ਛੋਟੇ ਜਿਹੇ ਪਿੰਡ ਗੌਂਸਪੁਰੇ ਵਿਚ ਰਹਿੰਦੇ ਸਾਂ, ਜਿਸਨੂੰ ਮੁਸਲਮਾਨ ਗੁਜਰਾਂ ਦਾ ਪਿੰਡ ਹੋਣ ਕਰਕੇ ਗੁਜਰਾਂਵਾਲਾ ਵੀ ਆਖਿਆ ਜਾਂਦਾ ਸੀ। ਮੇਰੇ ਪਿਤਾ ਜਥੇਦਾਰ ਪਾਲਾ ਸਿੰਘ ਦੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪਿਛੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਅਟੁੱਟ ਸ਼ਰਧਾ ਸੀ। ਉਹ ਬੜਾ ਰਸਭਿੰਨਾ ਕੀਰਤਨ ਕਰਦੇ ਸਨ। ਬਿਲਕੁਲ ਅਨਪੜ੍ਹ ਹੋਣ ਤੇ ਵੀ ਉਹਨਾਂ ਨੇ ਅੱਖਰ ਗਿਆਨ ਕਰਕੇ ਬਹੁਤ ਵਿਦਵਤਾ ਹਾਸਿਲ ਕਰ ਲਈ ਸੀ। ਇਹ ਵੀ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਹੀ ਮੰਨਦੇ ਸਨ ਕਿਉਂਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਗੋਧੇ ਦੀ ਬਾਰ ਦੇ ਪਿੰਡ ਪਚਾਂਨਵੇਂ ਚੱਕ ਵਿੱਚ ਰਹਿੰਦਿਆਂ ਨੂੰ ਦਰਸ਼ਨ ਦੇ ਕੇ ਹੁਕਮ ਕੀਤਾ ਸੀ ਕਿ ਗੁਰਸਿੱਖੀ ਜ਼ਰੂਰ ਰੱਖੋ। ਇਹ ਹੁਕਮ ਫਿਰ ਐਸੀ ਲਗਨ ਬਣ ਗਿਆ ਕਿ ਉਹਨਾਂ ਦਾ ਦਰਜਾ ਚੰਗੇ ਵਿਦਵਾਨਾਂ ਵਿਚ ਗਿਣਿਆ ਜਾਣ ਲੱਗਾ। ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਰ ਹੁਕਮ ਦੀ ਪਾਲਣਾ ਕਰਦੇ ਅਤੇ ਉਹਨਾਂ ਨੇ ਕਦੇ ਵੀ ਕੀਰਤਨ ਦਾ ਪੈਸਾ ਨਹੀਂ ਲਿਆ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ ਉਸ ਪਿੰਡ ਵਿਚ ਜ਼ਿਆਦਾਤਰ ਖੁੱਲ੍ਹੇ ਤੇ ਖਾਣ ਪੀਣ ਵਾਲੇ ਘਰ ਹੀ ਸਨ। ਸਿਰਫ ਤਿੰਨ ਘਰ ਹੀ ਨਾਮਧਾਰੀਆਂ ਦੇ ਸਨ। ਸਾਡਾ, ਪਾਠੀ ਕਪੂਰ ਸਿੰਘ ਜੋ ਅਜਕਲ ਸ੍ਰੀ ਭੈਣੀ ਸਾਹਿਬ ਦੇ ਕੋਲ ਕੁਹਾੜੇ ਵਿਖੇ ਰਹਿੰਦੇ ਹਨ ਤੇ ਉਹਨਾਂ ਦੇ ਤਿੰਨ ਭਾਈ ਅਤੇ ਸਾਧੂ ਸਿੰਘ ਕੂਕਾ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਬਾਪੂ ਜੀ ਨੇ ਪਿੰਡ ਦੇ ਸਾਰੇ ਨੌਜਵਾਨਾਂ ਨੂੰ ਘੇਰ ਕੇ ਮਾਸ ਸ਼ਰਾਬ ਛੁਡਵਾ ਦਿਤੀ ਅਤੇ ਨਾਮਧਾਰੀ ਬਣਾ ਲਿਆ। ਉਹ ਸਾਰੇ ਨੌਜਵਾਨ ਹੱਲੇ ਦੇ ਦਿਵਾਨ ਵਿੱਚ ਸਜਦੇ ਹੁੰਦੇ ਸਨ।

ਇਕ ਵਾਰ ਜਦੋਂ (ਗੁਰਗੱਦੀ ਸੰਭਾਲਣ ਤੋਂ ਬਾਅਦ ਪਹਿਲੀ ਵਾਰ) ਸ੍ਰੀ ਸਤਿਗੁਰੂ ਜੀ ਸਾਡੇ ਪਿੰਡ ਦਰਸ਼ਨ ਦੇਣ ਗਏ ਤਾਂ ਸਾਰਾ ਪਿੰਡ ਹੁੰਮ ਹੁਮਾ ਕੇ ਦਰਸ਼ਨਾਂ ਨੂੰ ਆਇਆ। ਬਹੁਤਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਪਹਿਲੇ ਦਰਸ਼ਨ ਨਹੀਂ ਸਨ ਕੀਤੇ ਅਤੇ ਲੋਕਾਂ ਵਿੱਚ ਇੱਕ ਇਹ ਹੀ ਗੱਲ ਸੀ ਕਿ ਕੂਕਿਆਂ ਦਾ ਗੁਰੂ ਆਉਣਾ ਹੈ। ਮੇਰਾ ਬਾਲਪਨ ਵੀ ਸ੍ਰੀ ਸਤਿਗੁਰੂ ਜੀ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ ਕਿਉਂਕਿ ਮੈਂ ਵੀ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਨਹੀਂ ਸਨ ਕੀਤੇ। ਉਸ ਥਾਂ ਸੰਗਤ ਵਿਚ ਇਕ ਬਜ਼ੁਰਗ ਮਾਈ (ਮਜ਼੍ਹਬੀ ਸਿੱਖ) ਵੀ ਖਲੋਤੀ ਵੇਖ ਰਹੀ ਸੀ। ਸ੍ਰੀ ਸਤਿਗੁਰੂ ਜੀ ਜਦੋਂ ਆਪਣੀ ਕਾਰ ਵਿੱਚੋਂ ਬਾਹਰ ਆ ਹੀ ਰਹੇ ਸਨ ਤਾਂ ਉਹ ਵੇਖ ਕੇ ਉਚੀ ਸਾਰੀ ਬੋਲੀ, ਜੀ ਕਹਿੰਦੇ ਹਨ ਕੂਕਿਆਂ ਦਾ ਗੁਰੂ ਆਉਣੈ, ਇਹ ਤਾਂ ਬੰਦੈ। ਇਹ ਸੁਣ ਕੇ ਉਥੇ ਖਲੋਤੇ ਸਾਰੇ ਸੱਜਣਾਂ ਸਮੇਤ ਸ੍ਰੀ ਸਤਿਗੁਰੂ ਜੀ ਵੀ ਹੱਸ ਪਏ।

ਘਰ ਚਰਨ ਪਾਉਣ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਸਾਰੇ ਪਿੰਡ ਨੇ ਚਰਨ ਪੁਆਏ। ਇਕ ਘਰ ਚੰਗਾ ਸਰਦਾ ਪੁਰਦਾ ਸੀ ਸ. ਜਰਨੈਲ ਸਿੰਘ ਦਾ ਘਰ। ਚੰਗੀ ਜ਼ਮੀਨ ਜਾਇਦਾਦ ਸੀ। ਉਹਨਾਂ ਦੇ ਘਰ ਚਰਨ ਪਾਉਣ ਗਏ ਤਾਂ ਉਹਨਾਂ ਦੇ ਪੁੱਤਰ ਜਿਸਦਾ ਨਾਮ ਨਿਸ਼ਾਨ ਸਿੰਘ ਸੀ (ਜੋ ਪਿਛਲੇ ਸਾਲ ਚੜ੍ਹਾਈ ਕਰ ਗਿਆ) ਨੇ ਗਲ ਵਿੱਚ ਇੱਕ ਤਵੀਤ ਬੰਨ੍ਹਿਆ ਹੋਇਆ ਸੀ। ਸ੍ਰੀ ਸਤਿਗੁਰੂ ਜੀ ਨੇ ਵੇਖ ਕੇ ਹੁਕਮ ਕੀਤਾ, ਇਹ ਕਿਉਂ ਪਿਆ ਹੈ ਤਾਂ ਉਸਦੀ ਮਾਤਾ ਨੇ ਕਿਹਾ ਜੀ ਇਸ ਨੂੰ ਮੂਰਛਾ ਆ ਜਾਂਦੀ ਹੈ ਇਸ ਲਈ ਪਾਇਆ ਹੈ, ਤਾਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਲਾਹ ਕੇ ਸੁਟ ਦਿਓ ਮੂਰਛਾ ਨਹੀਂ ਆਵੇਗੀ।" ਤਾਂ ਨਿਸ਼ਾਨ ਸਿੰਘ ਨੇ ਬਚਨ ਮੰਨ ਕੇ ਤਵੀਤ ਗਲੋਂ ਲਾਹ ਕੇ ਸੁੱਟ ਦਿੱਤਾ ਪਰ ਉਸ ਦੀ ਮਾਤਾ ਨੇ ਫੜ ਲਿਆ। ਜਿੰਨਾ ਚਿਰ ਤਵੀਤ ਨਹੀਂ ਪਾਇਆ ਮੂਰਛਾ ਨਹੀਂ ਆਈ। ਸਾਲ ਬਾਅਦ ਉਸ ਦੀ ਮਾਤਾ ਨੂੰ ਉਹ ਤਵੀਤ ਕਿਤਿਓਂ ਸਾਂਭਿਆ ਹੋਇਆ ਮਿਲ ਗਿਆ ਤੇ ਉਸਨੇ ਫਿਰ ਉਸ ਦੇ ਗਲ ਪੁਆ ਦਿੱਤਾ, ਤਾਂ ਉਸ ਤੋਂ ਬਾਅਦ ਉਸਨੂੰ ਉਹ ਬਿਮਾਰੀ ਨੇ ਫੇਰ ਆਣ ਘੇਰਿਆ।

ਉਥੇ ਇਕ ਬਹੁਤ ਮਾਸੀ ਸ਼ਰਾਬੀ ਘਰ ਸੀ ਜਿਸ ਦੀ ਕੰਧ ਗੁਰਦੁਆਰੇ ਦੇ ਨਾਲ ਲੱਗਦੀ ਸੀ। ਜਦੋਂ ਨਾਮਧਾਰੀ ਸੰਗਤ ਕੀਰਤਨ ਕਰਦੀ, ਤਾਂ ਹੋਰ ਸਾਰੇ ਲੋਕ ਆਉਂਦੇ, ਉਹਨਾਂ ਨੇ ਆਉਣਾ ਕੀ ਸੀ ਸਗੋਂ ਮੰਦਾ ਬੋਲਦੇ। ਕਈ ਵਾਰ ਇੱਟ ਵੱਟੇ ਵੀ ਮਾਰਦੇ। ਨੌਜਵਾਨ ਮੁੰਡੇ ਕਈ ਵਾਰ ਗਰਮ ਹੋ ਜਾਂਦੇ ਪਰ ਬਾਪੂ ਜੀ ਕਹਿੰਦੇ, ਨਹੀਂ ਅੰਦਰ ਦਿਵਾਨ ਨਾ ਲਾਉ। ਉਥੋਂ ਦਾ ਇਕ ਮਜ਼੍ਹਬੀ ਸਿੱਖ ਸੀ, ਉਹ ਨਾਮਧਾਰੀ ਪਹਿਰਾਵੇ ਵਿੱਚ ਨਹੀਂ ਸੀ ਰਹਿੰਦਾ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਉਸਦਾ ਅਟੱਲ ਵਿਸ਼ਵਾਸ ਸੀ। ਉਹ ਅਕਸਰ ਮੱਝਾਂ ਚਾਰਨ ਜਾਇਆ ਕਰਦਾ ਸੀ, ਤਾਂ ਉਪਰੋਕਤ ਘਰ ਦਾ ਇਕ ਬੰਦਾ ਜਿਸ ਦਾ ਨਾਮ ਦਰਸ਼ਨ ਸਿੰਘ ਸੀ, ਉਸਦੀ ਵਧੀ ਹੋਈ ਗੋਗੜ ਨੂੰ ਵੇਖ ਕੇ ਲੋਕ ਉਸਨੂੰ ਦਰਸ਼ੂ ਢਿੱਡਲ ਕਹਿਕੇ ਜਾਣਦੇ ਸਨ। ਅੱਤ ਦਾ ਮਾਸੀ ਸ਼ਰਾਬੀ ਤੇ ਕੁਸੰਗੀ। ਉਹ ਬਾਪੂ ਜੀ ਨੂੰ ਤੇ ਨਾਮਧਾਰੀ ਪਰਵਾਰਾਂ ਨੂੰ ਬਹੁਤ ਅਪਸ਼ਬਦ ਬੋਲਦਾ ਤਾਂ ਉਹ ਮਜ਼੍ਹਬੀ ਸਿੰਘ ਬਾਪੂ ਜੀ ਨੂੰ ਆ ਕੇ ਦੱਸਦਾ, ਸੰਤ

Namdhari Elibrary NamdhariElibrary@gmail.com

ਜੀ, ਉਹ ਜਦੋਂ ਤੁਹਾਨੂੰ ਗਲਤ ਸ਼ਬਦ ਬੋਲਦਾ ਹੈ, ਤਾਂ ਮੈਥੋਂ ਜਰਿਆ ਨਹੀਂ ਜਾਂਦਾ, ਤਾਂ ਬਾਪੂ ਜੀ ਕਹਿੰਦੇ ਅਸੀਂ ਗੁੱਸਾ ਨਹੀਂ ਕਰਦੇ, ਤੂੰ ਵੀ ਮਸਤ ਰਿਹਾ ਕਰ।

ਅਚਾਨਕ ਇੱਕ ਦਿਨ ਖਬਰ ਆਈ। ਸ੍ਰੀ ਸਤਿਗੁਰੂ ਜੀ ਦੀ ਕਾਰ ਦਾ ਇਕ ਝੋਟੇ ਨਾਲ ਐਕਸੀਡੈਂਟ ਹੋ ਗਿਆ ਹੈ। ਇਹ ਖਬਰ ਸੁਣ ਕੇ ਸਾਰੇ ਨਾਮਧਾਰੀ ਪਰਵਾਰਾਂ ਦੇ ਚਿਹਰੇ ਤੇ ਉਦਾਸੀ ਛਾ ਗਈ। ਪਰ ਦਰਸ਼ਨ ਸਿੰਘ ਜਦੋਂ ਮੱਝਾਂ ਚਾਰਨ ਗਏ ਮਜ਼ਬੀ ਸਿੰਘ ਨੂੰ ਮਿਲਿਆ ਤਾਂ ਸ੍ਰੀ ਸਤਿਗੁਰੂ ਜੀ ਦੀ ਸ਼ਾਨ ਦੇ ਖਿਲਾਫ ਸ਼ਬਦ ਕਹੇ ਤੇ ਆਖਿਆ ਕਿ ਕੂਕਿਆਂ ਦੇ ਗੁਰੂ ਨੂੰ ਤਾਂ ਮੈ ਲੈ ਲਿਆ ਹੈ, ਛਡਦਾ ਇਹਨਾਂ ਨੂੰ ਵੀ ਨਹੀਂ। ਉਹ ਆਦਮੀ ਉਵੇਂ ਸਾਡੇ ਪਰਵਾਰ ਤੋਂ ਭੈਅ ਖਾਂਦਾ ਸੀ ਤੇ ਮੂੰਹ ਤੇ ਕੁਝ ਵੀ ਨਹੀਂ ਸੀ ਬੋਲਦਾ। ਮਜ਼ਬੀ ਸਿੰਘ ਉਸ ਤੋਂ ਭੈਅ ਮੰਨਦਾ ਸੀ, ਇਸ ਕਰਕੇ ਉਹ ਉਹਦੇ ਸਾਹਮਣੇ ਅਨਾਪ ਸ਼ਨਾਪ ਬਕਦਾ ਰਹਿੰਦਾ ਸੀ। ਸ਼ਾਮ ਨੂੰ ਮਜ਼ਬੀ ਸਿੰਘ ਜਦੋਂ ਵਾਪਿਸ ਆਇਆ, ਤਾਂ ਉਹ ਸਿੱਧਾ ਸਾਡੇ ਘਰ ਆਇਆ ਤੇ ਰੋਂਦਾ ਹੋਇਆ ਕਹਿਣ ਲੱਗਾ, ਜਥੇਦਾਰ ਜੀ ਅੱਜ ਮੇਰਾ ਮਨ ਬਹੁਤ ਦੁਖੀ ਹੋਇਆ ਹੈ। ਦਰਸ਼ੂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ਾਨ ਦੇ ਖਿਲਾਫ ਬਹੁਤ ਗੰਦੇ ਲਫ਼ਜ਼ ਕਹੇ ਹਨ, ਜੋ ਮੈਥੋਂ ਜਰੇ ਨਹੀਂ ਗਏ। ਤਾਂ ਬਾਪੂ ਜੀ ਨੂੰ ਗੁੱਸਾ ਆਇਆ ਤੇ ਕਿਹਾ ਸਾਨੂੰ ਗਾਲ੍ਹਾਂ ਕਢਦਾ ਸੀ ਕੋਈ ਗੱਲ ਨਹੀਂ ਸੀ। ਜੇਕਰ ਸ੍ਰੀ ਸਤਿਗੁਰੂ ਜੀ ਦੀ ਸ਼ਾਨ ਦੇ ਖਿਲਾਫ ਬੋਲਿਆ ਹੈ ਤਾਂ ਗੁਰੂ ਕਰੂ ਉਹ ਬੋਲਣ ਜੋਗਾ ਹੀ ਨਾ ਰਹੇਗਾ।

ਉਸ ਦਿਨ ਤੋਂ ਬਾਅਦ ਉਹ ਆਦਮੀ ਫੇਰ ਕਦੇ ਬੋਲਦਾ ਕਿਸੇ ਨਹੀਂ ਵੇਖਿਆ। ਮੂੰਹ ਤੇ ਕੱਪੜਾ ਬੰਨ੍ਹ ਕੇ ਬਾਹਰ ਨਿਕਲਦਾ, ਡੰਗਰ ਚਾਰ ਕੇ ਘਰ ਆਉਂਦਾ, ਇਸ਼ਾਰੇ ਨਾਲ ਰੋਟੀ ਮੰਗਦਾ, ਰੋਟੀ ਖਾ ਕੇ ਫੇਰ ਮੂੰਹ ਬੰਨ੍ਹ ਲੈਂਦਾ। ਇਸ ਗੱਲ ਦੀ ਤਸਦੀਕ ਅੱਜ ਵੀ ਉਸ ਪਿੰਡ ਤੋਂ ਕੀਤੀ ਜਾ ਸਕਦੀ ਹੈ।

ਸ੍ਰੀ ਸਤਿਗੁਰੂ ਜੀ ਉਨੀਂ ਦਿਨੀਂ ਜ਼ਿਆਦਾ ਸ੍ਰੀ ਜੀਵਨ ਨਗਰ ਨਿਵਾਸ ਕਰਦੇ ਸਨ। ਸਾਡੇ ਚਾਚਾ ਜੀ ਸ. ਮੱਖਣ ਸਿੰਘ ਬੜੇ ਸ਼ਰਧਾਵਾਨ ਸਿੱਖ ਸਨ। ਬਾਪੂ ਜੀ ਨੂੰ ਕਹਿਣ ਲੱਗੇ ਜ਼ਮੀਨ ਵੇਚ ਕੇ, ਇਕੱਠੇ ਹੋ ਜਾਈਏ ਨਾਲੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਸੁਭਾਗ ਹਮੇਸ਼ਾ ਪ੍ਰਾਪਤ ਹੁੰਦਾ ਰਹੇਗਾ। ਸੋ ਜ਼ਮੀਨ ਵੇਚ ਕੇ 1966 ਨੂੰ ਸਰਸੇ ਜ਼ਿਲ੍ਹੇ ਦੇ ਪਿੰਡ ਜਗਜੀਤ ਨਗਰ ਆ ਗਏ ਅਤੇ ਦੁਢੀਆਂਵਾਲੀ ਜ਼ਮੀਨ ਖਰੀਦ ਲਈ। ਏਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਖਰੀਦੇ ਮੁਰੱਬਿਆਂ ਵਾਲੀ ਜ਼ਮੀਨ ਪਹਿਲਾਂ ਹੀ ਸੀ।

ਗੱਡੀਆਂ ਉਸ ਵਕਤ ਸ੍ਰੀ ਸਤਿਗੁਰੂ ਜੀ ਕੋਲ ਹੀ ਸਨ ਸ੍ਰੀ ਜੀਵਨ ਨਗਰ। ਹੋਰ ਇਲਾਕੇ ਵਿਚ ਸ਼ਾਇਦ ਹੀ ਕੋਈ ਕਾਰ ਹੋਵੇ। ਮੋਟਰ ਸਾਈਕਲ ਵੀ ਹਰ ਪਿੰਡ ਵਿੱਚ ਕਿਸੇ ਵਿਰਲੇ ਕੋਲ ਹੀ ਸੀ। ਸੋ ਜਦੋਂ ਵੀ ਕੋਈ ਕਾਰ ਆਉਂਦੀ ਸੀ ਤਾਂ ਜ਼ਾਹਰ ਸੀ ਕਿ ਉਹ ਸ੍ਰੀ ਸਤਿਗੁਰੂ ਜੀ ਦੀ ਹੀ ਹੋਵੇਗੀ।

ਏਸ ਇਲਾਕੇ ਵਿੱਚ ਉਦੋਂ ਨਾ ਕੋਈ ਪੱਕੀ ਸੜਕ ਸੀ ਤੇ ਨਾ ਕੋਈ ਹੋਰ ਵਿਦਿਅਕ ਅਦਾਰਾ। ਆਪ ਨੇ ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸੰਕਟਾਂ ਵਿੱਚ ਚਲਦਾ ਵੀ ਰੱਖਿਆ ਅਤੇ ਨਾਲ ਹੀ ਸ੍ਰੀ ਗੁਰੂ ਹਰੀ ਸਿੰਘ ਕਾਲਜ ਦੀ ਸਥਾਪਨਾ ਵੀ ਕੀਤੀ। ਆਪ ਜ਼ਮੀਨ ਦੀ ਬਖਸ਼ਿਸ਼ ਕਰਕੇ ਮੰਡੀ ਬਣਵਾਈ, ਬਿਜਲੀ ਘਰ ਬਣਵਾਇਆ ਅਤੇ ਜੀਵਨ ਨਗਰ ਤੋਂ ਕਰੀਵਾਲੇ ਤੱਕ ਪੱਕੀ ਸੜਕ ਆਪ ਟੋਕਰੀ ਚੁੱਕ ਕੇ ਸੰਗਤਾਂ ਦੇ ਸਹਿਯੋਗ ਨਾਲ ਬਣਵਾਈ।

ਫਲ ਨਾਮ ਦੀ ਚੀਜ਼ ਸ਼ਾਇਦ ਏਥੇ ਪੀਹਲੂ ਜਾਂ ਬੇਰ ਸਨ। ਪਰ ਸ੍ਰੀ ਸਤਿਗੁਰੂ ਜੀ ਨੇ ਕਿੰਨੂੰ, ਅੰਗੂਰਾਂ ਦੇ ਬਾਗ ਲੁਆਏ। ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਚੱਪਾ ਚੱਪਾ ਜ਼ਮੀਨ ਉਤੇ ਸ੍ਰੀ ਸਤਿਗੁਰੂ ਜੀ ਨੇ ਆਪਣੀ ਚਰਨ ਛੋਹ ਬਖਸ਼ੀ। ਅੱਜ ਦੁਨੀਆਂ ਦੇ ਲੋਕ ਹੈਰਾਨ ਹਨ। ਏਨੀ ਆਮਦਨ ਸ਼ਾਇਦ ਸਾਰੇ ਸੰਸਾਰ ਵਿੱਚ ਵੀ ਪ੍ਰਤੀ ਏਕੜ ਨਾ ਹੁੰਦੀ ਹੋਵੇ। ਭਾਰਤ ਵਿਚ ਤਾਂ ਮੈਂ ਸੋਚਦਾ ਹਾਂ ਕਿਤੇ ਨਹੀਂ।ਅੱਜ ਅਸੀਂ ਜੋ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਹਾਂ ਸ੍ਰੀ ਸਤਿਗੁਰ ਜੀ ਦੀ ਕਿਰਪਾ ਹੀ ਤਾਂ ਹੈ।

ਚਾਰ ਚੁਫੇਰੇ ਹਨੇਰੀਆਂ ਝੁੱਲੀਆਂ ਪਈਆਂ ਪਰ ਏਥੇ ਪੱਤਾ ਤੱਕ ਨਹੀਂ ਹਿਲਿਆ। ਸ਼ਾਂਤੀ ਤੇ ਅਮਨ ਬਰਕਰਾਰ ਰਿਹਾ। ਨਸ਼ਿਆਂ ਨੇ ਦੁਨੀਆਂ ਤਬਾਹ ਕਰ ਦਿਤੀ ਪਰ ਜਿਨ੍ਹਾਂ ਨੇ ਬਚਨ ਮੰਨਿਆ ਉਹ ਸਦਾ ਸੁਖੀ ਰਹੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਸਿੱਖਾਂ ਦੀ ਕਿੰਨੀ ਚਿੰਤਾ ਹੈ, ਇਸ ਗੱਲ ਦਾ ਪਤਾ ਇਸ ਨਿੱਕੀ

Namdhari Elibrary NamdhariElibrary@gmail.com

ਜਿਹੀ ਘਟਨਾ ਤੋਂ ਲਗਦਾ ਹੈ। ਸਾਡੇ ਘਰ ਪਿੰਡੋਂ ਬਾਹਰ ਹਨ ਅਤੇ ਉਥੋਂ ਲਾਗਿਓਂ ਇਕ ਸੜਕ ਜਗਜੀਤ ਨਗਰ ਤੋਂ ਖੂਹ ਅੰਮ੍ਰਿਤਸਰੀਆਂ ਨੂੰ ਜਾਂਦੀ ਹੈ। ਸਾਨੂੰ ਘਰ ਬੈਠਿਆਂ ਉਥੋਂ ਲੰਘਦੀ ਹਰ ਸਵਾਰੀ ਦਿਸ ਪੈਂਦੀ ਹੈ। ਉਦੋਂ ਸੜਕ ਕੱਚੀ ਸੀ ਤੇ ਬਹੁਤ ਚੰਗੀ ਵੀ ਨਹੀਂ ਸੀ। ਗੱਡੀਆਂ ਉਸ ਵਕਤ ਸ੍ਰੀ ਸਤਿਗੁਰੂ ਜੀ ਕੋਲ ਹੀ ਸਨ ਸ੍ਰੀ ਜੀਵਨ ਨਗਰ। ਹੋਰ ਇਲਾਕੇ ਵਿਚ ਸ਼ਾਇਦ ਹੀ ਕੋਈ ਕਾਰ ਹੋਵੇ। ਮੋਟਰ ਸਾਈਕਲ ਵੀ ਹਰ ਪਿੰਡ ਵਿੱਚ ਕਿਸੇ ਵਿਰਲੇ ਕੋਲ ਹੀ ਸੀ। ਸੋ ਜਦੋਂ ਵੀ ਕੋਈ ਕਾਰ ਆਉਂਦੀ ਸੀ ਤਾਂ ਜ਼ਾਹਰ ਸੀ ਕਿ ਉਹ ਸ੍ਰੀ ਸਤਿਗੁਰੂ ਜੀ ਦੀ ਹੀ ਹੋਵੇਗੀ। ਅਸੀਂ ਇਕ ਕਾਰ ਖੂਹ ਅੰਮ੍ਰਿਤਸਰੀਆਂ ਤੋਂ ਆਉਂਦੀ ਵੇਖੀ ਤੇ ਨਿਸ਼ਚਾ ਕਰਕੇ ਕਿ ਸ੍ਰੀ ਸਤਿਗੁਰੂ ਜੀ ਦੀ ਕਾਰ ਹੈ ਸਾਰੇ ਹੀ ਵਾਹਣਾਂ ਵਿਚੋਂ ਉਧਰ ਨੂੰ ਭੱਜ ਤੁਰੇ। ਅਸੀਂ ਵੇਖਿਆ ਕਾਰ ਇਕ ਥਾਂ ਰੁਕ ਗਈ ਸੀ। ਅਸੀਂ ਜਲਦੀ ਹੀ ਕੋਲ ਪਹੁੰਚੇ ਤਾਂ ਪਤਾ ਲੱਗਾ ਕਿ ਕੱਚੀ ਸੜਕ ਵਿੱਚ ਮੀਂਹ ਦੇ ਪਾਣੀ ਨਾਲ ਚਿੱਕੜ ਹੋ ਗਿਆ ਸੀ ਤੇ ਕਾਰ ਉਸ ਵਿੱਚ ਫਸ ਗਈ ਸੀ। ਸ੍ਰੀ ਸਤਿਗੁਰੂ ਜੀ ਕਾਰ ਵਿਚੋਂ ਉਤਰੇ। ਉਸ ਵੇਲੇ ਸ੍ਰੀ ਸਤਿਗੁਰੂ ਜੀ ਦੇ ਨਾਲ ਇਕ ਸਿੰਘ ਅਤੇ ਇਕ ਡਰਾਈਵਰ ਹੀ ਸੀ। ਅਸੀਂ ਨਮਸਕਾਰ ਕੀਤੀ, ਤਾਂ ਸੱਚੇ ਪਾਤਸ਼ਾਹ ਜੀ ਨੇ ਬਾਪੂ ਜੀ (ਜਥੇਦਾਰ ਪਾਲਾ ਸਿੰਘ) ਨੂੰ ਕਿਹਾ ਕਿ ਮੁੰਡੇ ਆਪੇ ਕਾਰ ਧੱਕਾ ਲਾ ਕੇ ਕੱਢ ਲੈਣਗੇ। ਆਓ ਆਪਾਂ ਚੱਲੀਏ। ਤੇ ਬਾਪੂ ਜੀ ਨੂੰ ਨਾਲ ਲੈ ਕੇ ਪੈਦਲ ਹੀ ਤੁਰ ਪਏ। ਅਸੀਂ ਧੱਕਾ ਲਾ ਕੇ ਕਾਫੀ ਮੁਸ਼ੱਕਤ ਨਾਲ ਕਾਰ ਬਾਹਰ ਕੱਢੀ ਤੇ ਕਾਰ ਦੇ ਪਿਛੇ ਪਿਛੇ ਭੱਜਦੇ ਹੋਏ ਸ੍ਰੀ ਸਤਿਗੁਰੂ ਜੀ ਕੋਲ ਆ ਅੱਪੜੇ। ਬਾਪੂ ਜੀ ਨੇ ਕਿਹਾ ਸੱਚੇ ਪਾਤਸ਼ਾਹ ਕਿੰਨਾ ਸੁਖ ਬਣ ਗਿਐ ਕਾਰ ਤੇ ਦਰਸ਼ਨ ਵੀ ਜਲਦੀ ਹੋ ਜਾਂਦੇ ਹਨ ਤੇ ਆਰਾਮ ਵੀ ਹੈ। ਤਾਂ ਅੱਗੋਂ ਸੱਚੇ ਪਾਤਸ਼ਾਹ ਜੀ ਬਚਨ ਕੀਤਾ, "ਮੈਂ ਉਦੋਂ ਖੁਸ਼ ਹੋਵਾਂਗਾ ਜਦੋਂ ਮੇਰੇ ਹਰ ਸਿੱਖ ਕੋਲ ਕਾਰ ਹੋਵੇ ਗੀ।" ਅਸੀਂ ਸੋਚ ਰਹੇ ਸਾਂ ਇਸ ਤਰ੍ਹਾਂ ਹੋਵੇ ਤਾਂ ਕਿੰਨਾ ਚੰਗਾ ਹੋਵੇ। ਪਰ ਸੰਭਵ ਨਹੀਂ ਸੀ ਲੱਗ ਰਿਹਾ। ਹੁਣ ਜਦੋਂ ਮੈਨੂੰ ਉਹ ਗੱਲ ਯਾਦ ਆਉਂਦੀ ਹੈ ਤਾਂ ਮੈਂ ਸੋਚਦਾ ਹਾਂ ਕਿ ਸਤਿਗੁਰੂ ਚਾਹਵੇ ਤਾਂ ਹਰ ਗੱਲ ਸੰਭਵ ਹੋ ਸਕਦੀ ਹੈ। ਜਿਨ੍ਹਾਂ ਕੋਲ ਸਾਈਕਲ ਖਰੀਦਣ ਦੀ ਗੁੰਜਾਇਸ਼ ਨਹੀਂ ਸੀ, ਅਜ ਉਹਨਾਂ ਸਿਖਾਂ ਕੋਲ ਵੀ ਕਾਰਾਂ ਹਨ। ਇਹ ਬਚਨ ਬਾਅਦ ਵਿੱਚ ਵੀ ਸ੍ਰੀ ਸਤਿਗੁਰੂ ਜੀ ਦੇ ਮੁਖੋਂ ਸੁਣੇ ਗਏ ਸਨ।

ਸਾਡੇ ਘਰ ਸਤਿਗੁਰੂ ਜੀ ਜਦੋਂ ਵੀ ਏਧਰ ਆਉਂਦੇ ਚਰਨ ਪਾ ਕੇ ਜਾਂਦੇ। ਸਾਡੇ ਸਾਰੇ ਘਰਾਂ ਵਿੱਚ ਇਕ ਸਾਂਝਾ ਨਲਕਾ ਹੁੰਦਾ ਸੀ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਖੂਹੀ ਲਵਾਓ। ਪਿਤਾ ਜੀ, ਚਾਚਾ ਜੀ ਅਤੇ ਤਾਇਆ ਜੀ (ਸ. ਸਾਹਬ ਸਿੰਘ) ਤਿੰਨਾਂ ਨੇ ਹੱਥ ਜੋੜ ਕੇ ਸਤਿ ਬਚਨ ਕਹਿ ਦਿੱਤਾ। ਪਰ ਖੂਹੀ ਲਾਉਣ ਦਾ ਜੁਗਾੜ ਨਾ ਬਣਿਆ। ਸ੍ਰੀ ਸਤਿਗੁਰੂ ਜੀ ਜਦੋਂ ਆਉਂਦੇ ਤਾਂ ਆਕੇ ਪਹਿਲਾਂ ਇਹੋ ਪੁਛਦੇ ਲਿਆ ਮੱਖਣ ਸਿੰਘ ਤੇਰੀ ਖੂਹੀ ਦਾ ਪਾਣੀ ਪੀਏ। ਇਕ ਦਿਨ ਆਣ ਕੇ ਗੱਡੀ ਨਲਕੇ ਕੋਲ ਖਲ੍ਹਾਰ ਕੇ ਬਚਨ ਕੀਤਾ, ਬ੍ਰਹਮਾ ਸਿੰਘ ਆਰੀ ਲਿਆ ਕੇ ਨਲਕਾ ਵੱਢ ਦੇ ਫੇਰ ਤਾਂ ਇਹ ਖੂਹੀ ਲਵਾਉਣਗੇ ਹੀ। ਬ੍ਰਹਮਾ ਸਿੰਘ ਬੋਲਿਆ ਸੱਚੇ ਪਾਤਸ਼ਾਹ ਨਲਕਾ ਤਾਂ ਸ਼ਤੀਰੀ ਨਾਲ ਵੀ ਪੁਟਿਆ ਜਾਵੇਗਾ। ਸ਼ਤੀਰੀ ਮੰਗਵਾ ਲਈ, ਨਲਕਾ ਪੁੱਟਣ ਲੱਗੇ ਤਾਂ ਇਕ ਸਿੱਖ ਨੇ ਕੋਲੋਂ ਕਿਹਾ, ਸੱਚੇ ਪਾਤਸ਼ਾਹ ਇਹ ਪਸ਼ੂਆਂ ਨੂੰ ਪਾਣੀ ਕਿਥੋਂ ਪਿਆਉਣਗੇ ਤਾਂ ਹੱਸ ਕੇ ਕਿਹਾ ਅੱਛਾ ਇਹ ਪਸ਼ੂਆਂ ਵਾਸਤੇ ਹੈ, ਤਾਂ ਰਹਿਣ ਦਿਉ। ਫੇਰ ਅਸੀਂ ਖੂਹੀ ਲਵਾ ਲਈ। ਉਹ ਨਲਕਾ ਪੁਟਣ ਲੱਗੇ ਤਾਂ ਸੱਚੇ ਪਾਤਸ਼ਾਹ ਜੀ ਨੇ ਜਿਥੋਂ ਆਰੀ ਨਾਲ ਵੱਢਣ ਵਾਸਤੇ ਆਖਿਆ ਸੀ ਉਥੋਂ ਟੁੱਟ ਗਿਆ ਬੜਾ ਜਤਨ ਕਰਨ ਤੇ ਵੀ ਹੇਠਲੀ ਪਾਈਪ ਟਸ ਤੋਂ ਮਸ ਨਾ ਹੋਈ। ਜੋ ਅਜੇ ਵੀ ਕਿਤੇ ਜ਼ਮੀਨ ਵਿੱਚ ਹੀ ਹੋਵੇਗੀ।

ਅਜ ਸ੍ਰੀ ਸਤਿਗੁਰੂ ਜੀ ਦੀ ਏਨੀ ਕਿਰਪਾ ਹੈ ਕਿ ਸ੍ਰੀ ਭੈਣੀ ਸਾਹਿਬ ਵੀ ਜਾਈਏ ਤਾਂ ਸਾਰੀਆਂ ਸੁਖ ਸੁਵਿਧਾਵਾਂ ਮਿਲ ਜਾਂਦੀਆਂ ਹਨ। ਗੱਲ 1976 ਦੀ ਹੋਵੇਗੀ। ਮੈਂ ਆਪਣੇ ਪਰਵਾਰ ਦੇ ਕੁਝ ਜੀਆਂ ਨਾਲ ਸ੍ਰੀ ਭੈਣੀ ਸਾਹਿਬ ਸਵਾ ਲਖ ਪਾਠਾਂ ਦੇ ਸੰਬੰਧ ਵਿੱਚ ਗਿਆ ਹੋਇਆ ਸਾਂ। ਇੰਗਲੈਂਡ ਦੀ ਮੀਂਹ ਪੈਣ ਵਾਲੀ ਘਟਨਾ ਵੀ ਉਦੋਂ ਦੀ ਹੈ ਜੋ ਸ੍ਰੀ ਸਤਿਗੁਰੂ ਜੀ ਦੇ ਵਾਪਿਸ ਪਰਤਣ ਤੇ ਪੰਡਿਤ ਜੀ ਨੇ ਸੰਗਤ ਵਿਚ ਸੁਣਾਈ ਸੀ। ਭਾਵੇਂ ਅਸੀਂ ਪਹਿਲਾਂ ਵੀ ਅਖਬਾਰਾਂ ਤੋਂ ਇਹ ਖਬਰ ਪੜ੍ਹ ਚੁਕੇ ਸਾਂ। ਡੇਢ ਕੁ ਮਹੀਨਾ ਅਸੀਂ ਰਹੇ, ਬੜਾ ਆਨੰਦ ਬਣਿਆ ਰਿਹਾ।

ਇਕ ਦਿਨ ਅਸੀਂ ਗਊਆਂ ਦੇ ਤਬੇਲੇ ਗਏ। ਉਦੋਂ ਹਲ ਬਲਦਾਂ ਨਾਲ ਹੀ ਵਾਹਿਆ ਜਾਂਦਾ ਸੀ ਤੇ ਸ੍ਰੀ ਭੈਣੀ ਸਾਹਿਬ ਬਲਦਾਂ ਦੀਆਂ ਬੜੀਆਂ ਵਧੀਆਂ ਜੋਗਾਂ ਸਨ। ਸ਼ਾਇਦ ਕੋਈ ਟਰੈਕਟਰ ਵੀ ਹੋਵੇ ਪਤਾ ਨਹੀਂ। ਪਰ ਅਸੀਂ ਬਲਦ ਵੇਖਣ ਗਏ, ਵੇਖ ਕੇ ਹੈਰਾਨੀ ਭਰੀ ਖੁਸ਼ੀ ਹੋਈ ਕਿ ਇਹ ਪਸ਼ੂ ਵੀ ਗੁਰੂ ਘਰ ਆ ਕਿੰਨਾ ਵਧੀਆ ਜੀਵਨ ਬਤੀਤ ਕਰਦੇ ਹਨ। ਉਥੇ ਸੇਵਾਦਾਰ ਵੀ ਤਬੇਲੇ ਦੇ ਨਾਲ ਲਗਦਿਆਂ ਕਮਰਿਆਂ ਵਿੱਚ ਰਹਿੰਦੇ ਸਨ। ਸਾਡਾ ਇਕ ਭਰਾ ਬੰਤਾ ਸਿੰਘ ਵੀ ਇਕ ਜੋੜਾ ਸੰਭਾਲਦਾ ਸੀ।

Namdhari Elibrary NamdhariElibrary@gmail.com

ਅੱਜ ਸ੍ਰੀ ਸਤਿਗੁਰੂ ਜੀ ਦੀ ਏਨੀ ਕਿਰਪਾ ਹੈ ਕਿ ਸ੍ਰੀ ਭੈਣੀ ਸਾਹਿਬ ਵੀ ਜਾਈਏ ਤਾਂ ਸਾਰੀਆਂ ਸੁਖ ਸੁਵਿਧਾਵਾਂ ਮਿਲ ਜਾਂਦੀਆਂ ਹਨ। ਗੱਲ 1976 ਦੀ ਹੋਵੇਗੀ। ਮੈਂ ਆਪਣੇ ਪਰਵਾਰ ਦੇ ਕੁਝ ਜੀਆਂ ਨਾਲ ਸ੍ਰੀ ਭੈਣੀ ਸਾਹਿਬ ਸਵਾ ਲੱਖ ਪਾਠਾਂ ਦੇ ਸੰਬੰਧ ਵਿੱਚ ਗਿਆ ਹੋਇਆ ਸਾਂ। ਇੰਗਲੈਂਡ ਦੀ ਮੀਂਹ ਪੈਣ ਵਾਲੀ ਘਟਨਾ ਵੀ ਉਦੋਂ ਦੀ ਹੈ ਜੋ ਸ੍ਰੀ ਸਤਿਗੁਰੂ ਜੀ ਦੇ ਵਾਪਿਸ ਪਰਤਣ ਤੇ ਪੰਡਿਤ ਜੀ ਨੇ ਸੰਗਤ ਵਿਚ ਸੁਣਾਈ ਸੀ। ਭਾਵੇਂ ਅਸੀਂ ਪਹਿਲਾਂ ਵੀ ਅਖਬਾਰਾਂ ਤੋਂ ਇਹ ਖਬਰ ਪੜ੍ਹ ਚੁਕੇ ਸਾਂ। ਡੇਢ ਕੁ ਮਹੀਨਾ ਅਸੀਂ ਰਹੇ, ਬੜਾ ਆਨੰਦ ਬਣਿਆ ਰਿਹਾ।

ਉਸ ਕੋਲ ਬੈਠ ਗਏ ਤਾਂ ਇਕ ਸੇਵਾਦਾਰ ਸਾਡੇ ਕੋਲ ਆ ਕੇ ਬਹਿ ਗਿਆ ਤੇ ਕਹਿਣ ਲੱਗਾ ਸਾਡੀ ਵੀ ਕੋਈ ਜੂਨ ਹੈ ਸਾਰੀ ਉਮਰ ਕਮਾਈ ਕਰਦਿਆਂ ਲੰਘ ਚੱਲੀ ਹੈ, ਲੰਗਰ ਦੇ ਪ੍ਰਸ਼ਾਦਿਆਂ ਤੋਂ ਸਿਵਾ ਕੁਝ ਵੀ ਨਹੀਂ ਮਿਲਿਆ। ਇਹ ਲਫਜ਼ ਉਸ ਦੇ ਇਕੱਲੇ ਦੇ ਨਹੀਂ ਸਨ। ਬਾਹਰ ਰਹਿਣ ਵਾਲੇ ਸਿੰਘ ਵੀ ਕਈ ਵਾਰ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਸੁਣੇ ਜਾਂਦੇ ਸਨ। ਅੱਜ ਮੈਂ ਵੇਖਦਾ ਹਾਂ ਉਹਨਾਂ ਸੇਵਾਦਾਰਾਂ ਦੀ ਹਾਲਤ, ਤਾਂ ਮੂੰਹੋਂ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਿਕਲ ਜਾਂਦਾ ਹੈ। ਉਹਨਾਂ ਦੀਆਂ ਭੁੱਖਾਂ ਹੀ ਨਹੀਂ ਕੱਢੀਆਂ ਏਨਾਂ ਦਿਤੈ ਕਿ ਚੰਗੇ ਖਾਂਦੇ ਪੀਂਦੇ ਲੋਕ ਵੀ ਈਰਖਾ ਨਾਲ ਵੇਖਣ ਲੱਗ ਪਏ ਹਨ। ਜਿਹੜੇ ਸੇਵਾਦਾਰ ਕਹਾਉਣਾ ਜਾਂ ਸ੍ਰੀ ਭੈਣੀ ਸਾਹਿਬ ਰਹਿਣਾ ਵੀ ਚੰਗਾ ਨਹੀਂ ਸਨ ਸਮਝਦੇ, ਅੱਜ ਸੇਵਾਦਾਰ ਬਣਨ ਨੂੰ ਲਲਚਾਉਂਦੇ ਹਨ।

ਅੱਜ ਸ੍ਰੀ ਭੈਣੀ ਸਾਹਿਬ ਦਾ ਨਜ਼ਾਰਾ ਵੇਖਣਯੋਗ ਹੈ। ਸ਼ਹੀਦੀ ਸਮਾਰਕ ਦੀ ਆਪਣੀ ਵੱਖਰੀ ਸ਼ਾਨ ਹੈ। ਦੇਸ਼ਾਂ ਵਿਦੇਸ਼ਾਂ ਵਿੱਚ ਵੀ ਸ੍ਰੀ ਸਤਿਗੁਰੂ ਜੀ ਦੇ ਨਾਮ ਦਾ ਡੰਕਾ ਵੱਜ ਰਿਹਾ ਹੈ। ਵਿਸ਼ਵ ਅਮਨ ਕੌਂਸਲ ਦੇ ਰਹਿਬਰ ਬਣਨਾ ਮਾਮੂਲੀ ਗੱਲ ਨਹੀਂ।

ਸ੍ਰੀ ਸਤਿਗੁਰੂ ਜੀ ਦੇ ਅੱਖੀਂ ਡਿੱਠੇ ਉਪਕਾਰ ਹੀ ਗਿਣਨ ਲਗੀਏ ਤਾਂ ਗਿਣੇ ਨਹੀਂ ਜਾਂਦੇ। ਉਹਨਾਂ ਦੇ ਗੁਣਾਂ ਦਾ ਵਿਸ਼ਾਲ ਘੇਰਾ ਮੇਰੇ ਕਹਿਣ ਤੋਂ ਬਾਹਰ ਹੈ। ਏਨਾ ਲਿਖਦਾ ਹੋਇਆ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਬੇਨਤੀ ਕਰਦਾ ਹਾਂ ਕਿ ਸਾਡੇ ਸਿਰਾਂ ਉਤੇ ਇਸੇ ਤਰ੍ਹਾਂ ਮਿਹਰ ਭਰਿਆ ਹੱਥ ਰੱਖਣ। ■

ਗੀਤ

✍ ਗੁਰਮੇਲ ਸਿੰਘ ਹੰਸ

ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।
ਕੱਟਦਾ ਚੌਰਾਸੀ ਜਿਹੜਾ ਕਰਦਾ ਦਿਦਾਰਾ ਏ।

ਮਿਹਰ ਦੀ ਨਜ਼ਰ ਨਾਲ ਤਾਰੇ ਸੰਸਾਰ ਨੂੰ।
ਭਗਤੀ ਤੇ ਸ਼ਕਤੀ ਦੇ ਖੋਲ੍ਹਿਆ ਭੰਡਾਰ ਨੂੰ।
ਝੋਲੀ ਜੋ ਫੈਲਾਏ ਭਰੇ ਅਖੁੱਟ ਇਹ ਭੰਡਾਰਾ ਏ।
ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।

ਹੋ ਕੇ ਨਿਮਾਣਾ ਜਿਹੜਾ ਦਰ ਏਹਦੇ ਆਂਵਦਾ।
ਲੋਕ ਪ੍ਰਲੋਕ ਵਾਲੇ ਸੁੱਖ ਉਹ ਪਾਂਵਦਾ।
ਨੌ ਖੰਡ ਪ੍ਰਿਥਮੀ ਦਾ ਇਹੋ ਹੀ ਸਹਾਰਾ ਏ।
ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।

ਲੱਖਾਂ ਕਾਮਧੇਨਾਂ ਇਹਦੇ ਦਰ ਉਤੇ ਖਲੀਆਂ।
ਲੱਗੇ ਨੇ ਅੰਬਾਰ ਅੱਗੇ ਪਾਰਸ ਦੀਆਂ ਡਲੀਆਂ।
ਦਾਤਾ ਇਹੋ ਇਕੋ ਤ੍ਰਿਭਵਣ ਵਣਜਾਰਾ ਏ।
ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।

ਇਹਦੇ ਦਰ ਉਤੇ ਟੁੱਟੇ ਮਾਨੀਆਂ ਦਾ ਮਾਣ ਜੀ।
ਸੀਸ ਜੋ ਨਿਵਾਏ ਉਹਦੀ ਕਰੇ ਕਲਿਆਣ ਜੀ।
'ਹੰਸ' ਇਹਦੀ ਤੱਕਣੀ 'ਚ ਅਜ਼ਬ ਨਜ਼ਾਰਾ ਏ।
ਗੁਰੂ ਜਗਜੀਤ ਸਿੰਘ ਸਭ ਦਾ ਪਿਆਰਾ ਏ।
ਕੱਟਦਾ ਚੌਰਾਸੀ ਜਿਹੜਾ ਕਰਦਾ ਦਿਦਾਰਾ ਏ।

ਮੁਖੜਾ ਚੜਦੇ ਸੂਰਜ ਵਰਗਾ

✍ ਰਜਿੰਦਰ ਸਿੰਘ ਰਾਜਾ

ਗੁਰੂ ਜਗਜੀਤ ਜਿਹਾ ਦੁਨੀਆਂ ਵਿੱਚ ਨਾ ਹੋਇਆ ਹੋਣਾ।
ਚਰਨੀਂ ਸੀਸ ਨਿਵਾਵੇ ਜਿਸਦੇ ਆਕੇ ਕੋਣਾ ਕੋਣਾ।
ਉਮਰ ਕਰੋੜਾਂ ਸਾਲ ਇਸਦੀ ਸਾਲ ਹਜ਼ਾਰਾਂ ਦਿਨ ਦਾ।
ਧਰਮਰਾਜ ਵੀ ਥੱਕ ਕੇ ਬੈਠ ਜਾਵੇ, ਆਖਿਰ ਗਿਣਦਾ ਗਿਣਦਾ।
ਮੁਖੜਾ ਚੜਦੇ ਸੂਰਜ ਵਰਗਾ ਸਭ ਦੇ ਮਨ ਨੂੰ ਮੋਹੇ।
ਵਿੱਚ ਤਾਰਿਆਂ ਜਿਉਂ ਚੰਦਰਮਾ ਸੰਗਤਾਂ ਦੇ ਵਿੱਚ ਸੋਹੇ।
ਇੰਦਰ ਰਾਜਾ ਮੁਖ ਇਹਦੇ ਤੇ ਚੌਰ ਝੁਲਾਉਂਦਾ।
ਤੇਰੀ ਉਪਮਾ ਸ਼ੇਸ਼ਨਾਗ ਤੋਂ ਵੀ ਨਾ ਜਾਏ ਬਿਆਨੀ।
'ਰਜਿੰਦਰ' ਕੀ ਲਿਖ ਸਕਦਾ ਏ, ਤੇਰੀ ਅਜ਼ਬ ਕਹਾਣੀ।
ਹਰ ਇਕ ਚਾਹੇ ਚਰਨ ਧੂੜ ਨੂੰ ਮਸਤਕ ਦੇ ਸੰਗ ਲਾਉਣਾ।

Namdhari Elibrary NamdhariElibrary@gmail.com

ਸਤਿਗੁਰੂ ਜੀ ਦੇ ਪਰਉਪਕਾਰ

✍ ਪ੍ਰਿੰਸੀਪਲ ਸਤਵੰਤ ਕੌਰ

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪੰਥ ਦੀ ਵਾਗ-ਡੋਰ ਸੰਭਾਲਿਆਂ 50 ਵਰ੍ਹੇ ਪੂਰੇ ਹੋ ਚੁਕੇ ਹਨ । ਪੰਥ ਦਾ ਸਰਬਪੱਖੀ ਵਿਕਾਸ ਹੋ ਰਿਹਾ ਹੈ । ਸਤਿਗੁਰੂ ਜੀ ਨੇ ਜੇ ਇੱਕ ਪਾਸੇ ਸਾਧ ਸੰਗਤ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜੀ ਰੱਖਿਆ ਹੈ ਤੇ ਦੂਜੇ ਪਾਸੇ ਆਧੁਨਿਕ ਸਾਧਨਾਂ ਦੀ ਹੋੜ ਵਿੱਚ ਪਿੱਛੇ ਨਹੀਂ ਰਹਿਣ ਦਿੱਤਾ । ਨਾਮ ਅਤੇ ਮਾਇਆ ਦੋਨਾਂ ਵਿੱਚ ਵਾਧਾ ਕੀਤਾ ਹੈ । ਹਰ ਪੱਖੋਂ ਨਾਮਧਾਰੀ ਸਿੱਖ ਦਾ ਜੀਵਨ ਪਹਿਲੇ ਨਾਲੋਂ ਵਧੇਰੇ ਉੱਚਾ ਤੇ ਸੁੱਚਾ ਬਣਿਆ ਹੈ ।

ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਨ੍ਹਾਂ ਦੀ ਮਹਿਮਾ ਕਹੀ ਨ ਜਾਇ ਸਭ ਥਾਈਂ ਹੋਹੁ ਜੀ ਸਹਾਇ । ਸਤਿਗੁਰੂ ਜੀ ਦੀ ਮਹਿਮਾ ਕਰਨ ਲਈ ਸਮੁੰਦਰ ਦੇ ਪਾਣੀ ਦੀ ਸਿਆਹੀ, ਧਰਤੀ ਦਾ ਕਾਗਜ਼ ਅਤੇ ਸਾਰੇ ਬਣਾਂ ਦੀ ਲੱਕੜੀ ਦੀ ਕਲਮ ਥੋੜ੍ਹੀ ਹੈ ਪਰ ਸ਼ਾਇਦ ਆਤਮਿਕ ਭਾਵਨਾਵਾਂ ਨਾਲ ਦਿਲ ਦੇ ਕਾਗਜ਼ ਉੱਤੇ ਕੁਝ ਸ਼ਬਦ ਸਤਿਗੁਰੂ ਜੀ ਦੀ ਉਸਤਤ ਕਰਨ ਲਈ ਉਤਸਾਹਿਤ ਹਨ ਅਤੇ ਇਕ ਉਪਰਾਲਾ ਸਤਿਗੁਰੂ ਜੀ ਦੇ ਪਰਉਪਕਾਰ ਲਿਖਣ ਦਾ ਕਰ ਰਹੇ ਹਨ ।

ਸਤਿਗੁਰੂ ਜੀ ਹਮੇਸ਼ਾ ਆਪਣੇ ਸਿੱਖਾਂ ਦੇ ਭਲੇ ਲਈ ਉਹਨਾਂ ਨੂੰ ਕਲਿਜੁਗ ਵਿੱਚ ਭਵਸਾਗਰ ਤੋਂ ਪਾਰ ਉਤਾਰਨ ਦਾ ਰਸਤਾ ਦਿਖਾਉਂਦੇ ਹਨ ਅਤੇ ਉਸ ਅਕਾਲਪੁਰਖ ਪ੍ਰਮਾਤਮਾ ਦੀ ਜੋਤ ਵਿੱਚ ਇੱਕ ਮਿੱਕ ਹੋ ਜਾਣ ਦਾ ਸਲੀਕਾ ਦਸਦੇ ਹਨ ।

ਨਾਮਧਾਰੀ ਪੰਥ ਨੂੰ ਇਹ ਮਾਣ ਹਾਸਿਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਮਰਿਆਦਾ ਪੂਰਨ ਰੂਪ ਵਿੱਚ ਉਹਨਾਂ ਪਾਸ ਸਤਿਗੁਰੂ ਰਾਮ ਸਿੰਘ ਜੀ ਦੀ ਦੇਣ ਹੈ । ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ ਦੇਹਧਾਰੀ ਗੁਰੂ ਦੀ ਮਰਿਆਦਾ ਨੂੰ ਵੀ ਉਸੇ ਰੂਪ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਤੋਰ ਰਹੇ ਹਨ । ਨਾਮਧਾਰੀ ਪੰਥ ਦੇ ਸਿਰਜਣਹਾਰ ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਲਹਿਰ ਚਲਾ ਕੇ, ਸਮਾਜ ਵਿੱਚ ਕਈ ਤਰ੍ਹਾਂ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ, ਦਹੇਜ ਰਹਿਤ ਆਨੰਦ ਕਾਰਜ ਦੀ ਮਰਿਆਦਾ ਚਲਾਈ, ਬੀਬੀਆਂ ਨੂੰ ਸਮਾਜ ਵਿੱਚ ਬਰਾਬਰੀ ਦਾ ਸਥਾਨ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਮਰਿਆਦਾ ਵਿਚੋਂ ਢਾਈ ਸਿੱਖਾਂ ਦੀ ਗਿਣਤੀ ਨੂੰ ਲੱਖਾਂ ਵਿੱਚ ਵਧਾਇਆ, ਪਤਿੱਤ ਤੇ ਡਰਪੋਕ ਹੋ ਰਹੇ ਸਿੱਖਾਂ ਨੂੰ ਖੰਡੇ ਬਾਟੇ ਦਾ ਅਮ੍ਰਿਤ ਛਕਾ ਕੇ ਨਵੀਂ ਰੂਹ ਫੂਕੀ ਅਤੇ ਉਹਨਾਂ ਨੂੰ ਬਹਾਦਰ ਅਤੇ ਸਵਾ ਲੱਖ ਨਾਲ ਇਕ ਲੜਾਉਣ ਵਾਲਾ ਕਰ ਦਿੱਤਾ, ਘਰ-ਘਰ ਹਰ ਸਿੱਖ ਰਾਮ ਸਿੰਘ ਸਰੂਪ ਦਿੱਸਣ ਲਗ ਪਿਆ। ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਦੇਸ਼ ਨੂੰ ਆਜ਼ਾਦ ਕਰਵਾਇਆ, ਵਿਦੇਸ਼ੀ ਹੁਕਮਰਾਨਾਂ ਨੂੰ ਦੇਸ਼ ਵਿੱਚੋਂ ਕੱਢ ਕੇ ਹੀ ਰਹੇ ।

ਅੱਜ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪੰਥ ਦੀ ਵਾਗ-**ਡੋਰ ਸੰਭਾਲਿਆਂ 50 ਵਰ੍ਹੇ** ਪੂਰੇ ਹੋ ਚੁਕੇ ਹਨ । ਪੰਥ ਦਾ **ਸਰਬਪੱਖੀ ਵਿਕਾਸ ਹੋ ਰਿਹਾ ਹੈ । ਸਤਿਗੁਰੂ ਜੀ ਨੇ ਜੇ ਇੱਕ** ਪਾਸੇ ਸਾਧ ਸੰਗਤ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜੀ ਰੱਖਿਆ ਹੈ ਤੇ ਦੂਜੇ ਪਾਸੇ ਆਧੁਨਿਕ ਸਾਧਨਾਂ ਦੀ ਹੋੜ ਵਿੱਚ ਪਿੱਛੇ ਨਹੀਂ ਰਹਿਣ ਦਿੱਤਾ । ਨਾਮ ਅਤੇ ਮਾਇਆ ਦੋਨਾਂ ਵਿੱਚ ਵਾਧਾ ਕੀਤਾ ਹੈ । ਹਰ ਪੱਖੋਂ ਨਾਮਧਾਰੀ ਸਿੱਖ ਦਾ ਜੀਵਨ ਪਹਿਲੇ ਨਾਲੋਂ ਵਧੇਰੇ ਉੱਚਾ ਤੇ ਸੁੱਚਾ ਬਣਿਆ ਹੈ ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜੱਪ ਪ੍ਰਯੋਗ ਲਈ ਅੱਸੂ ਦੇ ਮੇਲੇ ਕਰਵਾਏ, ਸਤਿਗੁਰੂ ਜਗਜੀਤ ਸਿੰਘ ਜੀ ਨੇ ਪੂਰਾ

Namdhari Elibrary NamdhariElibrary@gmail.com

ਸਾਲ ਹੀ ਜਪ-ਪ੍ਰਯੋਗ ਆਰੰਭ ਕਰ ਦਿੱਤਾ। ਅੱਜ ਨਾਮਧਾਰੀ ਸੰਗਤ ਦੁਨੀਆਂ ਦੇ ਹਰ ਕੋਨੇ ਵਿੱਚ ਨਾਮ ਨਾਲ ਜੁੜੀ ਹੈ। ਕਈ ਸਥਾਨਾਂ ਤੇ ਨਿਰੰਤਰ ਵਰਨੀ ਚਲ ਰਹੀ ਹੈ। ਹਰ ਨਾਮਧਾਰੀ ਸਿੱਖ ਨੂੰ ਦਿਨ ਦੇ 24 ਘੰਟੇ ਵਿੱਚੋਂ ਇੱਕ ਘੰਟਾ ਰੋਜ਼ ਭਜਨ ਕਰਨ ਦਾ ਹੁਕਮ ਹੈ। ਇਹੀ ਨਹੀਂ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਸ਼ੁੱਧ ਪਾਠ ਹਰ ਘਰ ਪ੍ਰਤੀ, ਹਰ ਮਹੀਨੇ ਕਰਨ ਦਾ ਹੁਕਮ ਦੇ ਕੇ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੋੜੀ ਰੱਖਿਆ। ਹੁਣ ਤੱਕ ਸਵਾ ਲੱਖ ਪਾਠਾਂ ਦੇ ਭੋਗ ਵੀ ਕਿੰਨੀ ਹੀ ਵਾਰ ਪੁਆ ਚੁੱਕੇ ਹਨ । 'ਚੰਡੀ ਦੀ ਵਾਰ' ਦੇ ਸਵਾ ਲੱਖ ਪਾਠ ਪਹਿਲੇ ਵੀ ਹੋ ਚੁੱਕੇ ਹਨ ਅਤੇ ਹੁਣ ਵੀ ਸ੍ਰੀ ਭੈਣੀ ਸਾਹਿਬ ਵਿਖੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਇਸ ਸਾਲ 2010 ਵਿਚ 1 ਫਰਵਰੀ ਤੋਂ 28 ਫਰਵਰੀ ਤੱਕ ਹੋਣੇ ਹਨ ।

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ "ਲੜਕੇ-ਲੜਕੀਆਂ ਨੂੰ ਅੱਖਰ ਪੜ੍ਹਾਉਣੇ" ਨੂੰ ਅੱਗੇ ਤੋਰਿਆ। ਭਾਰਤ ਤੇ ਥਾਈਲੈਂਡ ਵਿੱਚ ਕਈ ਵਿਦਿਆਲੇ ਖੋਲ੍ਹੇ ਗਏ। ਸ੍ਰੀ ਜੀਵਨ ਨਗਰ ਵਿੱਚ ਸਤਿਗੁਰੂ ਹਰੀ ਸਿੰਘ ਮਹਾਂਵਿਦਿਆਲਾ, ਦਿੱਲੀ ਵਿੱਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਅਤੇ ਮੰਡੀ (ਹਿਮਾਚਲ) ਜਿੱਥੋਂ ਪੜ੍ਹਾਈ ਕਰਕੇ ਅੱਜ ਕਈ ਨੌਜਵਾਨ ਇੰਜੀਨੀਅਰ, ਡਾਕਟਰ, ਆਰਕੀਟੈਕਟ, ਅਕਾਊਂਟੈਂਟ ਅਤੇ ਵਪਾਰੀ ਬਣ ਕੇ ਆਪਣਾ ਜੀਵਨ ਉੱਚੇ ਪੱਧਰ ਤੇ ਬਿਤਾ ਰਹੇ ਹਨ ।

ਨੌਜਵਾਨਾਂ ਨੂੰ ਜੋੜਨ ਲਈ ਸਤਿਗੁਰੂ ਜੀ ਨੇ ਵਿਦਿਅਕ ਜਥੇ ਥਾਪੇ । ਹਰ ਸਾਲ ਵਿਦਿਅਕ ਸੰਮੇਲਨ ਬੀਬੀਆਂ ਅਤੇ ਨੌਜਵਾਨਾਂ ਨੂੰ ਟ੍ਰੇਨਿੰਗ ਦਿੰਦੇ ਹਨ ਅਤੇ ਪੰਥ ਉਸਾਰੀ ਵਿੱਚ ਆਪਣਾ ਹਿੱਸਾ ਪਾਉਣ ਲਈ ਪ੍ਰੇਰਿਤ ਕਰਦੇ ਹਨ ।

ਵਿਰਸਾ ਅਤੇ ਆਪਣਾ ਇਤਿਹਾਸ ਸੰਭਾਲਣ ਖਾਤਿਰ ਸਤਿਗੁਰੂ ਜੀ ਨੇ ਬਹੁਤ ਕਿਰਪਾ ਕੀਤੀ। ਕਈ ਲਿਖਾਰੀਆਂ ਨੂੰ ਪ੍ਰੇਰ ਕੇ ਇਤਿਹਾਸਕ ਪੁਸਤਕਾਂ ਲਿਖਵਾਈਆ। ਮਲੇਰ ਕੋਟਲੇ, ਪਿੰਡ ਰਾਈਆਂ ਅਤੇ ਸ੍ਰੀ ਭੈਣੀ ਸਾਹਿਬ ਦੀ ਉਸਾਰੀ ਕਰਕੇ ਉਸਨੂੰ ਨਵਾਂ ਰੂਪ ਦਿੱਤਾ। ਇਹ ਸਾਰੇ ਇਤਿਹਾਸਿਕ ਥਾਂ ਕਲਚਰਲ ਹੈਰੀਟੇਜ਼ ਦੇ ਹਿੱਸੇ ਹਨ ਅਤੇ ਹਰ ਸਾਲ ਦੇਸੀ ਅਤੇ ਵਿਦੇਸ਼ੀ ਟੂਰਿਸਟ ਇੱਥੇ ਆ ਕੇ ਆਪਣੀ ਜਾਣਕਾਰੀ ਵਧਾਉਂਦੇ ਹਨ ਅਤੇ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਭ ਵੀ ਉਹਨਾਂ ਨੂੰ ਮਿਲਦਾ ਹੈ । ਸ੍ਰੀ ਭੈਣੀ ਸਾਹਿਬ ਦਾ ਨਵਾਂ ਰੂਪ ਹੁਣ ਲੱਖਾਂ ਦੀ ਗਿਣਤੀ ਵਿੱਚ ਆਈ ਸਾਧ ਸੰਗਤ ਨੂੰ ਹਰ ਵੇਲੇ ਹਰ ਸੁਵਿੱਧਾ ਮੁਹੱਈਆ ਕਰਵਾ ਰਿਹਾ ਹੈ ।

'ਗੋਪਾਲ ਰਤਨ' ਦੀ ਉਪਾਧੀ ਸਤਿਗੁਰੂ ਜੀ ਨੂੰ ਗਊ ਪ੍ਰਤੀ ਪ੍ਰੇਮ ਕਾਰਨ ਹੀ ਮਿਲੀ। ਗੋਸ਼ਾਲਾਵਾਂ ਵਿੱਚ ਅੱਜ ਵੀ ਗਊਆਂ ਦੀ ਸੰਭਾਲ ਹੁੰਦੀ ਹੈ। ਜਿੱਥੇ ਵੀ ਗਊ ਹੱਤਿਆ ਨੂੰ ਰੋਕਣ ਲਈ ਗੱਲ ਹੁੰਦੀ ਹੈ, ਉੱਥੇ ਨਾਮਧਾਰੀ ਸਮਾਜ ਨਾਲ ਜੁੜਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਇੱਕ ਹੋਰ ਹੁਕਮ "ਹਰ ਵਖਤ ਦੁਵਾਨੁ ਲਾਉਣਾ" ਨੂੰ ਵੀ ਸਤਿਗੁਰੂ ਜੀ ਨੇ ਸਿਰਮੌਰ ਰੱਖਿਆ । ਗੁਰਬਾਣੀ ਵਿੱਚ ਵੀ ਬਾਰ-ਬਾਰ ਕੀਰਤਨ ਦੀ ਮਹਾਨਤਾ ਦੱਸੀ ਗਈ ਹੈ । ਗੁਰੂ ਅਰਜਨ ਦੇਵ ਜੀ ਰਾਗ ਗਉੜੀ ਵਿੱਚ ਫਰਮਾਉਂਦੇ ਹਨ,

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥

ਕੀਰਤਨੁ ਤੋਂ ਭਾਵ ਹੈ ਗੁਰੂ ਦੇ ਦੱਸੇ ਹੋਏ ਨਿਯਮ ਅਨੁਸਾਰ ਗੁਰਬਾਣੀ ਨੂੰ ਗਾਇਨ ਕਰਨਾ । ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਹਰ ਗੁਰੂ ਸਾਹਿਬਾਨ ਨੇ ਕੀਰਤਨ ਨੂੰ ਪ੍ਰਮੁੱਖ ਰਖਿਆ ਹੈ । ਇਹ ਜੀਵਨ-ਯਾਪਨ ਦੀ ਇੱਕ ਅਜਿਹੀ ਦੇਣ ਹੈ ਸਿੱਖਾਂ ਨੂੰ ਜਿਸ ਤੇ ਚੱਲ ਕੇ ਪ੍ਰਮਾਤਮਾ ਦੇ ਗੁਣਾਂ ਦੇ ਗਾਇਨ ਕਰਦੇ ਹੋਏ ਬ੍ਰਹਮ ਰੂਪੀ ਨਾਦ ਵਿੱਚ ਲੀਨ ਹੋਇਆ ਜਾ ਸਕਦਾ ਹੈ । ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕਵਿਤਾ ਅਤੇ ਰਾਗਾਂ ਵਿੱਚ ਹੀ ਉਚਾਰਣ ਕੀਤੀ ਗਈ ਹੈ । ਕੀਰਤਨ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ । ਜਨਮ ਸਾਖੀ ਵਿੱਚ ਬਾਰ-ਬਾਰ ਜ਼ਿਕਰ ਆਉਂਦਾ ਹੈ "ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ"। ਮਰਦਾਨਾ ਰਬਾਬ ਵਜਾਉਂਦਾ ਅਤੇ ਗੁਰੂ ਜੀ ਕੀਰਤਨ ਕਰਦੇ । ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਕੀਰਤਨ ਆਮ ਸਿੱਖਾਂ ਤੱਕ ਪਹੁੰਚਿਆ, ਕੀਰਤਨ ਦੀ ਟਕਸਾਲ ਰਾਹੀਂ । ਕੀਰਤਨ ਸਿੱਖਣ ਅਤੇ ਸਿਖਾਉਣ ਦੀ ਮਰਿਯਾਦਾ ਅਜੇ ਤੱਕ ਸਿੱਖਾਂ ਵਿੱਚ ਚਲੀ ਆ ਰਹੀ ਹੈ । ਇਸ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਵਾਧਾ ਕੀਤਾ । ਉਹ ਜਾਣਦੇ ਹਨ ਕਿ ਕੀਰਤਨ ਨੂੰ ਭਗਤੀ ਮਾਰਗ ਵਿੱਚ ਸਭ ਤੋਂ ਉੱਚਾ ਸਥਾਨ ਪ੍ਰਾਪਤ ਹੈ । ਬਾਣੀ ਵਿੱਚ ਇੱਕ ਤੁਕ ਆਉਂਦੀ ਹੈ-

ਸਾਧ ਸੰਗਿ ਹਰਿ ਕੀਰਤਨ ਗਾਈਐ॥
ਇਹੁ ਅਸਥਾਨੁ ਗੁਰੂ ਤੇ ਪਾਈਐ॥

ਨਾਮਧਾਰੀ ਪੰਥ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਬਾਬਾ ਨਿਹਾਲ ਸਿੰਘ ਜੀ ਮਸੈਕੇ ਵਾਲੇ ਸਰੰਦਾ ਵਜਾਉਂਦੇ ਸਨ ਤੇ ਸਾਧ ਸੰਗਤ ਨੂੰ ਮੁਗਧ ਕਰ ਦਿੰਦੇ ਸਨ। ਕੀਰਤਨ ਇੰਨਾ ਪ੍ਰਭਾਵਸ਼ਾਲੀ ਹੁੰਦਾ ਸੀ ਕਿ ਆਪਣੇ ਪਿੰਡ ਵਿੱਚੋਂ ਹੀ ਆਪਣੇ ਕੀਰਤਨ ਰਾਹੀਂ ਸ੍ਰੀ ਭੈਣੀ ਸਾਹਿਬ ਅਤੇ ਅੰਮ੍ਰਿਤਸਰ ਦੀ ਦੀਪਮਾਲਾ ਦੇ ਦਰਸ਼ਨ ਕਰਵਾ ਦਿੰਦੇ ਸਨ ।

Namdhari Elibrary NamdhariElibrary@gmail.com

ਸੰਤ ਅਤਰ ਸਿੰਘ ਸਿਆਲਕੋਟ ਵਾਲੇ ਦਰਿਆ ਚਨਾਬ ਸ਼ਬਦ ਕੀਰਤਨ ਕਰਦੇ ਹੋਏ ਆਪਣੀ ਕਿਸ਼ਤੀ ਪਾਰ ਲੈ ਜਾਂਦੇ ਸਨ ।

"ਸਰਬ ਬੈਕੁੰਠ ਮੁਕਤਿ ਮੋਖ ਪਾਏ।
ਏਕ ਨਿਮਖ ਹਰਿ ਕੇ ਗੁਣ ਗਾਏ"।
"ਜੋ ਜੋ ਕਥੈ ਹਰਿ ਕੀਰਤਨ
ਤਾਕੀ ਦੁਰਮਤਿ ਨਾਸੁ"।
"ਛਾਤੀ ਸੀਤਲ ਮਨੁ ਸੁਖੀ
ਛੰਤ ਗੋਬਿੰਦ ਗਾਇ" ॥
"ਕੀਰਤਨੁ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ" ॥

ਹੋਰ ਵੀ ਅਜਿਹੀਆਂ ਕਿੰਨੀਆਂ ਹੀ ਤੁਕਾਂ ਬਾਣੀ ਵਿੱਚ ਆਉਂਦੀਆਂ ਹਨ ਜੋ ਕੀਰਤਨ ਦੀ ਮਹਾਨਤਾ ਦਰਸਾਉਂਦੀਆਂ ਹਨ । ਆਧੁਨਿਕ ਵਿਗਿਆਨ ਤਾਂ ਹੁਣ ਸੰਗੀਤ ਰਾਹੀਂ ਇਲਾਜ ਕਰਨ ਦੀ ਗੱਲ ਕਰਨ ਲੱਗਾ ਹੈ, ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਇਸ ਰਾਹ ਤੇ ਬਹੁਤ ਪਹਿਲੇ ਹੀ ਤੋਰ ਦਿੱਤਾ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਸ਼ਾਸਤਰੀ ਸੰਗੀਤ ਦੀ ਖੁਸ਼ਬੂ ਹਰ ਨਾਮਧਾਰੀ ਵਿਚੋਂ ਆਉਣੀ ਚਾਹੀਦੀ ਹੈ। ਸਤਿਗੁਰੂ ਜੀ ਨੇ ਆਪ ਵੀ ਬਹੁਤ ਕਠਿਨ ਅਭਿਆਸ ਕੀਤਾ ਅਤੇ ਨੌਜਵਾਨਾਂ ਨੂੰ ਭਾਰਤ ਦੇ ਮੰਨੇ-ਪਰਮੰਨੇ ਸੰਗੀਤਕਾਰਾਂ ਪਾਸ ਇਸ ਦੀ ਸਿੱਖਿਆ ਲੈਣ ਲਈ ਭੇਜਿਆ। ਕਈ ਸੰਗੀਤ ਸੰਮੇਲਨ ਕਰਵਾਏ ਅਤੇ ਸਾਧ-ਸੰਗਤ ਨੂੰ ਸੰਗੀਤ ਨਾਲ ਵੀ ਜੋੜਿਆ ।

ਇਿੰਨਾਂ ਹੀ ਨਹੀਂ ਲੜਕੀਆ ਨੂੰ ਵੀ ਇਸ ਪਾਸੇ ਤੋਰਿਆ। ਭੈਣੀ ਸਾਹਿਬ ਸੰਗੀਤ ਅਕਾਦਮੀ ਖੋਲ੍ਹੀ ਗਈ ਅਤੇ ਛੋਟੇ-ਛੋਟੇ ਬੱਚਿਆਂ ਨੂੰ ਸੰਗੀਤ ਦਾ ਗਿਆਨ ਦਿੱਤਾ ਜਾ ਰਿਹਾ ਹੈ । ਅੱਜ ਦੁਨੀਆਂ ਦੇ ਹਰ ਕੋਨੇ ਵਿੱਚ ਨਾਮਧਾਰੀ ਨੌਜਵਾਨ ਅਤੇ ਬੱਚੇ ਕੀਰਤਨ ਵਿੱਚ ਨਿਪੁੰਨ ਹੋ ਚੁੱਕੇ ਹਨ । ਸਵੇਰ ਦੀ 'ਆਸਾ ਦੀ ਵਾਰ' ਹੋਵੇ ਜਾਂ ਸ਼ਾਮ ਦਾ ਦੀਵਾਨ, ਰਾਗ ਵਿੱਚ ਨਿਪੁੰਨ ਬੱਚੇ ਹਰ ਦਮ ਤਿਆਰ ਰਹਿੰਦੇ ਹਨ ।

ਸੰਗੀਤ ਦੇ ਹਰ ਸਰੂਪ ਨੂੰ ਸਤਿਗੁਰੂ ਜੀ ਨੇ ਉਸਾਰਿਆ ਹੈ । ਗਾਇਨ ਦੇ ਨਾਲ ਵਾਦਨ ਦੀ ਸਿੱਖਿਆ ਵੀ ਦਿੱਤੀ ਗਈ ਹੈ । ਕੀਰਤਨ ਵਿੱਚ ਪੱਛਮੀ ਸਭਿਅਤਾ ਦਾ ਪ੍ਰਤੀਕ ਵਾਜਾ ਨਹੀਂ ਵਜਦਾ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ ਜਾਂਦਾ ਹੈ । ਦਿਲਰੁਬਾ, ਸਿਤਾਰ, ਸਰੋਦ, ਸੰਤੂਰ, ਸਾਰੰਗੀ ਆਦਿ ਸਾਜ਼ਾਂ ਨਾਲ ਕੀਰਤਨ ਦੀ ਰੀਤ ਚਲਾਈ ਹੈ । ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬਾਂਸੁਰੀ ਵੀ ਜਦ 'ਆਸਾ ਦੀ ਵਾਰ' ਵਿੱਚ ਵਜਦੀ ਹੈ ਤੇ ਸਾਧ-ਸੰਗਤ ਮੰਤ੍ਰ ਮੁਗਧ ਹੋ ਜਾਂਦੀ ਹੈ । ਇਹੋ ਜਿਹਾ ਰੱਬੀ ਕੀਰਤਨ ਸੁਣ ਕੇ ਵੱਡੇ-ਵੱਡੇ ਕਲਾਕਾਰ ਪ੍ਰਸੰਸਾ ਕੀਤੇ ਬਿਨਾਂ ਰਹਿ ਨਹੀਂ ਸਕਦੇ । ਸਤਿਗੁਰੂ ਜੀ ਆਪ ਜਦੋਂ ਆਪਣੇ ਨਹੁੰਆਂ ਨਾਲ ਦਿਲਰੁਬਾ ਵਜਾਉਂਦੇ ਹਨ ਅਤੇ ਲੈਅਕਾਰੀ ਵਿੱਚ ਤਿਹਾਈਆਂ ਲਾਉਂਦੇ ਹਨ ਤਾਂ ਸਭ ਦੇ ਮੂੰਹ ਖੁੱਲ੍ਹੇ ਰਹਿ ਜਾਂਦੇ ਹਨ। ਕੱਥਕ ਨਰਿਤ ਸ਼ੈਲੀ ਵੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਈ ਬੱਚੇ ਬੱਚੀਆਂ ਸਿੱਖ ਰਹੇ ਹਨ।

ਆਤਮਾ ਅਤੇ ਮਨ ਦੀ ਖੁਰਾਕ ਸੰਗੀਤ ਰਾਹੀਂ ਪੂਰੀ ਹੋ ਜਾਂਦੀ ਹੈ ਪਰ ਸਰੀਰ ਨੂੰ ਵੀ ਕੁਝ ਖੁਰਾਕ ਦੀ ਲੋੜ ਹੁੰਦੀ ਹੈ, ਉਸਨੂੰ ਸਵਸਥ ਰੱਖਣ ਲਈ । ਸਤਿਗੁਰੂ ਜੀ ਨੇ ਯੋਗਾ ਅਤੇ ਖੇਡਾਂ ਨੂੰ ਵੀ ਬਹੁਤ ਮਹਾਨਤਾ ਦਿੱਤੀ ਹੈ। ਸਰੀਰ ਨੂੰ ਨਿਰੋਗ ਰੱਖਣ ਲਈ ਖੇਡਾਂ ਨੂੰ ਵੀ ਪ੍ਰਮੁੱਖ ਰਖਿਆ ਹੈ। ਅੱਜ ਭੈਣੀ ਸਾਹਿਬ ਦੀ ਸਪੋਰਟਸ ਅਕਾਦਮੀ ਦੇ ਕਿੰਨੇ ਹੀ ਖਿਡਾਰੀ ਹਾਕੀ ਦੇ ਅੰਤਰ-ਰਾਸ਼ਟਰੀ ਪੱਧਰ ਤੇ ਆਪਣਾ ਨਾਮ ਕਮਾ ਚੁੱਕੇ ਹਨ ਅਤੇ ਕਿੰਨੇ ਹੀ ਨੌਜਵਾਨ ਹਾਲੀ ਵੀ ਇਸ ਦੀ ਸਿੱਖਿਆ ਲੈ ਰਹੇ ਹਨ। ਬੈਡਮਿੰਟਨ ਸਤਿਗੁਰੂ ਜੀ ਦੀ ਇਕ ਹਰਮਨ ਪਿਆਰੀ ਖੇਡ ਹੈ। ਸਤਿਗੁਰੂ ਪ੍ਰਤਾਪ ਸਿੰਘ ਮੈਮੋਰੀਅਲ ਬੈਡਮਿੰਟਨ ਚੈਂਪੀਅਨਸ਼ਿਪ ਮੁਕਾਬਲੇ ਕਰਵਾਏ ਜਾਂਦੇ ਹਨ । ਅੱਜ ਵੀ ਸਤਿਗੁਰੂ ਜੀ ਹਰ ਰੋਜ਼ ਖਿਡਾਰੀਆਂ ਨੂੰ ਅਭਿਆਸ ਕਰਦੇ ਦੇਖਣਾ ਨਹੀਂ ਭੁਲਦੇ ।

ਸਤਿਗੁਰੂ ਜੀ ਬਜ਼ੁਰਗਾਂ ਨੂੰ ਵੀ ਕਦੇ ਨਹੀਂ ਭੁੱਲਦੇ । ਹਰ ਰੋਜ਼ ਉਹਨਾਂ ਦੇ ਡੇਰਿਆਂ ਤੇ ਜਾ ਕੇ ਉਹਨਾਂ ਨੂੰ ਦਰਸ਼ਨ ਦਿੰਦੇ ਹਨ ਅਤੇ ਉਹਨਾਂ ਦਾ ਜੀਵਨ ਸਫਲਾ ਕਰਦੇ ਹਨ ।

ਅੱਜ ਨਾਮਧਾਰੀ ਪੰਥ ਦੀ ਸਾਰੇ ਸੰਸਾਰ ਵਿੱਚ ਇੱਕ ਖਾਸ ਪਹਿਚਾਣ ਹੈ। ਨਾਮਧਾਰੀ ਪਹਿਰਾਵਾ ਪਾ ਕੇ, ਜਦੋਂ ਵੀ ਉਹ ਸੰਸਾਰ ਦੇ ਕਿਸੇ ਵੀ ਪ੍ਰਾਂਤ ਵਿੱਚ ਹੋਣ, ਲੋਕਾਂ ਨੂੰ ਬਹੁਤ ਪਸੰਦ ਆਉਂਦੇ ਹਨ।

ਸਤਿਗੁਰੂ ਜੀ ਬਾਰੇ ਕੋਈ ਵੀ ਜਾਣਕਾਰੀ ਲੈਣੀ ਹੋਵੇ ਤਾਂ ਇੰਟਰਨੈਟ ਤੇ ਵੈਬਸਾਈਟ ਖੋਲ੍ਹ ਕੇ ਤਾਜਾ ਜਾਣਕਾਰੀ ਹਰ ਵੇਲੇ ਮਿਲ ਸਕਦੀ ਹੈ ।

ਸਤਿਗੁਰੂ ਜੀ ਨੇ ਪੌਰਾਣਿਕ ਸੰਸਕ੍ਰਿਤੀ ਨੂੰ ਆਧੁਨਿਕ ਯੁੱਗ ਵਿੱਚ ਸੰਭਾਲ ਕੇ ਰੱਖਿਆ ਹੈ ਇੰਨਾ ਹੀ ਨਹੀਂ ਸਾਧ-ਸੰਗਤ ਨੂੰ ਹਰ ਵੇਲੇ ਆਧੁਨਿਕ ਤਕਨੀਕ ਨੂੰ ਵੀ ਇਸਤੇਮਾਲ ਕਰਨ ਦੀ ਪ੍ਰੇਰਨਾ ਦਿੱਤੀ ਹੈ, ਤਾਂਕਿ ਕਿਸੇ ਵੀ ਲਿਹਾਜ਼ ਨਾਲ ਨਾਮਧਾਰੀ ਪੰਥ ਸੰਸਾਰ ਵਿੱਚ ਹਮੇਸ਼ਾ ਅੱਗੇ ਹੀ ਰਹੇ, ਸਿਰਮੌਰ ਰਹੇ ।

ਐਸੇ ਗੁਰੂ ਤੋਂ ਹਰ ਵੇਲੇ ਵਾਰੇ-ਵਾਰੇ ਜਾਣ ਤੇ ਮਨ ਲੋਚਦਾ ਹੈ ।

ਐਸੇ ਗੁਰ ਕਉ ਬਲਿ ਬਲਿ ਜਾਈਐ
ਆਪਿ ਮੁਕਤੁ ਮੋਹਿ ਤਾਰੈ॥

■

Namdhari Elibrary NamdhariElibrary@gmail.com

ਸਰਬ ਕਲਾ ਸੰਪੂਰਨ

ਗੁਰਮੀਤ ਕੌਰ

ਸ੍ਰੀ ਭੈਣੀ ਸਾਹਿਬ ਦੀ ਤਾਂ ਆਪ ਨੇ ਕਾਇਆ ਹੀ ਬਦਲ ਕੇ ਰੱਖ ਦਿੱਤੀ ਹੈ। ਉਥੇ ਇਕ ਨਵਾਂ ਹੀ ਸ੍ਰੀ ਭੈਣੀ ਸਾਹਿਬ ਤਿਆਰ ਹੋ ਗਿਆ ਹੈ। ਮੇਲਿਆਂ ਲਈ ਵਿਸ਼ਾਲ ਹਾਲ, ਸੋਹਣਾ ਹਰੀ ਮੰਦਰ, ਮਨਮੋਹਕ ਸਰੋਵਰ ਹਰ ਇਕ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਸ੍ਰੀ ਭੈਣੀ ਸਾਹਿਬ ਦਾ ਸੋਹਣਾ ਰਿਸੈਪਸ਼ਨ ਹਾਲ, ਸਾਫ਼ ਸੁਥਰਾ ਵਿਸ਼ਾਲ ਲੰਗਰ ਹਾਲ ਤੇ ਪੱਕੀਆਂ ਸਾਫ਼ ਸੜਕਾਂ ਨੂੰ ਵੇਖ ਕੇ ਹਰ ਕੋਈ ਖੁਸ਼ ਹੁੰਦਾ ਹੈ।

22 ਅਗਸਤ ਸੰਨ 1959 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੋਲ ਮੰਦਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਹ ਤਿਆਗੀ। ਇਕ ਵਾਰੀ ਤਾਂ ਇੰਜ ਜਾਪਿਆ ਕਿ ਚਾਰੇ ਪਾਸੇ ਹਨੇਰਾ ਪਸਰ ਗਿਆ ਹੈ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤਾਂ ਕਦੇ ਇਕ ਪਲ ਲਈ ਵੀ ਖਾਲੀ ਨਹੀਂ ਰਹੀ। ਇਸ ਵੇਲੇ ਸ਼ਾਂਤ ਮੂਰਤ ਬੇਅੰਤ ਜੀ, ਜਿਨ੍ਹਾਂ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਹੀ ਕਈ ਰੂਪਾਂ ਵਿਚ ਗੱਦੀ ਦੇ ਮਾਲਕ ਹੋਣ ਦਾ ਸੰਕੇਤ ਦਿੱਤਾ ਸੀ, ਨੂੰ ਬਾਬਾ ਬੀਰ ਸਿੰਘ ਨੇ ਆਸਣ ਵਿਛਾ ਕੇ ਪਹਿਲਾਂ ਮੱਥਾ ਟੇਕਿਆ ਤੇ ਫੇਰ ਸਾਰੀ ਸੰਗਤ ਨੇ।

ਗੁਰੂ ਨਾਨਕ ਦੇਵ ਜੀ ਦੀ ਜਾਗਦੀ ਜੋਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਸਤਾਰਬੰਦੀ ਦੀ ਰਸਮ 10 ਸਤੰਬਰ 1959 ਨੂੰ ਕੀਤੀ ਗਈ। ਇਸ ਵੇਲੇ ਮਹਾਨ ਸਮਾਗਮ ਹੋਇਆ ਜਿਸ ਲਈ ਬਹੁਤ ਵੱਡਾ ਪੰਡਾਲ ਲਗਾਇਆ ਗਿਆ ਸੀ।

ਪਾਤਸ਼ਾਹ ਜੀ ਬੜੇ ਸੂਝਵਾਨ ਅਤੇ ਆਤਮ ਵਿਸ਼ਵਾਸੀ ਹਨ। ਗੁਰਗੱਦੀ ਤੇ ਸੁਸ਼ੋਭਿਤ ਹੁੰਦਿਆਂ ਹੀ ਆਪ ਜੀ ਨੇ ਆਪਣੀ ਸੂਝ ਬੂਝ, ਨਿਘਾ ਸੁਭਾਅ ਅਤੇ ਦਰਿਆਦਿਲੀ ਨਾਲ ਸਾਰੇ ਵਿਰੋਧੀਆਂ ਦੇ ਮਨਾਂ ਨੂੰ ਜਿੱਤ ਲਿਆ। ਆਪ ਜੀ ਦੇ ਕੌਤਕਾਂ ਦਾ ਤਾਂ ਕੋਈ ਅੰਤ ਹੀ ਨਹੀਂ। ਅੱਜ ਨਾਮਧਾਰੀ ਪੰਥ ਦੇ ਅਣਗਿਣਤ ਲੋਕਾਂ ਪਾਸ ਆਪ ਜੀ ਦੇ ਕੀਤੇ ਕੌਤਕਾਂ ਦੀਆਂ ਅਨੇਕਾਂ ਹੀ ਸਾਖੀਆਂ ਹਨ। ਕਿਸੇ ਕਵੀ ਦੀਆਂ ਹੇਠ ਲਿਖੀਆਂ ਸਤਰਾਂ ਪੂਰੀ ਤਰ੍ਹਾਂ ਆਪ ਜੀ ਤੇ ਹੀ ਢੁਕਦੀਆਂ ਹਨ-

ਸਾਤ ਸਮੁੰਦ ਸਿਆਹੀ ਕਰ,
ਕਲਮ ਕਰੂ ਬਨਰਾਇ।
ਕੁਲ ਧਰਤੀ ਕਾਗਜ ਕਰੂੰ,
ਤੇਰੀ ਮਹਿਮਾ ਲਿਖੀ ਨ ਜਾਇ।

ਆਉਣ ਵਾਲੀ ਪੀੜ੍ਹੀ ਲਈ ਇਹਨਾਂ ਨੇ ਉਨਤੀ ਦੇ ਕਈ ਰਾਹ ਪ੍ਰਫੁਲਤ ਕੀਤੇ। ਇਹਨਾਂ ਨੇ ਬੱਚਿਆਂ ਲਈ ਕਈ ਸਕੂਲ ਕਾਲਜ ਖੁਲ੍ਹਵਾਏ। ਜਿਥੇ ਸਮਾਜਿਕ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਅਧਿਆਤਮਕ ਸਿੱਖਿਆ ਨਾਲ ਵੀ ਜੋੜਿਆ ਜਾਂਦਾ ਹੈ। ਇਹਨਾਂ ਨੇ ਆਉਣ ਵਾਲੀ ਪੀੜ੍ਹੀ ਨੂੰ ਸੰਗੀਤ ਸਿਖਣ ਲਈ ਪ੍ਰੇਰਿਆ। ਵੱਡੇ ਵੱਡੇ ਸੰਗੀਤਕਾਰ ਆਪ ਜੀ ਦੇ ਸੰਗੀਤ ਨੂੰ ਸੁਣ ਮੰਤਰ ਮੁਗਧ ਹੋ ਜਾਂਦੇ ਹਨ। ਆਪ ਜੀ ਦੇ ਪਾਸੋਂ ਸੰਗੀਤ ਸੁਣ ਕੇ ਅਤੇ ਆਪ ਜੀ ਨੂੰ ਸੰਗੀਤ ਸੁਣਾ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ ਅਤੇ ਆਪ ਜੀ ਅੱਗੇ ਨਤਮਸਤਕ ਹੁੰਦੇ ਹਨ।

ਸ੍ਰੀ ਭੈਣੀ ਸਾਹਿਬ ਦੀ ਤਾਂ ਆਪ ਨੇ ਕਾਇਆ ਹੀ ਬਦਲ ਕੇ ਰੱਖ ਦਿੱਤੀ ਹੈ। ਉਥੇ ਇਕ ਨਵਾਂ ਹੀ ਸ੍ਰੀ ਭੈਣੀ ਸਾਹਿਬ ਤਿਆਰ ਹੋ ਗਿਆ ਹੈ। ਮੇਲਿਆਂ ਲਈ ਵਿਸ਼ਾਲ ਹਾਲ, ਸੋਹਣਾ ਹਰੀ ਮੰਦਰ, ਮਨਮੋਹਕ ਸਰੋਵਰ ਹਰ ਇਕ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦੇ ਹਨ। ਸ੍ਰੀ ਭੈਣੀ ਸਾਹਿਬ ਦਾ ਸੋਹਣਾ ਰਿਸੈਪਸ਼ਨ ਹਾਲ, ਸਾਫ਼ ਸੁਥਰਾ ਵਿਸ਼ਾਲ ਲੰਗਰ ਹਾਲ ਤੇ ਪੱਕੀਆਂ ਸਾਫ਼ ਸੜਕਾਂ ਨੂੰ ਵੇਖ ਕੇ ਹਰ ਕੋਈ ਖੁਸ਼ ਹੁੰਦਾ ਹੈ। ਸਤਿਗੁਰੂ ਜੀ ਸਿਰਫ ਇਕ ਧਾਰਮਿਕ ਗੁਰੂ ਹੀ ਨਹੀਂ, ਇਹ ਸੰਗੀਤ, ਬਾਗਬਾਨੀ,

Namdhari Elibrary NamdhariElibrary@gmail.com

ਖੇਡਾਂ, ਸਿਆਸਤ ਵਿੱਚ ਵੀ ਰਹਿਨੁਮਾਈ ਕਰਦੇ ਹਨ। ਪਾਤਸ਼ਾਹ ਜੀ ਕ੍ਰਿਸ਼ਨ ਭਗਵਾਨ ਵਾਂਗ ਗਊ ਪਾਲਕ ਵੀ ਹਨ। ਬਿਰਧਸ਼ਾਲਾ ਅਤੇ ਗਊਸ਼ਾਲਾ ਦੇ ਪ੍ਰਾਣੀ ਇਹਨਾਂ ਨੂੰ ਸਭ ਤੋਂ ਵਧ ਪਛਾਣਦੇ ਹਨ ਕਿਉਂਕਿ ਇਹ ਆਪਣੇ ਸਭ ਤੋਂ ਵੱਧ ਵਿਅਸਤ ਸਮੇਂ ਵਿਚ ਵੀ ਇਹਨਾਂ ਨੂੰ ਦਰਸ਼ਨ ਦੇਣਾ ਕਦੇ ਨਹੀਂ ਭੁਲਦੇ। ਗੁਰੂ ਨਾਨਕ ਦੇਵ ਵਾਂਗ ਆਪ ਜੀ ਨੇ ਵੀ ਦੇਸ਼ ਵਿਦੇਸ਼ ਕਈ ਫੇਰੀਆਂ ਕੀਤੀਆਂ ਅਤੇ ਦੂਰ ਦੁਰਾਡੇ ਦੇਸ਼ਾਂ ਵਿਚ ਆਪ ਜੀ ਨੇ ਬਹੁਤ ਸਾਰੇ ਨਾਮਧਾਰੀ ਸਿੱਖ ਤਿਆਰ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਹਰ ਬੁੱਢੇ ਬਾਲੇ ਨੂੰ ਨਾਮ ਜਪਣ ਅਤੇ ਗੁਰਬਾਣੀ ਪੜ੍ਹਨ ਲਈ ਪ੍ਰੇਰਿਤ ਕੀਤਾ। ਇਕ ਸੁਚੱਜੇ ਮਾਲੀ ਵਾਂਗ ਆਪ ਜੀ ਵਧੀਆ ਤੋਂ ਵਧੀਆ ਪੌਦੇ ਸੰਭਾਲਣ ਵਾਂਗ ਨਿਕੇ ਬੱਚਿਆਂ ਨੂੰ ਭਜਨ ਲਈ, ਸ਼ੁੱਧ ਪਾਠ ਕਰਨ ਲਈ ਅਤੇ ਪੁਰਾਣੇ ਜਥੇਦਾਰਾਂ ਵਾਂਗ ਦਿਵਾਨ ਲਗਾਉਣ ਲਈ ਤਿਆਰ ਕਰਦੇ ਹਨ। ਪਾਤਸ਼ਾਹ ਜੀ ਸਮੇਂ ਸਮੇਂ ਪੁਰਸਕਾਰਾਂ ਰਾਹੀਂ ਬੱਚਿਆਂ ਨੂੰ ਉਤਸ਼ਾਹਿਤ ਕਰਦੇ ਹਨ। ਆਪ ਜੀ ਨੇ ਬਹੁਤ ਸਾਰੇ ਵਿਸ਼ਵ ਧਰਮ ਸੰਮੇਲਨਾਂ ਵਿਚ ਵੀ ਹਿਸਾ ਲਿਆ। ਸਾਰੇ ਸੰਸਾਰ ਦੇ ਧਰਮ ਗੁਰੂਆਂ ਨੇ ਆਪ ਜੀ ਨੂੰ ਧਰਮ ਰਤਨ ਪੁਰਸਕਾਰ ਅਤੇ ਗੋਪਾਲ ਰਤਨ ਪੁਰਸਕਾਰ ਨਾਲ ਨਿਵਾਜਿਆ। ਦਿੱਲੀ ਦੇ ਛਤਰਪੁਰ ਮੰਦਰ ਵਿਚ ਮੈਨੂੰ ਇਹ ਵੀ ਨਜ਼ਾਰਾ ਦੇਖਣ ਦਾ ਸੁਭਾਗ ਪ੍ਰਾਪਤ ਹੋਇਆ, ਉਸ ਸਮੇਂ ਦੇ ਮਨੋਭਾਵਾਂ ਨੂੰ ਮੈਂ ਉਸੇ ਦਿਨ ਇਹਨਾਂ ਸਤਰਾਂ ਰਾਹੀਂ ਪੇਸ਼ ਕੀਤਾ ਸੀ :

ਹੋ ਕੇ ਕਾਰ ਤੇ ਸਵਾਰ ਆਏ ਕਲਜੁਗ ਦੇ ਅਵਤਾਰ,
ਵੇਖੋ ਸਈਉ ਜਗਜੀਤ ਗੁਰੂ ਪਿਆਰਾ ਆ ਗਿਆ।
ਵੇਖੋ ਸਈਉ ਨੀ ਦੁਖੀਆਂ ਦਾ ਸਹਾਰਾ ਆ ਗਿਆ।
ਘਲਿਆ ਨਿਰੰਕਾਰ ਉਸਨੂੰ ਧਰਮ ਧੁਜਾ ਫਹਿਰਾਣ ਲਈ,
ਰਹਿਮਤਾਂ ਤੇ ਬਰਕਤਾਂ ਦਾ ਮੀਂਹ ਵਰਸਾਣ ਲਈ।
ਰਿਸ਼ੀਆਂ ਮੁਨੀਆਂ ਵਿਚਾਰ ਦਿਤਾ ਧਰਮ ਰਤਨ ਪੁਰਸਕਾਰ,
ਵੇਖੋ ਸਈਉ ਜਗਜੀਤ ਗੁਰੂ ਪਿਆਰਾ ਆ ਗਿਆ।
ਗਰੀਬਾਂ ਦੇ ਲਈ ਮਸੀਹਾ ਬਣ ਆਇਆ ਏ,
ਪੰਥ ਦੇ ਲਈ ਇਹ ਰਮਈਆ ਬਣ ਆਇਆ ਏ।
ਕੀਤੇ ਜਗ ਤੇ ਪਰਉਪਕਾਰ, ਦੁਨੀਆਂ ਕਰਦੀ ਜੈ ਜੈ ਕਾਰ,
ਵੇਖੋ ਸਈਉ ਜਗਜੀਤ ਗੁਰੂ ਪਿਆਰਾ ਆ ਗਿਆ।
ਕਲਯੁਗ ਦੇ ਵਿਚ ਇਹ ਨਾਮ ਜਪਦਾ ਅਤੇ ਜਪਾਂਦਾ ਏ,
ਜਪੋ ਤੇ ਜਪਾਉ ਦਾ ਉਚੀ ਪਿਆ ਅਲਾਂਦਾ ਏ।
ਰੂਪ ਧਾਰ ਨਿਰੰਕਾਰ, ਆਇਆ ਜਗ ਦਾ ਕਰਨ ਉਧਾਰ,
ਵੇਖੋ ਸਈਉ ਜਗਜੀਤ ਗੁਰੂ ਪਿਆਰਾ ਆ ਗਿਆ।
ਅਮਨ ਤੇ ਏਕਤਾ ਦਾ ਸੁਨੇਹਾ ਲੈ ਕੇ ਆਇਆ ਏ,
ਸਾਰੀ ਦੁਨੀਆਂ ਵਿੱਚ ਝੰਡਾ ਅਮਨ ਦਾ ਫਹਿਰਾਇਆ ਏ।
ਹੱਥ ਜੋੜ ਸਾਰਾ ਸੰਸਾਰ ਡਿਗਿਆ ਚਰਨਾਂ ਦੇ ਵਿਚਕਾਰ,
ਵੇਖੋ ਸਈਉ ਜਗਜੀਤ ਗੁਰੂ ਪਿਆਰਾ ਆ ਗਿਆ।

ਬੇਅੰਤ ਲੀਲ੍ਹਾ

✍ ਹਰਭਜਨ ਸਿੰਘ ਰਾਜਾ

ਬੇਅੰਤ ਦੀ ਲੀਲਾ ਬੇਅੰਤ ਵੇਖੀ,
ਪਾਰਾਵਾਰ ਇਸਦਾ ਕਿਸੇ ਪਾਇਆ ਨਹੀਂ।
ਲੱਖਾਂ ਪਾਪੀ ਤੇ ਲੱਖਾਂ ਹੀ ਠੱਗ ਤਾਰੇ,
ਇਸ ਦੀ ਤਾਕਤ ਨੂੰ ਕਿਸੇ ਅਜਮਾਇਆ ਨਹੀਂ।
ਲੱਖਾਂ ਆਂਵਦੇ ਤੇ ਲੱਖਾਂ ਜਾਂਵਦੇ ਨੇ,
ਔਂਦੇ ਖੁਸ਼ ਨਹੀਂ ਘਬਰਾਇਆ ਨਹੀਂ।
ਨਿਗ੍ਹਾ ਫੇਰਦਾ ਮਿਹਰ ਦੀ ਜਿਸ ਵੱਲੇ,
'ਰਾਜਾ' ਫੇਰ ਚੌਰਾਸੀ ਵਿਚ ਆਇਆ ਨਹੀਂ।

ਲੱਛਮੀ ਏਸ ਦੇ ਚਰਨਾਂ ਦੀ ਬਣੀ ਦਾਸੀ,
ਰਿੱਧਾਂ ਸਿੱਧਾਂ ਦਾ ਮਾਲਕ ਅਖਵਾਂਵਦਾ ਏ।
ਡਿੱਗੇ ਹੋਇਆਂ ਨੂੰ ਲੱਖਾਂ ਦੇ ਲੱਖ ਦੇ ਕੇ,
ਨਵੀਆਂ ਕੋਠੀਆਂ ਬਹੁਤ ਪੁਆਂਵਦਾ ਏ।
ਇਸ ਦੀ ਲੀਲ੍ਹਾ ਦਾ ਅੰਤ ਨਾ ਕਿਸੇ ਪਾਇਆ,
ਬਿਰਧ ਪਾਲ ਕੇ ਪਿਆ ਵਖਾਂਵਦਾ ਏ।
ਇਸਦੀ ਮਾਇਆ ਬੇਅੰਤ ਬੇਅੰਤ 'ਰਾਜਾ'
ਸਹਿਸ ਫਣੀ ਵੀ ਨਿਤ ਅਲਾਂਵਦਾਂ ਏ।

ਦੁਆਪਰ ਵਿੱਚ ਕ੍ਰਿਸ਼ਨ ਰੂਪ ਹੋ ਕੇ,
ਮੰਦਰ ਇਸ ਸੁਦਾਮੇ ਦੇ ਪਾਏ ਹੈ ਸਨ।
ਘੁੱਟ ਘੁੱਟ ਜੋ ਪੋਟਲੀ ਰੱਖਦਾ ਸੀ,
ਤੰਦਲ ਮੰਗ ਸੁਦਾਮੇ ਤੋਂ ਖਾਏ ਹੈ ਸਨ।
ਤੰਦਲ ਚੱਬੇ ਤੇ ਅਰਬ ਤੇ ਖਰਬ ਕਹਿਕੇ,
ਉਹਦੇ ਲੱਖਾਂ ਦਲਿੱਦਰ ਗਵਾਏ ਹੈ ਸਨ।
ਬਿਰਧ ਪਾਲ ਮੁੱਢੋਂ ਹੈ ਜੇ ਨਾਮ ਇਸ ਦਾ,
ਬਿਰਧ ਪਾਲ ਇਸ 'ਰਾਜਾ' ਵਖਾਏ ਹੈ ਸਨ।

ਵੀਹਾਂ ਤੀਹਾਂ ਨਾਲ ਕਿਸੇ ਨੂੰ ਕਰੇ ਰਾਜੀ,
ਕਿਸੇ ਤਾਈਂ ਹੈ ਲੱਖਾਂ ਫੜਾਈ ਜਾਂਦਾ।
ਕਿਸੇ ਤਾਈਂ ਸਕੂਟਰ ਤੇ ਕਾਰ ਦੇਵੇ,
ਕੋਠੀ ਕਿਸੇ ਦੀ ਆਪੇ ਪਵਾਈ ਜਾਂਦਾ।
ਕਿਸੇ ਤਾਈਂ ਤੇ ਹੱਥੀਂ ਫੜਾਂਵਦਾ ਏ
ਖੁਸ਼ੀਆਂ ਕਿਸੇ ਦੇ ਤਾਈਂ ਵਰਤਾਈ ਜਾਂਦਾ।
ਕਿਸੇ ਤਾਈਂ ਜਮੀਨ ਵੀ ਦੇਂਵਦਾ ਏ,
ਸਰੋਂ ਹੱਥਾਂ ਤੇ 'ਰਾਜਾ' ਜਮਾਈ ਜਾਂਦਾ।

Namdhari Elibrary NamdhariElibrary@gmail.com

ਰਹਿਮਤਾਂ ਦੇ ਸੋਮੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

✍ ਸੁਲੱਖਣ ਸਿੰਘ ਭਿੰਡਰ

ਸ੍ਰੀ ਸਤਿਗੁਰੂ ਜੀ ਨੇ ਵਿਦਿਆ ਦੇ ਖੇਤਰ ਵਿੱਚ ਅਤੇ ਖੇਡਾਂ ਦੇਂ ਖੇਤਰ ਵਿਚ ਵੱਡਮੁਲਾ ਯੋਗਦਾਨ ਪਾਇਆ ਹੈ। ਹਰਿਆਣੇ ਪ੍ਰਾਂਤ ਦੇ ਪਿੰਡ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਵਿਚ "ਗੁਰੂ ਹਰੀ ਸਿੰਘ ਮਹਾਂ ਵਿਦਿਆਲੇ" ਵਿੱਚ 1977 ਵਿੱਚ ਹਾਕੀ ਦੀ ਟੀਮ ਤਿਆਰ ਕੀਤੀ ਅਤੇ ਸਟੇਡੀਅਮ ਬਣਵਾਇਆ। ਇਲਾਕੇ ਦੇ ਬੱਚਿਆਂ ਨੂੰ 30-40 ਕਿਲੋਮੀਟਰ ਦੂਰ ਸਿਰਸਾ ਵਿੱਚ ਇਕੋ ਇਕ ਨੈਸ਼ਨਲ ਕਾਲਜ ਵਿੱਚ ਉਚ ਸਿਖਿਆ ਲਈ ਜਾਣਾ ਪੈਂਦਾ ਸੀ ਇਹਨਾਂ ਮੁਸ਼ਕਲਾਂ ਨੂੰ ਵੇਖਦੇ ਹੋਏ 1 ਅਗਸਤ 1983 ਨੂੰ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਸਿਰਸਾ ਦੀ ਸਥਾਪਨਾ ਕੀਤੀ। ਇਸ ਕਾਲਜ ਵਿੱਚ ਪੜ੍ਹ ਕੇ ਖਿਡਾਰੀ, ਅਧਿਆਪਕ, ਵਕੀਲ, ਪ੍ਰੋਫੈਸਰ ਆਦਿ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਨਾਮਧਾਰੀ ਪੰਥ ਦਾ ਸਰਬਪੱਖੀ ਵਿਕਾਸ ਹੋਇਆ। ਆਰਥਿਕ ਪੱਖੋਂ, ਵਿਦਿਆ ਦੇ ਖੇਤਰ ਵਿੱਚ, ਕਿਰਸਾਨੀ ਦੇ ਖੇਤਰ ਵਿੱਚ, ਅਧਿਆਤਮਕ ਖੇਤਰ ਵਿੱਚ, ਰਾਜਨੀਤੀ ਦੇ ਖੇਤਰ ਵਿੱਚ, ਸੰਗੀਤ ਦੇ ਖੇਤਰ ਵਿੱਚ, ਖੇਡਾਂ ਦੇ ਖੇਤਰ ਵਿੱਚ, ਖੋਜ ਅਤੇ ਲੇਖਣੀ ਦੇ ਖੇਤਰ ਵਿੱਚ ਹਰ ਖੇਤਰ ਵਿੱਚ ਆਪ ਜੀ ਨੇ ਕਦਮ ਅਗਾਂਹ ਵਧਾਏ ਅਤੇ ਸਿੱਖੀ ਦੀ ਸੋਭਾ ਪੰਜਾਂ ਮਹਾਂਦੀਪਾਂ ਵਿੱਚ ਫੈਲਾਈ।

ਇਲਾਕਾ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ (ਹਰਿਆਣਾ) ਦੇ ਪਿੰਡਾਂ ਵਿੱਚ ਸੜਕਾਂ ਦੀ ਮੁਢਲੀ ਉਸਾਰੀ ਕਰਵਾ ਕੇ ਸਤਿਗੁਰੂ ਜੀ ਨੇ ਹਰਿਆਣਾ ਸਰਕਾਰ ਅਤੇ ਦਿਹਾਤੀ ਵਸੋਂ ਨੂੰ ਸੁਖ ਸਾਧਨ ਮੁਹੱਈਆ ਕਰਵਾਇਆ। ਸ੍ਰੀ ਸਤਿਗੁਰੂ ਜੀ ਵਲੋਂ ਦਿੱਤੇ ਸਹਿਯੋਗ ਨੇ ਚੰਗੀ ਕਿਸਮ ਦੇ ਪਸ਼ੂ ਅਤੇ ਚੰਗੇਰੀ ਨਸਲ ਦੀਆਂ ਗਊਆਂ, ਮੱਝਾਂ ਨੂੰ ਸ੍ਰੀ ਜੀਵਨ ਨਗਰ ਇਲਾਕੇ ਦੇ ਹਰ ਘਰ ਦਾ ਸ਼ਿੰਗਾਰ ਬਣਾ ਦਿੱਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਜਨਮ 22 ਨਵੰਬਰ 1920 ਈ. ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਿਹਿ ਵਿਖੇ ਮਾਤਾ ਭੁਪਿੰਦਰ ਕੌਰ ਜੀ ਦੀ ਕੁੱਖੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ, ਜੋ ਕਿ ਲੁਧਿਆਣਾ-ਚੰਡੀਗੜ੍ਹ ਰੋਡ ਤੇ ਸਥਿਤ ਹੈ। ਆਪ ਚਾਰ ਵਰ੍ਹਿਆਂ ਦੇ ਸਨ ਜਦੋਂ ਆਪ ਜੀ ਦੇ ਪੂਜਯ ਮਾਤਾ ਜੀ ਦਾ ਸਾਇਆ ਸਿਰ ਤੋਂ ਉਠ ਗਿਆ।

ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਕ ਉਚ ਸਿਖਿਆ ਦਾ ਵਿਦਿਆਲਾ ਸ਼ੁਰੂ ਕੀਤਾ। ਆਪ ਜੀ ਨੂੰ ਉਚ ਸਿਖਿਆ ਗੁਰਮੁਖੀ, ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਆਦਿ ਤੋਂ ਇਲਾਵਾ ਸੰਗੀਤ ਸਿਖਿਆ ਦਿਲਵਾਈ। ਆਪ ਜੀ ਨੇ ਮੁਢਲੀ ਸੰਗੀਤ ਸਿਖਿਆ ਪ੍ਰਸਿੱਧ ਵਿਦਵਾਨਾਂ ਉਸਤਾਦ ਹਰਨਾਮ ਸਿੰਘ ਤੇ ਉਸਤਾਦ ਰਹੀਮ ਬਖਸ਼ ਤੋਂ ਪ੍ਰਾਪਤ ਕੀਤੀ ਅਤੇ ਗੁਰਬਾਣੀ ਸੰਗੀਤ ਦੀਆਂ ਰਬਾਬੀ ਰੀਤਾਂ ਭਾਈ ਤਾਬਾ ਜੀ ਤੇ ਪੰਜਾਬ ਘਰਾਣੇ ਦੇ ਪਖਾਵਜ ਵਾਦਕ ਭਾਈ ਨਸੀਰ ਅੰਮ੍ਰਿਤਸਰੀ ਕੋਲੋਂ ਸਿੱਖੀਆਂ। ਆਪ ਜੀ ਕੋਲ ਅੱਜ ਸ਼ਾਸਤਰੀ ਸੰਗੀਤ ਤੇ ਗੁਰਬਾਣੀ ਦੀਆਂ ਰਬਾਬੀ ਬੰਦਸ਼ਾਂ ਦਾ ਏਡਾ ਭੰਡਾਰ ਹੈ ਕਿ ਪ੍ਰਸਿੱਧ ਸੰਗੀਤਕਾਰ ਆਣ ਕੇ ਸੁਣਦੇ ਤੇ ਸਿੱਖਦੇ ਹਨ।

ਆਪ ਜੀ ਨੇ ਸੰਗੀਤ ਦੀ ਦੁਨੀਆਂ ਵਿਚ ਮਹਾਨ ਯੋਗਦਾਨ ਪਾਇਆ ਹੈ। ਆਪ ਨੇ ਸਵਾ ਚੌਦਾਂ ਮਾਤ੍ਰਾਂ, ਪੌਣੇ ਅੱਠ ਮਾਤ੍ਰਾਂ ਆਦਿ ਮਾਤ੍ਰਾਵਾਂ ਦੀ ਰਚਨਾ ਖੁਦ ਕੀਤੀ।

Namdhari Elibrary NamdhariElibrary@gmail.com

22 ਅਗਸਤ 1959 ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਰਪੁਰੀ ਸਿਧਾਰ ਜਾਣ ਤੋਂ ਬਾਅਦ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸੁਭਾਏਮਾਨ ਹੋਏ। ਗੁਰਗੱਦੀ ਤੇ ਬੈਠਣ ਤੋਂ ਬਾਅਦ ਆਪ ਜੀ ਦੇ ਸਮੇਂ ਨਾਮਧਾਰੀ ਪੰਥ ਨੇ ਬਹੁਤ ਤਰੱਕੀ ਕੀਤੀ ਤੇ ਹਰ ਖੇਤਰ ਵਿਚ ਮੱਲਾਂ ਮਾਰੀਆਂ ਹਨ।

ਸ੍ਰੀ ਸਤਿਗੁਰੂ ਜੀ ਨੇ ਵਿਦਿਆ ਦੇ ਖੇਤਰ ਵਿੱਚ ਅਤੇ ਖੇਡਾਂ ਦੇ ਖੇਤਰ ਵਿਚ ਵੱਡਮੁਲਾ ਯੋਗਦਾਨ ਪਾਇਆ। ਹਰਿਆਣੇ ਪ੍ਰਾਂਤ ਦੇ ਪਿੰਡ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਵਿਚ "ਗੁਰੂ ਹਰੀ ਸਿੰਘ ਮਹਾਂ ਵਿਦਿਆਲੇ" ਵਿੱਚ 1977 ਵਿੱਚ ਹਾਕੀ ਦੀ ਟੀਮ ਤਿਆਰ ਕੀਤੀ ਅਤੇ ਸਟੇਡੀਅਮ ਬਣਵਾਇਆ। ਇਲਾਕੇ ਦੇ ਬੱਚਿਆਂ ਨੂੰ 30-40 ਕਿਲੋਮੀਟਰ ਦੂਰ ਸਿਰਸਾ ਵਿੱਚ ਇਕੋ ਇਕ ਨੈਸ਼ਨਲ ਕਾਲਜ ਵਿੱਚ ਉਚ ਸਿਖਿਆ ਲਈ ਜਾਣਾ ਪੈਂਦਾ ਸੀ। ਇਹਨਾਂ ਮੁਸ਼ਕਲਾਂ ਨੂੰ ਵੇਖਦੇ ਹੋਏ 1 ਅਗਸਤ 1983 ਨੂੰ ਗੁਰੂ ਹਰੀ ਸਿੰਘ ਕਾਲਜ ਸ੍ਰੀ ਜੀਵਨ ਨਗਰ ਸਿਰਸਾ ਦੀ ਸਥਾਪਨਾ ਕੀਤੀ। ਇਸ ਕਾਲਜ ਵਿੱਚ ਪੜ੍ਹਕੇ ਖਿਡਾਰੀ, ਅਧਿਆਪਕ, ਵਕੀਲ, ਪ੍ਰੋਫੈਸਰ ਆਦਿ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ।

ਹਾਕੀ ਦੀ ਟੀਮ ਨੇ ਬਹੁਤ ਮੱਲਾਂ ਮਾਰੀਆਂ। ਨਾਮਧਾਰੀ ਇਲੈਵਨ ਨੇ 1989 ਵਿਚ ਆਲ ਇੰਡੀਆ ਸੰਜੇ ਗਾਂਧੀ ਹਾਕੀ ਟੂਰਨਾਮੈਂਟ ਦਿੱਲੀ ਵਿੱਚ ਜਿੱਤਿਆ ਅਤੇ 1989 ਵਿੱਚ ਹੀ ਹਾਕੀ ਦੇ ਤਿੰਨ ਟੂਰਨਾਮੈਂਟ ਇੰਗਲੈਂਡ ਅਤੇ ਇੱਕ ਟੂਰਨਾਮੈਂਟ ਸਪੇਨ ਵਿੱਚ ਜਿੱਤੇ।

1992 ਦੀ ਬਾਰਸੀਲੋਨਾ ਉਲਪਿੰਕ ਵਾਸਤੇ ਚੁਣੀ ਗਈ ਭਾਰਤੀ ਹਾਕੀ ਟੀਮ ਵਿਚ ਨਾਮਧਾਰੀ ਹਾਕੀ ਟੀਮ ਦਾ ਇਕ ਮੈਂਬਰ ਦਿਦਾਰ ਸਿੰਘ ਚੁਣਿਆ ਗਿਆ। ਦਿਦਾਰ ਸਿੰਘ ਨੇ ਚੈਂਪੀਅਨ ਟਰਾਫੀ 2003 (ਹਾਲੈਂਡ) ਅਤੇ ਏਸ਼ੀਆ ਕੱਪ 2004 ਵਿਚ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ।

ਏਥਨਜ਼ (ਗਰੀਸ) ਉਲਪਿੰਕ 2003 ਵਾਸਤੇ ਨਾਮਧਾਰੀ ਟੀਮ ਦਾ ਹਰਪਾਲ ਸਿੰਘ ਭਾਰਤੀ ਹਾਕੀ ਟੀਮ ਦਾ ਮੈਂਬਰ ਚੁਣਿਆ ਗਿਆ। ਨਾਮਧਾਰੀ ਹਾਕੀ ਟੀਮ ਦਾ ਚਮਕਦਾ ਸਿਤਾਰਾ ਹਰਪਾਲ ਸਿੰਘ ਜਿਸਨੇ ਭਾਰਤੀ ਹਾਕੀ ਵਿਚ 100 ਤੋਂ ਵੱਧ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਬੇਹਤਰੀਨ ਪ੍ਰਦਰਸ਼ਨ ਕੀਤੇ। ਐਫਰੋ ਏਸ਼ੀਅਨ ਖੇਡਾਂ ਵਿਚ ਸੋਨੇ ਦੇ ਪਦਕ ਹਾਸਲ ਕਰਕੇ ਵਿਸ਼ਵ ਪੱਧਰ ਤੇ ਆਪਣੀ ਪਹਿਚਾਣ ਬਣਾਈ ਤੇ ਨਾਮਧਾਰੀ ਹਾਕੀ ਟੀਮ ਦਾ ਨਾਮ ਚਮਕਾਇਆ। 2004 ਵਿੱਚ ਇਸ ਖਿਡਾਰੀ ਨੇ ਓਲੰਪਿਕ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ ਤੇ ਵਿਸ਼ਵ ਵਿੱਚ ਪ੍ਰਸਿੱਧੀ ਹਾਸਿਲ ਕੀਤੀ। 2006 ਵਿੱਚ ਏਸ਼ੀਅਨ ਗੇਮਜ਼ ਵਿੱਚ ਇਸ ਖਿਡਾਰੀ ਨੇ ਚੰਗਾ ਪ੍ਰਦਰਸ਼ਨ ਕਰਕੇ ਖੇਡ ਪ੍ਰੇਮੀਆਂ ਦਾ ਦਿਲ ਜਿੱਤ ਲਿਆ।

2007 ਵਿੱਚ ਅਮਰੀਕਾ ਵਿੱਚ ਹੋਏ ਕੈਲ ਕੱਪ ਵਿੱਚ ਬੇਹਤਰੀਨ ਪ੍ਰਦਰਸ਼ਨ ਹੀ ਨਹੀਂ ਕੀਤਾ ਬਲਕਿ ਸਰਵ ਸ਼੍ਰੇਸ਼ਠ ਦਾ ਸਨਮਾਨ ਹਾਸਿਲ ਕੀਤਾ। ਭਾਰਤੀ ਹਾਕੀ ਦੀ ਅਸਥਾਈ ਸਮਿਤੀ ਦੇ ਪ੍ਰਧਾਨ ਅਜੀਤਪਾਲ ਸਿੰਘ ਅਤੇ ਭਾਰਤੀ ਟੀਮ ਦੇ ਸਹਾਇਕ ਰਮਨਦੀਪ ਸਿੰਘ ਇਸ ਗੱਲ ਨਾਲ ਸਹਿਮਤ ਹਨ ਕਿ ਹਰਪਾਲ ਸਿੰਘ ਦੀ ਯੋਗਤਾ ਦਾ ਗੁਣ ਸਧਾਰਨ ਖਿਡਾਰੀਆਂ ਵਿੱਚ ਮਿਲਣਾ ਨਾ-ਮੁਮਕਿਨ ਹੈ। ਨਾਮਧਾਰੀ ਹਾਕੀ ਟੀਮ ਨੇ ਖੇਡ ਜਗਤ ਨੂੰ ਅੰਤਰਰਾਸ਼ਟਰੀ ਖਿਡਾਰੀ ਦਿਤੇ ਹਨ। ਉਮੀਦ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਨਾਮਧਾਰੀ ਹਾਕੀ ਟੀਮ ਕਿਸੇ ਦਿਨ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਮੱਲਾਂ ਮਾਰੇਗੀ।

ਸ੍ਰੀ ਸਤਿਗੁਰੂ ਜੀ ਹਰਿਆਣੇ ਵਿੱਚ ਪੰਜਾਬੀ ਭਾਸ਼ਾ ਨੂੰ ਵਧਦਾ ਫੁਲਦਾ ਵੇਖਣ ਦੇ ਇਛੁਕ ਹਨ। 1993 ਈ. ਵਿਚ ਪੰਜਾਬੀ ਲੇਖਕ ਸਭਾ ਸਿਰਸਾ ਨੇ ਕੇਂਦਰੀ ਪੰਜਾਬੀ ਸਭਾ (ਰਜਿ:) ਦੇ ਸਹਿਯੋਗ ਨਾਲ ਇਕ ਵਿਸ਼ਾਲ ਦੋ ਰੋਜ਼ਾ ਕਨਵੈਨਸ਼ਨ ਕੀਤੀ। ਹਰਿਆਣੇ ਦੇ ਉਘੇ ਪੰਜਾਬੀ ਲੇਖਕ, ਬੁੱਧੀਜੀਵੀ ਤੇ ਵਿਦਵਾਨ ਸ਼ਾਮਲ ਹੋਏ। ਸ੍ਰੀ ਸਤਿਗੁਰੂ ਜੀ ਨੇ ਆਪਣਾ ਕੀਮਤੀ ਸਮਾਂ ਕੱਢਕੇ ਨਾਮਧਾਰੀਆਂ ਦੀ ਭਰਵੀਂ ਹਾਜ਼ਰੀ ਨੂੰ ਉਤਸ਼ਾਹਿਤ ਕਰਕੇ ਪ੍ਰੋਗਰਾਮ ਨੂੰ ਬੁਲੰਦੀਆਂ ਬਖਸ਼ੀਆਂ ਤੇ ਆਰਥਿਕ ਸਹਿਯੋਗ ਵੀ ਦਿੱਤਾ।

ਸ੍ਰੀ ਸਤਿਗੁਰੂ ਜੀ ਗਊਪਾਲਣ ਤੇ ਉਸਦੀ ਰਖਵਾਲੀ ਤੇ ਵਿਸ਼ੇਸ਼ ਧਿਆਨ ਦਿੰਦੇ ਹਨ। ਆਪ ਜੀ ਦੇ ਪਸ਼ੂ ਪਾਲਣ ਫਾਰਮ ਸ੍ਰੀ ਜੀਵਨ ਨਗਰ ਦੀ ਪੁਤਲੀ ਗਊ ਜੋ ਕਿ ਹਰਿਆਣਾ ਨਸਲ ਦੀ ਸੀ, ਨੇ 63 ਪੌਂਡ ਦੁੱਧ ਦੇ ਕੇ "ਦੁੱਧ ਮਲਕਾ ਪੁਤਲੀ" ਨੇ ਧੁੰਮਾਂ ਪਾਈਆਂ। 23 ਮਾਰਚ 1965 ਨੂੰ ਭਾਰਤ ਸਰਕਾਰ ਨੇ ਆਪ ਜੀ ਨੂੰ "ਗੋਪਾਲ ਰਤਨ" ਦਾ ਤਮਗਾ ਦੇ ਕੇ ਸਨਮਾਨਿਤ ਕੀਤਾ।

ਸਤਿਗੁਰੂ ਜੀ ਅਮਨ ਦੇ ਪ੍ਰਤੀਕ ਹਨ, ਮਾਨਵਤਾ ਦੇ ਨਾਲ ਪਿਆਰ ਕਰਨ ਵਾਲੇ ਅਤੇ ਗਰੀਬਾਂ ਦਾ ਇਲਾਜ ਕਰਵਾਉਂਦੇ ਹਨ। ਉਹਨਾਂ ਦੀ ਪੂਰਨ ਇਛਾ ਹੈ ਕਿ ਕੋਈ ਦੁਖੀ ਨਜ਼ਰ ਨਾ ਆਵੇ। ਦੁਨੀਆਂ ਵਿਚ ਜੰਗਾਂ ਦਾ ਅੰਤ ਹੋਵੇ। ਵਿਸ਼ਵ ਵਿਚ ਅਮਨ ਦਾ ਬੋਲਬਾਲਾ ਹੋਵੇ। ਵਿਸ਼ਵ

Namdhari Elibrary NamdhariElibrary@gmail.com

ਸ਼ਾਂਤੀ ਲਈ ਆਪ ਜੀ ਨੇ ਕਈ ਹਵਨ ਯੱਗ ਕਰਵਾਏ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਹਜ਼ਾਰਾਂ ਲੱਖਾਂ ਪਾਠਾਂ ਦੇ ਭੋਗ ਪਵਾਏ ਅਤੇ ਹੋਰ ਪਾਠ ਕਰਵਾ ਰਹੇ ਹਨ।

ਸਤਿਗੁਰੂ ਜੀ ਦੀ ਦਿਲੀ ਇਛਾ ਹੈ ਕਿ ਵਿਸ਼ਵ ਵਿੱਚ ਅਮਨ ਦਾ ਪਸਾਰਾ ਹੋਵੇ। ਆਪ ਜੀ ਨੂੰ ਰੁਹਾਨੀਅਤ, ਵਿਸ਼ਵ ਭਾਈਚਾਰੇ, ਸੰਸਾਰ ਅਮਨ ਲਈ ਕਾਰਜ ਕਰਨ ਲਈ "ਧਰਮ ਰਤਨ ਸਨਮਾਨ" ਭੇਟਾ ਕੀਤਾ। ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ "ਧਰਮ ਰਤਨ" ਸਨਮਾਨ ਦੇਣ ਦੇ ਸਮਾਰੋਹ ਵਿੱਚ ਹਿੱਸਾ ਲਿਆ। ਇਹ ਸਮਾਰੋਹ ਮਾਰਕੰਡੇ ਹਾਲ ਛਤਰਪੁਰ ਮੰਦਰ ਦਿੱਲੀ ਵਿੱਚ ਹੋਇਆ। ਸਨਮਾਨ ਦੇਣ ਦੇ ਸਮਾਰੋਹ ਵਿੱਚ ਪੜ੍ਹੀ ਗਈ ਸਾਈਟੇਸ਼ਨ ਵਿੱਚ ਹਿੰਦੂ ਫੋਰਮ ਦੇ ਆਗੂਆਂ ਡਾ. ਭੁਪਿੰਦਰ ਕੁਮਾਰ ਮੋਦੀ ਅਤੇ ਸ਼੍ਰੀ ਮੋਹਨ ਲਾਲ ਮਿਤਲ ਨੇ ਲਿਖਿਆ-

ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਮਨੁੱਖੀ ਸਮਾਜ ਨੂੰ ਨਿਰੰਤਰ ਧਰਮ ਦੇ ਸੰਦੇਸ਼ ਦਿੰਦੇ ਹੋਏ ਵਿਸ਼ਵ ਸ਼ਾਂਤੀ ਦੀ ਸਥਾਪਨਾ ਲਈ ਆਪ ਜੀ ਦੇ ਵਡਮੁੱਲੇ ਯੋਗਦਾਨ ਕਾਰਨ ਅਸੀਂ ਆਪ ਜੀ ਨੂੰ 2001 ਦੇ "ਧਰਮ ਰਤਨ" ਸਨਮਾਨ ਨਾਲ ਸਨਮਾਨਿਤ ਕਰਦੇ ਹਾਂ। ਆਪ ਜੀ ਨੂੰ ਭੇਟ ਕੀਤੇ ਗਏ ਅਭਿਨੰਦਨ ਪੱਤਰ ਵਿੱਚ ਲਿਖਿਆ ਗਿਆ ਕਿ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਤਿਸ਼ਠਿਤ ਸਿੱਖਾਂ ਦੇ ਆਪ ਸਰਵ ਉੱਚ ਅਧਿਆਤਮਕ ਗੁਰੂ ਦੇ ਰੂਪ ਵਿੱਚ, ਮਨੁੱਖਤਾ ਦੇ ਭਲੇ ਲਈ ਜੋ ਆਪ ਜੀ ਨੇ ਉਪਦੇਸ਼ ਦਿਤੇ ਹਨ, ਉਸ ਨਾਲ ਸਿਰਫ ਭਾਰਤ ਵਿੱਚ ਨਹੀਂ ਸਗੋਂ ਸਮੁੱਚੇ ਵਿਸ਼ਵ ਵਿੱਚ ਮਨੁੱਖਤਾ ਦਾ ਧਰਮ ਕਲਿਆਣ ਹੋਇਆ ਹੈ। ਆਪ ਜੀ ਦੀ ਅੰਮ੍ਰਿਤ ਬਾਣੀ ਤੋਂ ਪ੍ਰੇਰਿਤ ਹੋ ਕੇ ਪ੍ਰਭੂ ਭਗਤੀ ਮਾਰਗ ਅਪਣਾ ਕੇ ਵਿਸ਼ਵ ਦੀ ਕਰੋੜਾਂ ਜਨਤਾ ਨੇ ਜਿਸ ਅਧਿਆਤਮਕ ਸੁਖ ਅਤੇ ਪਰਮ ਸ਼ਾਂਤੀ ਦੀ ਅਨੁਭੂਤੀ ਕੀਤੀ ਹੈ ਉਹ ਨਿਰਾਲੀ ਅਤੇ ਅਪੂਰਵ ਹੈ। ਸ੍ਰੀ ਸਤਿਗੁਰੂ ਜੀ ਨੂੰ ਅਭਿਨੰਦਨ ਪੱਤਰ, ਸਨਮਾਨ ਨਿਸ਼ਾਨੀ, ਸ਼ਾਲ, ਸੋਨੇ ਦਾ ਤਮਗਾ, ਸਿਮ੍ਰਤੀ ਚਿੰਨ੍ਹ ਆਦਿ ਭੇਟ ਕੀਤੇ ਗਏ।

24 ਜੁਲਾਈ 1980 ਨੂੰ ਪ੍ਰਸਿੱਧ ਦੇਸ਼ ਭਗਤ ਗਾਂਧੀਵਾਦੀ ਪੰਡਿਤ ਸੁੰਦਰ ਲਾਲ ਨੇ ਇਹ ਕਿਹਾ-

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਭਾਰਤ ਦੇ ਉਂਗਲੀਆਂ ਤੇ ਗਿਣੇ ਜਾਂਦੇ ਮਹਾਨ ਵਿਅਕਤੀਆਂ ਵਿੱਚੋਂ ਹਨ। ਕੇਵਲ ਮੇਰੇ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਤੇ ਫਿਰ ਮਾਨਵ ਜਾਤੀ ਦੇ ਰਹਿਨੁਮਾ ਹਨ।"

1981 ਈ. ਵਿੱਚ ਥਾਈਲੈਂਡ ਸਰਕਾਰ ਦੇ ਪ੍ਰਧਾਨ ਮੰਤਰੀ ਦੇ ਸਾਬਕਾ ਸਕੱਤਰ ਕਰਨਲ ਚਮਲੌਂਗ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਸਤਿਕਾਰ ਸਹਿਤ ਇਹ ਸ਼ਬਦ ਵਰਤੇ-

ਸਭ ਤੋਂ ਪਹਿਲਾਂ ਮੈਂ ਸਤਿਗੁਰੂ ਜੀ ਨੂੰ ਆਦਰ ਪ੍ਰਣਾਮ ਕਰਦਾ ਹਾਂ ਤੇ ਸਾਰੀ ਸੰਗਤ ਨੂੰ ਨਮਸਕਾਰ ਕਰਦਾ ਹਾਂ। ਅੱਜ ਮੇਰੇ ਵੱਡੇ ਭਾਗ ਹਨ ਜੋ ਮੈਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜੇ ਆਪ ਵਰਗੇ ਧਰਮ ਦੇ ਪਰਪੱਕ ਸਾਡੇ ਦੇਸ਼ ਵਿੱਚ ਜ਼ਿਆਦਾ ਗਿਣਤੀ ਵਿੱਚ ਹੋਣ ਤੇ ਸਾਡੇ ਦੇਸ਼ ਵਿੱਚੋਂ ਚੋਰੀ, ਡਕੈਤੀ, ਖੂਨ ਖਰਾਬਾ ਆਦਿਕ ਖਤਮ ਹੋ ਜਾਣ, ਸ਼ਰਾਬ, ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾ ਹੋਵੇ ਤੇ ਦੇਸ਼ ਵਿੱਚ ਸੁਖ ਸ਼ਾਂਤੀ ਦਾ ਵਾਤਾਵਰਨ ਕਾਇਮ ਹੋਵੇ। ਆਪ ਜੀ ਜੈਸੇ ਧਰਮੀ ਤੇ ਦ੍ਰਿੜ੍ਹ ਇਰਾਦੇ ਵਾਲੇ ਸਿੱਖ ਸਾਰੇ ਵਿਸ਼ਵ ਵਿੱਚ ਬਹੁ ਗਿਣਤੀ ਵਿੱਚ ਹੋਵਣ ਜਿਸ ਨਾਲ ਸੰਗਤ ਵਿੱਚ ਅਮਨ ਤੇ ਸ਼ਾਂਤੀ ਹੋਵੇ।

24 ਜੁਲਾਈ 1980 ਨੂੰ ਪ੍ਰਸਿੱਧ ਦੇਸ਼ ਭਗਤ ਗਾਂਧੀਵਾਦੀ ਪੰਡਿਤ ਸੁੰਦਰ ਲਾਲ ਨੇ ਕਿਹਾ-

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਭਾਰਤ ਦੇ ਉਂਗਲੀਆਂ ਤੇ ਗਿਣੇ ਜਾਂਦੇ ਮਹਾਨ ਵਿਅਕਤੀਆਂ ਵਿੱਚੋਂ ਹਨ। ਕੇਵਲ ਮੇਰੇ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਤੇ ਫਿਰ ਮਾਨਵ ਜਾਤੀ ਦੇ ਰਹਿਨੁਮਾ ਹਨ।"

27 ਮਾਰਚ 1981 ਨੂੰ ਦਿੱਲੀ ਦੇ ਵਿਗਿਆਨ ਭਵਨ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਖਿਆ-

"ਮੈਂ ਸਤਿਗੁਰੂ ਜੀ ਦੀ ਅਭਾਰੀ ਹਾਂ। ਕਠਿਨਾਈ ਸਮੇਂ ਇਹਨਾਂ ਮੇਰਾ ਸਾਥ ਦਿਤਾ। ਸਤਿਗੁਰੂ ਜੀ ਮੈਂ ਆਪ

Namdhari Elibrary NamdhariElibrary@gmail.com

ਜੀ ਤੋਂ ਭਾਰਤ ਦੇ ਲੋਕਾਂ ਵਾਸਤੇ ਦੁਆਵਾਂ ਅਤੇ ਅਸ਼ੀਰਵਾਦ ਮੰਗਣ ਵਾਸਤੇ ਏਥੇ ਆਈ ਹਾਂ।"

ਸਤਿਗੁਰੂ ਜੀ ਭਾਰਤ ਦੀ ਨਿਰਵਾਦ, ਸਤਿਕਾਰਤ ਹਸਤੀ ਹਨ। ਵਿਦੇਸ਼ਾਂ ਵਿੱਚ ਆਪ ਜੀ ਨੂੰ ਸੰਸਾਰ ਵਿੱਚ ਅਮਨ ਸੰਗਰਾਮੀਆਂ ਦਾ ਵੱਡਾ ਹਿਮਾਇਤੀ ਮੰਨਿਆ ਜਾਂਦਾ ਹੈ। ਨਾਮਧਾਰੀਆਂ ਨੇ ਸਤਿਗੁਰੂ ਜੀ ਦੀ ਅਗਵਾਈ ਹੇਠ ਵਿਦੇਸ਼ਾਂ ਵਿੱਚ ਅਨੇਕਾਂ ਸੰਸਾਰ ਅਮਨ ਨਾਲ ਸੰਬੰਧਤ ਇਕੱਠਾਂ ਵਿੱਚ ਭਾਗ ਲਿਆ। ਸ੍ਰੀ ਸਤਿਗੁਰੂ ਜੀ ਧਰਮ ਦੀ ਪ੍ਰਫੁਲਤਾ, ਦੇਸ਼ ਭਗਤੀ, ਵਿਸ਼ਵ ਸ਼ਾਂਤੀ, ਏਕਤਾ ਤੇ ਅਖੰਡਤਾ, ਸਾਂਝੀਵਾਲਤਾ ਅਤੇ ਸ਼ਾਕਾਹਾਰ ਲਈ ਉਪਦੇਸ਼ ਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਦੀ ਬਹੁਪੱਖੀ ਸ਼ਖਸੀਅਤ ਸਮਾਨਤਾ ਤੇ ਆਧੁਨਿਕਤਾ ਦਾ ਸੁੰਦਰ ਸੁਮੇਲ ਹੈ।

ਸਤਿਗੁਰੂ ਜੀ ਰਹਿਮਤਾਂ ਦੇ ਸੋਮੇ ਹਨ ਅਤੇ ਸ਼ਕਤੀਆਂ ਦੇ ਮਾਲਕ ਹਨ। ਸੰਨ 1976 ਦੀ ਵਾਰਤਾਲਾਪ ਹੈ ਕਿ ਇੰਗਲੈਂਡ ਦੇਸ਼ ਸੋਕੇ ਦੀ ਮਾਰ ਝੱਲ ਰਿਹਾ ਸੀ। ਕਾਫੀ ਅਰਸੇ ਤੋਂ ਇਥੇ ਮੀਂਹ ਨਹੀਂ ਪਿਆ ਸੀ। ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਇਸ ਸਮੇਂ ਇੰਗਲੈਂਡ ਵਿਚ ਪਹੁੰਚੇ ਹੋਏ ਸਨ। ਯੂ. ਕੇ. ਦੇ ਮੇਅਰ, ਕਾਊਂਸਲਰ, ਨਾਮਧਾਰੀ ਸੰਗਤ, ਸੋਕੇ ਦੀ ਮਾਰ ਝੱਲ ਰਹੇ ਲੋਕ, ਬੀ. ਬੀ. ਸੀ. ਰਿਪੋਰਟਰ, ਅਖਬਾਰਾਂ ਦੇ ਰਿਪੋਰਟਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਤੇ ਸਤਿਗੁਰੂ ਜੀ ਪਾਸ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਅਸੀਂ ਬਹੁਤ ਸਮੇਂ ਤੋਂ ਔੜ ਦੀ ਮਾਰ ਝੱਲ ਰਹੇ ਹਾਂ। ਬਰਸਾਤ ਕਾਫੀ ਅਰਸੇ ਤੋਂ ਨਹੀਂ ਹੋਈ। ਆਪ ਜੀ ਪਾਸ ਮੂੰਹੋਂ ਮੰਗਦੀਆਂ ਮੁਰਾਂਦਾ ਪੂਰੀਆਂ ਹੁੰਦੀਆਂ ਹਨ। ਬਰਸਾਤ ਦੀ ਕਿਰਪਾ ਕਰੋ। ਸਭ ਦੀ ਅਰਜ਼ ਬੇਨਤੀ ਸੁਣੀ ਗਈ ਤੇ ਖੂਬ ਬਰਸਾਤ ਹੋਈ। ਬੀ. ਬੀ. ਸੀ. ਲੰਡਨ ਨੇ ਸਾਰੇ ਸੰਸਾਰ ਨੂੰ ਸੁਨੇਹਾ ਸੁਣਾਇਆ ਕਿ ਭਾਰਤ ਦੇ ਰੇਨ ਮੇਕਰ ਭਾਵ ਇੰਦਰ ਦੇਵਤਾ ਇੰਗਲੈਂਡ ਵਿਚ ਪਹੁੰਚੇ ਹੋਏ ਹਨ। ਸਤਿਗੁਰੂ ਜੀ ਨੂੰ ਸੰਬੋਧਿਤ ਕਰਕੇ ਇਹ ਸ਼ਬਦ ਕਹੇ। ਇਹਨਾਂ ਨੇ ਲੰਮੇ ਸਮੇਂ ਦਾ ਸੋਕਾ ਤੋੜਿਆ ਹੈ। ਮੌਸਮੀ ਅਦਾਰਿਆਂ ਵਾਲਿਆਂ ਨੇ ਵੀ ਕਿਹਾ ਸੀ ਕਿ ਦੋ ਮਹੀਨੇ ਤੱਕ ਬਰਸਾਤ ਦੀ ਕੋਈ ਸੰਭਾਵਨਾ ਨਹੀਂ ਹੈ। ਸਭ ਦੇ ਅਨੁਮਾਨ ਗਲਤ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦ੍ਰਿਸ਼ਟੀ ਨਾਲ ਇੰਗਲੈਂਡ ਦੀ ਸੁੱਕੀ ਸੜੀ ਧਰਤੀ ਵਿਚ ਜਾਨ ਪਈ ਤੇ ਹਰੀ ਹੋਈ।

ਗੁਰੂ ਜਗਜੀਤ ਸਿੰਘ ਜੀ ਤੇਰੇ ਦਰਸ਼ਨਾਂ ਦੀ ਲੋੜ ਏ

✍ ਕੁਲਦੀਪ ਸਿੰਘ ਦੀਪ

ਗੁਰੂ ਜਗਜੀਤ ਤੇਰੇ ਦਰਸ਼ਨਾਂ ਦੀ ਲੋੜ ਏ।
ਹੋਰ ਕਿਸੇ ਗੱਲ ਦੀ ਵੀ ਨਾਹੀ ਕੋਈ ਥੋੜ ਏ।
ਫੇਰਾ ਪਾ ਜੀਵਨ ਨਗਰ ਇਕ ਵਾਰੀ ਆਣ ਕੇ।
ਸੰਗਤਾਂ ਨੂੰ ਤਾਰ ਜਾਈਂ ਨਿਸ਼ਾਨ ਪਛਾਣ ਕੇ।
ਬੀਤ ਗਏ ਸਾਲ ਕਈ ਨਾ ਮੇਲੇ ਗੇਲੇ ਜੋੜ ਦੇ।
ਗੁਰੂ ਜਗਜੀਤ ਤੇਰੇ......।

ਭੈਣੀ ਸਾਹਿਬ ਜਾਣ ਲੱਗੇ ਫੈਸਲਾ ਇਹ ਲੀਤਾ ਸੀ।
ਛੇਤੀਂ ਆਣ ਦਊਂ ਦਰਸਨ ਕੌਲ ਤੁਸਾਂ ਕੀਤਾ ਸੀ।
ਜੀਵਣਾ ਮੁਹਾਲ ਹੋਇਆ ਡਾਢਾ ਔਖਾ ਮੋੜ ਏ।
ਗੁਰੂ ਜਗਜੀਤ ਤੇਰੇ......।

ਤਾਰ ਦਿਉ ਆਣ ਕੇ ਇਲਾਕੇ ਇਸ ਸਾਰੇ ਨੂੰ।
ਸ਼ਹਿਦ ਵਾਂਗ ਮਿੱਠਾ ਕਰੋ ਦਿਲ ਸਾਡੇ ਖਾਰੇ ਨੂੰ।
ਆਪ ਦਾ ਦਿਦਾਰ ਇੱਦਾਂ ਛਾਂ ਜਿਵੇਂ ਬੋਹੜ ਏ।
ਗੁਰੂ ਜਗਜੀਤ ਤੇਰੇ......।

ਚੁੱਪ ਬੈਠੋ ਨਾ ਏਦਾਂ ਸਤਿਗੁਰੂ ਪਿਆਰਿਓ।
ਮਾਤਾ ਭੁਪਿੰਦਰ ਜੀ ਦੇ ਨੈਣਾਂ ਦੇ ਸਿਤਾਰਿਓ।
ਸਾਵਣ ਦੇ ਮਹੀਨੇ ਲੱਗੀ ਵਰਖਾ ਦੀ ਔੜ ਏ।
ਗੁਰੂ ਜਗਜੀਤ ਤੇਰੇ......।

ਡਾਢਿਆਂ ਦਾ ਸੱਤੀਂ ਵੀਹੀਂ ਸੌ ਸਭ ਆਖਦੇ।
ਮਸਤਾਨਗੜ੍ਹ ਵੱਲ ਦਾਤਾ ਤੁਸੀਂ ਕਿਉਂ ਨਹੀਂ ਝਾਕਦੇ।
'ਦੀਪ' ਨੇ ਸਿਦਕ ਕਰ ਲਿਵ ਰਖੀ ਜੋੜ ਏ।
ਗੁਰੂ ਜਗਜੀਤ ਤੇਰੇ ਦਰਸ਼ਨਾਂ ਦੀ ਲੋੜ ਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਿਲੀ ਇਛਾ ਹੈ ਕਿ ਸਾਰੇ ਸੰਸਾਰ ਵਿੱਚ ਅਮਨ ਸ਼ਾਂਤੀ ਦਾ ਪਸਾਰਾ ਹੋਵੇ, ਲੋਕਾਂ ਦੇ ਮਨਾਂ ਵਿੱਚ ਧਰਮ ਵਰਗ ਅਤੇ ਰੰਗ ਦੇ ਅਧਾਰ ਤੇ ਉਸਰੀਆਂ ਦਿਵਾਰਾਂ ਢਹਿ ਢੇਰੀ ਹੋ ਜਾਣ ਅਤੇ ਉਹਨਾਂ ਦੇ ਹਿਰਦੇ ਵਿਚ ਪ੍ਰਭੂ ਪ੍ਰਮਾਤਮਾ ਅਕਾਲ ਪੁਰਖ ਦਾ ਪ੍ਰਕਾਸ਼ ਹੋਵੇ ਅਤੇ ਇਸ ਦੀ ਪੂਰਤੀ ਲਈ ਆਪ ਸਭ ਦੀਪਾਂ ਵਿੱਚ ਭ੍ਰਮਣ ਕਰਕੇ ਲੋਕਾਂ ਦਾ ਮਾਰਗ ਦਰਸ਼ਨ ਕਰ ਰਹੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਸਮੇਂ ਸਮੁਚੇ ਸੰਸਾਰ ਨੂੰ ਅਮਨ ਸ਼ਾਂਤੀ ਤੇ ਖੁਸ਼ਹਾਲੀ ਦਾ ਚਾਨਣ ਵੰਡ ਰਹੇ ਹਨ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਹਿਤਕਾਰਾਂ ਤੇ ਉਪਕਾਰ

✍ ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਦੀ ਨਸ਼ੀਨ ਹੁੰਦਿਆਂ ਹੀ ਅੰਮ੍ਰਿਤਮਈ ਉਪਦੇਸ਼ਾਂ ਨਾਲ ਸਾਧ ਸੰਗਤ ਦੀ ਮਾਨਸ਼ਿਕ ਦਸ਼ਾ ਬਦਲ ਦਿੱਤੀ ਅਤੇ ਨਾਮ ਦੇ ਪ੍ਰਤਾਪ ਨਾਲ ਸੰਗਤ ਨੂੰ ਧਰਵਾਸ ਦਿੱਤੀ। ਉਹਨਾਂ ਦੀ ਕਿਰਪਾ ਨਾਲ ਸਾਰੀਆਂ ਮੁਸੀਬਤਾਂ ਛਾਈਂ ਮਾਈਂ ਹੋ ਗਈਆਂ। ਕਚਹਿਰੀਆਂ ਵਿਚ ਪੈਂਡਿੰਗ ਪਏ ਕੇਸਾਂ ਦੇ ਫੈਸਲੇ ਨਾਮਧਾਰੀ ਪੰਥ ਦੇ ਹੱਕ ਵਿਚ ਹੋ ਗਏ।

ਅਸੀਂ ਭਾਗਾਂ ਵਾਲੇ ਹਾਂ, ਸਾਡੇ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਹੈ ਕਿ ਅਸੀਂ ਆਪਣੇ ਜੀਵਨ ਵਿਚ ਸਤਿਗੁਰੂ ਜੀ ਦੇ ਅੱਧੀ ਸਦੀ ਅਰਥਾਤ ਪੰਜਾਹ ਸਾਲਾਂ ਦੇ ਉਪਕਾਰਾਂ ਨੂੰ ਦੇਖ ਕੇ ਮਾਣ ਰਹੇ ਹਾਂ। ਸਤਿਗੁਰੂ ਜੀ ਦੀ ਗੱਦੀ ਨਸ਼ੀਨੀ ਹੋਇਆਂ ਨੂੰ 50 ਸਾਲ ਪੂਰੇ ਹੋ ਗਏ ਹਨ, 1959 ਈ. ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾਏ ਸਨ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਾਜਯੋਗ ਗੱਦੀ ਉਤੇ ਪੂਰਵ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੁਸ਼ੋਭਿਤ ਹੋਏ ਸਨ। ਉਸ ਸਮੇਂ ਸਾਧ ਸੰਗਤ ਦੋਚਿਤੀ ਵਿਚ ਸੀ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਵੇਂ ਸਾਡਾ ਰਾਹ ਦਸੇਰਾ ਬਣਨਗੇ? ਉਸ ਸਮੇਂ ਕਚਹਿਰੀਆਂ ਵਿਚ ਅਤੇ ਪੰਥਕ ਮੁਕੱਦਮੇ ਚਲ ਰਹੇ ਸਨ, ਪਜਾਬ ਸਰਕਾਰ ਦੀ ਕਰੋਪੀ ਪੰਥ ਤੇ ਨਾਜ਼ਲ ਹੋਈ ਪਈ ਸੀ। ਇਥੇ ਹੀ ਬੱਸ ਨਹੀਂ, ਸਾਧ ਸੰਗਤ ਨੂੰ ਅਜੇ ਤਕ 1947 ਦੇ ਬਟਵਾਰੇ ਦੇ ਜ਼ਖਮ ਭੁਲੇ ਨਹੀਂ ਸਨ ਜੋ ਨਾਮਧਾਰੀ ਪੰਥ ਲਈ ਨਾਸੂਰ ਬਣੇ ਹੋਏ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਗੱਦੀ ਨਸ਼ੀਨ ਹੁੰਦਿਆਂ ਹੀ ਅੰਮ੍ਰਿਤਮਈ ਉਪਦੇਸ਼ਾਂ ਨਾਲ ਸਾਧ ਸੰਗਤ ਦੀ ਮਾਨਸ਼ਿਕ ਦਸ਼ਾ ਬਦਲ ਦਿੱਤੀ ਅਤੇ ਨਾਮ ਦੇ ਪ੍ਰਤਾਪ ਨਾਲ ਸੰਗਤ ਨੂੰ ਧਰਵਾਸ ਦਿੱਤੀ। ਉਹਨਾਂ ਦੀ ਕਿਰਪਾ ਨਾਲ ਸਾਰੀਆਂ ਮੁਸੀਬਤਾਂ ਛਾਈਂ ਮਾਈਂ ਹੋ ਗਈਆਂ। ਕਚਹਿਰੀਆਂ ਵਿਚ ਪੈਂਡਿੰਗ ਪਏ ਕੇਸਾਂ ਦੇ ਫੈਸਲੇ ਨਾਮਧਾਰੀ ਪੰਥ ਦੇ ਹੱਕ ਵਿਚ ਹੋ ਗਏ।

ਸਤਿਗੁਰੂ ਜੀ ਦੀ ਕਿਰਪਾ ਸਦਕਾ ਅਧੂਰੇ ਜਾਂ ਅਧਵਾਟੇ ਪਏ ਕਾਰਜ ਪੂਰੇ ਹੋਣ ਲੱਗੇ। ਜਿਥੋਂ ਤਕ ਨਾਮਧਾਰੀ ਮਰਯਾਦਾ ਆਗਿਆ ਦਿੰਦੀ ਸੀ, ਵਖ ਵਖ ਰਾਜਸੀ ਪਾਰਟੀਆਂ ਨਾਲ ਸੰਬੰਧ ਬਣਾਏ ਗਏ। ਧਾਰਮਿਕ ਮਹਾਂਪੁਰਸ਼ਾਂ ਨਾਲ ਵਿਚਾਰ ਵਟਾਂਦਰੇ ਕੀਤੇ ਜਾਣ ਲਗੇ। ਗੁਰੂ ਨਾਨਕ ਜੀ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਤਿਆਰ ਹੋਇਆ ਗਾਡੀ ਰਾਹ ਹੋਰ ਮੋਕਲਾ ਕੀਤਾ ਗਿਆ, ਜਿਸਦੇ ਆਸਰੇ ਹੋਰ ਅਗੇਰੇ ਚੱਲਣ ਲਈ ਲੰਮੀਆਂ ਉਡਾਣਾਂ ਭਰਨੀਆਂ ਸ਼ੁਰੂ ਕੀਤੀਆਂ ਗਈਆਂ। ਆਪ ਜੀ ਦੇ ਇਹ ਪੰਜਾਹ ਸਾਲਾਂ ਵਿਚ ਨਾਮਧਾਰੀ ਪੰਥ ਨੇ ਹਰ ਪੱਖ ਤੋਂ ਉਨਤੀ ਕੀਤੀ ਹੈ। ਸਤਿਗੁਰੂ ਜੀ ਨੇ ਨਾਮਧਾਰੀ ਪੰਥ ਤੇ ਅਨੇਕ ਉਪਕਾਰ ਕੀਤੇ ਹਨ ਜੋ ਲਿਖਣ ਤੋਂ ਬਾਹਰ ਹਨ। ਜੇ ਸਾਰਾ ਸਮੁੰਦਰ ਸਿਆਹੀ ਬਣ ਜਾਵੇ ਅਤੇ ਸਮੁਚੀ ਧਰਤੀ ਕਾਗਜ਼ ਬਣ ਜਾਵੇ, ਫਿਰ ਵੀ ਕਲਮ ਨਾਲ ਸਤਿਗੁਰੂ ਜੀ ਦੇ ਉਪਕਾਰ ਲਿਖੇ ਨਹੀਂ ਜਾ ਸਕਦੇ। ਉਹਨਾਂ ਦੀ ਮਹਿਮਾ ਲਿਖੀ ਨਹੀਂ ਜਾ ਸਕਦੀ। ਮੈਂ ਇਸ ਲੇਖ ਵਿਚ ਸਿਰਫ ਕੁਝ ਕੁ ਉਹਨਾਂ ਦੇ ਉਪਕਾਰਾਂ ਦਾ ਜ਼ਿਕਰ ਕਰਾਂਗਾ ਜੋ ਉਹਨਾਂ ਨੇ ਸਾਹਿਤਕਾਰਾਂ ਤੇ ਸਮੇਂ ਸਮੇਂ

Namdhari Elibrary NamdhariElibrary@gmail.com

ਕੀਤੇ ਹਨ।

ਸਾਹਿਤਕਾਰਾਂ ਪ੍ਰਤੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅੰਮ੍ਰਿਤਮਈ ਬਚਨ-

"ਸਾਹਿਤਕਾਰ ਸਮੇਂ ਨੂੰ ਸਮਰਪਿਤ ਹੁੰਦਾ ਹੈ, ਉਹ ਅਤੀਤ ਕਾਲ ਦੀਆਂ ਵਾਪਰੀਆਂ ਘਟਨਾਵਾਂ ਨੂੰ ਕਲਮ ਦੀ ਨੋਕ ਹੇਠ ਲਿਆ ਕੇ ਕਾਗਜ਼ ਦੀ ਹਿੱਕ ਤੇ ਸੰਭਾਲ ਲੈਂਦਾ ਹੈ। ਉਹ ਅਤੀਤ ਦੇ ਝਰੋਖੇ ਵਿਚੋਂ ਵਰਤਮਾਨ ਨੂੰ ਦੇਖਦਾ ਹੈ ਅਤੇ ਆਉਣ ਵਾਲੀ ਉੱਮਤ ਨੂੰ ਸੁਚੇਤ ਕਰਦਾ ਹੈ ਤਾਂ ਕਿ ਅਤੀਤ ਵਾਲੀਆਂ ਗਲਤੀਆਂ ਅਤੇ ਕਮਜ਼ੋਰੀਆਂ ਦੋਬਾਰਾ ਲੋਕਾਈ ਸਾਹਮਣੇ ਨਾ ਆਉਣ।" ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਪਹਿਲੇ ਲੋਕ ਭਾਸ਼ਣ ਵਿਚ ਜੋ 3 ਅਕਤੂਬਰ 1959 ਈ. ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਤੀਜੀ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ ਲੁਧਿਆਣਾ ਵਿਖੇ ਕਿਰਪਾ ਕਰਦੇ ਹੋਏ ਸਾਹਿਤਕਾਰਾਂ ਪ੍ਰਤੀ ਸ਼ਬਦ ਉਚਾਰੇ ਸਨ, ਉਹਨਾਂ ਦਾ ਕੁਝ ਅੰਸ਼ ਇਸ ਪ੍ਰਕਾਰ ਹੈ :

"ਵਿਦਵਾਨਾਂ ਤੇ ਸਾਹਿਤਕਾਰਾਂ ਦੀ ਦੁਨੀਆਂ ਨਿਆਰੀ ਹੀ ਹੁੰਦੀ ਹੈ। ਉਹਨਾਂ ਨੂੰ ਮਿਲਕੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਚਾਨਣ ਮਿਲਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਾਪਤੀ ਹੁੰਦੀ ਹੈ। ਅਜ ਦੇ ਸੰਸਾਰ ਵਿਚ ਸਾਹਿਤਕਾਰਾਂ ਤੇ ਵਿਦਵਾਨਾਂ ਦੀ ਕਦਰ ਕਰਨ ਦੀ ਕਾਫੀ ਲੋੜ ਹੈ ਇਹਨਾਂ ਦੇ ਯਤਨ ਰਾਹੀਂ ਹੀ ਦੁਨੀਆਂ ਵਿਚ ਅਮਨ ਸਥਾਪਤ ਹੋ ਸਕਦਾ ਹੈ, ਖੁਸ਼ਹਾਲੀ ਆ ਸਕਦੀ ਹੈ ਅਤੇ ਮਨੁਖਤਾ ਦਾ ਵਿਕਾਸ ਹੋ ਸਕਦਾ ਹੈ।

ਸਾਹਿਤਕਾਰਾਂ ਦੇ ਜ਼ਿੰਮੇ ਇਕ ਬੜਾ ਭਾਰਾ ਫਰਜ਼ ਹੈ। ਉਹ ਜਨਤਾ ਨੂੰ ਵਿਦਿਆ ਦੇਣ, ਗਿਆਨ ਦੇਣ ਤੇ ਉਚਾ ਉਠਣ ਦੀ ਪ੍ਰੇਰਨਾ ਦੇਣ। ਉਹ ਅਜਿਹਾ ਸਾਹਿਤ ਪੈਦਾ ਕਰਨ, ਜਿਸ ਰਾਹੀਂ ਜਨ-ਸਧਾਰਨ ਦਾ ਆਚਰਨ ਉਚਾ ਉਠ ਸਕੇ। ਢੱਠੇ, ਨਿਤਾਣੇ, ਕਮਜ਼ੋਰਾਂ ਵਿਚ ਹੌਸਲੇ ਦਾ ਸੰਚਾਰ ਹੋ ਸਕੇ ਤਾਂਕਿ ਸਾਡੇ ਦੇਸ਼ ਦਾ ਕਲਿਆਣ ਹੋਵੇ, ਇਸਦਾ ਦੂਜੇ ਦੇਸ਼ਾਂ ਵਿਚ ਸਤਿਕਾਰ ਵਧੇ ਫੁਲੇ।

ਮੈਂ ਇਹ ਗੱਲ ਬਿਨਾਂ ਝਿਜਕ ਦੇ ਕਹਿਣਾ ਆਪਣਾ ਫਰਜ਼ ਸਮਝਦਾ ਹਾਂ ਕਿ ਸਾਹਿਤ ਦੀ ਆਤਮਾ ਵਿਚ ਵੀ ਧਰਮ ਜਿਹੀ ਪਵਿਤ੍ਰੀ ਭਾਵਨਾ ਨੂੰ ਰਚਾਉਣ ਤੇ ਸਮਾਵੇਸ਼ ਕਰਨ ਦੀ ਲੋੜ ਹੈ। ਲੋੜ ਹੈ ਕਿ ਸ੍ਰੀ ਸਤਿਗੁਰੂ ਨਾਨਕ ਤੇ ਸ੍ਰੀ ਗੁਰੂ ਅਰਜਨ ਦੇਵ ਦੀ ਸਾਹਿਤਕ ਪਰੰਪਰਾ ਨੂੰ ਮੁੜ ਸੁਰਜੀਤ ਕੀਤਾ ਜਾਵੇ। ਸਾਹਿਤ ਅਤੇ ਜੀਵਨ ਨੂੰ ਇਕ ਪੱਧਰ ਤੇ ਲਿਆਂਦਾ ਜਾਵੇ।"

ਉਪਰੋਕਤ ਭਾਸ਼ਣ ਵਿਚ ਸਤਿਗੁਰੂ ਜੀ ਦਾ ਸਾਹਿਤਕਾਰਾਂ ਪ੍ਰਤੀ ਪਿਆਰ ਤੇ ਸਨੇਹ ਪ੍ਰਤੱਖ ਪ੍ਰਗਟ ਹੁੰਦਾ ਹੈ ਪ੍ਰੰਤੂ ਇਸ ਦੇ ਨਾਲ ਹੀ ਆਪ ਜੀ ਉਹਨਾਂ ਨੂੰ ਸਾਹਿਤ ਅਤੇ ਜੀਵਨ ਪ੍ਰਤੀ ਸੁਚੇਤ ਕਰਦੇ ਹਨ ਤਾਂ ਕਿ ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਜੀ ਵਾਲੀ ਪਰੰਪਰਾ ਨੂੰ ਮੁੜ ਤੋਂ ਸੁਰਜੀਤ ਕਰਨ ਵਿਚ ਸਹਾਈ ਹੋਣ ਤੇ ਉਹ ਪਰੰਪਰਾ ਮੁੜ ਸੁਰਜੀਤ ਹੋਵੇ।

ਸਤਿਗੁਰੂ ਜੀ ਦੇ ਉਪਕਾਰ :

ਸਤਿਗੁਰੂ ਜੀ ਵਲੋਂ ਸਮੇਂ ਸਮੇਂ ਸਾਹਿਤਕਾਰਾਂ ਤੇ ਹੋਈਆਂ ਬਖਸ਼ਿਸ਼ਾਂ ਅਤੇ ਉਪਕਾਰਾਂ ਦਾ ਜ਼ਿਕਰ ਕਰਾਂ, ਉਸ ਤੋਂ ਪਹਿਲਾਂ ਮੈਂ ਆਪਣੇ ਉਪਰ ਸਤਿਗੁਰਾਂ ਦੀ ਮਿਹਰ ਦੀ ਨਜ਼ਰ, ਅਸ਼ੀਰਵਾਦ ਅਤੇ ਉਪਕਾਰਾਂ ਦਾ ਜ਼ਿਕਰ ਕਰਾਂਗਾ। ਮੈਂ ਪਹਿਲੀ ਵਾਰ 1988 ਈ. ਵਿੱਚ ਮਹੰਤ ਆਤਮਾ ਸਿੰਘ ਸਨਖਤਰਾ ਤਦਵਕਤੀ ਸੰਪਾਦਕ ਸਤਿਜੁਗ ਰਾਹੀਂ ਸ੍ਰੀ ਭੈਣੀ ਸਾਹਿਬ ਆਇਆ ਸਾਂ। ਸਾਡੇ ਪਰਵਾਰ ਜਾਂ ਰਿਸ਼ਤੇਦਾਰਾਂ ਵਿਚੋਂ ਕੋਈ ਵੀ ਨਾਮਧਾਰੀ ਨਹੀਂ ਹੈ। ਸਾਡੇ ਸਾਰੇ ਪਿੰਡ ਵਿਚ ਵੀ ਕੋਈ ਨਾਮਧਾਰੀ ਨਹੀਂ ਹੈ। ਮੈਂ ਸ੍ਰੀ ਸਤਿਗੁਰੂ ਜੀ ਦੀ ਇਹ ਕਰਾਮਾਤ ਹੀ ਸਮਝਦਾ ਹਾਂ ਕਿ ਉਹਨਾਂ ਨੇ ਸਨਖਤਰਾ ਰਾਹੀਂ ਮੈਨੂੰ ਬਾਹਰੋਂ ਪਕੜ ਕੇ ਸ੍ਰੀ ਭੈਣੀ ਸਾਹਿਬ ਲਿਆਂਦਾ ਸੀ। ਮੈਂ ਸ੍ਰੀ ਭੈਣੀ ਸਾਹਿਬ ਮਹਾਰਾਜ ਜੀ ਨੂੰ ਮਿਲਿਆ ਜੋ ਕਿ ਮੇਰੇ ਨਾਮ ਤੋਂ ਪਹਿਲਾਂ

ਇਕ ਪ੍ਰਬੰਧਕ ਨੇ ਮੈਨੂੰ ਕਿਹਾ, ਤੂੰ ਪੁਸਤਕ ਲਿਖ ਤਾਂ ਲਈ ਹੈ ਕਲ ਨੂੰ ਜੇ ਕੋਈ ਅਕਾਲੀ ਤੰਗ ਕਰੇ ਤਾਂ ਅਸੀਂ ਤੈਨੂੰ ਨਹੀਂ ਬਚਾਉਣਾ। ਮੈਂ ਘਬਰਾ ਗਿਆ। ਮੈਂ ਫਿਰ ਸਤਿਗੁਰੂ ਜੀ ਅਗੇ ਅਰਜ਼ ਕਰ ਦਿੱਤੀ। ਸਤਿਗੁਰੂ ਜੀ ਨੇ ਬਚਨ ਕੀਤਾ, "ਤੇਰੇ ਤਕ ਕੋਈ ਕਿਵੇਂ ਪਹੁੰਚੇਗਾ, ਅਸੀਂ ਤੇਰੇ ਨਾਲ ਖੜ੍ਹੇ ਹਾਂ।" ਮੈਂ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦੀ ਹਾਂ, ਉਸ ਪੁਸਤਕ ਦੇ ਤਿੰਨ ਐਡੀਸ਼ਨ ਪ੍ਰਕਾਸ਼ਿਤ ਹੋ ਚੁਕੇ ਹਨ, ਅਜੇ ਵੀ ਸੰਗਤ ਵਲੋਂ ਉਸਦੀ ਮੰਗ ਆ ਰਹੀ ਹੈ।

Namdhari Elibrary NamdhariElibrary@gmail.com

ਹੀ ਵਾਕਿਫ ਸਨ। ਮੇਰੇ ਲੇਖ ਉਹਨਾਂ ਨੇ ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ, ਸਚਿਤਰ ਕੌਮੀ ਏਕਤਾ ਇੰਟਰਨੈਸ਼ਨਲ, ਸਚਖੰਡ ਪੱਤਰ ਅਤੇ ਸੀਸ ਗੰਜ ਆਦਿਕ ਰਸਾਲਿਆਂ ਵਿਚ ਪੜ੍ਹੇ ਸਨ। ਉਹਨਾਂ ਦੇ ਹੁਕਮ ਨਾਲ ਮੈਂ ਸ੍ਰੀ ਜੀਵਨ ਨਗਰ ਪਹੁੰਚਾ ਅਤੇ ਉਸ ਸਾਲ ਦਾ ਬਸੰਤ ਅੰਕ ਪ੍ਰਕਾਸ਼ਿਤ ਕਰਨ ਵਿਚ ਮੈਂ ਸੰਪਾਦਕ ਵਜੋਂ ਮਹੰਤ ਆਤਮਾ ਸਿੰਘ ਸਨਖਤਰਾ ਦਾ ਸਾਥ ਦਿਤਾ।

1994 ਵਿਚ ਜਨਵਰੀ ਦੇ ਅੱਧ ਵਿਚ ਸੰਤ ਤਰਸੇਮ ਸਿੰਘ ਰਾਹੀਂ ਸਤਿਗੁਰੂ ਜੀ ਦਾ ਹੁਕਮ ਆਇਆ ਕਿ ਸ੍ਰੀ ਭੈਣੀ ਸਾਹਿਬ ਆਓ। ਮੈਂ ਹੁਕਮ ਮੰਨ ਕੇ ਗਿਆ ਤਾਂ ਸੰਤ ਜੀ ਨੇ ਇਕ ਪੱਤਰ ਦਿਤਾ ਜੋ ਮਹੰਤ ਸਨਖਤ੍ਰਾ ਜੀ ਤਕ ਪਹੁੰਚਾਉਣਾ ਸੀ। ਮੈਂ ਸਤਿਗੁਰੂ ਜੀ ਨੂੰ ਮਥਾ ਟੇਕ ਕੇ ਪਿੰਡ ਆ ਗਿਆ ਤੇ ਸਾਈਕਲ ਤੇ ਸਵਾਰ ਹੋ ਕੇ ਪੈਡਲ ਘੁੰਮਾਉਂਦਾ ਸਨਖਤ੍ਰਾ ਜੀ ਦੇ ਪਿੰਡ ਰੌਲੀਆ ਪਹੁੰਚਿਆ, ਸਤਿਗੁਰੂ ਜੀ ਦਾ ਪੈਗਾਮ ਉਹਨਾਂ ਨੂੰ ਦੇ ਦਿਤਾ।

ਥੋੜ੍ਹੇ ਦਿਨਾਂ ਬਾਅਦ ਮੈਂ ਸ੍ਰੀ ਭੈਣੀ ਸਾਹਿਬ ਗਿਆ ਤਾਂ ਸੰਤ ਤਰਸੇਮ ਸਿੰਘ ਜੀ ਸਤਿਗੁਰੂ ਜੀ ਕੋਲ ਬੈਠੇ ਹੋਏ ਸਨ। ਮੈਂ ਸਤਿਗੁਰਾਂ ਅਗੇ ਸੀਸ ਨਿਵਾਇਆ ਤੇ ਬੈਠ ਗਿਆ ਤਾਂ ਅਗੋਂ ਮੈਨੂੰ ਕਹਿਣ ਲੱਗੇ ਤੂੰ ਮਹੰਤ ਆਤਮਾ ਸਿੰਘ ਕੋਲ ਕਿਵੇਂ ਗਿਆ ਸੀ। ਮੈਂ ਅਗੋਂ ਨਿਮਰਤਾ ਸਹਿਤ ਉੱਤਰ ਦਿੱਤਾ, "ਜੀ ਮੇਰੇ ਕੋਲ ਪੁਰਾਣਾ ਸਾਈਕਲ ਹੈ, ਮੈਂ ਉਸ ਤੇ ਹੀ ਦੂਰ ਨੇੜੇ ਜਾਂਦਾ ਹਾਂ।" ਸਤਿਗੁਰੂ ਜੀ ਮੁਸਕਰਾਏ ਅਤੇ ਕੋਲ ਖੜ੍ਹੇ ਸੇਵਕ ਰਸ਼ਪਾਲ ਸਿੰਘ ਨੂੰ ਹੁਕਮ ਕੀਤਾ, "ਜੀਆ ਨਥਾ ਨੂੰ ਸਕੂਟਰ ਲੈ ਕੇ ਦੇਵੋ।" ਹੁਕਮ ਦੀ ਤਾਮੀਲ ਹੋਈ। ਮੇਰੇ ਲਈ ਲੁਧਿਆਣੇ ਤੋਂ ਬਜਾਜ ਕਲਾਸਿਕ ਸਪੈਸ਼ਲ ਸਕੂਟਰ ਖਰੀਦਿਆ ਗਿਆ। ਲੁਧਿਆਣੇ ਤੋਂ ਆਰ. ਸੀ. ਬਣਾਈ ਗਈ, ਰੋਪੜ ਤੋਂ ਮੇਰਾ ਡਰਾਈਵਿੰਗ ਲਾਈਸੈਂਸ ਬਣਾਇਆ ਗਿਆ। ਪਹਿਲਾਂ ਮੈਨੂੰ ਸਕੂਟਰ ਡਰਾਈਵ ਕਰਨਾ ਨਹੀਂ ਸੀ ਆਉਂਦਾ।, ਸੰਤ ਤਰਸੇਮ ਸਿੰਘ ਨੇ ਹੁਸ਼ਿਆਰਪੁਰ ਵਾਲੇ ਸ਼ਿੰਦੇ ਨੂੰ ਹੁਕਮ ਕੀਤਾ, ਉਹ ਸਕੂਟਰ ਸਾਡੇ ਪਿੰਡ ਛਡ ਗਿਆ। ਸ਼ਿੰਦਾ ਉਸ ਸਮੇਂ ਪਰਵਾਰ ਸਹਿਤ ਆਓ ਭਗਤ ਵਿਚ ਸੇਵਾ ਕਰਿਆ ਕਰਦਾ ਸੀ। ਉਦੋਂ ਤੋਂ ਲੈ ਕੇ ਹੁਣ ਤਕ ਮੈਂ ਦੂਰ ਨੇੜੇ ਉਸ ਸਕੂਟਰ ਤੇ ਆਉਂਦਾ ਜਾਂਦਾ ਹਾਂ ਅਤੇ ਸਤਿਗੁਰੂ ਜੀ ਦੀ ਉਪਕਾਰੀ ਸ਼ਖਸੀਅਤ ਅਗੇ ਨਤਮਸਤਕ ਹੁੰਦਾ ਹਾਂ।

1994 ਈ. ਵਿਚ ਮੈਂ ਪੁਸਤਕ "ਨਾਂਦੇੜ ਤੋਂ ਬਾਅਦ ਦਸਮ ਗੁਰੂ ਜੀ ਦਾ ਜੀਵਨ" ਤਿਆਰ ਕੀਤੀ ਪ੍ਰੰਤੂ ਛਪਵਾਉਣ ਲਈ ਮਾਇਆ ਦਾ ਪ੍ਰਬੰਧ ਨਹੀਂ ਸੀ। ਜਿਸ ਨਾਲ ਵੀ ਗੱਲ ਕੀਤੀ, ਕੋਈ ਵੀ ਤਸੱਲੀਬਖਸ਼ ਜਵਾਬ ਨਹੀਂ ਸੀ ਦੇ ਰਿਹਾ। ਅਖੀਰ ਮੈਂ ਅਰਦਾਸ ਕਰਕੇ ਘਰ ਤੋਂ ਸ੍ਰੀ ਭੈਣੀ ਸਾਹਿਬ ਚਲਾ ਗਿਆ। ਕੋਠੀ ਪਹੁੰਚਾ ਤਾਂ ਸਤਿਗੁਰੂ ਜੀ, ਮਾਤਾ ਜੀ ਵਾਲੀ ਕੋਠੀ ਬਾਹਰ ਘਾਹ ਵਾਲੇ ਲਾਅਨ ਵਿਚ ਬੈਠੇ ਸਨ। ਉਹਨਾਂ ਦੇ ਕੋਲ ਪ੍ਰੀਤਮ ਸਿੰਘ ਕਵੀ ਅਤੇ ਗੁਰਦੀਪ ਸਿੰਘ (ਸਤਿਜੁਗ ਦੇ ਸਾਬਕਾ ਸਹਾਇਕ ਸੰਪਾਦਕ) ਜੋ ਅਜਕਲ੍ਹ ਕਨੇਡਾ ਵਿਚ ਹਨ, ਵੀ ਬੈਠੇ ਸਨ। ਮੈਂ ਮੱਥਾ ਟੇਕਿਆ ਤੇ ਬੈਠ ਗਿਆ, ਕਵੀ ਜੀ ਕਿਸੇ ਸਾਲ ਦੀਆਂ "ਬੀਤੇ ਦੀਆਂ ਪੈੜਾਂ" ਦੇ ਕੁਝ ਅੰਸ਼ ਸਤਿਗੁਰੂ ਜੀ ਨੂੰ ਸੁਣਾ ਰਹੇ ਸਨ। ਮੈਂ ਵੀ ਆਪਣੀ ਪੁਸਤਕ ਦਾ ਖਰੜਾ ਨਿਮਰਤਾ ਸਹਿਤ ਸਤਿਗੁਰੂ ਜੀ ਦੇ ਅਗੇ ਰਖ ਦਿੱਤਾ। ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਮੁਬਾਰਕ ਕਰ ਕੰਵਲਾਂ ਨਾਲ ਪੁਸਤਕ ਦਾ ਖਰੜਾ ਫਰੋਲਣਾ ਸ਼ੁਰੂ ਕੀਤਾ, ਪੰਨੇ ਪਲਟਦੇ, ਕੁਝ ਪੰਨੇ ਪੜ੍ਹਦੇ, ਫਿਰ ਅਗੇ ਪਲਟ ਦਿੰਦੇ ਤੇ ਮੁਸਕਰਾਉਣ ਲਗ ਪੈਂਦੇ। ਕਵੀ ਜੀ ਆਪਣੀ ਲਿਖਤ ਸੁਣਾ ਰਹੇ ਸਨ ਪਰ ਸਤਿਗੁਰੂ ਜੀ ਤਾਂ ਮਾਨੋ ਮੇਰੀ ਲਿਖਤ ਨਾਲ ਹੀ ਜੁੜ ਗਏ ਸਨ। ਮੈਨੂੰ ਅਪਾਰ ਖੁਸ਼ੀਆਂ ਬਖਸ਼ੀਆਂ, ਉਹ ਸਮਾਂ ਮੈਂ ਸਾਰੀ ਜ਼ਿੰਦਗੀ ਭੁਲ ਨਹੀਂ ਸਕਦਾ। ਸਤਿਗੁਰੂ ਜੀ ਨੇ ਗੁਰਦੀਪ ਸਿੰਘ ਨੂੰ ਹੁਕਮ ਕੀਤਾ ਕਿ ਇਹ ਪੁਸਤਕ ਦਾ ਖਰੜਾ ਦਿੱਲੀ ਲੈ ਜਾਵੋ ਅਤੇ ਹੰਸਪਾਲ ਜੀ ਨੂੰ ਆਖੋ, ਇਹ ਪੁਸਤਕ ਛੇਤੀਂ ਪ੍ਰਕਾਸ਼ਿਤ ਹੋਣੀ ਚਾਹੀਦੀ ਹੈ, ਬਾਅਦ ਵਿਚ ਇਕ ਪ੍ਰਬੰਧਕ ਨੇ ਮੈਨੂੰ ਕਿਹਾ, ਤੂੰ ਪੁਸਤਕ ਲਿਖ ਤਾਂ ਲਈ ਹੈ ਕਲ ਨੂੰ ਜੇ ਕੋਈ ਅਕਾਲੀ ਤੰਗ ਕਰੇ ਤਾਂ ਅਸੀਂ ਤੈਨੂੰ ਨਹੀਂ ਬਚਾਉਣਾ। ਮੈਂ ਘਬਰਾ ਗਿਆ। ਮੈਂ ਫਿਰ ਸਤਿਗੁਰੂ ਜੀ ਅਗੇ ਅਰਜ਼ ਕਰ ਦਿੱਤੀ। ਸਤਿਗੁਰੂ ਜੀ ਨੇ ਬਚਨ ਕੀਤਾ, "ਤੇਰੇ ਤਕ ਕੋਈ ਕਿਵੇਂ ਪਹੁੰਚੇਗਾ, ਅਸੀਂ ਤੇਰੇ ਨਾਲ ਖੜ੍ਹੇ ਹਾਂ।" ਮੈਂ ਸ੍ਰੀ ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦੀ ਹਾਂ, ਉਸ ਪੁਸਤਕ ਦੇ ਤਿੰਨ ਐਡੀਸ਼ਨ ਪ੍ਰਕਾਸ਼ਿਤ ਹੋ ਚੁਕੇ ਹਨ, ਅਜੇ ਵੀ ਸੰਗਤ ਵਲੋਂ ਉਸਦੀ ਮੰਗ ਆ ਰਹੀ ਹੈ। ਪ੍ਰੰਤੂ ਕੋਈ ਵੀ ਗ੍ਰੰਥ ਗੁਰੂ ਦਾ ਹਾਮੀ ਪੁਸਤਕ ਦੇ ਖਿਲਾਫ ਨਹੀਂ ਬੋਲਿਆ, ਸਗੋਂ ਕਈ ਅਕਾਲੀਆਂ ਨੇ ਵੀ ਇਸ ਪੁਸਤਕ ਦੀ ਪ੍ਰਸੰਸਾ ਕੀਤੀ ਹੈ।

1999 ਵਿਚ ਮੈਂ ਇਕ ਹੋਰ ਪੁਸਤਕ "ਰਾਮ ਵਿਯੋਗੀ ਸੰਤ ਵਰਿਆਮ ਸਿੰਘ ਮੁਸਵੱਰ- ਜੀਵਨ ਤੇ ਚਿਤਰਾਵਲੀ" ਤਿਆਰ ਕੀਤੀ ਜਿਸ ਵਿਚ ਰੰਗੀਨ 72 ਫੋਟੋ ਪ੍ਰਕਾਸ਼ਿਤ ਹੋਈਆਂ ਸਨ। ਪੁਸਤਕ ਤੇ ਸਾਰਾ ਖਰਚ 1 ਲਖ 70

Namdhari Elibrary NamdhariElibrary@gmail.com

ਸਤਿਗੁਰੂ ਜੀ ਵਲੋਂ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਮਾਣ ਸਨਮਾਨ ਸ਼ੁਰੂ ਕੀਤੇ ਹਨ ਜਿਹਨਾਂ ਨਾਲ ਨਿਵਾਜ ਕੇ ਲਿਖਾਰੀਆਂ ਦਾ ਮਾਣ ਵਧਾਇਆ ਜਾਂਦਾ ਹੈ। ਪ੍ਰੀਤਮ ਸਿੰਘ ਕਵੀ ਨੂੰ 2001 ਈ. ਵਿਚ ਸਾਹਿਤ ਰਤਨ ਸਨਮਾਨ ਨਾਲ ਨਿਵਾਜਿਆ ਸੀ ਅਤੇ 2004 ਈ. ਵਿਚ ਡਾ. ਅਮਰ ਭਾਰਤੀ ਨੂੰ ਸਾਹਿਤ ਮਾਰਤੰਡ ਸਨਮਾਨ ਦਿਤਾ ਗਿਆ ਸੀ। ਪ੍ਰਸਿਧ ਜਥੇਦਾਰ, ਸੁਘੜ ਵਿਦਵਾਨ, ਲੇਖਕ ਤੇ ਚਿੰਤਕ ਪੰਡਿਤ ਗੋਪਾਲ ਸਿੰਘ ਨੂੰ ਗਿਆਨ ਮਾਰਤੰਡ ਦੀ ਉਪਾਧੀ ਬਖਸ਼ੀ।

ਹਜ਼ਾਰ ਹੋਣਾ ਸੀ। ਮੈਂ ਸਤਿਗੁਰੂ ਜੀ ਅਗੇ ਅਰਜ਼ ਕੀਤੀ ਜੋ ਪ੍ਰਵਾਨ ਹੋ ਗਈ ਅਤੇ ਹੁਕਮ ਹੋਇਆ ਕਿ ਹਜ਼ੂਰੀ ਸੇਵਕਾਂ ਤੋਂ ਸਾਰੀ ਰਕਮ ਲੈ ਲਵੋ। ਦਿਨ ਬੀਤੇ, ਮਹੀਨੇ ਬੀਤ ਗਏ ਪ੍ਰੰਤੂ ਰਕਮ ਨਹੀਂ ਸੀ ਮਿਲ ਰਹੀ, ਸੇਵਕ ਸ਼ਾਇਦ ਭੁੱਲ ਗਏ ਸਨ।

ਮੈਂ ਥੋੜ੍ਹਾ ਉਦਾਸ ਹੋ ਗਿਆ ਅਤੇ ਮਨ ਨਾਲ ਫੈਸਲਾ ਕੀਤਾ ਕਿ ਅੱਗੇ ਤੋਂ ਕੋਈ ਪੁਸਤਕ ਨਹੀਂ ਤਿਆਰ ਕਰਨੀ ਕਿਉਂਕਿ ਪੁਸਤਕ ਦਾ ਸੇਵਾ ਫਲ ਤਾਂ ਕਿਸੇ ਦੇਣਾ ਨਹੀਂ, ਸਗੋਂ ਪ੍ਰਬੰਧਕ ਮਿੰਨਤਾਂ ਤਰਲੇ ਜ਼ਿਆਦਾ ਕਰਵਾਉਂਦੇ ਹਨ ਪੱਲੇ ਕੁਝ ਨਹੀਂ ਪਾਉਂਦੇ। ਸਾਲ 1999 ਬੀਤ ਗਿਆ, ਗੱਲ ਕੁਝ ਨਾ ਬਣੀ। ਸਾਲ 2000 ਆ ਗਿਆ, ਮਈ ਦੇ ਮਹੀਨੇ ਸਤਿਗੁਰੂ ਜੀ ਬਾਬਾ ਹਰਨਾਮ ਸਿੰਘ ਦੇ ਬਰਸੀ ਸਮਾਗਮ ਤੇ ਗੜ੍ਹਦੀਵਾਲਾ (ਜ਼ਿਲਾ ਹੁਸ਼ਿਆਰਪੁਰ) ਆਏ, ਸੰਤ ਮਾਨ ਸਿੰਘ ਦੇ ਘਰ ਡੇਰਾ ਕੀਤਾ ਹੋਇਆ ਸੀ। ਮੈਂ ਵੀ ਆਪਣੇ ਪਰਵਾਰ ਸਹਿਤ, ਸਤਿਗੁਰਾਂ ਦੇ ਬਖਸ਼ੇ ਸਕੂਟਰ ਤੇ ਗੜ੍ਹਦੀਵਾਲਾ ਪਹੁੰਚਿਆ, ਸਮਾਗਮ ਦੇਖਿਆ ਤੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਸੰਤ ਮਾਨ ਸਿੰਘ ਦੇ ਘਰ ਪਹੁੰਚ ਗਿਆ।

ਸਤਿਗੁਰੂ ਜੀ ਨੂੰ ਸੀਸ ਨਿਵਾਇਆ, ਸਤਿਗੁਰੂ ਜੀ ਸਾਨੂੰ ਦੇਖ ਕੇ ਮੁਸਕਰਾਏ ਅਤੇ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਪ੍ਰਕਾਸ਼ ਗ੍ਰੰਥ ਬਾਰੇ ਬਚਨ ਕੀਤੇ ਅਤੇ ਉਸਦੀਆਂ ਪ੍ਰਕਾਸ਼ਨਾਵਾਂ ਬਾਰੇ ਮੇਰੇ ਕੋਲੋਂ ਪੁਛਿਆ। ਫਿਰ ਆਪ ਜੀ ਨੇ ਕਿਹਾ, ਅਜ ਕਲ ਕੀ ਲਿਖ ਰਹੇ ਹੋ? ਮੈਂ ਦੱਸਿਆ ਕਿ ਮੈਂ ਸੰਤ ਅਤਰ ਸਿੰਘ ਮਸਤੂਆਣਾ ਸਾਹਿਬ ਵਾਲਿਆਂ ਬਾਰੇ ਲਿਖਣ ਦੀ ਸੋਚ ਰਿਹਾ ਹਾਂ। ਇਸਦੇ ਨਾਲ ਹੀ ਮੈਂ ਆਪਣੀ ਪੁਸਤਕ ਰਾਮ ਵਿਯੋਗੀ ਸੰਤ ਵਰਿਆਮ ਸਿੰਘ ਮੁਸਵਰ ਬਾਰੇ ਅਰਜ਼ ਕੀਤੀ, ਜੀ ਅਜੇ ਤਕ ਉਹ ਮਾਇਆ ਨਾ ਮਿਲਣ ਕਰਕੇ ਛਪ ਨਹੀਂ ਸਕੀ। ਸਤਿਗੁਰੂ ਜੀ ਨੇ ਫਿਰ ਬਚਨ ਕੀਤਾ, ਕਿੰਨੀ ਮਾਇਆ ਚਾਹੀਦੀ ਹੈ। ਮੈਂ ਕਿਹਾ ਜੀ ਇਕ ਲਖ ਸਤਰ ਹਜ਼ਾਰ ਚਾਹੀਦੀ ਹੈ। ਸਤਿਗੁਰੂ ਜੀ ਨੇ ਉਸ ਸਮੇਂ ਤੇਜ਼ੀ ਵਿਚ ਆ ਕੇ ਸੰਤ ਰਸ਼ਪਾਲ ਸਿੰਘ ਨੂੰ ਹੁਕਮ ਕੀਤਾ, ਇਹਨਾਂ ਨੂੰ ਦੋ ਲੱਖ ਰੁਪਏ ਛੇਤੀਂ ਦੇ ਦੇਵੋ, ਬਾਕੀ ਕਾਰਜ ਭਾਵੇਂ ਅਧੂਰੇ ਰਹਿ ਜਾਣ, ਪ੍ਰੰਤੂ ਮਾਇਆ ਇਹਨਾਂ ਨੂੰ ਜ਼ਰੂਰ ਦੇ ਦੇਣੀ ਹੈ।

ਹੁਕਮ ਦੀ ਤਾਮੀਲ ਹੋਈ, ਮੈਂ ਥੋੜੇ ਦਿਨਾਂ ਤਕ ਸ੍ਰੀ ਭੈਣੀ ਸਾਹਿਬ ਗਿਆ। ਸੰਤ ਰਸ਼ਪਾਲ ਸਿੰਘ ਤੋਂ ਦੋ ਲੱਖ ਰੁਪਏ ਰਕਮ ਲਈ ਅਤੇ ਲੁਧਿਆਣੇ ਸਵਾਮੀ ਪ੍ਰਿੰਟਿੰਗ ਪ੍ਰੈਸ ਨੂੰ ਰਕਮ ਦੇ ਕੇ ਪੁਸਤਕ ਛਪਵਾ ਲਈ।

ਸਾਹਿਤਕਾਰਾਂ ਦੀ ਸਾਂਭ ਸੰਭਾਲ ਕਰਨਾ–

ਸਤਿਗੁਰੂ ਜੀ ਸਾਹਿਤਕਾਰਾਂ ਵਲ ਉਚੇਚਾ ਧਿਆਨ ਦੇਂਦੇ ਹਨ ਅਤੇ ਉਹਨਾਂ ਦੀ ਹਰ ਸੰਭਵ ਵਿੱਤੋਂ ਬਾਹਰੀ ਮਦਦ ਕਰਦੇ ਹਨ ਤਾਂਕਿ ਘਰੋਗੀ ਝਮੇਲਿਆਂ ਤੋਂ ਫਾਰਗ ਹੋ ਕੇ ਨਿਸਚਿੰਤ ਹੋਕੇ ਸਾਹਿਤ ਰਚਨਾ ਕਰ ਸਕਣ। ਕੁਝ ਸਾਲ ਪਹਿਲਾਂ ਸੰਤ ਤਰਸੇਮ ਸਿੰਘ ਨੇ ਸਤਿਗੁਰਾਂ ਅੱਗੇ ਅਰਜ਼ ਕੀਤੀ ਕਿ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਸੰਤ ਸਿੰਘ ਸੇਖੋਂ ਲੁਧਿਆਣੇ ਜ਼ੇਰੇ ਇਲਾਜ ਹਨ, ਉਸ ਦੀ ਕੋਈ ਸੰਸਥਾ ਮਦਦ ਨਹੀਂ ਕਰ ਰਹੀ, ਆਰਥਿਕ ਪਖੋਂ ਉਹ ਬਹੁਤ ਤੰਗ ਹੈ। ਹਾਲਾਂਕਿ ਸੰਤ ਸਿੰਘ ਸੇਖੋਂ ਨੇ ਨਾਮਧਾਰੀ ਇਤਿਹਾਸ ਬਾਰੇ ਕਦੇ ਕੁਝ ਨਹੀਂ ਸੀ ਲਿਖਿਆ, ਸਤਿਗੁਰੂ ਜੀ ਨੇ ਉਸਦੀ ਬਿਮਾਰੀ ਦਾ ਇਲਾਜ ਕਰਾਉਣ ਦਾ ਖਰਚ ਆਪਣੇ ਜ਼ੁੰਮੇ ਲੈ ਲਿਆ। ਉਸਨੂੰ ਅਪਾਰ ਮਾਇਆ ਦੀ ਬਖਸ਼ਸ਼ ਕੀਤੀ। ਸਤਿਗੁਰੂ ਜੀ ਦੇ ਉਸ ਉਪਕਾਰ ਨੂੰ ਦੇਖਕੇ ਉਹ ਬਹੁਤ ਹੈਰਾਨ ਤੇ ਪ੍ਰਭਾਵਿਤ ਹੋਇਆ ਅਤੇ ਸ੍ਰੀ ਭੈਣੀ ਸਾਹਿਬ ਸ਼ੁਕਰਾਨਾ ਕਰਨ ਆਇਆ।

ਭਾਈ ਨਾਹਰ ਸਿੰਘ ਨੂੰ ਨਾਮਧਾਰੀ ਦਸਤਾਵੇਜ਼ ਇਕੱਤਰ ਕਰਨ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਲਗਾਇਆ। ਉਹ ਆਰਕਾਈਵਜ਼ ਦਿਲੀ ਤੋਂ ਦਸਤਾਵੇਜ਼ਾਂ ਦੀਆਂ ਨਕਲਾਂ ਕਰਦਾ ਤੇ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰਾਂ ਨੂੰ ਦਿਖਾਉਂਦਾ ਸੀ। ਸਤਿਗੁਰੂ ਜੀ ਉਸਨੂੰ ਅਪਾਰ ਮਾਇਆ ਬਖਸ਼ਸ਼ ਕਰਦੇ ਅਤੇ ਹੋਰ ਵੀ ਮਦਦ ਕਰਿਆ

Namdhari Elibrary NamdhariElibrary@gmail.com

ਕਰਦੇ ਸਨ।

ਸਤਿਗੁਰੂ ਜੀ ਦੀ ਅਪਾਰ ਬਖਸ਼ਸ਼ ਸਦਕਾ ਕਾਮਰੇਡ ਸੁਰਜੀਤ ਖੁਰਸ਼ੀਦੀ ਦਾ ਬੁਢਾਪਾ ਬੜੇ ਠਾਠ ਨਾਲ ਗੁਰੂ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਬਤੀਤ ਹੋਇਆ ਸੀ। ਇਸੇ ਤਰ੍ਹਾਂ ਮਾਸਟਰ ਨਿਹਾਲ ਸਿੰਘ ਜਿਹਨਾਂ ਸਾਰੀ ਉਮਰ ਪੰਥ ਦੇ ਲੇਖੇ ਲਾ ਦਿਤੀ, ਅਨੇਕ ਪੁਸਤਕਾਂ ਦੀ ਰਚਨਾ ਕੀਤੀ, ਉਹ ਵੀ ਉਮਰ ਦੇ ਅਖੀਰਲੇ ਸਾਲਾਂ ਵਿਚ ਸ੍ਰੀ ਭੈਣੀ ਸਾਹਿਬ ਹੀ ਰਹੇ। "ਬੀਤੇ ਦੀਆਂ ਪੈੜਾਂ" ਦੇ ਵਿਦਵਾਨ ਲੇਖਕ ਪ੍ਰੀਤਮ ਸਿੰਘ ਕਵੀ ਨੂੰ ਕੌਣ ਨਹੀਂ ਜਾਣਦਾ, ਉਹਨਾਂ ਦੀ ਸੁਖ ਸੁਵਿਧਾ ਲਈ ਸਤਿਗੁਰੂ ਜੀ ਨੇ ਕਾਰ ਦੀ ਬਖਸ਼ਿਸ਼ ਕੀਤੀ ਹੋਈ ਸੀ। ਇਸ ਤੋਂ ਬਿਨਾਂ ਸਤਿਗੁਰੂ ਜੀ ਵਲੋਂ ਉਹਨਾਂ ਨੂੰ ਹੋਰ ਵੀ ਮਾਣ ਸਨਮਾਨ ਮਿਲਦੇ ਰਹੇ, ਅਖੀਰ ਜਦੋਂ ਉਹਨਾਂ ਦੀ ਸੇਹਤ ਢਿਲੀ ਹੋਈ ਤਾਂ ਪਰਵਾਰ ਸਮੇਤ ਦਿੱਲੀ ਤੋਂ ਸ੍ਰੀ ਭੈਣੀ ਸਾਹਿਬ ਮੰਗਵਾ ਲਏ, ਉਹਨਾਂ ਦੀ ਸਤਿਗੁਰਾਂ ਨੇ ਹਰ ਤਰ੍ਹਾਂ ਸਾਂਭ ਸੰਭਾਲ ਕੀਤੀ ਅਤੇ ਉਹਨਾਂ ਦੇ ਪਰਵਾਰ ਦੀ ਅਜ ਵੀ ਸਾਂਭ ਸੰਭਾਲ ਹੋ ਰਹੀ ਹੈ।

ਅੱਜ ਕਲ੍ਹ ਸ੍ਰੀ ਭੈਣੀ ਸਾਹਿਬ, ਸੰਤ ਆਤਮਾ ਸਿੰਘ ਜੌਹਲ ਨੂੰ ਸਤਿਗੁਰਾਂ ਨੇ ਆਪਣੇ ਕੋਲ ਰਖਿਆ ਹੋਇਆ ਹੈ, ਉਹ ਸਤਿਜੁਗ ਅਖਬਾਰ ਦੇ ਸੰਪਾਦਕ ਰਹਿ ਚੁਕੇ ਹਨ। ਸਤਿਗੁਰੂ ਜੀ ਉਸਦੀ ਸੁਖ ਸੁਵਿਧਾ ਦਾ ਪੂਰਾ ਖਿਆਲ ਰਖਦੇ ਹਨ।

ਸਤਿਗੁਰੂ ਜੀ ਸਮੇਂ ਸਮੇਂ ਸਾਹਿਤਕਾਰਾਂ ਦਾ ਮਾਣ ਸਨਮਾਨ ਕਰਦੇ ਰਹਿੰਦੇ ਹਨ ਅਤੇ ਹਰ ਲੋੜ ਨੂੰ ਪੂਰੀ ਕਰਦੇ ਹਨ। ਪ੍ਰੀਤਮ ਸਿੰਘ ਕਵੀ ਜੀ ਤੋਂ ਬਿਨਾਂ ਮਹਾਨ ਵਿਦਵਾਨ ਡਾ. ਅਮਰ ਭਾਰਤੀ ਨੂੰ ਸਤਿਗੁਰਾਂ ਨੇ ਕਾਰ ਦੀ ਬਖਸ਼ਿਸ਼ ਕੀਤੀ ਸੀ ਅਤੇ ਘਰੋਗੀ ਲੋੜਾਂ ਪੂਰੀਆਂ ਕਰਨ ਲਈ ਇਕ ਨੌਕਰ ਦਿਤਾ ਹੋਇਆ ਸੀ। ਇਸ ਤੋਂ ਬਿਨਾਂ ਸੰਤ ਜਗਦੀਸ਼ ਸਿੰਘ ਵਰਿਆਮ ਅਤੇ ਜਸਵਿੰਦਰ ਸਿੰਘ ਹਿਸਟੋਰੀਅਨ ਹੋਰਾਂ ਨੂੰ ਵੀ ਕਾਰਾਂ ਦੀ ਬਖਸ਼ਿਸ਼ ਹੋਈ ਹੈ। ਨਾਹਰ ਸਿੰਘ ਤੋਂ ਬਾਅਦ ਸਤਿਗੁਰੂ ਜੀ ਨੇ ਭਾਰਤ ਸਰਕਾਰ ਦੀ ਨੌਕਰੀ ਕਰ ਰਹੇ ਜਸਵਿੰਦਰ ਸਿੰਘ ਨੂੰ ਨੌਕਰੀ ਤੋਂ ਹਟਾ ਕੇ ਨਾਮਧਾਰੀ ਦਸਤਾਵੇਜ਼ਾਂ ਦੀ ਢੂੰਢ ਭਾਲ ਤੇ ਲਗਾਇਆ ਅਤੇ ਉਸਦਾ ਸਾਰਾ ਖਰਚ ਜ਼ਿੰਦਗੀ ਭਰ ਲਈ ਆਪਣੇ ਜ਼ੁੰਮੇ ਲੈ ਲਿਆ ਹੈ। ਸਤਿਗੁਰਾਂ ਦੀ ਕਿਰਪਾ ਸਦਕਾ ਉਹ ਸੰਸਾਰ ਦੇ ਅਨੇਕ ਦੇਸਾਂ ਵਿਚ ਸਤਿਗੁਰਾਂ ਨਾਲ ਜਾ ਚੁਕਾ ਹੈ ਅਤੇ ਹਿਸਟੋਰੀਅਨ ਵਜੋਂ ਨਾਮਣਾ ਖਟ ਚੁੱਕਾ ਹੈ।

ਨੇਤਰਹੀਣ ਹੋਣ ਤੋਂ ਬਾਅਦ ਪ੍ਰਸਿਧ ਸਾਹਿਤਕਾਰ ਪ੍ਰੋ. ਕਿਰਪਾਲ ਸਿੰਘ ਕਸੇਲ ਦੀ ਡੰਗੋਰੀ ਦਾ ਭਾਰ ਸਤਿਗੁਰਾਂ ਨੇ ਆਪਣੇ ਜ਼ਿੰਮੇ ਲੈ ਲਿਆ ਹੈ। ਉਹਨਾਂ ਦੇ ਬਾਹਰ ਆਉਣ ਜਾਣ ਅਤੇ ਘਰੋਗੀ ਕੰਮ ਕਰਨ ਅਤੇ ਲਿਖਣ ਪੜ੍ਹਨ ਵਿਚ ਮਦਦ ਦੇਣ ਲਈ ਉਹਨਾਂ ਨੂੰ ਗੁਰੂ ਘਰ ਵਲੋਂ ਇਕ ਸਿੰਘ ਦਿਤਾ ਗਿਆ ਹੈ ਜੋ ਉਹਨਾਂ ਦੀ ਪੂਰੀ ਸਾਂਭ ਸੰਭਾਲ ਕਰਦਾ ਹੈ।

ਸਤਿਗੁਰੂ ਜੀ ਵਲੋਂ ਸਾਹਿਤਕਾਰਾਂ ਨੂੰ ਉਤਸ਼ਾਹਿਤ ਕਰਨ ਲਈ ਕੁਝ ਮਾਣ ਸਨਮਾਨ ਸ਼ੁਰੂ ਕੀਤੇ ਹਨ ਜਿਹਨਾਂ ਨਾਲ ਨਿਵਾਜ ਕੇ ਲਿਖਾਰੀਆਂ ਦਾ ਮਾਣ ਵਧਾਇਆ ਜਾਂਦਾ ਹੈ। ਪ੍ਰੀਤਮ ਸਿੰਘ ਕਵੀ ਨੂੰ 2001 ਈ. ਵਿਚ ਸਾਹਿਤ ਰਤਨ ਸਨਮਾਨ ਨਾਲ ਨਿਵਾਜਿਆ ਸੀ ਅਤੇ 2004 ਈ. ਵਿਚ ਡਾ. ਅਮਰ ਭਾਰਤੀ ਨੂੰ ਸਾਹਿਤ ਮਾਰਤੰਡ ਸਨਮਾਨ ਦਿਤਾ ਗਿਆ ਸੀ। ਪ੍ਰਸਿਧ ਜਥੇਦਾਰ, ਸੁਘੜ ਵਿਦਵਾਨ, ਲੇਖਕ ਤੇ ਚਿੰਤਕ ਪੰਡਿਤ ਗੋਪਾਲ ਸਿੰਘ ਨੂੰ ਗਿਆਨ ਮਾਰਤੰਡ ਦੀ ਉਪਾਧੀ ਬਖਸ਼ੀ, ਉਹ ਵੀ ਸਾਰੀ ਉਮਰ ਸ੍ਰੀ ਭੈਣੀ ਸਾਹਿਬ ਗੁਰੂ ਚਰਨਾਂ ਨਾਲ ਜੁੜੇ ਰਹੇ ਅਤੇ ਉਥੇ ਅੰਤਮ ਸਵਾਸ ਲੈ ਕੇ ਗੁਰੂ ਚਰਨਾਂ ਵਿਚ ਲੀਨ ਹੋ ਗਏ।

ਇਸ ਤੋਂ ਬਿਨਾਂ ਸੰਤ ਜਗਦੀਸ਼ ਸਿੰਘ ਵਰਿਆਮ, ਪ੍ਰੋ. ਕਿਰਪਾਲ ਸਿੰਘ ਕਸੇਲ, ਮਹੰਤ ਆਤਮਾ ਸਿੰਘ ਸਨਖਤਰਾ ਨੂੰ ਸਮੇਂ ਸਮੇਂ ਸੰਤ ਤਰਨ ਸਿੰਘ ਵਹਿਮੀ ਸਨਮਾਨ ਨਾਲ ਸਨਮਾਨਿਆ ਜਾ ਚੁਕਾ ਹੈ। ਨਾਰੀ ਜਗਤ ਵਿਚ ਸੂਬਾ ਸੁਰਿੰਦਰ ਕੌਰ ਖਰਲ ਹੋਰਾਂ ਦਾ ਵੀ ਸਾਹਿਤਕਾਰਾਂ ਵਿਚ ਉਘਾ ਨਾਮ ਹੈ। ਉਹ ਵਿਸ਼ਵ ਨਾਮਧਾਰੀ ਇਸਤਰੀ ਵਿਦਿਅਕ ਜਥੇ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਕਈ ਪੁਸਤਕਾਂ ਦੀ ਰਚਨਾ ਕਰ ਚੁਕੇ ਹਨ। ਸਟੇਟ ਆਰਕਾਈਵਜ਼ ਪਟਿਆਲਾ ਵਿਚ ਜਾ ਕੇ ਉਹਨਾਂ ਨੇ ਦਸਤਾਵੇਜ਼ਾਂ ਦੀ ਖੋਜ ਕੀਤੀ ਹੈ ਜੋ ਗਿਣਤੀ ਵਿਚ 2000 ਦਸਤਾਵੇਜ ਹਨ। ਜਿਹਨਾਂ ਨੂੰ ਪੰਜਾਬੀ ਭਾਸ਼ਾ ਵਿੱਚ ਤਰਜ਼ਮਾ ਕੀਤਾ ਹੈ। ਉਪਰੋਕਤ ਸਨਮਾਨਾਂ ਤੋਂ ਬਿਨਾਂ ਸੰਤ ਦਲੀਪ ਸਿੰਘ ਅਤੇ ਸੰਤ ਸੁਰਜੀਤ ਸਿੰਘ ਜੀਤ ਇੰਗਲੈਂਡ ਵਾਲਿਆਂ ਨੂੰ ਅਸ਼ੀਰਵਾਦ ਪੁਰਸਕਾਰ ਬਖਸ਼ ਕੇ ਸਤਿਗੁਰਾਂ ਨੇ ਉਹਨਾਂ ਦਾ ਮਾਣ ਵਧਾਇਆ ਹੈ। ਉਹਨਾਂ ਤੋਂ ਬਿਨਾਂ ਹੋਰ ਵੀ ਨਾਮਧਾਰੀ ਜਗਤ ਤੋਂ ਬਾਹਰ ਅਨੇਕ ਸਾਹਿਤਕਾਰ ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣਦੇ ਰਹੇ ਹਨ ਅਤੇ ਅਗੋਂ ਵੀ ਬਣਦੇ ਰਹਿਣਗੇ।

ਸਤਿਗੁਰਾਂ ਦੀ ਕਿਰਪਾ ਦ੍ਰਿਸ਼ਟੀ ਨਾਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ

Namdhari Elibrary NamdhariElibrary@gmail.com

ਇਹ ਸਤਿਗੁਰਾਂ ਦਾ ਬਹੁਤ ਵਡਾ ਉਪਕਾਰ ਹੈ ਜਿਸਦੀ ਜਿੰਨੀ ਵਡਿਆਈ ਕੀਤੀ ਜਾਵੇ ਥੋੜ੍ਹੀ ਹੈ। ਸਤਿਗੁਰੂ ਜੀ 50 ਸਾਲ ਵਿਚ ਹਰ ਖੇਤਰ ਵਿੱਚ ਬਹੁਪੱਖੀ ਉਪਕਾਰ ਸਿਖ ਪੰਥ ਤੇ ਕੀਤੇ ਹਨ ਜਿਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ।

ਵਿਦਿਆਲਾ ਬਨਾਰਸ, ਕੁਰਕਸ਼ੇਤਰ ਯੂਨੀਵਰਸਿਟੀ ਅਤੇ ਪੰਜਾਬ ਦੀਆਂ ਹੋਰ ਯੂਨੀਵਰਸਿਟੀਆਂ ਵਿਚ ਨਾਮਧਾਰੀ ਇਤਿਹਾਸ ਤੇ ਸਾਹਿਤ ਬਾਰੇ ਖੋਜ ਕਾਰਜ ਸ਼ੁਰੂ ਹੋ ਚੁੱਕੇ ਹਨ। ਖੋਜ ਵਿਦਿਆਰਥੀ ਜੀਵਨ ਖੋਜ ਵਿਧੀਆਂ ਨਾਲ ਖੋਜ ਕਰਕੇ ਪੀ. ਐਚ. ਡੀ ਅਤੇ ਐਮ. ਫਿਲ. ਦੀਆਂ ਡਿਗਰੀਆਂ ਹਾਸਿਲ ਕਰ ਰਹੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਚੇਅਰਾਂ ਸਥਾਪਿਤ ਕਰਕੇ ਰੀਸਰਚ ਦੇ ਰਾਹ ਮੋਕਲੇ ਕਰ ਦਿਤੇ ਹਨ।

ਸਤਿਜੁਗ ਅਖਬਾਰ ਦਾ ਯੋਗਦਾਨ-

ਜੇਕਰ ਮੈਂ ਸਤਿਜੁਗ ਦੇ ਯੋਗਦਾਨ ਬਾਰੇ ਨਾ ਲਿਖਾਂ ਤਾਂ ਮੈਂ ਸਮਝਾਂਗਾ ਕਿ ਮੇਰਾ ਲੇਖ ਅਧੂਰਾ ਹੀ ਹੈ। 1992 ਈ. ਤੋਂ ਪਹਿਲਾਂ ਅਖਬਾਰ ਸ੍ਰੀ ਜੀਵਨ ਨਗਰ ਤੋਂ ਪ੍ਰਕਾਸ਼ਿਤ ਹੋਇਆ ਕਰਦਾ ਸੀ, ਭਾਵੇਂ ਬਸੰਤ ਅੰਕ ਤੋਂ ਬਿਨਾਂ ਹੋਰ ਕੀਮਤੀ ਖੋਜ ਭਰਪੂਰ ਅੰਕ ਪਹਿਲਾਂ ਵੀ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਕ ਦੇਹਾਤੀ ਵਸੋਂ ਵਾਲੇ ਸਥਾਨ ਤੋਂ ਪ੍ਰਕਾਸ਼ਿਤ ਹੋਣ ਕਾਰਨ ਉਹ ਸਹੂਲਤਾਂ ਪ੍ਰਦਾਨ ਨਹੀਂ ਸਨ ਜੋ ਵਡੇ ਸ਼ਹਿਰ ਵਿਚ ਮਿਲ ਸਕਦੀਆਂ ਹਨ। ਸਤਿਗੁਰੂ ਜੀ ਨੇ ਸਿਖ ਜਗਤ ਤੇ ਵਡੀ ਕਿਰਪਾ ਕੀਤੀ ਜੋ ਸਤਿਜੁਗ ਅਖਬਾਰ ਨੂੰ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਲਿਆਂਦਾ। ਪਹਿਲੇ ਕੁਝ ਅੰਕ ਡਾ. ਅਮਰ ਭਾਰਤੀ ਦੀ ਸੰਪਾਦਨਾ ਹੇਠ ਪ੍ਰਕਾਸ਼ਿਤ ਹੋਏ। ਦਿੱਲੀ ਤੋਂ ਪਹਿਲਾ ਅੰਕ 3 ਦਸੰਬਰ 1992 ਨੂੰ ਪ੍ਰਕਾਸ਼ਿਤ ਹੋਇਆ।

ਸਤਿਗੁਰੂ ਜੀ ਸਤਿਜੁਗ ਦਾ ਸਾਰਾ ਪ੍ਰਕਾਸ਼ਨ ਕਾਰਜ, ਗੁਰੂ ਘਰ ਦੇ ਪ੍ਰੀਤਵਾਨ ਸੁਘੜ ਵਿਦਵਾਨ ਬੁਲਾਰੇ ਅਤੇ ਪ੍ਰਕਾਸ਼ਨ ਨੀਤੀ ਦੇ ਹਰ ਪਹਿਲੂ ਨੂੰ ਸਮਝਣ ਵਾਲੇ, ਕਾਂਗਰਸ ਪਾਰਟੀ ਵਿਚ ਪ੍ਰਤਿਸ਼ਠਾ ਕਾਇਮ ਕਰਨ ਵਾਲੇ ਗੁਰਸਿਖ ਸ. ਐਚ. ਐਸ. ਹੰਸਪਾਲ ਨੂੰ ਸੌਂਪਿਆ ਗਿਆ। ਉਹਨਾਂ ਦੀ ਦੇਖ ਰੇਖ ਵਿਚ ਸਤਿਜੁਗ ਅਖਬਾਰ ਦੀ ਨੁਹਾਰ ਹੀ ਬਦਲ ਗਈ ਹੈ। ਫਿਰ ਪ੍ਰੋ. ਤਾਰਾ ਸਿੰਘ ਅਨਜਾਣ ਦੇ ਸੰਪਾਦਕੀ ਲੇਖਾਂ ਨੇ ਉਸਨੂੰ ਹੋਰ ਵੀ ਖੋਜ ਭਰਪੂਰ ਕਰ ਦਿਤਾ ਹੈ ਜੋ ਵਧੀਆ ਕਾਗਜ਼, ਵਧੀਆ ਪ੍ਰਿੰਟਿੰਗ ਅਤੇ ਵਧੀਆ ਰੰਗੀਨ ਤਸਵੀਰਾਂ ਨਾਲ ਹਰ ਹਫਤੇ ਸਾਧ ਸੰਗਤ ਦੇ ਦਰਵਾਜੇ ਤੇ ਦਸਤਕ ਦੇਂਦਾ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਦੇ ਛੇਤੀਂ ਹੀ ਹੋਰ ਵੀ ਸਫੇ ਵਧਾਏ ਜਾਣਗੇ ਅਤੇ ਇਸਦੀਆਂ ਅੰਦਰਲੀਆਂ ਤਸਵੀਰਾਂ ਵੀ ਰੰਗੀਨ ਛਪਾਈਆਂ ਜਾਇਆ ਕਰਨਗੀਆਂ। ਵਰਤਮਾਨ ਵਿਚ ਸਤਿਜੁਗ ਸਪਤਾਹਿਕ ਤ੍ਰੈ ਭਾਸ਼ੀ (ਪੰਜਾਬੀ, ਅੰਗਰੇਜ਼ੀ, ਹਿੰਦੀ) ਹੈ। ਇੰਦਰਜੀਤ ਸਿੰਘ ਤੇ ਤਰਲੋਚਨ ਸਿੰਘ ਇਸ ਦੇ ਖਾਸ ਸਹਿਯੋਗੀ ਹਨ।

ਉਸਦੇ ਖੋਜ ਭਰਪੂਰ ਬਸੰਤ ਅੰਕਾਂ ਤੋਂ ਬਿਨਾਂ ਹੋਰ ਵੀ ਅਦਭੁਤ ਅੰਕਾਂ ਨੇ ਸਾਹਿਤ ਜਗਤ ਵਿਚ ਆਪਣੀ ਨਿਵੇਕਲੀ ਜਗ੍ਹਾ ਬਣਾ ਲਈ ਹੈ। ਉਸ ਦੇ ਬਸੰਤ ਅੰਕਾਂ ਤੋਂ ਬਿਨਾਂ 1999 ਈ. ਵਿਚ ਖਾਲਸਾ ਤ੍ਰੈ ਸ਼ਤਾਬਦੀ ਅੰਕ, 2000 ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਦੇ 40 ਸਾਲ, 2001 ਵਿਚ ਸਤਿਜੁਗ ਦੇ ੮0 ਵਰ੍ਹੇ, 2002 ਵਿਚ ਇਤਿਹਾਸਕ ਸਮਗਰੀ ਅੰਕ, 2003 ਵਿਚ ਨਾਮਧਾਰੀ ਸਾਹਿਤਕਾਰ ਅੰਕ, 2004 ਵਿਚ ਇਤਿਹਾਸਕ ਸ਼ਤਾਬਦੀਆਂ ਅੰਕ, 2006 ਵਿਚ ਗੁਰਗੱਦੀ ਸ਼ਤਾਬਦੀ ਅੰਕ-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, 2007 ਵਿਚ ਕੂਕਾ ਅੰਦੋਲਨ-150 ਸਾਲ, 200੮ ਵਿਚ ਪ੍ਰਥਮ ਅਸਹਿਯੋਗ ਅੰਦੋਲਨ ਅਤੇ 2009 ਵਿਚ ਗੁਰਗੱਦੀ ਦੀ ਅੱਧੀ ਸਦੀ ਜੋ ਖੋਜ ਭਰਪੂਰ ਅੰਕ ਅਤੇ ਸਾਂਭਣਯੋਗ ਦਸਤਾਵੇਜ ਹਨ ਜੋ ਵਰਤਾਮਨ ਸਮੇਂ ਵਿਚ ਚਾਨਣ ਮੁਨਾਰਾ ਹਨ ਅਤੇ ਭਵਿਖ ਵਿਚ ਖੋਜੀਆਂ ਲਈ ਰਾਹ ਦਸੇਰਾ ਸਾਬਤ ਹੋਣਗੇ। ਇਹ ਸਭ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੋ ਰਿਹਾ ਹੈ, ਇਹ ਸਤਿਗੁਰਾਂ ਦਾ ਬਹੁਤ ਵਡਾ ਉਪਕਾਰ ਹੈ ਜਿਸਦੀ ਜਿੰਨੀ ਵਡਿਆਈ ਕੀਤੀ ਜਾਵੇ ਥੋੜ੍ਹੀ ਹੈ। ਸਤਿਗੁਰੂ ਜੀ 50 ਸਾਲ ਵਿਚ ਹਰ ਖੇਤਰ ਵਿੱਚ ਬਹੁਪੱਖੀ ਉਪਕਾਰ ਸਿਖ ਪੰਥ ਤੇ ਕੀਤੇ ਹਨ ਜਿਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਅਖੀਰ ਵਿਚ ਮੈਂ ਇਹੋ ਕਹਿੰਦਾ ਹਾਂ - **ਤੇਰੀ ਉਪਮਾ ਤੋਹਿ ਬਣਿ ਆਵੇ।** ■

Namdhari Elibrary NamdhariElibrary@gmail.com

ਕੌਣ ਜਾਣੇ ਇਹਦੇ ਉਪਕਾਰਾਂ ਨੂੰ

✍ ਹਰਭਜਨ ਕੌਰ ਚਾਨਾ, ਲੰਡਨ

ਮੈਨੂੰ ਤੇਰੇ ਕੋਲੋਂ ਹੋਰ ਕੁਝ ਨਹੀਂ ਚਾਹੀਦਾ ਇਹ ਉਨ ਦੀ ਮਾਲਾ ਮੈਨੂੰ ਦੇ ਦੇ ਨਾਮਧਾਰੀਆਂ ਦੀ। ਉਹ ਰਣਜੋਧ ਸਿੰਘ ਇਹੋ ਆਖਦਾ ਰਹਿੰਦਾ ਹੈ ਮੈਂ ਆਪਣੀ ਜ਼ਿੰਦਗੀ ਦੇ ਬੀਤੇ ਛੱਬੀ ਸਤਾਈ ਸਾਲ ਐਵੇਂ ਹੀ ਗੁਆ ਲਏ। ਦੋਸਤ ਨੂੰ ਆਖਦਾ ਹੈ ਛੇਤੀ ਇੰਡੀਆ ਆ ਮੈਂ ਤੇਰੇ ਨਾਲ ਸ੍ਰੀ ਭੈਣੀ ਸਹਿਬ ਜਾਕੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹਨ।

ਇਹ ਦਾਨੀ ਅੰਨ ਦਾ ; ਅਮਨ ਦਾ ਧਨ ਦਾ; ਨਾਮ ਦਾ; ਸੰਗੀਤ ਦਾ; ਸੁਖਾਂ ਦਾ, ਭੰਡਾਰ ਹੈ ਇਹ ਰਾਖਾ ਜਗਤ ਦਾ; ਭਗਤ ਦਾ ਲੋਕ ਦਾ ਪ੍ਰਲੋਕ ਦਾ ।ਇਹ ਬੇਅੰਤ ਹੈ ਬੇਅੰਤ ਹੈ ਬੇਅੰਤ ਹੈ ਬੇਅੰਤ ਹੈ ਬੇਅੰਤ ਹੈ।

ਦੀਨ ਦਿਆਲ ਹੋ. ਪੂਰਨ ਕਿਰਪਾਲ ਹੋ, ਦਇਆ ਦਾ ਸਾਗਰ ਨਾਮ ਦੇਣਹਾਰ ਹੋ। ਗੰਗਾ ਦੀ ਸੀਤਲਾ, ਜਮਨਾ ਦੀ ਧਾਰ ਹੋ.. ਸਰਸਵਤੀ ਭੰਡਾਰ ਦਾ ਦਾਨ ਦੇਨਹਾਰ ਹੋ।

ਐਸੇ ਸਤਿਗੁਰ ਦੇ ਉਪਕਾਰ ਹਰ ਜੀਵ ਤੇ ਹਨ। ਪੰਡਤ ਗੋਪਾਲ ਸਿੰਘ ਜੀ ਆਖਿਆ ਕਰਦੇ ਸਨ ।"ਨਾ ਤਾਰੇ ਗਿਣੇ ਜਾਤ ਹੈ ਨਾ ਗੁਰ ਕਾਰੇ (ਉਪਕਾਰ) ਗਿਣੇ ਜਾਤ ਹੈ" ਸੋ ਸਤਿਗੁਰ ਹਰ ਜੀਵ ਤੇ ਉਸ ਦੀ ਭਾਵਨਾ ਅਨੁਸਾਰ ਉਪਕਾਰ ਕਰਦਾ ਹੈ। ਗੁਰਬਾਣੀ ਵਿੱਚ ਲਿਖਿਆ ਹੈ "ਘਟਿ ਘਟਿ ਕੇ ਅੰਤਰ ਕੀ ਜਾਨਤ"। ਇਸ ਤੇ ਇਕ ਵਾਰਤਾ ਸੁਣਾਂਦੇ ਹਾਂ।

ਇਕ ਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਦੌਰਾ ਇੰਗਲੈਂਡ ਹੋਇਆ ਜਦ ਕਿ ਅਸੀਂ ਇਕ (ਚਰਚ) ਵਿਚ ਨਾਮ ਸਿਮਰਨ ਕਰਦੇ ਹੁੰਦੇ ਸੀ। ਦੌਰੇ ਤੋਂ ਬਾਦ ਦਿਵਾਨ ਦੇ ਭੋਗ ਪੈਣ ਤੋ ਬਾਦ ਬੀਬੀਆਂ ਉਦਾਸ ਖਲੋਤੀਆਂ ਇਹ ਗੱਲਾਂ ਕਰ ਰਹੀਆਂ ਸਨ ਕਿ ਸਤਿਗੁਰ ਸਾਨੂੰ ਉਦਾਸੀ ਦੇ ਕੇ ਚਲੇ ਗਏ, ਉਹਨਾਂ ਵਿਚ ਮੈਂ ਵੀ ਸੀ-ਮੈਂ ਆਖਿਆ ਹੁਣ ਹੋਰ ਸੰਗਤ ਨੂੰ ਨਿਹਾਲ ਕਰਦੇ ਹੋਣਗੇ। ਇਹ ਗੱਲ ਸੁਣਕੇ ਇਕ ਸਿੱਖ, ਜਿਸ ਦਾ ਨਾਮ ਕਰਤਾਰ ਸਿੰਘ ਜੂਤਲਾ ਸੀ, ਉਹ ਹਰ ਹਫਤੇ ਸਾਧ ਸੰਗਤ ਵਿਚ ਕਾਲਾ ਕੋਟ ਪੈਂਟ ਪਾ ਕੇ ਆਉਂਦਾ ਸੀ, ਉਸ ਨੇ ਸਤਿਗੁਰੂ ਜੀ ਦੇ ਦਰਸ਼ਨ ਵੀ ਨਹੀਂ ਸਨ ਕੀਤੇ ਪਰ ਛੋਟਿਆਂ ਹੁੰਦਿਆਂ ਬਜ਼ੁਰਗਾਂ ਤੋਂ ਸੁਣਿਆ ਹੋਇਆ ਸੀ। ਇੰਗਲੈਂਡ ਆ ਕੇ ਸਭ ਕੁਝ ਭੁਲ ਬੈਠਾ। ਉਹ ਸੰਤ ਤਖਤ ਸਿੰਘ ਦੇ ਪਿੰਡ ਦਾ ਸੀ ਜਿਹੜੇ ਉਡਾਰੀਆ ਲਾ ਲੈਂਦੇ ਸਨ। ਉਹ ਚਰਚ ਦੇ ਦੂਸਰੇ ਦਰਵਾਜੇ ਤੋਂ ਬਾਹਰ ਜਾਣ ਲੱਗਾ, ਮੁੜਕੇ ਸਾਡੇ ਕੋਲ ਆ ਖਲੋਤਾ ਅਤੇ ਆਖਣ ਲੱਗਾ ਤੁਸੀਂ ਆਖਦੇ ਹੋ ਸਤਿਗੁਰੂ ਜੀ ਚਲੇ ਗਏ? ਤੁਸੀਂ ਇਹ ਨਾ ਸਮਝੋ, ਮੈਨੂੰ ਪੁਛੋ ਸਤਿਗੁਰ ਕੀ ਹੈਨ। ਬੀਬੀਆਂ ਤਾਂ ਉਸ ਦੇ ਮੂੰਹ ਵੱਲ ਵੇਖਣ ਲੱਗੀਆਂ, ਤਾਂ ਮੈਂ ਆਖਿਆ ਕਰੋ ਕਿਰਪਾ। ਉਸ ਨੇ ਦੱਸਿਆ ਮੈਂ ਏਸੇ ਦਰਵਾਜੇ ਕੋਲ ਖੜ੍ਹਾ ਸਾਂ, ਮੈਂ ਮੱਥਾ ਨਹੀਂ ਟੇਕਿਆ, ਭੀੜ ਬਹੁਤ ਸੀ ਅਤੇ ਦਿਲ ਵਿਚ ਆਈ ਕਿ ਸੁਣਿਆ ਹੈ ਸਤਿਗੁਰ ਦਿਲਾਂ ਦੀਆਂ ਜਾਣਦਾ ਹੈ। ਸਾਡੇ ਬਜ਼ੁਰਗ ਤਾਂ ਸਤਿਗੁਰੂ ਜੀ ਦੇ ਸੇਵਕ ਸਨ। ਮੈਂ ਤਾਂ ਜਾਣਾ ਜੇਕਰ ਹੁਣ ਮੇਰੇ ਕੋਲ ਆ ਕੇ ਮੇਰੇ ਮੋਢੇ ਤੇ ਹੱਥ ਰੱਖ ਕੇ ਬਜ਼ੁਰਗਾਂ ਬਾਰੇ ਪੁੱਛਣ।

ਉੱਧਰ ਜਾਣੀਜਾਣ ਦਿਲਾਂ ਦੀਆਂ ਜਾਣਦਾ ਹੈ। ਸਤਿਗੁਰੂ ਜੀ ਆਸਣ ਤੋਂ ਉੱਠ ਖਲੋਤੇ, ਬਚਨ ਕੀਤਾ, ਜਲ ਵਰਤਣਾ ਹੈ ਅਤੇ ਸਿੱਧੇ ਉਸ ਦਰਵਾਜੇ ਵੱਲ ਤੁਰ ਪਏ। ਕਰਤਾਰ ਸਿੰਘ ਦੇ ਕੋਲ ਆ ਕੇ ਮੋਢੇ ਤੇ ਹੱਥ ਰੱਖ ਕੇ ਬਚਨ ਕੀਤਾ, "ਤੂੰ ਕਿਸ ਤਰ੍ਹਾਂ ਹੈਂ, ਬਜ਼ੁਰਗ ਤਾਂ ਸਾਰੇ ਚੜ੍ਹਾਈ ਕਰ ਗਏ।" ਉਸ ਨੇ

Namdhari Elibrary NamdhariElibrary@gmail.com

ਦੱਸਿਆ ਕਿ ਇਹ ਸੁਣਕੇ ਮੈਨੂੰ ਸੁੱਧ ਹੀ ਨਾ ਰਹੀ ਕਿਉਂਕਿ ਮੈਂ ਤਾਂ ਹੋਰ ਹੀ ਭੁਲੇਖਿਆਂ ਵਿਚ ਜੀਵਨ ਗੁਆ ਬੈਠਾ ਸੀ। ਉਸ ਦਿਨ ਤੋਂ ਮੈਨੂੰ ਪਤਾ ਲੱਗਾ ਕਿ ਜੋ ਸਤਿਗੁਰ ਹੈ ਉਸ ਵਰਗਾ ਕੋਈ ਹੋਰ ਨਹੀਂ, ਉਹ ਸੱਚ ਹੀ ਦਿਲਾਂ ਦੀਆਂ ਜਾਣਦਾ ਹੈ, ਹਰ ਵੇਲੇ ਕੋਲ ਵਸਦਾ ਹੈ। ਇਹੋ ਜਿਹੀ ਪ੍ਰੀਤ ਵਿੱਚ ਉਹ ਸਤਿਗੁਰਾਂ ਦੀ ਉਡੀਕ ਕਰਦਾ ਛੇਤੀ ਹੀ ਚੜ੍ਹਾਈ ਕਰ ਗਿਆ। ਡਾਕਟਰ ਦੀ ਸਰਜਰੀ ਵਿਚ ਖੜ੍ਹਾ ਖੜ੍ਹੋਤਾ। ਉਸ ਨੂੰ ਕੋਈ ਕਸ਼ਟ ਜਾਣ ਵੇਲੇ ਨਾ ਹੋਇਆ। ਗੁਰ ਮਿਲਣੇ ਦੀ ਚਾਅ ਅੱਗੇ ਲੈ ਗਿਆ।

॥ਨਾਮ ਦੀ ਮਾਲਾ ॥

ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਕਲਜੁਗ ਤੋਂ ਬਚਾਉਣ ਲਈ ਨਾਮ ਦੀ ਮਾਲਾ ਫੜਾਈ ਤੇ ਫੜੀ। ਜਿਸ ਨਾਮ ਨੂੰ ਉਹਨਾਂ ਨੇ ਚਾਲੀ ਯੁਗ ਤਪੱਸਿਆ ਕਰਕੇ ਤਿਆਰ ਕੀਤਾ ਸੀ। ਉਹਨਾਂ ਨੇ ਨਾਮ ਦੇ ਅਧਾਰ ਤੇ ਕੌਡੇ ਵਰਗੇ ਰਾਖਸ਼ਾਂ ਨੂੰ ਵੀ ਤਾਰ ਦਿਤਾ। ਗੁਰੂ ਗੋਬਿੰਦ ਸਿੰਘ ਨੇ ਸਮੇਂ ਨੂੰ ਮੁਖ ਰਖਕੇ ਅੰਮ੍ਰਿਤ ਛਕਾ ਕੇ ਯੋਧੇ ਬਣਾ ਦਿਤੇ, ਸ਼ਸਤਰ ਵਿਦਿਆ ਨਾਲ ਮਾਹਰ ਕਰ ਦਿਤੇ ਕਿਉਂਕਿ ਉਹ ਸਮਾਂ ਹੀ ਇਹੋ ਜਿਹਾ ਸੀ ਕਿ ਜ਼ੁਲਮ ਨਾਲ ਟੱਕਰ ਇਸ ਤਰ੍ਹਾਂ ਹੀ ਲੈ ਸਕਦੇ ਸਨ। ਗੁਰੂ ਗੋਬਿੰਦ ਸਿੰਘ ਨੇ ਇਹ ਬੂਟਾ ਐਸਾ ਲਾਇਆ ਜਿਸ ਦੀਆ ਜੜ੍ਹਾਂ ਨੂੰ ਕੋਈ ਹਿਲਾ ਨਾ ਸਕਿਆ। ਜੇਕਰ ਜ਼ੁਲਮ ਨੇ ਟਾਹਣੇ ਵੀ ਕੱਟਣ ਦੀ ਕੋਸ਼ਿਸ਼ ਕੀਤੀ ਤਾਂ ਉਹ ਫਿਰ ਹਰੇ ਭਰੇ ਹੋ ਗਏ। ਸਤਿਗੁਰੂ ਰਾਮ ਸਿੰਘ ਜੀ ਨੇ ਵੀ ਸਮੇਂ ਨੂੰ ਮੁਖ ਰੱਖਕੇ ਨਾਨਕ ਨਾਮ ਵਾਲੀ ਮਾਲਾ ਫਿਰ ਹੱਥ ਫੜੀ ਅਤੇ ਫੜਾਈ। ਜਿਸ ਨਾਲ ਸਮੇਂ ਦੇ ਹੁੰਦੇ ਜ਼ੁਲਮ ਅਤੇ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਅਸੀ ਮੁਕਤ ਹੋ ਸਕੇ ਹਾਂ। ਇਹ ਇਕ ਐਸੀ ਨਿਸ਼ਾਨੀ ਹੈ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਛੁਪਾਇ ਛੁਪ ਨਹੀਂ ਸਕਦੇ ਇਸੇ ਤਰ੍ਹਾਂ ਇਹ ਸਤਿਗੁਰੂ ਜੀ ਦੀ ਮਾਲਾ ਦੱਸ ਦਿੰਦੀ ਹੈ ਕਿ ਇਹ ਨਾਨਕ ਨਾਮ ਲੇਵਾ ਸ੍ਰੀ ਸਤਿਗੁਰੂ ਜਗਜੀਤ ਜੀ ਦਾ ਸਿਖ ਹੈ। ਭਾਵੇਂ ਉਹ ਕੇਸਧਾਰੀ, ਸਹਿਜਧਾਰੀ ਜਾਂ ਨਾਮਧਾਰੀ ਕਿਉਂ ਨਾ ਹੋਵੇ। ਸਤਿਗੁਰਾਂ ਦੇ ਤਾਂ ਸਾਰੇ ਹੀ ਸਿੱਖ ਹੁੰਦੇ ਆਏ ਤੇ ਹੁਣ ਵੀ ਹਨ। ਮਾਸਟਰ ਅਮਰੀਕ ਸਿੰਘ ਦਾ ਪੋਤਰਾ ਅਮਰਿੰਦਰ ਸਿੰਘ ਏਥੇ ਇੰਗਲੈਂਡ ਅਇਆ ਹੋਇਆ ਹੈ, ਤੇ ਉਸਦੇ ਨਾਲ ਉਸ ਦਾ ਮਿਤਰ ਰਣਜੋਧ ਸਿੰਘ ਵੀ ਸਾਧ ਸੰਗਤ ਵਿਚ ਆਉਂਦਾ ਸੀ, ਜਿਸ ਨੇ ਕਿ ਕੇਸ ਨਹੀ ਸੀ ਰੱਖੇ ਹੋਏ ਪਰ ਸਤਿਗੁਰਾਂ ਤੇ ਸ਼ਰਧਾ ਰਖਦਾ ਸੀ। ਉਸ ਨੇ ਅਜੇ ਭਜਨ ਵੀ ਨਹੀਂ ਸੀ ਲਿਆ। ਪ੍ਰਯੋਗਾਂ ਸਮੇਂ ਨਿਤਨੇਮ ਸ਼ੁਰੂ ਸੀ। ਉਹ ਉਸੇ ਤਰ੍ਹਾਂ ਸਤਿਗੁਰਾਂ ਦਾ ਧਿਆਨ ਧਰ ਕੇ ਬੈਠਾ ਸੀ ਕਿ ਉਸ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਉਸ ਦੇ ਦੱਸਣ ਅਨੁਸਾਰ ਉਹ ਪ੍ਰੋਗਰਾਮ ਦੀ ਸਮਾਪਤੀ ਤੋਂ ਬਾਦ ਉਠ ਕੇ ਪੁਛਣ ਲਗਾ ਕਿ ਮੈਂ ਤਾਂ ਅਜੇ ਸਤਿਗੁਰਾਂ ਦੇ ਦਰਸ਼ਨ ਨਹੀਂ ਕੀਤੇ ਤੁਸੀਂ ਦੱਸੋ ਸਤਿਗੁਰੂ ਜੀ ਕੋਲ ਗੱਡਾ ਵੀ ਹੈ, ਉਹ ਗੱਡੇ ਤੇ ਵੀ ਬੈਠਦੇ ਹਨ। ਉਸ ਨੂੰ ਦੱਸਿਆ ਤੇ ਫੋਟੋ ਦਿਖਾਈ ਕਿ ਇਹ ਸਤਿਗੁਰੂ ਰਾਮ ਸਿੰਘ ਜੀ ਹਨ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਜਲਾਵਤਨ ਕੀਤਾ। ਤਦ ਉਹ ਪ੍ਰਦੇਸ ਜਾਣ ਸਮੇਂ ਗੱਡੇ ਤੇ ਬੈਠ ਕੇ ਗਏ ਸਨ। ਉਸ ਨੇ ਉਸੇ ਵਕਤ ਭਜਨ ਪੁਛਿਆ ਤੇ ਮਾਲਾ ਲਈ। ਕੁਝ ਦੇਰ ਬਾਦ ਉਹ ਇੰਡੀਆ ਗਿਆ ਕਰਨਾਲ, ਜਿਥੇ ਦਾ ਉਹ ਵਸਨੀਕ ਹੈ। ਉਸ ਦਾ ਟੈਲੀਫੋਨ ਉਸ ਦੇ ਦੋਸਤ ਨੂੰ ਅਇਆ ਕਿ ਮੈਨੂੰ ਮਿਲਣ ਮੇਰੇ ਨਾਨਾ ਜੀ ਆਏ, ਉਹਨਾਂ ਨੇ ਮੇਰੀ ਮਾਲਾ ਵੇਖੀ ਤੇ ਆਖਣ ਲੱਗੇ ਤੂੰ ਵਲੈਤੋਂ ਆਇਆ ਹੈਂ, ਮੈਨੂੰ ਤੇਰੇ ਕੋਲੋਂ ਹੋਰ ਕੁਝ ਨਹੀਂ ਚਾਹੀਦਾ ਇਹ ਉਨ ਦੀ ਮਾਲਾ ਮੈਨੂੰ ਦੇ ਦੇ ਨਾਮਧਾਰੀਆਂ ਦੀ। ਉਹ ਰਣਜੋਧ ਸਿੰਘ ਇਹੋ ਆਖਦਾ ਰਹਿੰਦਾ ਹੈ ਮੈਂ ਆਪਣੀ ਜ਼ਿੰਦਗੀ ਦੇ ਬੀਤੇ ਛੱਬੀ ਸਤਾਈ ਸਾਲ ਐਵੇਂ ਹੀ ਗੁਆ ਲਏ। ਦੋਸਤ ਨੂੰ ਆਖਦਾ ਹੈ ਛੇਤੀ ਇੰਡੀਆ ਆ ਮੈਂ ਤੇਰੇ ਨਾਲ ਸ੍ਰੀ ਭੈਣੀ ਸਹਿਬ ਜਾ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨੇ ਹਨ।

ਇਹ ਸੰਸਾਰ ਸਤਿਗੁਰ ਦੀ ਫੁਲਵਾੜੀ ਹੈ। ਜਿਥੇ ਹਰ ਤਰ੍ਹਾਂ ਦੀ ਮਹਿਕ ਦੇ ਫੂਲ ਬੂਟੇ ਹਨ। ਇਹਨਾਂ ਨੂੰ ਅਸੀਂ ਇਕ ਰੰਗ ਦੇ ਨਹੀ ਕਹਿ ਸਕਦੇ ਪਤਾ ਨਹੀ ਉਸ ਨੂੰ ਕਿਹੜੇ ਭਾਉਂਦੇ ਹਨ। ੧੯੯੫ ਈ; ਵਿਚ ਸ੍ਰੀ ਸਤਿਗੁਰੂ ਜੀ ਦਾ ਦੌਰਾ ਈਸਟ ਅਫਰੀਕਾ ਤਨਜ਼ਾਨੀਆ ਹੋਇਆ। ਅਸੀਂ ਵੀ ਇੰਗਲੈਂਡ ਤੋਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਗਏ ਹੋਏ ਸੀ। ਬੜਾ ਅਨੰਦ ਬਣਿਆ ਹੋਇਆ ਸੀ।

ਇਕ ਦਿਨ ਤ੍ਰਿਵੇਦੀ ਗੋਤ ਦਾ ਪੁਰਸ਼ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਤੇ ਉਸ ਨੇ ਸਤਿਗੁਰਾਂ ਦੇ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਬਚਨ ਕੀਤਾ "ਇਸ ਦਾ ਨਾਮ ਕੀ ਹੈ?" ਉਥੋਂ ਦੇ ਪ੍ਰਧਾਨ ਸਤਵੰਤ ਸਿੰਘ ਪਾਲਰੇ ਨੇ ਆਖਿਆ ਜੀ. "ਇਹ ਤ੍ਰਿਵੇਦੀ ਹੈ।" ਸਤਿਗੁਰੂ ਜੀ ਥੋੜ੍ਹੀ ਦੇਰ ਚੁਪ ਧਾਰਨ ਕਰਕੇ ਉਸ ਨਾਲ ਬਚਨ ਕੀਤਾ "ਤੁਹਾਨੂੰ ਪਤਾ ਹੈ ਜਦ ਤ੍ਰੇਤੇ ਦੇ ਭਗਵਾਨ ਰਾਮ ਚੰਦਰ ਜੀ ਬਨਵਾਸ ਗਏ ਸਨ ਅਤੇ ਉਹਨਾਂ ਦਾ ਭਰਾਤਾ ਭਰਤ ਉਹਨਾਂ ਨੂੰ ਲੈਣ ਗਿਆ ਸੀ ਉਸ ਸਮੇਂ ਉਸ ਨੂੰ ਚਾਰ ਦਿਨ ਰਾਜਧਾਨੀ ਤੋਂ ਬਾਹਰ ਰਹਿਣਾ ਪਿਆ ਤਾਂ ਉਸ ਪਿਛੋਂ ਚਾਰ ਦਿਨਾਂ ਲਈ ਅਯੁਧਿਆ ਦਾ ਰਾਜਭਾਗ ਕਿਸ ਨੇ ਸੰਭਾਲਿਆ ਸੀ। ਉਹ ਹੱਥ ਜੋੜਕੇ ਆਖਣ ਲੱਗਾ "ਸਤਿਗੁਰੂ ਜੀ ਰਾਮਾਇਣ ਤੇ ਬਹੁਤ ਵਾਰ ਸੁਣੀ ਤੇ ਪੜ੍ਹੀ ਹੈ ਪਰ ਇਸ ਬਾਰੇ ਕੋਈ ਗਿਆਨ ਨਹੀ ਹੋਇਆ"।

Namdhari Elibrary NamdhariElibrary@gmail.com

ਸਤਿਗੁਰ ਤਾ ਔਗੁਣ ਨਹੀ ਚਤਾਰ ਦਾ ਸਦਾ ਮੇਹਰ ਹੀ ਕਰਦਾ ਹੈ। ਉਹ ਖਾਲੀ ਕਿਸੇ ਸਵਾਲੀ ਨੂੰ ਮੋੜਦਾ ਨਹੀਂ ਆਸ ਕਿਸੇ ਨਿਮਾਣੇ ਦੀ ਤੋੜਦਾ ਨਹੀਂ। ਭਾਵੇਂ ਕੋਈ ਦੁਸ਼ਮਣੀ ਕਰਨ ਵਾਲਾ ਹੀ ਕਿਉਂ ਨਾ ਹੋਵੇ। ਇਸ ਦਰ ਆਏ ਤਾਂ ਖੁਸਰੋ ਵਰਗੇ ਨੂੰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਾਲੀ ਨਹੀਂ ਸੀ ਮੋੜਿਆ। ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰ ਤੋਂ ਕੋਈ ਨਿਰਾਸ ਨਹੀ ਹੁੰਦਾ ਗੁਰੂ ਦਾ ਦਰ ਹੀ ਐਸਾ ਹੈ।

ਸਤਿਗੁਰੂ ਜੀ ਬਚਨ ਕੀਤਾ "ਉਹ ਤ੍ਰਿਵੇਦੀ ਸਨ ਜੋ ਉਸ ਸਮੇਂ ਦੇ ਰਾਜ ਪਰੋਹਤ ਸਨ।" ਇਹ ਸੁਣ ਕੇ ਉਸ ਨੇ ਚਰਨਾਂ ਤੇ ਨਮਸਕਾਰ ਕੀਤੀ ਤੇ ਆਖਣ ਲੱਗਾ ਤੁਹਾਡੀਆਂ ਤੁਸੀਂ ਹੀ ਜਾਣ ਸਕਦੇ ਹੋ। ਫਿਰ ਉਸ ਨੇ ਆਪਣੇ ਭਰਾ ਕਨਕ ਨੂੰ ਲੰਡਨ ਟੈਲੀਫੋਨ ਕਰਕੇ ਦਸਿਆ ਕਿ ਸਤਿਗੁਰੂ ਜੀ ਇਸ ਤਰ੍ਹਾਂ ਬਚਨ ਕੀਤਾ ਹੈ। ਉਹ ਬੜਾ ਹੈਰਾਨ ਹੋਇਆ ਕਿ ਇਹ ਤਾਂ ਅਜ ਤਕ ਕਿਸੇ ਨੇ ਸਾਨੂੰ ਨਾ ਦੱਸਿਆ ਤੇ ਨਾ ਹੀ ਪੜ੍ਹਿਆ ਹੈ। ਜਦ ਅਸੀਂ ਤਨਜ਼ਾਨੀਆਂ ਤੋਂ ਵਾਪਸ ਆਏ ਤਾਂ ਸੰਤ ਕੁਲਦੀਪ ਸਿੰਘ ਚਾਨਾ ਆਪਣੇ ਕੰਮ ਤੇ ਵਾਪਸ ਗਏ ਬੈਂਕ ਆਫ ਬੜੌਦਾ ਵਿਚ, ਉਹ ਵੀ ਉਥੇ ਨਾਲ ਹੀ ਕੰਮ ਕਰਦਾ ਸੀ। ਉਹ ਆਪਣੇ ਭਰਾ ਦੇ ਫੋਨ ਬਾਰੇ ਦੱਸਣ ਲੱਗਾ। ਉਸ ਦੇ ਨਾਲ ਇਕ ਹੋਰ ਗੁਜਰਾਤੀ ਭਾਈ ਵੀ ਬੈਠਾ ਸੀ ਤੇ ਉਸ ਨੇ ਵੀ ਇਹ ਸਾਰੀ ਵਾਰਤਾ ਸੁਣ ਲਈ ਤੇ ਕੁਝ ਹੋਰ ਵੀ ਸਤਿਗੁਰੂ ਜੀ ਬਾਰੇ ਪੁਛਿਆ ਅਤੇ ਆਖਣ ਲੱਗੇ ਜਦ ਸਤਿਗੁਰੂ ਜੀ ਏਥੇ ਆਣ ਤਾਂ ਸਾਨੂੰ ਜ਼ਰੂਰ ਦੱਸਣਾ। ੧੯੯੨ ਈ. ਵਿਚ ਸ੍ਰੀ ਸਤਿਗੁਰੂ ਜੀ ਦਾ ਦੌਰਾ ਇੰਗਲੈਂਡ ਵਿਚ ਹੋਇਆ। ਉਹ ਦੋਨੋਂ ਕਨਕ ਤ੍ਰਿਵੇਦੀ ਅਤੇ ਸਤੀਸ਼ ਅਚਾਰੀਆ ਦੋਵੇਂ ਸਤਿਗੁਰਾਂ ਦੇ ਦਰਸ਼ਨ ਕਰਨ ਆਏ ਅਤੇ ਬੜੀ ਪ੍ਰੇਮ ਭਾਵਨਾ ਨਾਲ ਚਰਨਾਂ ਤੇ ਸੀਸ ਨਿਵਾ ਕੇ ਨਮਸਕਾਰ ਕੀਤੀ। ਦਰਸ਼ਨ ਕਰਕੇ ਨਿਹਾਲ ਹੋ ਗਏ ਅਤੇ ਭਜਨ ਪੁਛ ਲਿਆ, ਮਾਲਾ ਲੈ ਲਈਆਂ। ਉਸ ਦਿਨ ਤੋਂ ਜਦ ਵੀ ਕਿਸੇ ਤਰ੍ਹਾਂ ਦੀ ਮੁਸ਼ਕਿਲ ਸਾਹਮਣੇ ਆਉਂਦੀ ਤਾਂ ਆਖਦੇ ਚਾਨਾ ਜੀ ਸਤਿਗੁਰਾਂ ਅੱਗੇ ਅਰਦਾਸ ਕਰੋ। ਚਾਨਾ ਜੀ ਤੋਂ ਉਤਰ ਮਿਲਦਾ ਆਪੇ ਹੀ ਕਰੋ। ਅਚਾਰੀਆ ਦੀ ਲੜਕੀ ਨੇ ਡਾਕਟਰੀ ਕਰਨੀ ਸੀ ਉਸ ਨੂੰ ਘੱਟ ਨੰਬਰਾਂ ਦੇ ਕਾਰਨ ਯੂਨੀਵਰਸਟੀ ਵਿਚ ਜਗ੍ਹਾ ਮਿਲਣ ਦੀ ਉਮੀਦ ਬਹੁਤ ਘੱਟ ਸੀ ਇਸ ਲਈ ਉਹ ਬਹੁਤ ਪ੍ਰੇਸ਼ਾਨ ਸੀ। ਅਖੀਰ ਉਸ ਨੂੰ ਆਖਿਆ ਸਤਿਗੁਰੂ ਜੀ ਅਗੇ ਅਰਦਾਸ ਕਰੋ। ਉਸ ਨੇ ਸਵੇਰੇ ਉਠ ਕੇ ਪ੍ਰੇਮ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਤਾਂ ਉਸ ਦੀ ਮਨੋਕਾਮਨਾ ਪੂਰੀ ਹੋ ਗਈ। ਜਿਸ ਤਰ੍ਹਾਂ ਉਹ ਚਾਹੁੰਦਾ ਸੀ। ਹੁਣ ਉਸ ਦੀ ਲੜਕੀ ਡਾਕਟਰ ਬਣ ਗਈ ਹੈ। ਕਨਕ ਤ੍ਰਿਵੇਦੀ ਤਾਂ ਚੜ੍ਹਾਈ ਕਰ ਗਿਆ ਹੈ। ਉਹ ਤਾਂ ਆਖਰੀ ਸਮੇਂ ਵੀ ਸਤਿਗੁਰੂ ਜੀ ਦੀ ਮਾਲਾ ਹੀ ਪਾ ਕੇ ਗਿਆ। ਅਚਾਰੀਆ ਜਦ ਮਿਲਦਾ ਸਤਿਗੁਰਾਂ ਦੇ ਹੀ ਗੁਣ ਗਾਉਂਦਾ ਹੈ। ਇਕ ਦਿਨ ਮੇਰੇ ਨਾਲ ਟੈਲੀਫੋਨ ਤੇ ਗੱਲ ਹੋਈ ਤਾ ਉਸ ਨੇ ਪੁਛਿਆ ਸਤਿਗੁਰ ਜੀ ਕਦੋਂ ਆ ਰਹੇ ਹਨ? ਮੈਂ ਆਖਿਆ ਹੁਣ ਦੌਰਾ ਇਸ ਕਰਕੇ ਨਹੀ ਹੁੰਦਾ ਕਿਉਕਿ ਸਤਿਗੁਰ ਜੀ ਸਰੀਰ ਕਰਕੇ ਢਿੱਲੇ ਹਨ। ਉਤਰ ਮਿਲਿਆ ਮੈ ਤਾਂ ਇਹ ਜਾਣਦਾ ਹਾਂ ਸਤਿਗੁਰ ਦੀ ਨਾ ਕੋਈ ਉਮਰ ਦੱਸਣ ਯੋਗ ਹੁੰਦੀ ਹੈ, ਤੇ ਨਾ ਹੀ ਸਰੀਰ ਨੂੰ ਕੁਝ ਹੁੰਦਾ ਹੈ। ਉਹ ਜੋ ਚਾਹੇ ਕਰ ਸਕਦਾ ਹੈ। ਇਹ ਤਾਂ ਉਸ ਦੀ ਲੀਲ੍ਹਾ ਹੁੰਦੀ ਹੈ ਜੋ ਉਹ ਸ਼ੁਰੂ ਤੋਂ ਕਰਦਾ ਆਇਆ ਹੈ ਅਤੇ ਕਰਦਾ ਹੈ। ਸਤਿਗੁਰੂ ਨੂੰ ਜਿਹੋ ਜਿਹਾ ਕਰ ਕੋਈ ਜਾਣਦਾ ਹੈ ਉਹ ਉਸ ਨੂੰ ਉਸੇ ਤਰ੍ਹਾਂ ਦਾ ਹੀ ਬਣਕੇ ਵਿਖਾਂਦਾ ਹੈ।

ਇਸ ਤੇ ਇਕ ਹੋਰ ਗੱਲ ਯਾਦ ਆਈ ਕਿ ਕਿਵੇਂ ਸਤਿਗੁਰ ਸਭ ਦਾ ਹੈ। ਉਸ ਨੂੰ ਕੋਈ ਪਿਆਰ ਕਰੇ ਜਾਂ ਨਾ ਪਰ ਉਹ ਮੇਹਰਾਂ ਦੇ ਦਰਵਾਜੇ ਸਭ ਲਈ ਖੋਲ੍ਹ ਕੇ ਰਖਦਾ ਹੈ। ਬੰਦੇ ਨੂੰ ਗੁੱਸਾ ਆ ਜਾਂਦਾ ਹੈ ਕਿ ਇਸ ਨੇ ਮੇਰੀ ਕਦਰ ਨਹੀ ਕੀਤੀ ਪਰ ਰੱਬ ਨੇ ਕਦੀ ਇਹ ਇਤਰਾਜ਼ ਨਹੀ ਕੀਤਾ। ਇਸ ਬਾਰੇ ਮੈ ਦੱਸਦੀ ਹਾਂ ਇਕ ਵਾਰ ਮੈ ਦੰਦਾਂ ਦੇ ਡਾਕਟਰ ਕੋਲ ਗਈ ਕੁਝ ਦਾਹੜਾਂ ਦੀ ਤਕਲੀਫ ਸੀ। ਉਥੇ ਅਫਗਾਨਿਸਤਾਨ ਤੋਂ ਆਇਆ ਇੱਕ ਸਿੱਖ ਤੇ ਨਾਲ ਉਸ ਦੇ ਘਰਵਾਲੀ ਅਤੇ ਇਕ ਉਹਨਾਂ ਦਾ ਬੇਟਾ ਪੰਜ ਕੁ ਸਾਲ ਦਾ ਸੀ। ਚਾਨਾ ਜੀ ਨੇ ਉਸ ਬੱਚੇ ਨੂੰ ਬੁਲਾਇਆ ਤਾਂ ਉਹ ਸਿਖ ਆਖਣ ਲੱਗਾ ਜੀ ਇਸ ਨੂੰ ਨਾ ਸੁਣਦਾ ਹੈ ਤੇ ਨਾ ਹੀ ਇਹ ਬੋਲ ਸਕਦਾ ਹੈ ਇਹ ਸੁਣ ਕੇ ਬੜਾ ਦੁਖ ਲੱਗਾ। ਜਦ ਮੈਂ ਦੰਦ ਠੀਕ ਕਰਾ ਕੇ ਬਾਹਰ ਆਈ ਤਾ ਮੈਨੂੰ ਇਹ ਸਭ ਦੱਸਿਆ ਤੇ ਅਖਿਆ ਇਸ ਲਈ ਕੁਝ ਕਰੋ। ਉਸ ਵਕਤ ਮੈਂ ਬੋਲ ਨਹੀ ਸੀ ਸਕਦੀ ਫਿਰ ਵੀ ਇਸ਼ਾਰੇ ਨਾਲ ਆਖਿਆ ਇਹ ਸਾਧ ਸੰਗਤ ਵਿਚ ਸ਼ਨੀਵਾਰ ਨੂੰ ਆਣ। ਉਹ ਦੁਖੀ ਸਨ ਇਸ ਲਈ ਉਹ ਪਤਾ ਕਰਕੇ ਸਾਧ ਸੰਗਤ ਵਿਚ ਆਏ ਅਤੇ ਆ ਕੇ ਬੜੇ ਪਿਆਰ ਨਾਲ ਮਿਲੇ। ਉਹਨਾਂ ਨੂੰ ਪੁਛਿਆ ਤੁਹਾਡਾ ਖਾਣ ਪੀਣ ਕਿਸ ਤਰ੍ਹਾਂ ਦਾ ਹੈ। ਉਹਨਾ ਸੱਚ ਸੱਚ ਦੱਸ ਦਿੱਤਾ ਅਸੀ ਤਾਂ ਮੀਟ ਖਾ ਲੈਂਦੇ ਹਾਂ। ਮੈਂ ਆਖਿਆ ਤੁਸੀ ਛਡ ਦਿਉ। ਉਤਰ ਮਿਲਿਆ ਕੋਸ਼ਿਸ਼ ਕਰਾਂਗੇ ਪਰ ਸਾਡਾ ਇਹ ਬੱਚਾ ਤਾਂ ਹੱਥ ਹੀ ਨਹੀ ਲਾਉਂਦਾ ਬਹੁਤ ਤੰਗ ਕਰਦਾ ਹੈ। ਮੈਂ ਕਿਹਾ ਚਲੋ ਤਕਲੀਫ ਵੀ ਇਸ ਨੂੰ ਹੈ ਤੁਸੀਂ ਇਸ ਨੂੰ ਇਸ ਚੀਜ਼ ਤੋਂ ਦੂਰ ਹੀ ਰਖਣਾ ਤੇ ਆਪ ਵੀ ਬਚਣਾ। ਸਤਿਗੁਰਾਂ ਦੇ ਹੁਕਮ

Namdhari Elibrary NamdhariElibrary@gmail.com

ਅਨੁਸਾਰ ਇਸ ਨੂੰ ਭਜਨ ਦੇ ਦਿੰਦੀ ਹਾਂ, ਅੱਗੇ ਜੋ ਸਤਿਗੁਰ ਨੂੰ ਭਾਵੇ ਇਹ ਬੋਲ ਨਹੀਂ ਸਕਦਾ ਸੁਣ ਨਹੀ ਸਕਦਾ ਪਰ ਤੁਸੀਂ ਹਰ ਰੋਜ਼ ਇਹ ਮਾਲਾ ਦੇ ਕੇ ਸਵੇਰੇ ਇਸ ਨੂੰ ਮੰਜੇ ਤੇ ਬਿਠਾ ਦਿਆ ਕਰੋ ਪੰਜ ਸੱਤ ਮਿੰਟ ਲਈ ਭਾਵੇਂ ਇਹ ਇਸ ਨਾਲ ਖੇਡੇ ਪਰ ਤੁਸੀਂ ਇਹ ਕਰਨਾ ਨਾ ਭੁਲਿਉ ਤੁਸੀ ਗੁਰੂ ਘਰ ਆਏ ਹੋ, ਸਤਿਗੁਰ ਇਸ ਤੇ ਆਪ ਹੀ ਕਿਰਪਾ ਕਰਨਗੇ। ਉਹ ਮਾਲਾ ਲੈ ਕੇ ਚਲੇ ਗਏ ਤੇ ਦੂਸਰੇ ਹਫਤੇ ਫਿਰ ਆਏ ਅਤੇ ਆਉਂਦੇ ਹੀ ਸਤਿਗੁਰੂ ਜੀ ਦੀਆਂ ਸਿਫਤਾਂ ਕਰਨ ਲੱਗ ਪਏ ਕਿ ਇਹ ਸਤਿਗੁਰਾਂ ਦੀ ਮਾਲਾ ਵਿਚ ਕਿੰਨੀ ਸ਼ਕਤੀ ਹੈ। ਸਾਡਾ ਬੇਟਾ ਆਹ ਉਹ ਕਰਕੇ ਬੋਲਣ ਦੀ ਕੋਸ਼ਿਸ਼ ਕਰਨ ਲਗ ਪਿਆ ਤੇ ਸੁਣਨ ਦੀ ਵੀ ਕੋਸ਼ਿਸ ਕਰਦਾ ਹੈ। ਆਪਣੇ ਸਤਿਗੁਰ ਦੀ ਸੋਭਾ ਸੁਣਕੇ ਕਿਸ ਨੂੰ ਖੁਸ਼ੀ ਨਹੀ ਹੁੰਦੀ। ਅਸੀ ਸਾਰੇ ਬੜਾ ਖੁਸ਼ ਹੋਏ। ਉਹ ਹਰ ਹਫਤੇ ਬੱਚੇ ਨੂੰ ਲੈ ਕੇ ਸਾਧ ਸੰਗਤ ਵਿਚ ਆਉਂਦੇ ਰਹੇ ਅਤੇ ਉਹਨਾਂ ਪ੍ਰਸ਼ਾਦ ਵੀ ਕਰਾਇਆ। ਬੱਚਾ ਦਿਨ ਪਰ ਦਿਨ ਠੀਕ ਹੋਣਾ ਸ਼ੁਰੂ ਹੋ ਗਿਆ। ਕੁਝ ਦੇਰ ਬਾਦ ਆਖਣ ਲੱਗੇ ਬੇਟਾ ਤਾਂ ਹੁਣ ਠੀਕ ਹੈ ਪਰ ਸਾਡਾ ਖਾਣ ਪੀਣ ਛਡਣਾ ਮੁਸ਼ਕਿਲ ਹੈ ਕਿਉਂਕਿ ਸਾਡੇ ਸਾਰੇ ਹੀ ਖਾਂਦੇ ਹਨ ਤੇ ਸਾਰੇ ਹੀ ਇਸ ਤੇ ਨਰਾਜ਼ ਹਨ ਇਸ ਲਈ ਅਸੀ ਇਹ ਪਾਪ ਨਹੀਂ ਕਰਨਾ ਚਾਹੁੰਦੇ ਕਿ ਵਾਅਦਾ ਕਰਕੇ ਨਾ ਨਿਭਾਈਏ । ਸੋ ਤੁਸੀਂ ਆਪਣਾ ਸਿਮਰਨ ਇਸ ਤੋਂ ਵਾਪਸ ਲੈ ਲਵੋ। ਮੈਂ ਕਿਹਾ ਇਹ ਸਿਮਰਨ ਤੇ ਜਿਥੇ ਅੰਦਰ ਚਲਾ ਗਿਆ ਇਹ ਤਾਂ ਉਗੇਗਾ ਅਜ ਨਹੀਂ ਤਾਂ ਕਲ੍ਹ ਸਹੀ ਇਹ ਆਪਣਾ ਰੰਗ ਜ਼ਰੂਰ ਵਿਖਾਵੇਗਾ ।ਇਹ ਤੁਹਾਡੇ ਬੇਟੇ ਦੇ ਭਾਗ ਜਾਗੇ ਹਨ ਇਸ ਨੂੰ ਇਸੇ ਤਰ੍ਹਾਂ ਰਹਿਣ ਦਿਉ। ਉਹਨਾਂ ਦੇ ਦੂਸਰਾ ਬੱਚਾ ਆਉਣ ਵਾਲਾ ਸੀ ਇਸ ਲਈ ਹਾਲੇ ਮੁੜ ਸੰਗਤ ਵਿਚ ਆਏ ਨਹੀਂ। ਸਤਿਗੁਰ ਤਾਂ ਔਗੁਣ ਨਹੀਂ ਚਤਾਰਦਾ ਸਦਾ ਮੇਹਰ ਹੀ ਕਰਦਾ ਹੈ। ਉਹ ਖਾਲੀ ਕਿਸੇ ਸਵਾਲੀ ਨੂੰ ਮੋੜਦਾ ਨਹੀਂ ਆਸ ਕਿਸੇ ਨਿਮਾਣੇ ਦੀ ਤੋੜਦਾ ਨਹੀਂ। ਭਾਵੇਂ ਕੋਈ ਦੁਸ਼ਮਣੀ ਕਰਨ ਵਾਲਾ ਹੀ ਕਿਉਂ ਨਾ ਹੋਵੇ। ਇਸ ਦਰ ਆਏ ਤਾਂ ਖੁਸਰੋ ਵਰਗੇ ਨੂੰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖਾਲੀ ਨਹੀਂ ਸੀ ਮੋੜਿਆ। ਏਸੇ ਤਰ੍ਹਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰ ਤੋਂ ਕੋਈ ਨਿਰਾਸ ਨਹੀਂ ਹੁੰਦਾ ਗੁਰੂ ਦਾ ਦਰ ਹੀ ਐਸਾ ਹੈ। ਇਸ ਤਰ੍ਹਾਂ ਦੇ ਤਾਂ ਹੋਰ ਬਹੁਤ ਸਤਿਗੁਰ ਦੇ ਕੌਤਕ ਹਨ। ■

ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ

✍ ਬੇਅੰਤ ਸਿੰਘ ਵੜੈਚ

ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ ਤੂੰ ਸੋਹਣਾ ਹੈ ਸਰਦਾਰ ਗੁਰੂ।
ਜੋ ਦਰ ਆਉਂਦੇ ਸੋ ਤਰ ਜਾਂਦੇ ਤੂੰ ਸਭਨੂੰ ਦੇਵੇਂ ਤਾਰ ਗੁਰੂ।
ਉਹ ਖਾਲੀ ਕਦੇ ਨਹੀਂ ਮੁੜ ਸਕਦਾ ਜੋ ਦਰ ਤੇਰੇ ਤੇ ਆਉਂਦਾ ਏ।
ਸਭ ਕਾਰਜ ਉਸਦੇ ਪੂਰੇ ਨੇ ਮੂੰਹ ਮੰਗੀਆਂ ਮੁਰਾਦਾਂ ਪਾਉਂਦਾ ਹੈ।
ਤੇਰੇ ਦਰ ਤੇ ਮੇਲੇ ਲਗਦੇ ਨੇ ਇਥੇ ਰਹਿੰਦੀ ਸਦਾ ਬਹਾਰ ਗੁਰੂ।
ਕਈ ਲੋੜਵੰਦਾਂ ਨੂੰ ਪੁੱਤ ਦੇਵੇਂ ਭੈਣਾਂ ਨੂੰ ਪਿਆਰੇ ਵੀਰ ਦੇਵੇਂ।
ਭੁੱਖੇ ਨੂੰ ਰੋਟੀ ਤੂੰ ਦੇਵੇਂ ਪਿਆਸੇ ਨੂੰ ਦਾਤਾ ਨੀਰ ਦੇਵੇਂ।
ਕਈ ਡੁਬਦੇ ਪੱਥਰ ਤਾਰ ਦਿਤੇ ਮੈਨੂੰ ਵੀ ਆ ਕੇ ਤਾਰ ਗੁਰੂ।
ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ ਤੂੰ ਸੋਹਣਾ ਹੈ ਸਰਦਾਰ ਗੁਰੂ।

ਕਈ ਪਾਪੀ ਸਤਿਗੁਰੂ ਤੂੰ ਤਾਰੇ, ਤੇ ਤਾਰ ਸਭੇ ਇਨਸਾਨ ਦੇਵੇਂ।
ਰਾਖੀ ਕਰੇਂ ਗਊ ਗਰੀਬਾਂ ਦੀ ਨਿਮਾਣੇ ਨੂੰ ਦਾਤਾ ਮਾਨ ਦੇਵੇਂ।
ਮੈਂ ਸਦਕੇ ਜਾਵਾਂ ਤੇਰੇ ਤੋਂ ਤੇਰੇ ਤੋਂ ਜਾਵਾਂ ਬਲਿਹਾਰ ਗੁਰੂ।
ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ ਤੂੰ ਸੋਹਣਾ ਹੈ ਸਰਦਾਰ ਗੁਰੂ।

ਕਈ ਉਜੜੇ ਪੁਜੜੇ ਲੋਕਾਂ ਦੇ ਤੂੰ ਦਾਤਾ ਘਰ ਵਸਾਏ ਨੇ।
ਜਸ ਕਰਦੇ ਘਰ ਉਹ ਜਾਂਦੇ ਨੇ ਜੋ ਦਰ ਤੇਰੇ ਤੇ ਆਏ ਨੇ।
ਤੂੰ ਤੀਨ ਲੋਕਾਂ ਦਾ ਹੈਂ ਵਾਲੀ ਤੇ ਨਾਮ ਤੇਰਾ ਕੁਲਤਾਰ ਗੁਰੂ।
ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ ਤੂੰ ਸੋਹਣਾ ਹੈ ਸਰਦਾਰ ਗੁਰੂ।

ਨਾ ਸਿਫਤ 'ਵੜੈਚ' ਤੇਰੀ ਕਰ ਸਕਦਾ ਨਾ ਕਹਿਣ ਸੁਣਨ ਦੀ ਗੱਲ ਰੱਤੀ।
ਜੋ ਬਚਨ ਕੀਤੇ ਜਗਜੀਤ ਗੁਰੂ ਗੱਲ ਪੂਰੀ ਹੁੰਦੀ ਹਰ ਪਲ ਗੁਰੂ।
ਤੂੰ ਸਰਬ ਕਲਾ ਸੰਪੂਰਨ ਹੈਂ ਤੇ ਸਿਫਤਾਂ ਦਾ ਭੰਡਾਰ ਗੁਰੂ।
ਤੇਰਾ ਦਰ ਸੋਹਣਾ ਤੇਰਾ ਘਰ ਸੋਹਣਾ ਤੂੰ ਸੋਹਣਾ ਹੈ ਸਰਦਾਰ ਗੁਰੂ।

Namdhari Elibrary NamdhariElibrary@gmail.com

ਏਕ ਏਕ ਜਿਹਬਾ ਭਣੇ ਗੁਣ ਜਗਦੀਸ਼ ਕੇ

✍ ਸਵਿੰਦਰ ਸਿੰਘ ਨਾਮਧਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 50 ਸਾਲਾਂ ਦੇ ਗੁਰਗੱਦੀ ਦਿਵਸ ਦੇ ਕਾਰਜ ਦੀਆਂ ਕਾਇਆ-ਕਲਪ ਰੂਪੀ ਘਟਨਾਵਾਂ ਤਾਂ ਲਿਖਣ ਤੋਂ ਬਾਹਰ ਹਨ। ਉਹ ਤਾਂ ਵਿਲੱਖਣ ਹਨ। ਕਿਸੇ ਵੀ ਗੁਰਸਿਖ ਨੂੰ ਛੋਹ ਕੇ ਵੇਖ ਲਵੋ ਉਸ ਅੰਦਰੋਂ ਫੁਹਾਰੇ ਫੁੱਟਦੇ ਨਜ਼ਰ ਆਉਣਗੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੇਅੰਤ ਮਿਹਰਾਂ ਅਤੇ ਬਖਸ਼ਿਸ਼ਾਂ ਦੇ ਭੰਡਾਰ ਹਨ।

- ਸਤਿਗੁਰੁ ਵਡਾ ਕਰਿ ਸਾਲਾਹੀਐ
ਜਿਸੁ ਵਿਚਿ ਵਡੀਆ ਵਡਿਆਈਆ।।
- ਕਰਿ ਹੁਕਮ ਮਸਤਕਿ ਹਥੁ ਧਰਿ
ਵਿਚਹੁ ਮਾਰਿ ਕਢੀਆ ਬੁਰਿਆਈਆ।।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ 50 ਸਾਲਾਂ ਦੇ ਗੁਰਗੱਦੀ ਦਿਵਸ ਦੇ ਕਾਰਜ ਦੀਆਂ ਕਾਇਆ-ਕਲਪ ਰੂਪੀ ਘਟਨਾਵਾਂ ਤਾਂ ਲਿਖਣ ਤੋਂ ਬਾਹਰ ਹਨ। ਉਹ ਤਾਂ ਵਿਲੱਖਣ ਹਨ। ਕਿਸੇ ਵੀ ਗੁਰਸਿਖ ਨੂੰ ਛੋਹ ਕੇ ਵੇਖ ਲਵੋ ਉਸ ਅੰਦਰੋਂ ਫੁਹਾਰੇ ਫੁੱਟਦੇ ਨਜ਼ਰ ਆਉਣਗੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬੇਅੰਤ ਮਿਹਰਾਂ ਅਤੇ ਬਖਸ਼ਿਸ਼ਾਂ ਦੇ ਭੰਡਾਰ ਹਨ। ਜਿਹਨਾਂ ਦਾ ਕੋਈ ਪਾਰਾਵਾਰ ਨਹੀਂ ਜਿਵੇਂ - ਪ੍ਰਭ ਕੋ ਜਸ ਹੈ ਸਿੰਧ ਮਹਾਨੇ॥ ਮੀਨ ਦੀਨ ਮਤਿ ਕਿਆ ਗਤਿ ਜਾਨੇ॥

ਪਿਆਰ ਧੀਰਜ ਅਤੇ ਨਿਮਰਤਾ ਦੇ ਮਾਲਕ, ਗਹਿਰ, ਗੰਭੀਰ, ਗੁਣੀ ਨਿਧਾਨ ਸ੍ਰੀ ਸਤਿਗੁਰੂ ਜੀ।

ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ਾਂ ਵਿੱਚ ਫੁਰਮਾਇਆ ਹੈ ਕਿ ਭਜਨ ਬੰਦਗੀ ਅਤੇ ਤਪ ਸਾਧਨਾ ਨਾਲ ਮਨ ਨਿਰਮਲ ਹੁੰਦਾ ਹੈ। ਨਾਮ ਸਿਮਰਨ ਨਾਲ ਦੂਈ ਦ੍ਵੈਖ ਭਾਵ ਸਮਾਪਤ ਹੋ ਜਾਂਦਾ ਹੈ, ਸਾਰੀ ਮਨੁੱਖਤਾ ਆਪਣੀ ਲਗਦੀ ਹੈ। ਸਰਲਤਾ, ਧੀਰਜਵਾਨ, ਸਾਦਗੀ, ਸੁਹਿਰਦਤਾ ਦੇ ਸਰੂਪ ਹਨ - ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ। ਜਿਹੜੇ ਹਰ ਗੁਰਸਿਖ ਨੂੰ ਉਚੀਆਂ ਕਦਰਾਂ ਕੀਮਤਾਂ, ਦਇਆ, ਹਮਦਰਦੀ, ਨਿਮਰਤਾ, ਪਿਆਰ, ਮਿੱਠਤ, ਅਹਿੰਸਾ ਅਤੇ ਗੁਰ ਮਰਯਾਦਾ ਅਨੁਸਾਰ ਸ਼ੁਧਤਾ ਭਰਪੂਰ ਜੀਵਨ ਜਿਊਣ ਦਾ ਮਾਰਗ ਦਰਸ਼ਨ ਕਰਦੇ ਹੀ ਰਹਿੰਦੇ ਹਨ।

ਸਤਿਗੁਰੂ ਜੀ ਨੇ ਸਾਰੇ ਸੰਸਾਰ ਦੇ ਜੀਆਂ ਨੂੰ ਅਕਾਲ ਪੁਰਖ ਨਾਲ ਇਕਮਿਕ ਹੋਣ ਦੇ ਰਸਤੇ ਤੇ ਤੋਰਿਆ ਹੈ। ਸਭਨਾਂ ਨੂੰ ਸਾਂਝਾ ਉਪਦੇਸ਼ ਦਿਤਾ ਹੈ।

ਆਪ ਜੀ ਦਾ ਉਪਦੇਸ਼ ਹੈ ਕਿ- ਹਰ ਇਕ ਵਾਸਤੇ ਬਖਸ਼ਸ਼ ਮੰਗੋ, ਕਿਸੇ ਤੋਂ ਨਫਰਤ ਨਾ ਕਰੋ, ਕਦੇ ਕਿਸੇ ਦਾ ਬੁਰਾ ਨਾ ਮੰਗੋ। ਜੀਵ ਦਿਨ ਰਾਤ ਮਾਇਆ ਪਿਛੇ ਭੱਜਿਆ ਫਿਰਦਾ ਹੈ। ਜਿਹੜੀ ਚੀਜ਼ ਕਿਸੇ ਨੂੰ ਮਿਲਣੀ ਹੈ, ਉਸ ਨੂੰ ਕੋਈ ਰੋਕ ਨਹੀਂ ਸਕਦਾ ਤੇ ਜਿਹੜੀ ਨਹੀਂ ਮਿਲਣੀ, ਉਹ ਦਿਨ ਰਾਤ ਭੱਜਿਆਂ ਵੀ ਨਹੀਂ ਮਿਲਣੀ। ਜਦੋਂ ਪੈਸੇ ਚਾਰ ਆਦਮੀ ਕੋਲ ਹੋ ਜਾਣ ਫਿਰ ਉਹ ਗਲਤ ਪਾਸੇ ਤੁਰਦਾ ਹੈ ਤੇ ਪੈਸੇ ਘਟਣੇ ਸ਼ੁਰੂ ਹੋ ਜਾਂਦੇ ਨੇ। ਇਸੇ ਤਰ੍ਹਾਂ ਜਦੋਂ ਸੋਭਾ ਚੰਗੀ ਹੋ ਜਾਏ ਤੇ ਹੰਕਾਰ ਹੋਣ ਕਾਰਨ ਆਦਮੀ ਗਲਤ ਪਾਸੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਗੁਰੂ ਘਰ ਦਾ ਹੀ ਧਨ ਪਦਾਰਥ ਹੜੱਪਣ ਲੱਗ ਜਾਂਦਾ ਹੈ। ਗੁਰੂ ਘਰ ਦਾ ਧਨ ਪਦਾਰਥ ਖਾਣ ਨਾਲ ਤਾਂ ਮੱਤ ਮਾਰੀ ਵੀ ਜਾਂਦੀ ਹੈ। ਗੁਰਬਾਣੀ ਵਿਚ ਅਜਿਹੇ ਮਾਇਆ ਧਾਰੀਆਂ ਬਾਰੇ

Namdhari Elibrary NamdhariElibrary@gmail.com

ਲਿਖਿਆ ਹੈ ਕਿ-

ਮਾਇਆਧਾਰੀ ਅਤਿ ਅੰਨਾ ਬੋਲਾ॥

ਸਤਿਗੁਰੂ ਜੀ ਫਰਮਾਇਆ ਕਰਦੇ ਹਨ ਕਿ ਇਹ ਕੋਸ਼ਿਸ਼ ਕਰੋ ਕਿ ਅਸੀਂ ਮਾਇਆ ਦੇ ਪਿਛੇ ਲੱਗਣ ਵਾਲੇ ਨਾ ਬਣੀਏ। ਜਿਹੜੇ ਮਾਇਆ ਦੇ ਵਿੱਚ ਬੱਝੇ ਨੇ ਉਹ ਸਾਕਤ ਨੇ। ਸਤਿਗੁਰੂ ਵਾਲੇ ਪਾਸੇ ਮੂੰਹ ਰੱਖਣ ਨਾਲ ਮਾਇਆ ਪ੍ਰਭਾਵ ਨਹੀਂ ਪਾ ਸਕਦੀ।

ਸਤਿਗੁਰੂ ਜੀ ਪਵਿਤਰ ਉਪਦੇਸ਼ਾਂ ਵਿਚ ਕਿਹਾ ਕਰਦੇ ਨੇ ਕਿ ਸਭ ਤੋਂ ਵੱਡੀ ਜਾਇਦਾਦ ਸਾਡੀ ਸਿੱਖੀ ਹੈ। ਉਹ ਕਿਸੇ ਮੁੱਲ ਨਹੀਂ ਮਿਲਦੀ। ਉਹਨੂੰ ਕੋਈ ਸੋਨੇ ਤੋਂ ਨਹੀਂ ਖਰੀਦ ਸਕਦਾ। ਕੋਈ ਵੋਟਾਂ ਨਾਲ ਨਹੀਂ ਖਰੀਦ ਸਕਦਾ। ਉਹ ਸਿਰਫ ਸਤਿਗੁਰਾਂ ਦੇ ਚਰਨਾਂ ਨਾਲ ਪਿਆਰ ਲਾਇਆਂ ਹੀ ਖਰੀਦੀ ਜਾ ਸਕਦੀ ਹੈ।

ਮੈਂ ਆਪਣੇ ਸਤਿਗੁਰੂ ਜੀ ਨੂੰ ਕਿਹੜੀ ਜ਼ੁਬਾਨ ਨਾਲ ਸਲਾਹਾਂ। ਕਿਵੇਂ ਮੈਂ ਉਹਨਾਂ ਦੇ ਗੁਣਾਂ ਨੂੰ ਬਿਆਨ ਕਰਾਂ - ਕਿਹੜੇ ਕਿਹੜੇ ਗੁਣ ਗਿਣਾਂ। ਉਹ ਤਾਂ ਧਾਰਮਿਕ, ਰਾਜਨੀਤਕ, ਸਾਹਿਤਕਾਰ, ਸੰਗੀਤਕਾਰ ਅਤੇ ਸਮਾਜ ਸੁਧਾਰਕ ਮੁਖੀਆਂ ਤੇ ਪ੍ਰੇਮੀਆਂ ਨੂੰ ਖੁਲ੍ਹ ਕੇ ਪਿਆਰ ਦੀਆਂ ਦਾਤਾਂ ਵੰਡ ਰਹੇ ਹਨ। ਉਹਨਾਂ ਦਾ ਪੰਜਾਬੀ ਪ੍ਰਤੀ ਪਿਆਰ ਦੇਸ਼ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਵਿੱਚ ਸ਼ਿਰਕਤ, ਦੁਨੀਆਂ ਭਰ ਵਿਚ ਅਮਨ ਸ਼ਾਂਤੀ ਲਈ ਸਾਂਝੇ ਯਤਨ, ਸ਼ਾਕਾਹਾਰੀ ਸੰਮੇਲਨ, ਰੋਗੀਆਂ ਲਈ ਇਲਾਜ, ਗਰੀਬ ਬੱਚਿਆਂ ਦੀਆਂ ਸਕੂਲੀ ਤੇ ਉਚੇਰੀ ਪੜ੍ਹਾਈ ਦਾ ਪ੍ਰਬੰਧ, ਖੇਡਾਂ ਪ੍ਰਤੀ ਉਤਸ਼ਾਹਿਤ ਉਪਰਾਲੇ ਜਿਸ ਕਾਰਨ ਹਾਕੀ ਦਾ ਮਿਆਰ ਉਚਾ ਹੋਇਆ, ਵਿਦਵਾਨਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ, ਨੌਜਵਾਨਾਂ ਨੂੰ ਵਿਦਿਅਕ ਜਥੇ ਦੇ ਰੂਪ ਵਿਚ ਇਕੱਤਰ ਕਰਨਾ, ਨਾਲੇ ਲੜਕੀਆਂ ਨੂੰ ਜਥੇਬੰਦਕ ਬਣਾਉਣਾ, ਦਾਜ ਦਹੇਜ ਦੀ ਲਾਹਨਤ ਨੂੰ ਜੜ੍ਹੋਂ ਖਤਮ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ। ਸੰਗੀਤ ਬਾਰੇ ਕੀ ਕਹਿਣਾ ਹੈ ਉਹ ਤਾਂ ਹੈ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ, ਦੇਸ ਪ੍ਰਦੇਸ ਵਿੱਚ ਬੱਚਿਆਂ ਲਈ ਸੰਗੀਤ ਸਿਖਿਆ ਲਈ ਸਾਧਨ ਮੁਹੱਈਆ ਕੀਤੇ ਹੋਏ ਹਨ। ਸਤਿਗੁਰੂ ਜੀ ਨੇ ਪਹਿਲੇ ਸਤਿਗੁਰੂ ਸਾਹਿਬਾਨਾਂ ਵਾਂਗ ਹੀ ਗੁਰਸਿਖੀ ਨੂੰ ਪ੍ਰਫੁਲਤ ਕਰਨ ਅਤੇ ਕੁਲ ਲੋਕਾਈ ਦੇ ਭਲੇ ਲਈ ਹਰ ਪਹਿਲੂ ਤੇ ਪਹਿਰਾ ਦਿਤਾ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ 24 ਜੁਲਾਈ 1990 ਨੂੰ ਪ੍ਰਸਿੱਧ ਦੇਸ਼ ਭਗਤ, ਗਾਂਧੀਵਾਦੀ ਪੰਡਿਤ ਸੁੰਦਰ ਲਾਲ ਨੇ ਕਿਹਾ ਸੀ ਕਿ-

ਸਤਿਗੁਰੂ ਜਗਜੀਤ ਸਿੰਘ ਜੀ ਭਾਰਤ ਦੇ ਉਂਗਲੀਆਂ ਤੇ ਗਿਣੇ ਜਾਂਦੇ ਮਹਾਨ ਵਿਅਕਤੀਆਂ 'ਚੋਂ ਇੱਕ ਹਨ। ਮੇਰੇ ਹੀ ਨਹੀਂ ਸਗੋਂ ਸਾਰੇ ਹਿੰਦੁਸਤਾਨ ਤੇ ਫਿਰ ਮਾਨਵ ਜਾਤੀ ਦੇ ਰਹਿਨੁਮਾ ਹਨ।

27 ਮਾਰਚ 1981 ਨੂੰ ਦਿੱਲੀ ਦੇ ਵਿਗਿਆਨ ਭਵਨ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ ਉਸ ਵੇਲੇ ਦੇ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੇ ਆਖਿਆ ਸੀ ਕਿ - ਮੈਂ ਸਤਿਗੁਰੂ ਜੀ ਦੀ ਅਭਾਰੀ ਹਾਂ। ਕਠਿਨਾਈ ਸਮੇਂ ਇਹਨਾਂ ਨੇ ਮੇਰਾ ਸਾਥ ਦਿਤਾ। ਉਸ ਵੇਲੇ ਹੱਥ ਜੋੜ ਪ੍ਰਧਾਨ ਮੰਤਰੀ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ - ਸਤਿਗੁਰੂ ਜੀ ਭਾਰਤ ਦੇ ਲੋਕਾਂ ਵਾਸਤੇ ਆਪ ਜੀ ਦੀਆਂ ਦੁਆਵਾਂ ਅਤੇ ਅਸ਼ੀਰਵਾਦ ਮੰਗਣ ਲਈ ਇਥੇ ਆਈ ਹਾਂ।

ਪ੍ਰੋ. ਕ੍ਰਿਪਾਲ ਸਿੰਘ ਕਸੇਲ 'ਸਾਹਿਤ ਤੇ ਕਲਾ ਦੇ ਸਰਪ੍ਰਸਤ' ਸਿਰਲੇਖ ਹੇਠ ਲਿਖਦੇ ਹਨ - ਆਪ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 1959 ਈ. ਵਿਚ ਜੋਤੀ ਜੋਤ ਸਮਾਉਣ ਪਿਛੋਂ ਗੁਰਗੱਦੀ ਤੇ ਬਿਰਾਜਮਾਨ ਹੋਏ। ਆਪ ਜੀ ਨੇ ਸੰਗੀਤ, ਕਲਾ, ਸਾਹਿਤ ਦੀ ਸੰਭਾਲ, ਸੁਰੱਖਿਆ ਤੇ ਸਰਪ੍ਰਸਤੀ ਦੇ ਖੇਤਰ ਵਿੱਚ ਇਤਨਾ ਵੱਡਾ ਯੋਗਦਾਨ ਪਾਇਆ ਹੈ ਕਿ ਇਹ ਸਭ ਕੁਝ ਆਪ ਜੀ ਦੀ ਦੂਰ-ਦਰਸ਼ਤਾ ਅਤੇ ਪ੍ਰਮਾਣ ਵਜੋਂ ਅਦੁੱਤੀ ਕੀਰਤੀਮਾਨ ਦਾ ਧਾਰਨ ਬਣਾਇਆ ਹੈ।

ਫਿਰ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਸਮੇਂ ਪ੍ਰਸਿੱਧ ਸਿਤਾਰ ਵਾਦਕ ਉਸਤਾਦ ਵਲਾਇਤ ਖਾਂ ਨੇ ਕਿਹਾ-

ਮੈਂ ਯਾ ਖੁਦਾ ਕੋ ਮਾਨਤਾ ਹੂ ਯਾ ਆਪ ਕੋ ਮਾਨਤਾ ਹੂੰ। ਔਰ ਕਿਸੀ ਸਰਕਾਰ, ਨਾ ਰਾਜੇ ਮਹਾਰਾਜੇ ਕੇ ਆਗੇ ਮੈਨੇ ਹਾਥ ਫੈਲਾਇਆ ਹੈ, ਬਸ ਅਬ ਤੋ ਯਹੀ ਪ੍ਰਾਰਥਨਾ ਹੈ ਕਿ ਆਪ ਦੁਆ ਕਰੇਂ (ਬਖਸ਼ਿਸ਼) ਆਪ ਕੇ ਚਰਨੋਂ ਮੇਂ ਰਹੂੰ। ਫਿਰ ਹੋਰ ਅੱਗੇ ਕਹਿੰਦੇ ਨੇ-

ਆਪ ਕੋ ਦੇਖ ਕਰ ਤੋਂ ਤੁਅਜ਼ਬ ਹੋਤਾ ਹੈ, ਇਸ ਉਮਰ ਮੇਂ ਇਤਨੀ ਦੌੜ ਧੂਪ। ਮੈਂ ਤੋਂ ਆਪ ਕੋ ਏਕ ਦਫਾ ਦੇਖ ਲੂੰ ਤੋਂ ਕਈ ਬਰਸੋਂ ਕੇ ਲੀਏ ਤਬੀਅਤ ਬਸ਼ਾਸ਼ ਹੋ ਜਾਤੀ ਹੈ। ਗਾਨੇ ਮੇਂ, ਬਜਾਨੇ ਮੇਂ ਔਰ ਸਿਹਤ ਮੇਂ ਨੁਮਾਇਆ ਅੱਛਾ ਅੱਛਾ ਸਾ ਲਗਤਾ ਹੈ। ਅੱਲ੍ਹਾ ਨੇ ਆਪ ਕੇ ਦੀਦਾਰ ਕੇ ਨਸ਼ੇ ਕੀ ਆਦਤ ਸੀ ਡਾਲ ਦੀ ਹੈ।

Namdhari Elibrary NamdhariElibrary@gmail.com

ਦੀਦਾਰ ਕਾ ਨਸ਼ਾ ਤੋ ਦਰਕਾਰ ਹੋਤਾ ਹੈ, ਮੈਂ ਅੰਦਰ ਸੇ ਕਹਿ ਰਹਾ ਹੂੰ ਹਜ਼ੂਰ। ਆਪ ਕੀ ਦੁਆ ਸੇ ਮੇਰਾ ਅੰਦਰ ਧੁਲ ਗਿਆ ਹੈ।

ਸ. ਜਗਜੀਤ ਸਿੰਘ ਆਨੰਦ ਵੀ ਆਪਣੇ ਅਖਬਾਰ ਨਵਾਂ ਜ਼ਮਾਨਾ ਦੇ ਇਕ ਸੰਪਾਦਕੀ ਲੇਖ ਵਿਚ ਲਿਖਦੇ ਹਨ ਕਿ- ਸੰਸਾਰ ਅਮਨ ਲਹਿਰ ਨੂੰ ਭਾਵੇਂ ਕਮਿਊਨਿਸਟਾਂ ਵਲੋਂ ਚਲਾਈ ਆਖ ਕੇ ਛੁਟਾਇਆ ਜਾਂਦਾ ਸੀ, ਸਤਿਗੁਰੂ ਜਗਜੀਤ ਸਿੰਘ ਜੀ ਨੇ ਕੁਲ ਹਿੰਦ ਪੱਧਰ ਉਤੇ ਵੀ ਉਸਨੂੰ ਸਰਗਰਮ ਅਗਵਾਈ ਦਿੱਤੀ ਅਤੇ ਪੰਜਾਬ ਵਿਚ ਤਾਂ ਉਸਦੀ ਪ੍ਰਧਾਨਗੀ ਦਾ ਕਾਰਜ ਸਾਲਾਂਬੱਧੀ ਨਿਭਾਇਆ। ਉਹ ਅਕਸਰ ਆਖਦੇ ਹਨ ਕਿ ਜੇ ਘਰ ਨੂੰ ਅੱਗ ਲੱਗ ਜਾਏ ਤਾਂ ਮੁੱਖ ਕੰਮ ਉਸਨੂੰ ਬੁਝਾਉਣਾ ਹੈ, ਇਹ ਵੇਖਣਾ ਨਹੀਂ ਕਿ ਜਿਹੜਾ ਬੰਦਾ ਪਾਣੀ ਲੈ ਕੇ ਆਇਆ ਹੈ, ਉਹ ਕਿਸ ਜ਼ਾਤ ਨਾਲ ਸੰਬੰਧਤ ਹੈ।

ਦਿਆਲਤਾ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਦਗੁਣ ਹੈ। ਕਿਸੇ ਵੀ ਨੇਕ ਕਾਰਜ ਲਈ ਪਹੁੰਚ ਕੀਤੀ ਜਾਏ ਉਹਨਾਂ ਕਦੇ ਨਾਂਹ ਨਹੀਂ ਕੀਤੀ।

ਸ਼ਾਸਤਰੀ ਸੰਗੀਤ ਨੂੰ ਸਤਿਗੁਰਾਂ ਨੇ ਸਦਾ ਨਿਵਾਜਿਆ ਹੈ ਅਤੇ ਇਸ ਖੇਤਰ ਦੇ ਦੇਸ਼ ਭਰ ਦੇ ਮੋਹਰੀਆਂ ਨੂੰ ਪ੍ਰੋਤਸਾਹਨ ਦੇਣ ਤੋਂ ਇਲਾਵਾ ਉਹਨਾਂ ਆਪਣੇ ਨਾਮਧਾਰੀ ਸੇਵਕਾਂ ਵਿਚੋਂ ਵੀ ਚੋਟੀ ਦੇ ਤਬਲਾ ਵਾਦਕ, ਸਿਤਾਰ ਵਾਦਕ ਤੇ ਹੋਰ ਗੁਣਵੰਤ ਸਾਜਿੰਦੇ ਮੈਦਾਨ ਵਿਚ ਲਿਆਂਦੇ ਹਨ।

ਗਊ ਪਾਲਣ, ਬਿਰਧਾਂ ਦੀ ਸੇਵਾ ਦੀ ਮਹਾਨਤਾ ਨੂੰ ਜਿਥੇ ਜਾਗ੍ਰਿਤ ਕੀਤਾ ਹੈ ਉਥੇ ਖੇਡਾਂ ਦੇ ਖੇਤਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਣ ਅਦਭੁਤ ਹੈ ਤੇ ਨਾਮਧਾਰੀ ਹਾਕੀ ਟੀਮ ਨੇ ਤਾਂ ਖਾਸ ਕਰ ਦੂਰ ਦੂਰ ਤੱਕ ਜਸ ਖਟਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪਹਿਲੇ ਸਤਿਗੁਰੂ ਸਾਹਿਬਾਨ ਦੀ ਤਰ੍ਹਾਂ ਹੀ ਬੀਬੀਆਂ ਉਤੇ ਪਰਉਪਕਾਰਾਂ ਦੀ ਲੜੀ ਨੂੰ ਅੱਗੇ ਹੀ ਨਹੀਂ ਤੋਰਿਆ ਬਲਕਿ ਉਚੀਆਂ ਆਸਮਾਨੀ ਬੁਲੰਦੀਆਂ ਵੱਲ ਲੈ ਜਾ ਰਹੇ ਹਨ। ਅੱਜ ਦੇ ਕਲਜੁਗੀ ਸਮੇਂ ਵਿੱਚ ਹਾਲਾਤ ਇਹੋ ਜਿਹੇ ਹਨ ਕਿ ਭਾਰਤ ਵਿੱਚ ਕੁੜੀਆਂ ਦਾ ਜੰਮਣਾ ਹੀ ਅਸ਼ੁਭ ਮੰਨਿਆ ਜਾਂਦਾ ਹੈ। ਅੱਜ ਆਧੁਨਿਕ ਕਾਢ ਰੂਪੀ ਟੈਸਟਾਂ ਰਾਹੀਂ ਇਹ ਪਤਾ ਲਗਣ ਤੇ ਕਿ ਮਾਂ ਦੀ ਕੁੱਖ ਵਿਚ ਲੜਕੀ ਹੈ ਤਾਂ ਉਸੇ ਵੇਲੇ ਉਸ ਨੂੰ ਮਾਰ ਦੇਣ ਦੀਆਂ ਦਲੀਲਾਂ ਸ਼ੁਰੂ ਹੋ ਜਾਂਦੀਆਂ ਹਨ। ਭਰੂਣ ਹੱਤਿਆ ਹੀ ਕਰ ਦਿੱਤੀ ਜਾਂਦੀ ਹੈ। ਪਹਿਲਾਂ ਤਾਂ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ ਪਰ ਹੁਣ ਤਾਂ ਕੁੱਖ ਵਿੱਚ ਹੀ ਇਨ੍ਹਾਂ ਦਾ ਖਾਤਮਾ ਕਰ ਦਿੱਤਾ ਜਾਂਦਾ ਹੈ।

ਸ੍ਰੀ ਸਤਿਗੁਰੂ ਜੀ ਦੇ ਕੀਤੇ ਪਰਉਪਕਾਰਾਂ ਬਾਰੇ ਜੇ ਇਕ ਇਕ ਪਖ ਨੂੰ ਲਿਖਣ ਲਗੀਏ ਤਾਂ ਕਈ ਗ੍ਰੰਥ ਤਿਆਰ ਹੋ ਸਕਦੇ ਹਨ। ਗੱਲ ਕੀ ਸ੍ਰੀ ਸਤਿਗੁਰੂ ਜੀ ਦੀ ਸਿਫਤ ਸਲਾਹ ਕੀਤੀ ਹੀ ਨਹੀਂ ਜਾ ਸਕਦੀ – ਉਹ ਤਾਂ ਬਖਸ਼ਸ਼ਾਂ ਦੇ ਭੰਡਾਰ ਹਨ। ਆਪ ਜੀ ਅਮਨ ਏਕਤਾ, ਗਊ ਗਰੀਬ ਦੀ ਭਲਾਈ ਸਦਾ ਹੀ ਲੋਚਦੇ ਰਹਿੰਦੇ ਹਨ।

ਪਰ ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਨਾਮਧਾਰੀ ਸਮਾਜ ਵਿਚ ਔਰਤਾਂ ਤੇ ਮਰਦਾਂ ਦਾ ਸੰਤੁਲਨ ਬਣਿਆ ਹੋਇਆ ਹੈ। ਡਾ. ਜੋਗਿੰਦਰ ਸਿੰਘ ਮੁਖੀ ਨਾਮਧਾਰੀ ਗੁਰੂ ਰਾਮ ਸਿੰਘ ਚੇਅਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ ਕਰਵਾਏ ਗਏ ਸਰਵੇਖਣ ਦੁਆਰਾ ਇਹ ਪਤਾ ਲੱਗਾ ਹੈ ਕਿ ਨਾਮਧਾਰੀ ਸਮਾਜ ਵਿਚ 1000 ਮਰਦਾਂ ਪਿਛੇ 992 ਔਰਤਾਂ ਦੀ ਗਿਣਤੀ ਹੈ, ਜਦੋਂ ਕਿ ਕੁਲ ਭਾਰਤ ਵਿੱਚ 1000 ਮਰਦਾਂ ਪਿਛੇ 873 ਦੱਸੀ ਗਈ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੁੰਡੇ ਤੇ ਕੁੜੀ ਵਿਚ ਕੋਈ ਫਰਕ ਨਹੀਂ ਸਮਝਦੇ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮੁੰਡੇ ਦੇ ਜੰਮਣ ਵੇਲੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਤਾਂ ਕੁੜੀਆਂ ਦੇ ਜੰਮਣ ਤੇ ਕਿਉਂ ਨਹੀਂ? ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਲੜਕੀਆਂ ਨੂੰ ਸਿਰ ਚੁੱਕ ਕੇ ਜਿਉਣ ਦੀ ਪ੍ਰੇਰਨਾ ਦਿੱਤੀ ਹੈ।

ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਸਦਕਾ ਅਜ ਨਾਮਧਾਰੀ ਬੀਬੀਆਂ ਵਕੀਲ, ਡਾਕਟਰ, ਪ੍ਰੋਫੈਸਰ, ਪ੍ਰਿੰਸੀਪਲ, ਸੰਗੀਤਕਾਰ, ਪੱਤਰਕਾਰ, ਸਾਹਿਤਕਾਰ, ਪਾਇਲਟ, ਆਈ. ਏ. ਐਸ. ਆਦਿ ਅਹੁਦਿਆਂ ਤੇ ਸੁਸ਼ੋਭਿਤ ਹਨ।

ਸ੍ਰੀ ਸਤਿਗੁਰੂ ਜੀ ਇਹ ਪ੍ਰੇਰਨਾ ਕਰਦੇ ਹੀ ਰਹਿੰਦੇ ਹਨ

Namdhari Elibrary NamdhariElibrary@gmail.com

ਕਿ ਸਮਾਜ ਦੀ ਉਨਤੀ ਵਿਚ ਤਰੱਕੀ ਦੇ ਰਾਹ ਵਿਚ ਇਸਤਰੀਆਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਜਿਸ ਕੌਮ ਵਿੱਚ, ਸਮਾਜ ਵਿਚ ਇਸਤਰੀ ਸੂਝਵਾਨ ਹੁੰਦੀ ਹੈ ਉਹ ਹਮੇਸ਼ਾ ਅਸਮਾਨੀ ਬੁਲੰਦੀਆਂ ਨੂੰ ਛੂੰਹਦਾ ਹੈ।ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਦੇ ਨਾਮਧਾਰੀ ਵਿਦਿਅਕ ਜਥੇ ਦੀ ਤਰ੍ਹਾਂ ਹੀ ਅੱਜ ਨਾਮਧਾਰੀ ਇਸਤਰੀ ਵਿਦਿਅਕ ਜਥਾ ਵੀ ਕਾਇਮ ਕੀਤਾ ਹੋਇਆ ਹੈ।

ਸੋ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਅਤੇ ਹੌਸਲਾ ਬਖਸ਼ਸ਼ ਕਰਨ ਸਦਕਾ ਹੀ ਨਾਮਧਾਰੀ ਬੀਬੀਆਂ ਅੱਜ ਸਮੁਚੇ ਭਾਰਤ ਵਿਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਹੀ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਰਹੀਆਂ ਹਨ।

ਸ੍ਰੀ ਸਤਿਗੁਰੂ ਜੀ ਦੇ ਕੀਤੇ ਪਰਉਪਕਾਰਾਂ ਬਾਰੇ ਜੇ ਇਕ ਇਕ ਪਖ ਨੂੰ ਲਿਖਣ ਲਗੀਏ ਤਾਂ ਕਈ ਗ੍ਰੰਥ ਤਿਆਰ ਹੋ ਸਕਦੇ ਹਨ। ਗੱਲ ਕੀ ਸ੍ਰੀ ਸਤਿਗੁਰੂ ਜੀ ਦੀ ਸਿਫਤ ਸਲਾਹ ਕੀਤੀ ਹੀ ਨਹੀਂ ਜਾ ਸਕਦੀ - ਉਹ ਤਾਂ ਬਖਸ਼ਸ਼ਾਂ ਦੇ ਭੰਡਾਰ ਹਨ। ਆਪ ਜੀ ਅਮਨ ਏਕਤਾ, ਗਊ ਗਰੀਬ ਦੀ ਭਲਾਈ ਸਦਾ ਹੀ ਲੋਚਦੇ ਰਹਿੰਦੇ ਹਨ। ਆਪ ਜੀ ਨੇ ਸੁਖ ਸ਼ਾਂਤੀ ਵਾਸਤੇ ਪਿੰਡ ਪਿੰਡ, ਸ਼ਹਿਰ ਸ਼ਹਿਰ ਅਤੇ ਦੇਸ਼ ਵਿਦੇਸ਼ ਵਿਚ ਨਾਮ ਸਿਮਰਨ ਦੇ ਜਪ ਪ੍ਰਯੋਗ ਚਲਾਏ ਹੋਏ ਹਨ, ਆਪ ਵੀ ਦੌਰੇ ਕਰ, ਮੌਕੇ ਮੌਕੇ ਤੇ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਾਮ ਸਿਮਰਨ ਕਰਨ, ਗੁਰਬਾਣੀ ਅਨੁਸਾਰ ਦਿਤੇ, ਸਤਿਗੁਰੂ ਸਾਹਿਬਾਨਾਂ ਵਲੋਂ ਕੀਤੇ ਉਪਦੇਸ਼ਾਂ ਅਨੁਸਾਰ ਚਲਣ ਲਈ ਪ੍ਰੇਰਤ ਕਰਦੇ ਹੀ ਰਹਿੰਦੇ ਹਨ।

ਸ੍ਰੀ ਸਤਿਗੁਰੂ ਜੀ ਦੀ ਸਿਫਤ ਤਾਂ ਲਿਖਿਆਂ ਲਿਖੀ ਨਹੀਂ ਜਾ ਸਕਦੀ ਤੇ ਨਾ ਹੀ ਅਜ ਤਕ ਕੋਈ ਬ੍ਰਹਮਾਂ ਜੀ ਵਾਂਗ ਅੰਤ ਪਾ ਸਕਿਆ ਹੈ। ਭਾਈ ਗੁਰਦਾਸ ਜੀ ਦਾ ਵੀ ਫੁਰਮਾਨ ਹੈ ਕਿ

ਏਕ ਜੇ ਸਰੀਰ ਕੇ ਬਪ ਹੋਵੇ ਕੋਟ ਕੋਟ
ਛਿਨ ਵੇ ਕਰੋੜ ਰੋਮ ਏਕ ਏਕ ਸਰੀਰ ਕੇ
ਏਕ ਏਕ ਰੋਮ ਪਰ ਸੀਸ ਹੋਵੇ ਕੋਟ ਕੋਟ
ਏਕ ਏਕ ਰੋਮ ਪਰ ਸੀਸ ਹੋਵੇ ਚੀਰ ਕੇ
ਏਕ ਏਕ ਸੀਸ ਪੈ ਮੁਖ ਹੋਵੇ ਚੀਰ ਕੇ
ਏਕ ਏਕ ਮੁਖ ਕੇ ਜਿਹਬਾ ਹੋਵੇ ਕੋਟ ਕੋਟ
ਏਕ ਏਕ ਜਿਹਬਾ ਭਨੇ ਗੁਣ ਜਗਦੀਸ਼ ਕੇ
ਕਹੁ ਗੁਰਦਾਸ ਭਲਾ ਤਉ ਭੀ ਹਉ ਅਜਾਨ ਮਨ
ਕਹਿ ਭੀ ਨ ਸਕੋ ਗੁਰ ਸਤਿਗੁਰ ਸਰੀਰ ਕੇ। ■

ਸ਼ਿੰਗਾਰ ਮੇਰੇ ਦਿਲ ਦਾ

✍ ਪੂਰਨ ਸਿੰਘ ਨਿਰਾਲਾ

ਸਤਿਗੁਰੂ ਜਗਜੀਤ ਮੇਰੇ ਮਨ ਦੇ ਮੀਤ,
ਜਦੋਂ ਕਰ ਲਵਾਂ ਦੀਦ ਤੇ ਸਕੂਨ ਮੈਨੂੰ ਮਿਲਦਾ।
ਜਿਵੇਂ ਚੰਨ ਤੇ ਚਕੋਰ ਸਾਡਾ ਇਹਦੇ ਸੰਗ ਜੋੜ,
ਮਸਤ ਫੁੱਲਾਂ ਉਤੇ ਭੌਰ ਦੂਰ ਜਾਣ ਲਈ ਨਾ ਹਿਲਦਾ।
ਭਾਵੇਂ ਮੀਂਹ ਤੇ ਹਨੇਰੀ ਆਈਏ ਕਰਕੇ ਦਲੇਰੀ,
ਆਸ਼ਕ ਪਿਆਰਾ ਜਿਵੇਂ ਕੱਚਾ ਲੈ ਕੇ ਠਿਲ੍ਹਦਾ।
ਦੇਵੇ ਜ਼ਿੰਦਗੀ ਸਵਾਰ ਆਵੇ ਫੁੱਲਾਂ ਤੇ ਬਹਾਰ,
ਸੁਧ ਬੁਧ ਦੇਵੇ ਸਾਰ ਤੇ ਸ਼ਿੰਗਾਰ ਮੇਰੇ ਦਿਲ ਦਾ।

ਰੱਖ ਦਿਲਾਂ 'ਚ ਉਮੀਦ ਘਰੋਂ ਚਲ ਕੇ ਮੁਰੀਦ,
ਨੀਤ ਪ੍ਰਤੀਤ ਰੱਖ ਪੀਆ ਕੋਲ ਜਾਂਵਾਗੇ।
ਜਾਕੇ ਸੁਣਾਂਗੇ ਦਿਵਾਨ ਪੂਰੇ ਕਰ ਅਰਮਾਨ,
ਰੱਬ ਰੂਪ ਮਾਹੀ ਅੱਗੇ ਸੀਸ ਆ ਝੁਕਾਵਾਂਗੇ।
ਸਤਸੰਗ ਦਾ ਨਜ਼ਾਰਾ ਲੱਗੇ ਜਾਨ ਤੋਂ ਪਿਆਰਾ,
ਚਲ ਨੂਰੀ ਨੂਰ ਦੇ ਦੀਦਾਰੇ ਰੱਜ ਪਾਵਾਂਗੇ।
ਸਤਿਗੁਰਾਂ ਦਾ ਕਮਾਲ ਸਾਡਾ ਰੱਖਦੇ ਖਿਆਲ,
ਰਹਿਮਤਾਂ ਦੇ ਨਾਲ ਝੋਲਾ ਭਰ ਕੇ ਲਿਆਂਵਾਗੇ।

ਵੱਡੇ ਨਾਮ ਦੇ ਭੰਡਾਰੇ ਇਹ ਨੇ ਜਗ ਤੋਂ ਨਿਆਰੇ,
ਬੜੇ ਲੱਗਦੇ ਪਿਆਰੇ ਹੁੰਦੇ ਜਿਵੇਂ ਭਾਨ ਜੇ।
ਸਾਧ ਸੰਗਤ ਪਿਆਰੇ ਦਿਲ ਦਿਲਾਂ ਦੇ ਸਹਾਰੇ,
ਕਰੇ ਪਰਉਪਕਾਰੇ ਸਭ ਸੇ ਮਹਾਨ ਜੇ।
ਸਚ ਕਿਰਤ ਦਾ ਖਿਆਲ ਤੇਜ ਤਪ ਹੈ ਵਿਸ਼ਾਲ,
ਲਿਵ ਰੱਬ ਦੇ ਹੈ ਨਾਲ ਘਾਲ ਬਲਵਾਨ ਜੇ।
ਜਿਹੜਾ ਕਰੇ ਵਿਸ਼ਵਾਸ ਉਸਦੇ ਕੰਮ ਹੁੰਦੇ ਰਾਸ,
ਮੈਂ ਤਾਂ ਮਨ ਲਿਆ ਖਾਸ ਇਹੋ ਭਗਵਾਨ ਜੇ।

ਮੇਰੇ ਆਂਵਦਾ ਧਿਆਨ ਕਿਵੇਂ ਕਰਾਂ ਮੈਂ ਬਿਆਨ,
ਐਸਾ ਚੱਪੂ ਬੇੜੇ ਨਾਲ ਕਰ ਦੇਂਦੇ ਪਾਰ ਆ।
ਇਹ ਤੇ ਆਪ ਹੈ ਖਿਡਾਰੀ ਐਸੀ ਖੇਡ ਹੈ ਖਿਲਾਰੀ,
ਕਹਿਣ ਸਭ ਸੰਸਾਰੀ ਨਾਹੀ ਪਾਰਾਵਾਰ ਆ।
ਮਹਿਮਾ ਗੁਰਾਂ ਦੀ ਸੁਣਾਵਾਂ ਸਦਾ ਗੀਤ ਇਹਦੇ ਗਾਵਾਂ,
ਸੁਖ ਰੱਜ ਕੇ ਹੰਢਾਵਾਂ ਆਖ ਦਾ ਪੁਕਾਰ ਆ।
ਜਿਨ੍ਹਾਂ ਦੀ 'ਨਿਰਾਲਾ' ਲੱਗੀ ਟਿਕ ਟਿਕੀ ਚੰਦ ਵਿੱਚ,
ਦੇਂਵਦਾ ਸਵਾਤੀ ਬੂੰਦ ਰੋਸ਼ਨੀ ਦਾਤਾਰ ਆ।

Namdhari Elibrary NamdhariElibrary@gmail.com

ਗੋ-ਪਾਲਕ ਸਤਿਗੁਰੂ

✍ ਜਸਵਿੰਦਰ ਸਿੰਘ ਹਿਸਟੋਰੀਅਨ

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਸ਼ੂਧਨ ਪ੍ਰਤੀ ਪ੍ਰੇਮ ਅਤੇ ਗਿਆਨ ਜਗ ਜਾਹਿਰ ਹੈ। ਹਿੰਦੁਸਤਾਨ ਦੇ ਪਸ਼ੂ ਪ੍ਰੇਮੀ, ਗੋਪਾਲਕ ਅਤੇ ਇਹਨਾਂ ਨਾਲ ਸੰਬੰਧਤ ਸੰਸਥਾਵਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪ੍ਰਤਿਭਾ ਅਤੇ ਸਿਆਣਪ ਦਾ ਲੋਹਾ ਮੰਨਦੀਆਂ ਸਨ। ਤਾਂ ਹੀ ਭਾਰਤ ਸਰਕਾਰ ਨੇ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਸ਼ੂ ਧਨ ਦੀ ਉਨਤੀ ਸੰਬੰਧੀ ਬਣਾਈ ਗਈ ਕਮੇਟੀ ਵਿੱਚ ਉਚੇਚੇ ਤੌਰ ਤੇ ਸ਼ਾਮਲ ਰੱਖਿਆ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਿੱਚ ਇਹ ਗੁਣ ਸੁਭਾਵਿਕ ਤੌਰ ਤੇ ਸਨ। ਛੋਟੇ ਹੁੰਦਿਆਂ ਤੋਂ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਸ਼ੂ ਧਨ ਬਾਰੇ ਵੀ ਆਪਣੇ ਸਾਹਿਬਜ਼ਾਦਿਆਂ ਨੂੰ ਭਰਪੂਰ ਗਿਆਨ ਦਿੱਤਾ। ਗੋ ਧਨ ਦੀ ਉਨਤੀ ਕਾਰਨ ਆਪ ਜੀ ਨੂੰ 1964 ਈ. ਵਿੱਚ 'ਗੋਪਾਲ ਰਤਨ' ਦਾ ਸਨਮਾਨ ਦਿੱਤਾ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਰਖੂ ਨਜ਼ਰ ਬਾਰੇ ਇੱਕ ਘਟਨਾ ਸੰਤ ਖੜਗ ਸਿੰਘ ਭਮਰਾ ਨੇ ਮੈਨੂੰ ਸੁਣਾਈ ਸੀ, ਜੋ ਇਸ ਤਰ੍ਹਾਂ ਹੈ

1967 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਕੁਝ ਸਿੱਖਾਂ ਸੇਵਕਾਂ ਨਾਲ ਪਹਿਲੀ ਵਾਰ ਇੰਗਲੈਂਡ ਦੇ ਦੌਰੇ ਤੇ 27 ਅਗਸਤ ਨੂੰ ਲੰਡਨ ਪਹੁੰਚੇ। ਅਗਲੇਰੇ ਦਿਨ ਸ੍ਰੀ ਸਤਿਗੁਰੂ ਜੀ ਪਛਮੀ ਜਰਮਨੀ ਵਿਚ ਲੱਗੀ ਪਸ਼ੂ ਪ੍ਰਦਰਸ਼ਨੀ ਦੇਖਣ ਗਏ। ਪ੍ਰਦਰਸ਼ਨੀ ਦੇ ਪ੍ਰਬੰਧਕਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਸ਼ੇਸ਼ ਆਦਰ ਅਤੇ ਸਨਮਾਨ ਕੀਤਾ ਅਤੇ ਉਹਨਾਂ ਆਪ ਨਾਲ ਹੋ ਕਿ ਸਾਰੀ ਪਸ਼ੂ ਪ੍ਰਦਰਸ਼ਨੀ ਵਿਖਾਈ।

ਇਕ ਗਊ ਨੂੰ ਦੇਖ ਕੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਸ ਗਊ ਦਾ ਏਨਾ ਦੁੱਧ ਹੋਣਾ ਚਾਹੀਦਾ ਹੈ। ਪ੍ਰਬੰਧਕਾਂ ਨੇ ਉਸ ਗਊ ਦੀ ਪੁਸਤਿਕਾ ਮੰਗਵਾ ਕੇ ਵੇਖੀ ਅਤੇ ਹੈਰਾਨ ਹੋ ਗਏ ਕਿ ਇਹ ਗਊ ਠੀਕ ਓਨਾਂ ਹੀ ਦੁੱਧ ਦੇ ਰਹੀ ਸੀ, ਜਿੰਨਾਂ ਸ੍ਰੀ ਸਤਿਗੁਰੂ ਜੀ ਦੇ ਦੱਸਿਆ ਸੀ। ਉਹਨਾਂ ਸਤਿਗੁਰੂ ਜੀ ਨੂੰ ਪੁਛਿਆ ਕਿ ਆਪ ਜੀ ਇਹ ਸਭ ਕਿਸ ਤਰ੍ਹਾਂ ਜਾਣ ਲੈਂਦੇ ਹੋ? ਸ੍ਰੀ ਸਤਿਗੁਰੂ ਜੀ ਬਚਨ ਕੀਤਾ, "ਅਸੀਂ ਪਹਿਲਾਂ ਗਊ ਦੀ ਪੂਛ ਵੱਲ ਵੇਖਦੇ ਹਾਂ, ਫਿਰ ਥਣਾਂ ਵਲ ਦੇਖਦੇ ਹਾਂ, ਇਕ ਮਿਲਕ ਵੈਨ ਹੁੰਦੀ ਹੈ ਇਹਨਾਂ ਦੇ ਸਰੀਰ ਵਿਚ ਅਸੀਂ ਉਸ ਵੱਲ ਧਿਆਨ ਮਾਰਕੇ ਸਾਰਾ ਅਨੁਮਾਨ ਲਗਾ ਲੈਂਦੇ ਹਾਂ।" ਪ੍ਰਬੰਧਕਾਂ ਨੇ ਕਿਹਾ ਕਿ ਯੂਨੀਵਰਸਿਟੀਆਂ ਵਿਚ ਸਿਖਲਾਈ ਦੌਰਾਨ ਇਸੇ ਤਰ੍ਹਾਂ ਹੀ ਦੇਖਣ ਪਰਖਣ ਦੀ ਸਿਖਲਾਈ ਦਿਤੀ ਜਾਂਦੀ ਹੈ ਅਤੇ ਫਿਰ ਪੁਛਿਆ ਕਿ ਸਤਿਗੁਰੂ ਜੀ ਕਿਸ ਯੂਨੀਵਰਸਿਟੀ ਵਿਚ ਪੜ੍ਹੇ ਹੋਏ ਹਨ। ਸੇਵਕਾਂ ਨੇ ਦੱਸਿਆ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਿਸੇ ਯੂਨੀਵਰਸਿਟੀ, ਕਿਸੇ ਕਾਲਜ ਵਿਚ ਨਹੀਂ ਪੜ੍ਹੇ ਹਨ ਸਗੋਂ ਇਹ ਸਭ ਤਾਂ ਇਹਨਾਂ ਦੇ ਗਿਆਨ ਅਤੇ ਤਜ਼ਰਬੇ ਦੀ ਇਕ ਛੋਟੀ ਜਿਹੀ ਝਲਕ ਮਾਤਰ ਹੀ ਹੈ। ਇਹ ਸਭ ਸੁਣ ਪ੍ਰਦਰਸ਼ਨੀ ਦੇ ਪ੍ਰਬੰਧਕ ਬਹੁਤ ਪ੍ਰਭਾਵਿਤ ਹੋਏ।

ਇਸੇ ਇੰਗਲੈਂਡ ਦੌਰੇ ਦੌਰਾਨ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੌਂਗਲੇ (Haughey) ਵਿਖੇ ਡਾ. ਡਗਲਸ ਕੈਂਪਬੈਲ ਦੇ ਰਿਸਰਚ ਫਾਰਮ ਤੇ ਵੀ ਗਏ ਅਤੇ ਉਹਨਾਂ ਨੂੰ ਅਤੇ ਸਰ ਰੋਨਾਲਡ ਗਾਰਵੇ ਜੋ ਕਿ Soil Association ਦੇ ਸਕੱਤਰ ਸਨ, ਨੂੰ ਮਿਲੇ। ਖੇਤੀਬਾੜੀ ਅਤੇ ਗਊਆਂ ਦੀ ਨਸਲ ਬਾਰੇ ਬਹੁਤ ਸਾਰੀਆਂ ਜਾਣਕਾਰੀਆਂ ਦਾ ਆਦਾਨ ਪ੍ਰਦਾਨ ਹੋਇਆ। ਸ੍ਰੀ ਸਤਿਗੁਰੂ ਜੀ ਦੇ ਉਪਰੋਕਤ ਫਾਰਮ ਵਿਚ ਜਾਣ ਬਾਰੇ, ਖੇਤੀਬਾੜੀ ਬਾਰੇ ਇਕ ਮਾਹਿਰ ਰਿਪੋਰਟਰ ਨੇ 5 ਸਤੰਬਰ 1967 ਈ. ਮੰਗਲਵਾਰ ਦੇ ਇਕ ਪੇਪਰ East Anglian Daily Times ਵਿਚ ਸੁਰਖੀ ਲਗਾਈ East meets West as **Sikh Leader sees research farms.**

ਅਖਬਾਰ ਦੀ ਰਿਪੋਰਟ ਵਿਚ ਲਿਖਿਆ East met West on farmyard manurged ground at Haughley yesterday when the Spiritual leader of sikhs visited Haughley Reasearch Farms accompanied by eight of his followers.

The mystic leader, His Holiness Satguru Jagjit Singh, inspected the headquarters of the British Cult of "Muck and Mystery", as it has often run by the Soil Association, which investigatges the potentialities of organic farming

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਸੀ ਗਊਆਂ ਦੀ ਨਸ਼ਲ ਸੁਧਾਰ ਕੇ ਉਹਨਾਂ ਤੋਂ ਰਿਕਾਰਡ ਦੁੱਧ ਦੀ ਪ੍ਰਾਪਤੀ ਕੀਤੀ ਅਤੇ ਪਸ਼ੂ ਮੁਕਾਬਲਿਆਂ ਵਿਚ ਅਨੇਕਾਂ ਇਨਾਮ ਵੀ ਪ੍ਰਾਪਤ ਕੀਤੇ।

Namdhari Elibrary NamdhariElibrary@gmail.com

ਇਲਾਹੀ ਨਦਰਿ ਦਾ ਕ੍ਰਿਸ਼ਮਾ : ਸਤਿਗੁਰੂ ਜਗਜੀਤ ਸਿੰਘ ਜੀ

✍ ਡਾ. ਅਮਰਜੀਤ ਸਿੰਘ ਕਾਂਗ

ਸੀਨੀਅਰ ਪ੍ਰੋਫੈਸਰ ਅਤੇ ਡਾਇਰੈਕਟਰ, ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਲਾਹੀ ਸ਼ਖਸੀਅਤ ਦੇ ਪਸਾਰੇ ਏਨੇ ਬਹੁਪਰਤੀ ਹਨ ਕਿ ਇਹਨਾਂ ਪਰਤਾਂ ਨੂੰ ਵੇਖਣ ਲਈ ਤੀਜੇ ਨੇਤਰ ਦੀ ਜ਼ਰੂਰਤ ਹੈ। ਜੇ ਉਹ ਸੰਗੀਤ ਦੇ ਸਮਰਾਟ ਹਨ ਤੇ ਦੂਜੇ ਪਾਸੇ ਸਮੁਚੀ ਕਾਇਨਾਤ ਨੂੰ ਸੁਹਜ ਮਈ ਬਣਾਉਣ ਲਈ ਯਤਨਸ਼ੀਲ ਹਨ। ਵਿਦਿਆ ਦੀਆਂ ਬਰਕਤਾਂ ਦੇ ਉਹ ਦਾਤੇ ਹਨ ਅਤੇ ਵਿਦਿਆ ਮੰਦਰਾਂ ਦੇ ਸਿਰਜਕ ਹਨ

ਇਹ ਪਾਰਬ੍ਰਹਮ ਦੇ ਮਨ ਦੀ ਮੌਜ ਹੈ ਕਿ ਉਹ ਕਦੀ ਕਦੀ ਹੀ ਆਪਣੀ ਸਿਰਜਣਾ ਵਿਚੋਂ ਕਿਸੇ ਵਿਰਲੇ ਮਹਾਂਪੁਰਸ਼ ਦੀ ਸੋਹਜਮਈ ਘਾੜਤ ਘੜਦਾ ਹੈ। ਉਸਦੀ ਇਹ ਵਿਰਲੀ ਸਿਰਜਣਾ ਇਲਾਹੀ ਨਦਰਿ ਦਾ ਕ੍ਰਿਸ਼ਮਾ ਹੈ। ਇਹ ਜੋਤਿ ਸਰੂਪ ਕ੍ਰਿਸ਼ਮਾ ਸਰਵਕਾਲੀ ਅਤੇ ਪਾਰਗਾਮੀ ਹੁੰਦਾ ਹੈ। ਇਸੇ ਕ੍ਰਿਸ਼ਮੇ ਦੇ ਜਲੌ ਵਿਚੋਂ ਧਰਤੀ ਅਤੇ ਬ੍ਰਹਿਮੰਡ ਰੋਸ਼ਨ ਹੋ ਜਾਂਦੇ ਹਨ। ਮਨਮੁਖਿ ਇਸ ਜੋਤਿ ਨਾਲ ਜੁੜਕੇ ਹੀ ਦੇਵਤੇ ਬਣਦੇ ਹਨ ਅਤੇ ਸਾਰੀ ਧਰਤੀ ਇਕ ਧਰਮਸਾਲ ਬਣ ਜਾਂਦੀ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਐਸੇ ਇਲਾਹੀ ਨਦਰਿ ਦਾ ਰੌਸ਼ਨ ਕ੍ਰਿਸ਼ਮਾ ਹਨ ਜੋ ਪਾਰਬ੍ਰਹਮ ਦੀ ਵਿਰਲੀ ਸਿਰਜਣਾ ਹਨ। ਅਜਿਹੀ ਰੱਬੀ ਜੋਤ ਦਾ ਦਿਦਾਰ ਹੀ ਮਾਨਵ ਮੁਕਤੀ ਹੈ। ਸੁਰਤਿ, ਮਤਿ, ਬੁੱਧ ਲਈ ਭਵਿਖਮੁਖੀ ਦਿਸ਼ਾ ਹੈ। ਇਹ ਦਿਦਾਰ ਭਾਗਾਂ ਵਾਲੇ ਪੁਰਖਾਂ ਦੇ ਹਿਸੇ ਆਉਂਦਾ ਹੈ। ਜੋ ਵਿਅਕਤੀ / ਜਗਿਆਸੂ ਇਕ ਵਾਰ ਇਸ ਦੈਵੀ ਨਦਰਿ ਦੀ ਨਜ਼ਰ ਵਿਚ ਟਿਕ ਜਾਂਦਾ ਹੈ ਉਸ ਦਾ ਪਲਾਂ ਛਿਨਾਂ ਵਿਚ ਕਲਿਆਣ ਅਤੇ ਕਾਇਆ ਕਲਪ ਹੋ ਜਾਂਦਾ ਹੈ। ਮਨ, ਤਨ ਦੇ ਸੰਤਾਪ ਤੇ ਦੂਖ ਰੋਗ ਮਿਟ ਜਾਂਦੇ ਹਨ। ਪ੍ਰੇਮਾ ਭਗਤੀ ਦੇ ਭਾਵ ਅੰਦਰ ਬਾਹਰ ਝਰਨਾਹਟਾਂ ਬਣ ਕੇ ਜਗਿਆਸੂ ਨੂੰ ਵੀ ਜੋਤਿ ਸਰੂਪ ਬਣਾ ਦਿੰਦੇ ਹਨ। ਧਰਮ, ਗਿਆਨ, ਸੱਚ ਅਤੇ ਸੁਹਜਿ ਨਾਲ ਵਰੋਸਾਈ ਅਜੇਹੀ ਰੱਬੀ ਜੋਤਿ ਸਤਿਗੁਰੂ ਜਗਜੀਤ ਸਿੰਘ ਹਨ, ਜਿਨ੍ਹਾਂ ਦੇ ਦਰਬਾਰ ਵਿਚ ਸਾਰਾ ਬ੍ਰਹਮੰਡ ਸਿਜਦਾ ਕਰਦਾ ਹੈ। ਪ੍ਰਕ੍ਰਿਤੀ ਆਪਣੇ ਰੰਗ ਨਿਖਾਰਦੀ ਹੈ ਅਤੇ ਹਰ ਪਲ ਦੈਵੀ ਆਰਤੀ ਦੀ ਪ੍ਰਤੀਤੀ ਹੁੰਦੀ ਹੈ। ਇਸ ਰੌਸ਼ਨ ਜਲੌ ਨੇ ਧਰਤੀ ਦਾ ਅੰਧਕਾਰ ਮਿਟਾ ਕੇ ਜਗਿਆਸੂਆਂ ਨੂੰ ਮਾਨਸ ਤੋਂ ਦੇਵਤਾ ਬਣਾ ਦਿੱਤਾ ਹੈ। ਇਕ ਨਜ਼ਰ, ਇਕ ਛੋਹ ਅਤੇ ਅਸੀਸ ਨੇ ਬਰਕਤਾਂ ਦੇ ਅਸੀਮ ਭੰਡਾਰਿਆਂ ਦੇ ਮਾਲਕ ਬਣਾ ਦਿੱਤਾ ਹੈ। ਇਹੀ ਰਹੱਸ ਹੈ ਕਿ ਇਸ ਨਦਰਿ ਦੇ ਦਰਸ਼ਨ ਵੀ ਵਿਰਲੇ ਬੰਦਿਆਂ ਨੂੰ ਹੁੰਦੇ ਹਨ। ਸਤਿਗੁਰੂ ਜੀ ਦੀ ਇਸ ਰਹਿਮਤ ਦੇ ਜਿਹੜੇ ਜਗਿਆਸੂ ਭਾਗੀਦਾਰ ਬਣੇ ਹਨ ਉਹਨਾਂ ਦੇ ਹਰ ਕਰਮ ਨੂੰ ਭਾਗ ਮਿਲੇ ਹਨ। ਸਤਿਗੁਰੂ ਜੀ ਦੇ ਦਰਸ਼ਨ ਕੀਤਿਆਂ ਚਹੁੰ ਕੁੰਟਾਂ ਦੀਆਂ ਬਰਕਤਾਂ ਜਗਿਆਸੂ ਦੇ ਘਰ ਦਸਤਕ ਦੇਣ ਲੱਗਦੀਆਂ ਹਨ। ਪਰਵਾਰ ਸਮਾਜ ਅਤੇ ਸਮੁਚਾ ਰਾਸ਼ਟਰ ਭਵਸਾਗਰ ਤੋਂ ਮੁਕਤ ਹੋ ਜਾਂਦਾ ਹੈ। ਜਿਨ੍ਹਾਂ ਧਰਮੀ ਜਗਿਆਸੂਆਂ ਨੂੰ ਇਸ ਅਗੰਮੀ ਨਦਰਿ ਦੀ ਛੋਹ ਮਿਲੀ ਹੈ, ਉਹ ਗਿਆਨ ਅਤੇ ਸੰਗੀਤ ਦੇ ਰਹਿਬਰ ਬਣ ਗਏ ਹਨ। ਪਾਰਸ ਦੀ ਛੋਹ ਨੂੰ ਹਰ ਜਗਿਆਸੂ ਤਰਸਦਾ ਹੈ ਪਰ ਇਹ ਛੋਹ ਉਸਦੇ ਨਸੀਬੀਂ ਮਿਲਦੀ ਹੈ ਜੋ ਅੰਦਰੋਂ ਬਾਹਰੋਂ ਪਵਿੱਤਰ

Namdhari Elibrary NamdhariElibrary@gmail.com

ਹੋ ਕੇ ਨਤਮਸਤਕ ਹੁੰਦਾ ਹੈ, ਜਿਨਾਂ ਨੂੰ ਇਹ ਛੋਹ ਮਿਲੀ ਹੈ ਉਹ ਜਦੋਂ ਆਪਣੇ ਅਨੁਭਵ ਸੁਣਾਉਂਦੇ ਹਨ ਤਾਂ ਕਰਾਮਤਾਂ ਦੇ ਰਹੱਸ ਸਮਝ ਆਉਂਦੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਵਿਚ ਅਦੁੱਤੀ ਕਰਮ ਵਿਚੋਂ ਹੀ ਇਹ ਕਰਾਮਾਤਾਂ ਪ੍ਰਗਟ ਹੋਈਆਂ ਹਨ। ਧਰਤੀ ਨੂੰ ਗਿਆਨ ਨਾਲ ਰੁਸ਼ਨਾਉਂਣਾ ਭੁਲੇ ਭਟਕਿਆਂ ਨੂੰ ਧਰਮ ਕਰਮ ਦੀ ਚੇਤਨਾ ਨਾਲ ਜੋੜਣਾ ਪ੍ਰੇਮਾ ਭਗਤੀ ਦੀ ਸ਼ਕਤੀ ਨੂੰ ਜਗਿਆਸੂ ਅੰਦਰੋਂ ਜਗਾਉਣਾ ਬ੍ਰਹਿਮੰਡੀ ਸੰਗੀਤ ਨੂੰ ਜਗਿਆਸੂ ਦੀ ਪ੍ਰੇਰਣਾ ਬਣਾ ਦੇਣਾ ਹੀ ਸਤਿਗੁਰੂ ਜੀ ਦੇ **ਦੈਵੀ ਕਰਮ** ਹਨ ਜੋ ਕਰਾਮਾਤ ਬਣਦੇ ਹਨ। ਕਲਜੁਗ ਦੇ **ਅਗਨਮਈ ਚਰਿਤਰ ਨੂੰ ਸ਼ਾਂਤ ਕਰਕੇ ਇਕ ਨਵੇਂ ਯੁਗ ਦੀ** ਸਿਰਜਣਾ ਕਰਨਾ **ਇਸੇ ਕਰਾਮਾਤ ਦਾ ਪ੍ਰਗਟਾਵਾ ਹੈ।**

ਸਤਿਗੁਰੂ ਜਗਜੀਤ ਸਿੰਘ ਜੀ ਦੀ ਇਲਾਹੀ ਸ਼ਖਸੀਅਤ ਦੇ ਪਸਾਰੇ ਏਨੇ ਬਹੁਪਰਤੀ ਹਨ ਕਿ ਇਹਨਾਂ ਪਰਤਾਂ ਨੂੰ ਵੇਖਣ ਲਈ ਤੀਜੇ ਨੇਤਰ ਦੀ ਜ਼ਰੂਰਤ ਹੈ। ਜੇ ਉਹ ਸਗੀਤ ਦੇ ਸਮਰਾਟ ਹਨ ਤੇ ਦੂਜੇ ਪਾਸੇ ਸਮੁਚੀ ਕਾਇਨਾਤ ਨੂੰ ਸੁਹਜ ਮਈ ਬਣਾਉਣ ਲਈ ਯਤਨਸ਼ੀਲ ਹਨ। ਵਿਦਿਆ ਦੀਆਂ ਬਰਕਤਾਂ ਦੇ ਉਹ ਦਾਤੇ ਹਨ ਅਤੇ ਵਿਦਿਆ ਮੰਦਰਾਂ ਦੇ ਸਿਰਜਕ ਹਨ ਉਹਨਾਂ ਦੀ ਰੱਬੀ ਸੁਰਤ ਵਿਚ ਤਨ, ਮਨ ਦੋਵੇਂ ਪਵਿਤਰ ਹੋਣੇ ਜ਼ਰੂਰੀ ਹਨ। ਏਸੇ ਲਈ ਨਵੀਂ ਪੀੜ੍ਹੀ ਨੂੰ ਵਿਦਿਆ ਅਤੇ ਖੇਡਾਂ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਹੈ। ਜਗਿਆਸੂ ਦੇ ਬ੍ਰਹਮੰਡੀ ਪਿੰਡੇ ਵਿਚੋਂ ਸੰਗੀਤਕ ਧੁਨਾਂ ਪੈਦਾ ਕਰ ਦੇਣੀਆਂ ਸਤਿਗੁਰੂ ਜੀ ਦਾ ਕਮਾਲ ਹੈ। ਆਪਣੇ ਭਗਤ/ਜਗਿਆਸੂ ਦੀ ਜ਼ਿੰਦਗੀ ਨੂੰ ਪਾਰਗਾਮੀ ਅਤੇ ਉਚੇਰੀ ਬਣਾ ਦੇਣ ਦੀ ਦੈਵੀ ਜੋਤ ਇਸੇ ਕਮਾਲ ਜਲੌ ਦਾ ਰਹੱਸ ਹੈ।

ਗੁਰੂ ਵਾਕ ਹੈ ਬ੍ਰਹਮ ਗਿਆਨੀ ਆਪ ਪਰਮੇਸਰ ਹੈ। ਸਤਿਗੁਰੂ ਜੀ ਦਾ ਇਹ ਬ੍ਰਹਮ ਗਿਆਨੀ ਸਰੂਪ ਹੀ ਉਹਨਾਂ ਨੂੰ ਪਰਮੇਸ਼ਰ ਬਣਾ ਦਿੰਦਾ ਹੈ। ਇਸ ਪਰਮੇਸ਼ਰੀ ਚਰਿਤਰ ਨੇ ਹੀ ਆਪਣੇ ਨਾਮ ਲੇਵਾ ਭਗਤਾਂ ਨੂੰ ਮੰਜ਼ਿਲੇ-ਮਕਸੂਦ ਤਕ ਪਹੁੰਚਾ ਦਿੱਤਾ ਹੈ। ਨਾਮਧਾਰੀ ਜੀਵਨ ਅੰਦਰਲੇ ਸੱਚ, ਸੁਹਜ ਦਾ ਵਰਤਾਰਾ ਸਤਿਗੁਰੂ ਜੀ ਦੀ ਰਹਿਮਤ ਦਾ ਹੀ ਫਲ ਹੈ। ਇਹ ਰਹਿਮਤਾਂ ਪਲ ਪਲ ਮਿਲ ਰਹੀਆਂ ਹਨ। ਦਰਸ਼ਨ ਦੇ ਰੂਪ ਵਿਚ ਵੀ ਅਤੇ ਪ੍ਰਵਚਨਾਂ ਦੇ ਗਿਆਨ ਵਿਚੋਂ ਵੀ। ਇਹ ਰਹਿਮਤਾਂ ਸਰਬਕਾਲੀ ਹਨ ਅਤੇ ਜਗਿਆਸੂ ਦੀ ਜ਼ਿੰਦਗੀ ਨੂੰ ਰੁਸ਼ਨਾਉਣ ਵਾਲੀਆਂ ਹਨ। ਸਤਿਗੁਰੂ ਜੀ ਦਾ ਰੱਬੀ ਮਿਹਰ ਭਰਿਆ ਹੱਥ ਸਾਡੇ ਸਿਰਾਂ ਉਤੇ ਰਹੇ, ਇਹੀ ਦਿਲੀ ਅਰਦਾਸ ਹੈ। ■

ਦਰਸ਼ਨ ਏਸ ਦਾ ਜਨਮ ਸਵਾਰਦਾ ਏ

✍ ਬੇਅੰਤ ਸਿੰਘ ਸੋਖਲ

ਸੋਹਣਾ ਲਾਲ ਭੁਪਿੰਦਰ ਦਾ ਜਗ ਅੰਦਰ,
ਰੂਪ ਧਾਰਕੇ ਆਇਆ ਨਿਰੰਕਾਰ ਦਾ ਏ।
ਪਿਆਰਾ ਲਾਡਲਾ ਨੈਣਾਂ ਦਾ ਇਹ ਚਾਨਣ,
ਸਤਿਗੁਰੂ ਪ੍ਰਤਾਪ ਦਾਤਾਰ ਦਾ ਏ।
ਆਇਆ ਬਣ ਮਨੁੱਖ ਸਰੂਪ ਅੰਦਰ,
ਜਾਮਾ ਪਲਟ ਸੱਚਾ ਸਿਰਜਣਹਾਰ ਦਾ ਏ।
ਜਗ ਜੀਤ ਸਤਿਗੁਰੂ ਜਗਜੀਤ ਸਿੰਘ ਜੀ,
ਤਪੇ ਹਿਰਦਿਆਂ ਤਾਈਂ ਸੋ ਠਾਰਦਾ ਏ।
ਤੇਜ਼ ਚਿਹਰੇ ਦਾ ਭਾਨ ਨਾ ਝੱਲ ਸਕੇ,
ਨੂਰੋ ਨੂਰ ਮਸਤਕ ਡਲ੍ਹਕਾ ਮਾਰਦਾ ਏ।
ਸ਼ੀਤਲ ਮਿੱਠਾ ਪਿਆਰਾਂ ਦਾ ਹੈ ਸਾਗਰ,
ਦਰਸ਼ਨ ਏਸ ਦਾ ਜਨਮ ਸਵਾਦਰਾ ਏ।

ਇਕ ਜਨਮ ਕੀ ਜਨਮ ਜਨਮਾਂਤਰਾ ਦੀ,
ਕਾਲਖ ਦੂਈ ਦਵੈਤ ਉਤਾਰਦਾ ਏ।
ਡੁੱਬੇ ਹੋਏ ਬੇੜੇ ਮਹਾਂ ਪਾਪੀਆਂ ਦੇ,
ਭਵ ਸਾਗਰੋਂ ਪਾਰ ਉਤਾਰਦਾ ਏ।
ਹੌਲੇ ਫੁੱਲ ਜੋ ਕੱਖਾਂ ਤੋਂ ਹੋਣ ਹੀਣੇ,
ਮਾਲਕ ਦਏ ਬਣਾ ਭੰਡਾਰ ਦਾ ਏ।
ਨਿਗ੍ਹਾ ਕਰ ਕੱਟੇ ਰੋਗ ਰੋਗੀਆਂ ਦੇ,
ਛਿਣ ਲੱਗੇ ਨਾ ਕਸ਼ਟ ਨਿਵਾਰਦਾ ਏ।
ਰਾਖਸ਼ ਬੁੱਧ ਵਾਲੇ ਭੁਲੇ ਭਟਕਿਆਂ ਨੂੰ,
ਨਾਮ ਦਾਨ ਦੇ ਬੁੱਧ ਸੁਧਾਰਦਾ ਏ।
ਮਿਹਰ ਕਰਕੇ ਕੱਟ ਚੌਰਾਸੀਆਂ ਦੇ,
ਦਰਸ਼ਨ ਏਸ ਦਾ ਜਨਮ ਸਵਾਰਦਾ ਏ।

ਅਮਨ ਸ਼ਾਂਤੀ ਅਹਿੰਸਾ ਪੈਗਾਮ ਵਾਲਾ,
ਝੰਡਾ ਸੁਲਾਹ ਝੁਲਾਉਣ ਆਇਆ।
ਮਿੱਠਾ ਸੋਮਾ ਇਹ ਬਣ ਮੁਹੱਬਤਾਂ ਦਾ,
ਮਹਿਕ ਚਾਰੋਂ ਤਰਫ ਹੀ ਖਿੰਡਾਣ ਆਇਆ।
ਦੀਨਾਂ ਦੁਖੀਆਂ ਦਾ ਬਣ ਕੇ ਪ੍ਰਤਿਪਾਲਕ,
ਖੁਸ਼ੀਆਂ ਦੇ ਕੇ ਗਮ ਮੁਕਾਣ ਆਇਆ।
ਡਿੱਗੇ ਹੋਇਆਂ ਨੂੰ ਪਿਆਰ ਦੇ ਨਾਲ ਚੁੱਕ ਕੇ,
ਸੀਨੇ ਆਪਣੇ ਨਾਲ ਲਗਾਣ ਆਇਆ।
ਸੱਚਾ ਬਣ ਹਮਦਰਦ ਨਿਮਾਣਿਆਂ ਦਾ,
ਖੇੜੇ ਵੰਡਦਾ ਖੁਸ਼ੀਆਂ ਖਿਲਾਰਦਾ ਏ।
'ਸੋਖਲ' ਚਰਨ ਧੂੜੀ ਮੱਥੇ ਲਾ ਲਈਏ,
ਦਰਸ਼ਨ ਏਸ ਜਨਮ ਸਵਾਦਰਾ ਏ।

Namdhari Elibrary NamdhariElibrary@gmail.com

ਜੈ ਜੈਕਾਰ
–ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ

✍ ਤਾਰਾ ਸਿੰਘ ਅਨਜਾਣ

27 ਅਗਸਤ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਮਾਂਡਣ ਚਾਲ ਹੀ ਹੋਇਆ। ਸਾਧ ਸੰਗਤ ਹੁੰਮ ਹੁਮਾ ਕੇ ਪੁੱਜੀ। ਰੇਡੀਓ, ਟੈਲੀਵੀਜ਼ਨ, ਅਖਬਾਰਾਂ ਦੇ ਨੁਮਾਇੰਦੇ ਵੀ ਸਵੇਰੇ ਸਵੇਰੇ ਆ ਗਏ। ਫੋਟੋਆਂ ਖਿਚਣ ਲੱਗੇ। ਅੰਗਰੇਜ਼ੀ ਵਿੱਚ ਆਪਸ ਵਿੱਚ ਗਿਟਮਿਟ ਕਰਨ ਲੱਗੇ। ਜਦੋਂ ਅਰਦਾਸ ਦਾ ਸਮਾਂ ਹੋਇਆ, ਉਹ ਵੀ ਹੱਥ ਜੋੜ ਕੇ ਖੜ੍ਹੇ ਹੋ ਗਏ। ਪੰਡਤ ਗੋਪਾਲ ਸਿੰਘ ਜੀ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅਰਦਾਸ ਕੀਤੀ- 'ਹੇ ਅਕਾਲ ਪੁਰਖ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਕਿਰਪਾ ਕਰੋ ਇਸ ਭਿਆਨਕ ਔੜ ਤੇ ਤੜਫਦੀ ਲੋਕਾਈ ਨੂੰ ਠੰਡ ਵਰਤਾਓ। ਮੀਂਹ ਪੁਆਉਣ ਦੀ ਅਰਜ਼ ਪ੍ਰਵਾਨ ਕਰੋ।'

ਅੰਗਦ ਜੀ ਨੇ ਤਰਨ ਦੇ ਕੰਨ ਵਿੱਚ ਕੋਈ ਗੱਲ ਆਖੀ ਉਹ ਦੋਵੇਂ, ਛੋਟੇ ਭਰਾ ਅਰਜਨ ਨੂੰ ਨਾਲ ਲੈ ਕੇ ਆਪਣੀ ਦਾਦੀ ਕੋਲ ਗਏ ਤੇ ਕਿਹਾ-

"ਦਾਦੀ ਜੀ ਕੋਈ ਸਾਖੀ ਸੁਣਾਓ?"

ਦਾਦੀ ਜੀ ਨੇ ਤਿੰਨਾਂ ਨੂੰ ਤਿਆਰ ਕੀਤਾ ਤੇ ਕਿਹਾ, "ਮੈਂ ਤਾਂ ਸਾਖੀ ਸੁਣਾ ਦੇਵਾਂਗੀ ਪਰ ਜ਼ਿਆਦਾ ਸਾਖੀਆਂ ਤਾਂ ਤੁਹਾਡੇ ਦਾਦਾ ਜੀ ਨੂੰ ਯਾਦ ਨੇ, ਨਾਲੇ ਉਹ ਸਾਖੀਆਂ ਵੀ ਬੜੇ ਸੁਆਦਲੇ ਤਰੀਕੇ ਨਾਲ ਸੁਣਾਉਂਦੇ ਨੇ। ਉਹਨਾਂ ਦੇ ਕਮਰੇ ਵਿੱਚ ਚਲੇ ਜਾਓ।"

ਬੱਚੇ ਪਿਛਾਂਹ ਨੂੰ ਹੋ ਕੇ ਕੰਨ ਖੁਰਕਣ ਲੱਗੇ।

"ਡਰੋ ਨਾ, ਤੁਹਾਨੂੰ ਕੁਝ ਨਹੀਂ ਕਹਿੰਦੇ," ਦਾਦੀ ਨੇ ਕਿਹਾ।

ਦੋਵੇਂ ਹੌਲੀ ਹੌਲੀ ਅਰਜਨ ਨੂੰ ਅੱਗੇ ਲਾ ਕੇ ਕਮਰੇ ਵੱਲ ਵਧੇ, ਥੋੜ੍ਹਾ ਜਿਹਾ ਬੂਹਾ ਖੋਲ੍ਹਿਆ, ਉਹਨਾਂ ਦੇ ਦਾਦਾ ਜੀ ਟੇਬਲ ਲੈਂਪ ਜਗਾ ਕੇ ਕੁਰਸੀ ਤੇ ਬੈਠੇ ਹੋਏ, ਮੇਜ਼ ਉਤੇ ਕੁਝ ਕਾਗਜ਼ ਰੱਖ ਕੇ ਲਿਖ ਰਹੇ ਸਨ। ਉਹਨਾਂ ਨੇ ਬੂਹਾ ਹਿੱਲਣ ਦੀ ਆਵਾਜ਼ ਨਾ ਸੁਣੀ। ਬੱਚੇ ਦੱਬੇ ਪੈਰੀਂ ਅੰਦਰ ਜਾ ਵੜੇ, ਤਾਂ ਉਹਨਾਂ ਨੂੰ ਪੈਰਾਂ ਦਾ ਖੜਾਕ ਜਿਹਾ ਸੁਣਾਈ ਦਿੱਤਾ। ਪਿਛੇ ਵੇਖ ਕੇ ਕਹਿਣ ਲੱਗੇ,"ਓ ਤੁਸੀਂ ਕਿੱਧਰ ਆਏ ਜੇ?" ਬੱਚੇ ਚੁੱਪ ਜਿਹੇ ਰਹੇ। "ਕੀ ਕੰਮ ਹੈ, ਮੇਰੇ ਕਮਰੇ ਵਿੱਚ? ਖਾਣ ਪੀਣ ਦਾ ਮਾਲ ਤਾਂ ਤੁਹਾਡੀ ਦਾਦੀ ਕੋਲ ਹੁੰਦਾ ਹੈ।"

"ਅਸਾਂ ਸਾਖੀ ਸੁਣਨੀ ਹੈ," ਤਰਨ ਨੇ ਕਿਹਾ। "ਬਾਪੂ ਜੀ ਸਾਨੂੰ ਕੋਈ ਵਧੀਆ ਸਾਖੀ ਸੁਣਾਓ।"

ਉਹ ਆਪਣੇ ਦਾਦਾ ਜੀ ਨੂੰ ਬਾਪੂ ਜੀ ਕਿਹਾ ਕਰਦਾ ਸੀ।

"ਵਧੀਆ ਸਾਖੀ ਕਿਹੜੀ ਹੁੰਦੀ ਹੈ ਤੇ ਘਟੀਆ ਕਿਹੜੀ ਹੁੰਦੀ ਹੈ?" ਦਾਦਾ ਜੀ ਨੇ ਪੈੱਨ ਰੱਖ ਕੇ ਹੱਥ ਦੇ ਇਸ਼ਾਰੇ ਨਾਲ ਤਿੰਨਾਂ ਪੋਤਰਿਆਂ ਨੂੰ ਕੋਲ ਸੱਦ ਕੇ ਪੁਛਿਆ।

ਤਰਨ ਚੌਥੀ ਵਿੱਚ ਪੜ੍ਹਦਾ ਸੀ, ਅੰਗਦ ਜੀ ਛੇਵੀਂ ਵਿੱਚ, ਅਰਜਨ ਤਾਂ ਅਜੇ ਸਕੂਲ ਜਾਣ ਹੀ ਲੱਗਾ ਸੀ। ਸੋ ਦੋਵੇਂ ਵੱਡੇ ਦਾਦਾ ਜੀ ਦਾ ਇਹ ਸਵਾਲ ਸੁਣ ਕੇ ਸੋਚੀਂ ਪੈ ਗਏ ਕਿਉਂਕਿ ਸਾਖੀਆਂ ਤਾਂ ਸਤਿਗੁਰੂ ਜੀ ਦੀਆਂ ਹੁੰਦੀਆਂ ਹਨ। ਫਿਰ ਵੀ ਅੰਗਦ ਜੀ ਨੇ ਕਿਹਾ, "ਬਾਪੂ ਜੀ ਸਾਡਾ ਮਤਲਬ ਏ ਕਿ ਚੰਗੇ ਵਧੀਆ ਤਰੀਕੇ ਨਾਲ ਸਾਨੂੰ ਸਾਖੀ ਸੁਣਾਓ। ਤੁਹਾਨੂੰ ਸਾਖੀਆਂ ਯਾਦ ਹਨ। ਦਾਦੀ ਜੀ ਕਹਿੰਦੇ ਸਨ ਤੁਸੀਂ ਬਹੁਤ ਵਧੀਆ ਤੇ ਸੋਹਣੇ ਤਰੀਕੇ ਨਾਲ ਸਾਖੀ ਸੁਣਾ ਸਕਦੇ ਹੋ।"

"ਅੱਛਾ ! ਇਹ ਓਸੇ ਦੀ ਪੱਟੀ ਪੜ੍ਹਾਈ ਹੋਈ ਹੈ। ਆਪ ਕੁਝ ਨਹੀਂ ਸੁਣਾਉਣਾ ਚਾਹੁੰਦੀ। ਅੱਛਾ ਦੱਸੋ ਕਿਹੜੇ ਗੁਰੂ ਦੀ ਸਾਖੀ ਸੁਣਨੀ ਹੈ?

Namdhari Elibrary NamdhariElibrary@gmail.com

- ਗੁਰੂ ਨਾਨਕ ਦੇਵ ਜੀ ਦੀ"
- ਗੁਰੂ ਗੋਬਿੰਦ ਸਿੰਘ ਜੀ ਦੀ
- ਨਹੀਂ ਨਹੀਂ ਉਹ ਤਾਂ ਅਸੀਂ ਕਿਤਾਬਾਂ ਵਿੱਚ ਕਿਤੇ ਪੜ੍ਹ ਲਵਾਂਗੇ, ਤੁਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਦੀ ਕੋਈ ਸਾਖੀ ਸੁਣਾਓ।

ਦਾਦਾ ਜੀ ਨੂੰ ਫੇਰ ਸ਼ਰਾਰਤ ਸੁੱਝੀ। ਉਹਨਾਂ ਕਿਹਾ, "ਅੰਗਦ ਜੀ ! ਤੁਹਾਨੂੰ ਤਾਂ ਪੰਜਾਬੀ ਪੜ੍ਹਨੀ ਆਉਂਦੀ ਹੈ, ਆਹ ਲਓ ਫੜੋ ਮਾਸਟਰ ਨਿਹਾਲ ਸਿੰਘ ਦੀ ਕਿਤਾਬ ਬੇਅੰਤ ਲੀਲ੍ਹਾ, ਇਹਦੇ ਵਿੱਚੋਂ ਨਾਲੇ ਆਪ ਸਾਖੀਆਂ ਪੜ੍ਹ, ਨਾਲੇ ਜਿਹੜੀ ਤੈਨੂੰ ਚੰਗੀ ਲੱਗੇ ਤਰਨ ਤੇ ਅਰਜਨ ਨੂੰ ਸੁਣਾ ਦੇ। ਠੀਕ ਹੈ ਨਾ !"

"ਨਹੀਂ ਬਾਪੂ ਜੀ, ਅਸੀਂ ਤੁਹਾਡੇ ਕੋਲੋਂ ਹੀ ਸਾਖੀ ਸੁਣਨੀ ਹੈ," ਤਰਨ ਨੇ ਥੋੜ੍ਹਾ ਜਿਹਾ ਮੁਸਕਾਉਂਦਿਆਂ ਕਿਹਾ।

ਦਾਦਾ ਜੀ ਨੇ ਟੇਬਲ ਲੈਂਪ ਬੁਝਾ ਦਿੱਤਾ ਤੇ ਕਮਰੇ ਦੀ ਟਿਊਬ ਲਾਈਟ ਜਗਾ ਲਈ। ਉਹ ਕੁਰਸੀ ਛੱਡ ਕੇ ਕਮਰੇ ਵਿੱਚ ਪਏ ਮੰਜੇ ਤੇ ਚੌਂਕੜਾ ਮਾਰ ਕੇ ਬੈਠ ਗਏ ਅਤੇ ਨਾਲ ਹੀ ਤਿੰਨਾਂ ਬੱਚਿਆਂ ਨੂੰ ਬਿਠਾ ਲਿਆ। ਉਹਨਾਂ ਨੇ ਬੱਚਿਆਂ ਨੂੰ ਸਵਾਲ ਕੀਤਾ-

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪਹਿਲੇ ਗੁਰੂ ਦਾ ਕੀ ਨਾਂ ਸੀ?"

"ਸਤਿਗੁਰੂ ਪ੍ਰਤਾਪ ਸਿੰਘ ਜੀ," ਅੰਗਦ ਨੇ ਜਵਾਬ ਦਿੱਤਾ। "ਉਹ ਉਹਨਾਂ ਦੇ ਰਿਸ਼ਤੇ ਵਿੱਚ ਕੀ ਸਨ?"

"ਦਾਦਾ ਜੀ ਹੋਣਗੇ, ਤਰਨ ਨੇ ਕਿਹਾ।"

"ਤੈਨੂੰ ਏਨਾਂ ਵੀ ਪਤਾ ਨਹੀਂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਦਾਦਾ ਜੀ ਤਾਂ ਸਤਿਗੁਰੂ ਹਰੀ ਸਿੰਘ ਜੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਉਹਨਾਂ ਦੇ ਪਿਤਾ ਜੀ ਸਨ," ਅੰਗਦ ਨੇ ਕਿਹਾ।

"ਚਲੋ ਜੇ ਨਹੀਂ ਪਤਾ ਤਾਂ ਫੇਰ ਕੀ ਹੋਇਆ, ਤੂੰ ਦੱਸ ਕੇ ਚੰਗਾ ਕਰ ਦਿੱਤਾ ਹੈ," ਦਾਦਾ ਜੀ ਦੱਸਣ ਲੱਗੇ।

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰੂ ਨਾਨਕ ਦੇਵ ਜੀ ਦੀ ਰਾਜਯੋਗ ਗੱਦੀ ਤੇ ਸੁਭਾਏਮਾਨ ਹੋਏ।"

"ਗੁਰੂ ਨਾਨਕ।" ਅਰਜਨ ਬੋਲਿਆ। ਉਸਨੂੰ ਸਮਝ ਨਹੀਂ ਸੀ ਆਇਆ।

ਦਾਦਾ ਜੀ ਕਹਿਣ ਲੱਗੇ, "ਕਲਜੁਗ ਵਿੱਚ ਇਹ ਗੱਦੀ ਤਾਂ ਗੁਰੂ ਨਾਨਕ ਦੀ ਹੀ ਹੈ ਅਤੇ ਗੁਰੂ ਅੰਗਦ ਦੇਵ ਜੀ ਦੂਜੇ ਗੁਰੂ ਸਨ। ਅਰਜਨ ਜਿਹੜਾ ਤੇਰਾ ਨਾਂ ਹੈ, ਇਹ ਪੰਜਵੇਂ ਗੁਰੂ ਦਾ ਨਾਂ ਹੈ। ਪਰ ਗੱਦੀ ਗੁਰੂ ਨਾਨਕ ਦੇਵ ਜੀ ਦੀ ਹੀ ਹੈ।"

"ਠੀਕ ਹੈ ਬਾਪੂ ਜੀ, ਸਮਝ ਆ ਗਈ," ਤਿੰਨਾਂ ਨੇ ਇਕੱਠਿਆਂ ਕਿਹਾ।

ਬਾਪੂ ਜੀ ਨੇ ਦਸਿਆ ਜਦੋਂ ਬਾਹਰਵੇਂ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਗੱਦੀ ਨੂੰ ਸੁਭਾਏਮਾਨ ਕੀਤਾ, ਤਾਂ ਕੁਝ ਸਮੇਂ ਬਾਅਦ ਹੀ ਅੰਗਰੇਜ਼ਾਂ ਨੇ ਸਾਡਾ ਸਾਰਾ ਦੇਸ਼ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ। ਸਤਿਗੁਰੂ ਜੀ ਨੇ ਉਹਨਾਂ ਖਿਲਾਫ ਆਜ਼ਾਦੀ ਦੀ ਲਹਿਰ ਚਲਾਈ ਤਾਂ ਉਹਨਾਂ ਨੇ ਸਤਿਗੁਰੂ ਜੀ ਨੂੰ ਬਰਮ੍ਹਾ ਭੇਜ ਦਿੱਤਾ। ਨਾਮਧਾਰੀ ਸਿੱਖ ਬੜੇ ਉਦਾਸ ਹੋ ਗਏ, ਉਹ ਸਤਿਗੁਰੂ ਜੀ ਨੂੰ ਯਾਦ ਕਰਕੇ ਰੋਂਦੇ ਵਿਲਕਦੇ ਰਹਿੰਦੇ ਸਨ। ਉਹ ਮਸਤਾਨੇ ਹੋ ਜਾਂਦੇ ਅਤੇ ਅੰਗਰੇਜ਼ਾਂ ਨੂੰ ਬੁਰਾ ਭਲਾ ਕਹਿੰਦੇ। ਉਹ ਅੰਗਰੇਜ਼ ਹਕੂਮਤ ਦੇ ਪੱਕੇ ਵਿਰੋਧੀ ਹੋ ਗਏ। ਜੇ ਕੋਈ ਪੁਛਦਾ ਤਾਂ ਉਹ ਆਖਦੇ ਨਾਲੇ ਇਹਨਾਂ ਬਿੱਲਿਆਂ ਨੇ ਸਾਡੇ ਦੇਸ਼ ਉਤੇ ਕਬਜ਼ਾ ਕਰ ਲਿਆ ਹੈ, ਨਾਲੇ ਸਤਿਗੁਰੂ ਜੀ ਨੂੰ ਪ੍ਰਦੇਸ ਭੇਜ ਦਿੱਤਾ ਹੈ, ਵਾਪਸ ਨਹੀਂ ਆਉਣ ਦਿੰਦੇ। ਅਸੀਂ ਇਹਨਾਂ ਬਿੱਲਿਆਂ ਦਾ ਰਾਜ ਨਹੀਂ ਰਹਿਣ ਦੇਣਾ।

"ਸੌਂ ਗਏ," ਦਾਦਾ ਜੀ ਨੇ ਕਿਹਾ।

"ਨਹੀਂ, ਅਸੀਂ ਤਾਂ ਸੁਣ ਰਹੇ ਹਾਂ ਬਾਪੂ ਜੀ।"

"ਫਿਰ ਹੁੰਗਾਰਾ ਕਿਉਂ ਨਹੀਂ ਭਰਦੇ।"

"ਹੁੰਗਾਰਾ ਕੀ ਹੁੰਦਾ ਆ," ਅਰਜਨ ਨੇ ਪੁੱਛਿਆ।

"ਜਦੋਂ ਕੋਈ ਗੱਲ ਕਰੇ ਨਾ ਉਦੋਂ ਹੂੰ, ਹੂੰ ਆਖੀਦਾ ਹੈ, ਤਾਂਕਿ ਇਹ ਪਤਾ ਲੱਗੇ ਕਿ ਅਸੀਂ ਉਹਦੀ ਗੱਲ ਧਿਆਨ ਨਾਲ ਸੁਣ ਰਹੇ ਹਾਂ, ਨਾਲੇ ਅੰਗਦ ਵਾਂਗੂੰ ਸੁੱਤੇ ਹੋਏ ਨਹੀਂ," ਦਾਦਾ ਜੀ ਨੇ ਕਿਹਾ।

ਤਰਨ ਅੰਗਦ ਵੱਲ ਵੇਖ ਕੇ ਹੱਸ ਪਿਆ।

"ਮੈਂ ਕੋਈ ਸੁੱਤਾ ਹੋਇਆ ਸਾਂ।" ਅੰਗਦ ਨੇ ਗੁੱਸੇ ਵਿੱਚ ਕਿਹਾ। "ਗੁੱਸਾ ਕਾਹਦਾ ਕਰਨਾ ਏ ਮੈਂ ਤਾਂ ਉਸ ਨੇ ਮਖੌਲ ਨਾਲ ਕਿਹਾ ਹੈ। ਚੱਲ ਹੁਣ ਅਗਾਂਹ ਸਾਖੀ ਸੁਣੋ।

ਉਹਨਾਂ ਅੰਗਰੇਜ਼ਾਂ ਦੇ ਦੇਸ਼ ਵਿੱਚ ਹੀ ਸੋਕਾ ਪੈ ਗਿਆ।

"ਸੋਕਾ ਕੀ ਹੁੰਦਾ ਆ," ਅਰਜਨ ਨੇ ਕਿਹਾ।

"ਅੰਗਰੇਜ਼ਾਂ ਦਾ ਦੇਸ਼ ਕਿਹੜਾ ਆ," ਤਰਨ ਨੇ ਕਿਹਾ।

"ਕਦੋਂ ਸੋਕਾ ਪਿਆ ਸੀ," ਅੰਗਦ ਨੇ ਪੁੱਛਿਆ।

ਮੈਂ ਤਿੰਨਾਂ ਗੱਲਾਂ ਦਾ ਜਵਾਬ ਦਿੰਦਾ ਹਾਂ। ਸ਼ਾਬਾਸ !

Namdhari Elibrary NamdhariElibrary@gmail.com

ਜਦੋਂ ਵੀ ਕੋਈ ਗੱਲ ਸਮਝ ਨਾ ਆਵੇ, ਪੁਛਣੀ ਚੰਗੀ ਗੱਲ ਹੈ। ਪਹਿਲਾਂ ਅਰਜਨ ਦੀ ਗੱਲ ਦਾ ਜਵਾਬ ਦਿੰਦਾ ਹਾਂ। ਬੇਟੇ ! ਸੋਕਾ ਉਸਨੂੰ ਕਹਿੰਦੇ ਹਨ, ਜਦੋਂ ਦੇਰ ਤੱਕ ਮੀਂਹ ਨਾ ਪਿਆ ਹੋਵੇ, ਜ਼ਮੀਨ ਸੁੱਕੀ ਹੋਵੇ, ਦਰਿਆਵਾਂ ਦਾ ਪਾਣੀ ਘਟ ਗਿਆ ਹੋਵੇ।

ਅਰਜਨ ਨੇ ਸਿਰ ਹਿਲਾਇਆ।

ਅੰਗਰੇਜ਼ਾਂ ਦਾ ਦੇਸ਼, ਉਸ ਨੂੰ ਬਰਤਾਨੀਆਂ ਆਖਦੇ ਹਨ ਜਾਂ ਇੰਗਲੈਂਡ ਆਖਦੇ ਹਨ। ਅੱਜਕਲ੍ਹ ਤਾਂ ਨਿੱਕੇ ਨਿੱਕੇ ਤਿੰਨ ਚਾਰ ਦੇਸ਼ ਇਕੱਠੇ ਹੋ ਗਏ ਹਨ, ਉਹਨਾਂ ਨੂੰ ਮਿਲਾ ਕੇ ਇਸ ਦੇਸ਼ ਦਾ ਨਾਂ ਯੂ. ਕੇ. ਹੋ ਗਿਆ ਹੈ। ਇਹ ਠੰਢਾ ਦੇਸ਼ ਹੈ। ਬਹੁਤ ਠੰਢ ਪੈਂਦੀ ਹੈ ਇਥੇ।

"ਹੁਣ ਕਿਹੜਾ ਮਹੀਨਾ ਏ?"

ਤਰਨ ਨੇ ਸੋਚ ਕੇ ਦੱਸਿਆ, "ਨਵੰਬਰ"

"ਹਾਂ ਨਵੰਬਰ। ਏਸੇ ਮਹੀਨੇ ਦੀ 22 ਤਰੀਕ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮਾਤਾ ਭੁਪਿੰਦਰ ਕੌਰ ਦੀ ਪਵਿੱਤਰ ਕੁੱਖ ਨੂੰ ਭਾਗ ਲਾਏ ਸਨ। ਤੁਸੀਂ ਵੇਖਦੇ ਜੇ ਇਸ ਮਹੀਨੇ ਨਾ ਜ਼ਿਆਦਾ ਗਰਮੀ ਨਾ ਜ਼ਿਆਦਾ ਸਰਦੀ ਹੁੰਦੀ ਹੈ, ਪਰ ਇੰਗਲੈਂਡ ਵਿੱਚ ਤਾਂ ਇਹ ਮੌਸਮ ਉਦੋਂ ਹੁੰਦਾ ਹੈ ਜਦੋਂ ਆਪਣੇ ਏਥੇ ਪੱਖੇ ਤੇ ਕੂਲਰ ਚੱਲਦੇ ਹਨ। ਅਮੀਰ ਲੋਕ ਤਾਂ ਏ. ਸੀ. ਵੀ ਲਾ ਲੈਂਦੇ ਹਨ।"

"ਹੂੰ, ਤਿੰਨਾਂ ਬੱਚਿਆਂ ਨੇ ਇਕੱਠਾ ਹੁੰਗਾਰਾ ਦਿੱਤਾ।

ਇੰਗਲੈਂਡ ਵਿੱਚ ਪੱਖਿਆਂ ਦੀ ਲੋੜ ਨਹੀਂ ਪੈਂਦੀ। ਸਰਦੀ ਵਿੱਚ ਤਾਂ ਉਥੇ ਬਰਫ ਪੈਂਦੀ ਰਹਿੰਦੀ ਹੈ, ਗਰਮੀਆਂ ਵਿੱਚ ਪਤਾ ਨਹੀਂ ਕਦੋਂ ਮੀਂਹ ਪੈ ਜਾਏ।

"ਜੇ ਗਰਮੀਆਂ ਵਿੱਚ ਵੀ ਮੀਂਹ ਪੈਂਦਾ ਹੈ ਤਾਂ ਸੋਕਾ ਕਿਵੇਂ ਹੋਇਆ ਬਾਪੂ ਜੀ?"

1976 ਵਿੱਚ ਮੀਂਹ ਘਟ ਗਿਆ ਸੀ ਜਿਸ ਕਰਕੇ ਸੋਕਾ ਪੈ ਗਿਆ, ਉਥੇ ਦੇ ਲੋਕਾਂ ਨੂੰ ਗਰਮੀ ਬੜੀ ਸਤਾਉਂਦੀ ਹੈ। ਉਹਨਾਂ ਨੂੰ ਖੁਰਕ ਹੋਣ ਲੱਗ ਪੈਂਦੀ ਹੈ, ਪਿੱਤ ਤੰਗ ਕਰਦੀ ਹੈ। ਸੋ ਸੋਕੇ ਵਿੱਚ ਗੋਰੀ ਚਮੜੀ ਵਾਲੇ ਬੜੇ ਪ੍ਰੇਸ਼ਾਨ ਹੋ ਜਾਂਦੇ ਹਨ।

ਫੇਰ?

ਫੇਰ ਕੀ, 1976 ਵਿੱਚ ਤਾਂ ਝੀਲਾਂ ਦਾ ਪਾਣੀ ਵੀ ਸੁੱਕ ਗਿਆ ਸੀ। ਦਰਿਆ ਵੀ ਨੀਵਾਂ ਵਗਣ ਲੱਗਾ। ਲੋਕ ਬੜੇ ਪ੍ਰੇਸ਼ਾਨ ਹੋਏ। ਉਹਨਾਂ ਨੂੰ ਸਮਝ ਨਾ ਆਵੇ ਕੀ ਕਰੀਏ। ਉਥੇ ਸਾਡੇ ਦੇਸ਼ ਦੇ ਲੋਕ ਵੀ ਰਹਿੰਦੇ ਹਨ। ਕੋਈ ਆਖੇ ਅਰਦਾਸ ਕਰੀਏ, ਕੋਈ ਆਖੇ ਪਾਠ ਕਰੀਏ, ਕੋਈ ਆਖੇ ਹਵਨ ਕਰੀਏ। ਕਈਆਂ ਨੇ ਕੀਤਾ ਵੀ, ਇਸਾਈ ਲੋਕ ਚਰਚ ਵਿੱਚ ਜਾ ਕੇ ਅਰਦਾਸ ਕਰਨ ਲੱਗੇ।

"ਚਰਚ ਕੀ ਹੁੰਦਾ ਆ," ਅਰਜਨ ਨੇ ਫੇਰ ਕਿਹਾ।

"ਤੂੰ ਹਰ ਵਾਰੀ ਟੋਕ ਦਿੰਦਾ ਏਂ, ਤੈਨੂੰ ਚਰਚ ਵੀ ਨਹੀਂ ਪਤਾ," ਤਰਨ ਨੇ ਖਰ੍ਹਵਾ ਜਿਹਾ ਬੋਲ ਕੇ ਕਿਹਾ।

"ਨਹੀਂ ਪੁੱਤ, ਏਹਨੂੰ ਨਹੀਂ ਪਤਾ ਹੋਣਾ, ਪੁੱਛਣਾ ਕੋਈ ਮਾੜੀ ਗੱਲ ਥੋੜ੍ਹਾ ਏ। ਜੇ ਤੈਨੂੰ ਪਤਾ ਹੈ, ਤੂੰ ਦੱਸ ਦੇ।"

"ਚਰਚ ਉਹ ਹੁੰਦਾ ਹੈ ਜਿਹੜਾ ਚਰਚ ਹੁੰਦਾ ਹੈ," ਤਰਨ ਕੰਨ ਖੁਰਕ ਕੇ ਉਤਾਂਹ ਨੂੰ ਵੇਖ ਕੇ ਕਹਿਣ ਲੱਗਾ।

"ਚਰਚ ਉਤਾਂਹ ਹੁੰਦਾ ਏ," ਦਾਦਾ ਜੀ ਨੇ ਹੱਸ ਕੇ ਪੁੱਛਿਆ।

"ਨਹੀਂ।"

"ਮੈਨੂੰ ਪਤਾ ਹੈ ਤੈਨੂੰ ਚਰਚ ਬਾਰੇ ਪਤਾ ਹੈ। ਆਪਣੇ ਸ਼ਹਿਰ ਲੁਧਿਆਣੇ ਵਿੱਚ ਵੀ ਚਰਚ ਹੈਗੇ ਨੇ ਪਰ ਤੈਨੂੰ ਦੱਸਣ ਦਾ ਵਲ ਨਹੀਂ ਆਉਂਦਾ, ਸੋ ਮੈਂ ਦੱਸਣਾ।"

ਅਰਜਨ !

ਅਰਜਨ ਚੌਕੰਨਾ ਹੋ ਗਿਆ।

ਤਾਂ ਦਾਦਾ ਜੀ ਨੇ ਕਿਹਾ, "ਜਿਵੇਂ ਆਪਣੇ ਮੰਦਰ ਹੁੰਦੇ ਨੇ, ਗੁਰਦੁਆਰੇ ਹੁੰਦੇ ਨੇ, ਇਸ ਤਰ੍ਹਾਂ ਹੀ ਇਸਾਈਆਂ ਦੇ ਚਰਚ ਹੁੰਦੇ ਨੇ।"

"ਠੀਕ," ਅਰਜਨ ਨੇ ਕਿਹਾ।

"ਹਾਂ ! ਮੈਂ ਦੱਸ ਰਿਹਾ ਸਾਂ ਕਿ ਪੂਜਾ ਪਾਠ ਤੇ ਪ੍ਰਾਰਥਨਾ ਕਰਿਆਂ ਵੀ ਮੀਂਹ ਨਾ ਪਿਆ।

ਉਹਨਾਂ ਦਿਨਾਂ ਵਿੱਚ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇੰਗਲੈਂਡ ਦਾ ਦੌਰਾ ਸੀ। ਸਿੱਖਾਂ ਨੂੰ ਖੁਸ਼ੀਆਂ ਚੜ੍ਹ ਗਈਆਂ। ਉਹ ਚਾਅ ਨਾਲ ਸਤਿਗੁਰੂ ਜੀ ਦੇ ਚਰਨ

ਸਾਰੇ ਬੜੇ ਮਾਣ ਨਾਲ ਫਿਰ ਰਹੇ ਸਨ। ਜੇ ਕੋਈ ਉਹਨਾਂ ਦੀ ਖੁਸ਼ੀ ਦਾ ਕਾਰਨ ਪੁਛਦਾ, ਤਾਂ ਉਹ ਦੱਸਦੇ ਕਿ ਸਾਡੇ ਸਤਿਗੁਰੂ ਜੀ ਇੰਗਲੈਂਡ ਦਾ ਦੌਰਾ ਕਰ ਰਹੇ ਹਨ। ਅਸੀਂ ਉਹਨਾਂ ਦੇ ਦਰਸ਼ਨ ਕਰਕੇ ਧੰਨ ਭਾਗ ਸਮਝਦੇ ਹਾਂ। ਉਹ ਸਾਡਾ ਲੋਕ ਪ੍ਰਲੋਕ ਸਵਾਰਦੇ ਹਨ। ਲੋਕ ਸੁਣ ਕੇ ਚੁੱਪ ਹੋ ਜਾਂਦੇ ਕਿਉਂਕਿ ਪ੍ਰੇਮ ਅੱਗੇ ਨੇਮ ਨਹੀਂ ਹੁੰਦਾ, ਸ਼ਰਧਾ ਸਤਿਕਾਰ ਨਾਲ ਕਿਸੇ ਕਿੰਤੂ ਪ੍ਰੰਤੂ ਦਾ ਵਾਸਤਾ ਨਹੀਂ ਹੁੰਦਾ।

Namdhari Elibrary NamdhariElibrary@gmail.com

ਪੁਆਉਂਦੇ। ਰੋਜ਼ ਅੰਮ੍ਰਿਤ ਵੇਲੇ ਕਿਸੇ ਨਾ ਕਿਸੇ ਥਾਂ ਆਸਾ ਦੀ ਵਾਰ ਦਾ ਕੀਰਤਨ ਹੁੰਦਾ, ਰਾਤ ਦਾ ਦਿਵਾਨ ਲੱਗਦਾ ਤੇ ਨਾਮਧਾਰੀ ਸਿੱਖ ਇਸ ਤਰ੍ਹਾਂ ਵਿਚਰਦੇ ਨਜ਼ਰ ਆਉਂਦੇ, ਜਿਵੇਂ ਚਿੱਟੇ ਗੁਲਾਬ ਖਿੜੇ ਹੋਣ। ਸਾਰੇ ਬੜੇ ਮਾਣ ਨਾਲ ਫਿਰ ਰਹੇ ਸਨ। ਜੇ ਕੋਈ ਉਹਨਾਂ ਦੀ ਖੁਸ਼ੀ ਦਾ ਕਾਰਨ ਪੁਛਦਾ, ਤਾਂ ਉਹ ਦੱਸਦੇ ਕਿ ਸਾਡੇ ਸਤਿਗੁਰੂ ਜੀ ਇੰਗਲੈਂਡ ਦਾ ਦੌਰਾ ਕਰ ਰਹੇ ਹਨ। ਅਸੀਂ ਉਹਨਾਂ ਦੇ ਦਰਸ਼ਨ ਕਰਕੇ ਧੰਨ ਭਾਗ ਸਮਝਦੇ ਹਾਂ। ਉਹ ਸਾਡਾ ਲੋਕ ਪ੍ਰਲੋਕ ਸਵਾਰਦੇ ਹਨ। ਲੋਕ ਸੁਣ ਕੇ ਚੁੱਪ ਹੋ ਜਾਂਦੇ ਕਿਉਂਕਿ ਪ੍ਰੇਮ ਅੱਗੇ ਨੇਮ ਨਹੀਂ ਹੁੰਦਾ, ਸ਼ਰਧਾ ਸਤਿਕਾਰ ਨਾਲ ਕਿਸੇ ਕਿੰਤੂ ਪ੍ਰੰਤੂ ਦਾ ਵਾਸਤਾ ਨਹੀਂ ਹੁੰਦਾ।

ਤੇ ਫਿਰ ਬੱਚਿਆਂ ਨੂੰ ਉੱਤੇ ਕਹੀ ਦਾਦਾ ਜੀ ਦੀ ਗੱਲ ਆਪਣੇ ਬਹੁਤਾ ਨੇੜੇ ਲੱਗੀ। ਉਹ ਚਾਹੁੰਦੇ ਹਨ ਅੱਗੋਂ ਹੋਰ ਗੱਲ ਦੱਸੀ ਜਾਏ। ਫਿਰ ਅਚਾਨਕ ਜਿਵੇਂ ਅੰਗਦ ਨੂੰ ਚੇਤਾ ਆ ਗਿਆ ਹੋਏ। ਉਸ ਕਿਹਾ-

"ਬਾਪੂ ਜੀ ਸਤਿਗੁਰੂ ਜੀ ਤੇ ਉਹਨਾਂ ਦੇ ਸੇਵਕ ਤਾਂ ਸੋਧੀ ਨੇ, ਕਿਤੇ ਬਾਹਰ ਦਾ, ਸੋਧੀ ਤੋਂ ਬਿਨਾਂ ਕਿਸੇ ਦੇ ਹੱਥ ਦਾ ਛਕਦੇ ਨਹੀਂ।"

"ਬਿਲਕੁਲ ਠੀਕ।"

"ਤੁਸੀਂ ਕਿਹਾ ਹੈ ਕਿ ਉਥੇ ਪਾਣੀ ਸੁੱਕ ਗਿਆ ਸੀ। ਫਿਰ ਸੋਧ ਦੇ ਜਲ ਦਾ ਕਿਵੇਂ ਪ੍ਰਬੰਧ ਹੁੰਦਾ ਹੋਏਗਾ।"

"ਕਾਕਾ ਜਿਹੜਾ ਕੰਮ ਕਰਨਾ ਹੁੰਦਾ ਹੈ ਉਸਦਾ ਰਾਹ ਨਿਕਲ ਆਉਂਦਾ ਹੈ। ਜਿਹੜਾ ਨਾ ਕਰਨਾ ਹੋਵੇ ਉਸਦਾ ਬਹਾਨਾ ਬਣਾ ਲਈਦਾ ਹੈ। ਠੀਕ ਹੈ ਤਰਨ।"

"ਠੀਕ ਹੈ।"

"ਤੂੰ ਬਹਾਨਾ ਬਣਾ ਲੈਂਦਾ ਹੈ ਨਾ।"

"ਨਹੀਂ, ਨਹੀਂ ਬਾਪੂ ਜੀ ਮੈਂ ਕੋਈ ਬਹਾਨਾ ਨਹੀਂ ਬਣਾਉਂਦਾ। ਆਖੇ ਲੱਗ ਜਾਂਦਾ ਹਾਂ। ਅਰਜਨ ਬਹਾਨਾ ਬਣਾ ਲੈਂਦਾ ਹੈ।"

ਹਾਸੇ ਵਿੱਚ ਗੱਲ ਅੱਗੇ ਤੁਰ ਪਈ।

"ਹਾਂ। ਅੰਗਦ ਨੇ ਸੋਧ ਦੇ ਜਲ ਦੀ ਗੱਲ ਕੀਤੀ ਹੈ।

ਇੰਗਲੈਂਡ ਦੀ ਸਾਧ ਸੰਗਤ ਨੇ ਇਸ ਦਾ ਪ੍ਰਬੰਧ ਵੀ ਕਰ ਲਿਆ ਸੀ। ਉਥੇ ਵੀ ਸਤਿਗੁਰੂ ਜੀ ਦੇ ਕੁਝ ਸਿੱਖ ਸੋਧ ਰਖਦੇ ਹਨ। ਜਦੋਂ ਸਤਿਗੁਰੂ ਜੀ ਉਥੇ ਹੋਣ, ਉਦੋਂ ਦੂਰੋਂ ਚਸ਼ਮਿਆਂ ਤੋਂ ਜਾ ਕੇ ਵੱਡੇ ਵੱਡੇ ਭਾਂਡਿਆਂ ਨੂੰ ਮਾਂਜ ਕੇ, ਸੋਧ ਦੇ ਕਪੜਿਆਂ ਵਿਚ ਵਲੇਟ ਕੇ ਜਲ ਲੈ ਆਉਂਦੇ ਹਨ।

-ਉਦੋਂ ਵੀ ਲੈ ਆਏ।

-ਹਾਂ, ਪਰ ਬਹੁਤ ਦੂਰੋਂ ਲਿਆਉਣਾ ਪਿਆ। ਨਿੱਕੀਆਂ ਵੱਡੀਆਂ ਪਹਾੜੀਆਂ ਦਾ ਔਖਾ ਰਸਤਾ ਲੰਘ ਕੇ। ਪਰ ਸਤਿਗੁਰੂ ਜੀ ਦੀ ਖੁਸ਼ੀ ਵੀ ਤਾਂ ਉਹਨਾਂ ਨੂੰ ਹੀ ਮਿਲੀ।

-ਇਕ ਦਿਨ ਸ੍ਰੀ ਸਤਿਗੁਰੂ ਜੀ ਦਾ ਸਾਊਥਾਲ ਵਿੱਚ ਤਿੰਨ ਦਿਨ ਦਾ ਪ੍ਰੋਗਰਾਮ ਸੀ।

-ਕਦੋਂ ਦਾ?

-ਸ਼ਾਇਦ 26-27-28 ਅਗਸਤ ਸੀ 1976 ਦੀ।

ਸਤਿਗੁਰੂ ਜੀ ਦੌਰਾ ਕਦੋਂ ਤੋਂ ਕਰ ਰਹੇ ਸਨ। ਤਰਨ ਨੇ ਪੁਛਿਆ।

-੪ ਅਗਸਤ ਤੋਂ।

-ਸਾਊਥਾਲ ਦੇ ਪ੍ਰੋਗਰਾਮ ਵਾਸਤੇ ਇਕ ਹਾਲ ਕਿਰਾਏ ਤੇ ਲਿਆ ਸੀ, ਜਿਸਦਾ ਨਾਂ ਮਾਂਗਟ ਹਾਲ ਸੀ। ਉਸ ਹਾਲ ਦੇ ਮਾਲਕ ਨੇ ਸ਼ਰਾਰਤ ਕੀਤੀ। ਉਸਨੇ ਖਬਰ ਫੈਲਾਅ ਦਿਤੀ ਕਿ ਨਾਮਧਾਰੀਆਂ ਦੇ ਗੁਰੂ ਮੀਂਹ ਪੁਆਉਣ ਆ ਰਹੇ ਹਨ।

"ਕਿਉਂ," ਅੰਗਦ ਨੇ ਕਿਹਾ।

ਕਿਉਂਕਿ ਸ਼ਰਾਰਤ ਸ਼ਰਾਰਤ ਹੀ ਹੁੰਦੀ ਹੈ। ਉਸ ਨੂੰ ਵੀ ਪਤਾ ਸੀ ਕਿ ਮੌਸਮ ਦਾ ਹਾਲ ਦੱਸਣ ਵਾਲੇ ਕਹਿੰਦੇ ਹਨ ਕਿ ਅਜੇ ਹਫਤਾ ਦਸ ਦਿਨ ਮੀਂਹ ਪੈਣ ਦੀ ਕੋਈ ਆਸ ਨਹੀਂ। ਕਿਤੇ ਕੋਈ ਬੱਦਲ ਬਣਦਾ ਨਜ਼ਰ ਨਹੀਂ ਆਉਂਦਾ। ਉਸਨੇ ਸੋਚਿਆ ਹੋਏਗਾ ਬਦਨਾਮੀ ਹੋਏਗੀ ਤਾਂ ਇਹਨਾਂ ਦੀ, ਮੈਨੂੰ ਕੀ। ਮੈਂ ਤਾਂ ਹਾਲ ਦਾ ਕਿਰਾਇਆ ਲੈ ਹੀ ਲੈਣਾ ਹੈ।

"ਫੇਰ," ਬੱਚਿਆਂ ਨੇ ਉਦਾਸ ਹੋ ਕੇ ਪੁਛਿਆ।

ਉਹਨਾਂ ਦੇ ਮਨ ਵਿੱਚ ਵੀ ਮਾਂਗਟ ਹਾਲ ਦੇ ਮਾਲਕ ਬਾਰੇ ਰੋਸ ਜਿਹਾ ਆ ਗਿਆ।

ਫੇਰ ਕੀ। ਇਹ ਖਬਰ ਤਾਂ ਰੇਡੀਓ ਤੇ ਵੀ ਆ ਗਈ ਸੀ, ਅਖਬਾਰਾਂ ਵਿੱਚ ਵੀ ਆ ਗਈ ਸੀ, ਟੈਲੀਵੀਜ਼ਨ ਵਾਲਿਆਂ ਵੀ ਵਿਖਾ ਦਿੱਤਾ ਸੀ ਕਿ ਇਸ ਹਾਲ ਵਿਚ ਨਾਮਧਾਰੀ ਗੁਰੂ ਮੀਂਹ ਪੁਆਉਣ ਵਾਸਤੇ ਆ ਰਹੇ ਹਨ।

ਨਾਮਧਾਰੀ ਸਿੱਖਾਂ ਨੂੰ ਬੜੀ ਚਿੰਤਾ ਹੋਈ। ਉਹਨਾਂ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਨ। ਇਸ ਮੁਸੀਬਤ ਤੋਂ ਕਿਵੇਂ ਛੁਟਕਾਰਾ ਮਿਲੇ। ਦੇਸ਼ ਦਾ ਇਹ ਹਾਲ ਸੀ ਕਿ ਸਰਕਾਰ ਨੇ ਸਖਤ ਹੁਕਮ ਦਿਤਾ ਸੀ ਕਿ ਨਹਾਉਣ ਵਿੱਚ ਵੀ ਪਾਣੀ ਜ਼ਿਆਦਾ ਨਾ ਵਰਤੋ, ਬੂਟਿਆਂ ਨੂੰ ਵੀ ਓਨਾਂ ਹੀ ਪਾਣੀ ਦਿਓ, ਜਿੰਨੇ ਨਾਲ ਜਿਊਂਦੇ ਰਹਿ ਸਕਣ, ਕਾਰਾਂ ਵੀ ਨਾ ਧੋਵੋ, ਝਾੜ ਪੂੰਝ ਕੇ ਗੁਜ਼ਾਰਾ ਕਰ

Namdhari Elibrary NamdhariElibrary@gmail.com

ਹੌਲੀ ਹੌਲੀ ਆਕਾਸ਼ ਕਾਲੇ ਬੱਦਲਾਂ ਨਾਲ ਭਰ ਗਿਆ। ਮੀਂਹ ਪੈਣ ਲੱਗਾ, ਮੋਹਲੇਧਾਰ ਮੀਂਹ। ਲੋਕ ਘਰਾਂ ਵਿੱਚੋਂ ਬਾਹਰ ਨਿਕਲ ਆਏ ਅਤੇ ਬਰਸਾਤ ਦਾ ਆਨੰਦ ਲੈਣ ਲੱਗੇ। ਕਾਰਾਂ ਚਲਾ ਕੇ ਸੜਕਾਂ ਤੇ ਜਾਂਦੇ ਲੋਕਾਂ ਨੇ ਵੀ ਗੱਡੀਆਂ ਰੋਕ ਲਈਆਂ ਅਤੇ ਬਾਹਰ ਖਲੋ ਕੇ ਮੀਂਹ ਪੁਆਉਣ ਵਾਲੇ ਦਾ ਸ਼ੁਕਰਾਨਾ ਕਰਨ ਲੱਗੇ। ਕਿਤੇ ਬਿਜਲੀ ਚਮਕਦੀ, ਕਿਤੇ ਬੱਦਲ ਲਿਸ਼ਕਦਾ, ਕਿਤੇ ਗਰਜਦਾ, ਬਸ ਲੋਕਾਂ ਲਈ ਬਹੁਤ ਪਿਆਰਾ ਨਜ਼ਾਰਾ ਬਣਿਆ ਹੋਇਆ ਸੀ।

ਲਵੇ। ਜਿਹੜਾ ਇੰਜ ਨਹੀਂ ਸੀ ਕਰਦਾ ਉਸ ਦੀ ਸ਼ਿਕਾਇਤ ਕਰ ਦਿੱਤੀ ਜਾਂਦੀ ਸੀ, ਉਸ ਦੇ ਖਿਲਾਫ ਟੈਲੀਫੋਨ ਕਰ ਦਿਤਾ ਜਾਂਦਾ ਪਰ ਨਾਮਧਾਰੀ ਤਾਂ ਸੋਚੀਂ ਪਏ ਹੋਏ ਸਨ, ਹੁਣ ਕੀ ਕਰੀਏ?

ਫਿਰ ਉਹਨਾਂ ਕੀ ਕੀਤਾ? ਤਰਨ ਦਾ ਸਵਾਲ ਸੀ। ਉਹ ਜਾਨਣ ਲਈ ਕਾਹਲਾ ਸੀ ਕਿ ਕੀ ਹੋਇਆ।

